

Ray Dhaliwal
Real Estate Broker

**Moving to Indiana?**

**Contact Ray Dhaliwal @ 317-993-4987**

**for Free Consultation!!!**

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

Helpful in Easy and Accessible Home Loans at low Interest Rates.

CENTURY 21 SCHEETZ
RAYD@C21Scheetz.com



Twenty First Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 37, September 12, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਲਾਪਤਾ ਪਾਵਨ ਸਰੂਪ: ਸ਼੍ਰੋਮਣੀ ਕਮੇਟੀ ਦੇ ਰਵੱਈਏ 'ਤੇ ਉਠੇ ਸਵਾਲ

**ਅੰਮ੍ਰਿਤਸਰ:** ਲਾਪਤਾ ਹੋਏ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਰਵੱਈਏ ਉਤੇ ਲਗਾਤਾਰ ਸਵਾਲ ਉਠ ਰਹੇ ਹਨ। ਇਸ ਮਾਮਲੇ ਵਿਚ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਤੋਂ ਟਾਲਾ ਵੱਟਣ ਦੀਆਂ ਕੋਸ਼ਿਸ਼ਾਂ ਨੂੰ ਵੀ ਸਿੱਖ ਜਥੇਬੰਦੀਆਂ ਸ਼ੱਕ ਦੀ ਨਿਗ੍ਹਾ ਨਾਲ ਵੇਖ ਰਹੀਆਂ ਹਨ।

ਦੂਜੇ ਪਾਸੇ ਜਾਂਚ ਰਿਪੋਰਟ ਜਨਤਕ ਕਰਨ ਦੀ ਮੰਗ ਉਤੇ ਵੀ ਸ਼੍ਰੋਮਣੀ ਕਮੇਟੀ ਘੇਸਲ ਮਾਰਦੀ ਜਾਪ ਰਹੀ ਹੈ। ਸੰਗਤ ਦੇ ਰੋਹ ਨੂੰ ਵੇਖਦੇ ਹੋਏ ਭਾਵੇਂ ਪੜਤਾਲੀਆ ਕਮੇਟੀ ਦੀ ਰਿਪੋਰਟ ਕਮੇਟੀ ਦੀ ਵੈੱਬਸਾਈਟ 'ਤੇ ਪਾ ਦਿੱਤੀ ਗਈ ਪਰ ਹਕੀਕਤ ਵਿਚ ਡਾ. ਈਸ਼ਰ ਸਿੰਘ ਵਾਲੀ ਜਾਂਚ ਕਮੇਟੀ ਦੀ ਤਕਰੀਬਨ 1 ਹਜ਼ਾਰ ਪੰਨੇ ਵਾਲੀ ਜਾਂਚ ਰਿਪੋਰਟ ਵਿਚੋਂ ਸਿਰਫ 10 ਪੰਨੇ ਹੀ ਜਨਤਕ ਕੀਤੇ ਗਏ ਹਨ ਅਤੇ ਬਾਕੀ 990 ਪੰਨਿਆਂ ਬਾਰੇ ਕੋਈ ਜ਼ਿਕਰ ਨਹੀਂ ਮਿਲਦਾ। ਅਸਲ ਵਿਚ ਸ਼੍ਰੋਮਣੀ ਕਮੇਟੀ ਨੂੰ ਸਵਾਲ ਇਹ ਕੀਤਾ ਜਾ ਰਿਹਾ ਹੈ ਕਿ ਜੇਕਰ ਜਾਂਚ ਨਿਰਪੱਖ ਹੈ ਤਾਂ ਪੜਤਾਲੀਆ ਰਿਪੋਰਟ ਤੋਂ ਸੰਗਤ ਨੂੰ ਸਪਸ਼ਟ ਕਰੋ ਕਿ ਪਾਵਨ ਸਰੂਪ ਕਿਉਂ ਘਟੇ, ਕਿੰਨੇ ਘਟੇ ਅਤੇ ਕਿੱਥੇ ਗਏ? ਰਿਪੋਰਟ ਅਨੁਸਾਰ ਪਾਵਨ ਸਰੂਪ ਆਰੰਭ ਤੋਂ ਕਿੰਨੇ, ਕਿਸ ਨੂੰ, ਕਿਸ ਸਮੇਂ ਅਤੇ ਕਿਸ ਦੀ ਆਗਿਆ ਨਾਲ ਗਏ? ਪਰ ਸ਼੍ਰੋਮਣੀ ਕਮੇਟੀ ਇਸ ਦੇ ਉਲਟ ਕੁਝ ਮੁਲਾਜ਼ਮਾਂ ਨੂੰ ਦੋਸ਼ੀ ਐਲਾਨ ਕੇ ਇਸ ਮਾਮਲੇ ਉਤੇ ਮਿੱਟੀ ਪਾਉਣ ਵਾਲੇ ਰਾਹ ਤੁਰੀ ਹੋਈ ਹੈ।

ਦੋਸ਼ੀਆਂ ਖਿਲਾਫ ਪੁਲਿਸ ਕਾਰਵਾਈ ਕਰਨ ਬਾਰੇ ਯੂ-ਟਰਨ ਬਾਰੇ ਵੀ ਸਵਾਲ ਉਠ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤਰਕ ਦੇ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਕੰਮਕਾਜ ਵਿਚ ਕਿਸੇ ਨੂੰ ਦਖਲ ਦੇਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਹੈ। ਸਿੱਖ ਸੰਸਥਾ ਦੀ ਆਪਣੀ ਆਜ਼ਾਦ ਹਸਤੀ ਹੈ ਅਤੇ ਉਹ ਫੈਸਲੇ ਲੈਣ ਦੇ ਸਮਰੱਥ ਹੈ। ਸਿੱਖ ਜਥੇਬੰਦੀਆਂ ਨੇ ਸਵਾਲ ਕੀਤਾ ਹੈ ਕਿ ਜੇ ਉਹ ਇਸ ਮਾਮਲੇ ਵਿਚ ਪੁਲਿਸ ਦੀ ਦਖਲਅੰਦਾਜ਼ੀ ਨਹੀਂ ਚਾਹੁੰਦੇ ਤਾਂ ਫਿਰ ਇਹ ਦੱਸਣ ਕਿ ਹਰ ਸਾਲ ਜੂਨ ਮਹੀਨੇ ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਦੌਰਾਨ ਸ਼੍ਰੋਮਣੀ ਕਮੇਟੀ ਦੀ ਮਰਜ਼ੀ ਤੋਂ ਬਿਨਾ ਹੀ ਦਰਬਾਰ ਸਾਹਿਬ ਪਰਿਕਰਮਾ ਵਿਚ ਪੁਲਿਸ ਤਾਇਨਾਤ ਕਰ ਕੇ ਨੌਜਵਾਨਾਂ ਦੀ ਆਵਾਜ਼ ਕਿਉਂ ਦੱਬੀ ਜਾਂਦੀ ਹੈ। ਜੇ ਕੋਈ ਅਕਾਲ ਤਖਤ ਸਾਹਿਬ 'ਤੇ ਅਰਦਾਸ ਕਰਦਾ ਹੈ ਤਾਂ ਦਰਬਾਰ ਸਾਹਿਬ ਪਰਿਕਰਮਾ ਵਿਚ ਤਾਇਨਾਤ ਪੁਲਿਸ ਮੁਲਾਜ਼ਮ ਉਸੇ ਵੇਲੇ ਕਿਵੇਂ ਗ੍ਰਿਫਤਾਰ ਕਰ ਲੈਂਦੇ ਹਨ। ਉਧਰ, ਇਸ ਵਾਦ-ਵਿਵਾਦ ਦੌਰਾਨ ਨੈਤਿਕਤਾ ਦੇ ਆਧਾਰ 'ਤੇ ਅਸਤੀਫਾ ਦੇਣ ਵਾਲੇ ਸ਼੍ਰੋਮਣੀ

(ਬਾਕੀ ਸਫਾ 6 ਉਤੇ)

## ਮੁਲਤਾਨੀ ਕੇਸ: ਤਮਾਸ਼ਾ ਬਣੀ ਸੈਣੀ ਦੀ ਗ੍ਰਿਫਤਾਰੀ

**ਚੰਡੀਗੜ੍ਹ:** ਸਿਟਕੋ ਦੇ ਜੂਨੀਅਰ ਇੰਜਨੀਅਰ (ਜੇ.ਈ.) ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿਚ ਲਾਪਤਾ ਕਰਨ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੇ ਹੱਥ ਕਾਨੂੰਨ ਤੋਂ ਲੰਮੇ ਜਾਪ ਰਹੇ ਹਨ।

ਪਿਛਲੇ ਕੁਝ ਦਿਨਾਂ ਤੋਂ ਸੈਣੀ ਦੀ ਗ੍ਰਿਫਤਾਰੀ ਬਾਰੇ ਪੁਲਿਸ ਦੀਆਂ ਕੋਸ਼ਿਸ਼ਾਂ ਤਮਾਸ਼ਾ ਬਣ ਕੇ ਰਹਿ ਗਈਆਂ ਹਨ। ਪੁਲਿਸ ਕਾਰਵਾਈ ਤੋਂ ਜਾਪ ਰਿਹਾ ਹੈ ਕਿ ਧਾਰਾ 302 ਦੇ ਮਾਮਲੇ ਵਿਚ ਨਾਮਜ਼ਦ ਸੈਣੀ ਨੂੰ ਗ੍ਰਿਫਤਾਰੀ ਦੀ ਥਾਂ ਬਾਹਰੋਂ ਬਾਹਰ ਜ਼ਮਾਨਤ ਦਿਵਾਉਣ ਲਈ ਪੁਲਿਸ ਵੀ ਮੈਦਾਨ ਵਿਚ ਨਿੱਤਰੀ ਹੋਈ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਸੈਣੀ ਨੂੰ ਗ੍ਰਿਫਤਾਰ ਕਰਨ ਲਈ ਪੁਲਿਸ ਦੀਆਂ ਟੀਮਾਂ ਵਲੋਂ ਚੰਡੀਗੜ੍ਹ ਸਮੇਤ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਜੰਮੂ ਕਸ਼ਮੀਰ ਸਮੇਤ ਸਮੁੱਚੇ ਉਤਰ ਭਾਰਤ



ਵਿਚ ਕਈ ਥਾਵਾਂ 'ਤੇ ਛਾਪੇ ਮਾਰੇ ਗਏ ਹਨ, ਪਰ ਹੁਣ ਤੱਕ ਸੈਣੀ ਦੀ ਮੌਜੂਦਗੀ ਬਾਰੇ ਪੁਲਿਸ ਨੂੰ ਕੋਈ ਠੋਸ ਸੁਰਾਗ ਨਹੀਂ ਮਿਲਿਆ ਹੈ। ਪੁਲਿਸ ਦਾ ਦਾਅਵਾ ਹੈ ਕਿ ਸੁਮੇਧ ਸੈਣੀ ਆਪਣੀ ਗ੍ਰਿਫਤਾਰੀ ਦੇ ਡਰੋਂ ਜ਼ੈੱਡ ਪਲੱਸ ਸੁਰੱਖਿਆ ਛੱਡ ਕੇ ਅਚਾਨਕ ਰੂਪੋਸ਼ ਹੋ ਗਿਆ ਹੈ।

ਸੈਣੀ ਖਿਲਾਫ 29 ਸਾਲ ਪੁਰਾਣੇ ਮਾਮਲੇ ਵਿਚ ਕੇਸ ਦਰਜ ਹੋਣ ਤੋਂ ਬਾਅਦ ਹੀ ਪੁਲਿਸ ਉਤੇ ਇਸ ਸਾਬਕਾ ਅਫਸਰ ਨਾਲ ਲਿਹਾਜ਼ਦਾਰੀ ਦੇ ਦੋਸ਼ ਲੱਗ ਰਹੇ ਹਨ। ਪਿਛਲੇ ਦਿਨੀਂ ਅਦਾਲਤ ਮੁਹਾਲੀ ਨੇ ਸਾਬਕਾ ਡੀ.ਜੀ.ਪੀ. ਨੂੰ ਵੱਡਾ ਝਟਕਾ ਦਿੰਦਿਆਂ ਉਸ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਨੂੰ ਮੁੱਢੋਂ ਰੱਦ ਕਰ ਦਿੱਤਾ ਸੀ। ਅਦਾਲਤ ਦਾ ਮੰਨਣਾ ਹੈ ਕਿ ਉਸ (ਸੈਣੀ) ਖਿਲਾਫ ਬਹੁਤ ਗੰਭੀਰ

(ਬਾਕੀ ਸਫਾ 6 ਉਤੇ)

## ਅਮਰੀਕਾ ਵਿਚ ਸਿੱਖਾਂ ਨੂੰ ਮਿਲੀ ਵੱਖਰੀ ਪਛਾਣ

**ਨਿਊ ਯਾਰਕ:** ਪਹਿਲੀ ਵਾਰ ਅਮਰੀਕਾ ਵਿਚ ਸਿੱਖਾਂ ਨੂੰ 2020 ਦੀ ਜਨਗਣਨਾ ਵਿਚ ਇਕ ਵੱਖ ਜਾਤੀ ਸਮੂਹ ਵਜੋਂ ਗਿਣਿਆ ਜਾਵੇਗਾ। ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਮੁਤਾਬਕ ਜਾਰੀ ਜਨਗਣਨਾ ਵਿਚ ਸਿੱਖਾਂ ਨੂੰ ਏਸ਼ਿਆਈ ਭਾਰਤੀਆਂ ਵਜੋਂ ਨਹੀਂ ਗਿਣਿਆ ਜਾਵੇਗਾ।




ਧਰਮ ਬਾਰੇ ਸਵਾਲ ਪੁੱਛਣ 'ਤੇ ਕਾਨੂੰਨੀ ਪਾਬੰਦੀ ਕਾਰਨ ਜਨਗਣਨਾ ਬਿਊਰੋ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਸਿੱਖੀ ਨੂੰ ਉਹ ਇਕ 'ਸਭਿਆਚਾਰਕ' ਜਾਂ ਇਕ 'ਧਾਰਮਿਕ ਜਾਤ' ਵਜੋਂ ਲੈਣਗੇ। ਸਿੱਖੀ ਜਨਗਣਨਾ ਫਾਰਮ ਵਿਚ ਇਕ ਵਰਗ ਵਜੋਂ ਨਹੀਂ ਹੋਵੇਗੀ। ਅਮਰੀਕੀ ਨਾਗਰਿਕਾਂ ਲਈ ਇਸ ਨੂੰ ਕਾਨੂੰਨੀ ਤੌਰ ਉਤੇ ਭਰਨਾ ਲਾਜ਼ਮੀ ਹੈ, ਪਰ ਸਿੱਖ 'ਹੋਰ ਏਸ਼ਿਆਈ' ਵਰਗ 'ਤੇ ਸਹੀ ਲਾ ਸਕਦੇ ਹਨ ਤੇ ਧਰਮ ਨੂੰ ਸਬ-ਕੈਟਾਗਿਰੀ ਵਜੋਂ ਲਿਖ ਸਕਦੇ ਹਨ। ਬਜਾਏ ਇਸ ਦੇ ਕਿ ਉਹ ਖੁਦ ਨੂੰ ਭਾਰਤੀ ਏਸ਼ਿਆਈ ਜਾਂ ਹੋਰ ਸੂਚੀਬੱਧ ਨਸਲੀ ਪਛਾਣਾਂ ਦੇ ਤੌਰ 'ਤੇ ਜ਼ਾਹਿਰ ਕਰਨ। ਸਿੱਖਾਂ ਤੇ ਕੁਝ ਹੋਰਾਂ ਨੂੰ ਇਕ ਕੋਡ ਮਿਲੇਗਾ ਜੋ ਕਿ ਉਨ੍ਹਾਂ ਨੂੰ 2020 ਦੀਆਂ ਰਿਪੋਰਟਾਂ ਵਿਚ ਵੱਖਰੇ ਤੌਰ ਉਤੇ ਦਰਸਾਏਗਾ। ਇਸ ਤਰ੍ਹਾਂ 'ਸਿੱਖ' ਵੱਖਰੇ ਤੌਰ 'ਤੇ 'ਏਸ਼ਿਆਈ' ਨਸਲ ਵਰਗ ਵਿਚ ਵਿਸਤਾਰਤ ਆਬਾਦੀ ਗਰੁੱਪ ਵਜੋਂ ਸ਼ਾਮਲ ਹੋਣਗੇ।

## ਲੌਂਗੋਵਾਲ ਤੇ ਮਹਿਤਾ ਨੂੰ ਅਕਾਲ ਤਖਤ 'ਤੇ ਤਲਬ ਕਰਨ ਦੀ ਮੰਗ

**ਜਲੰਧਰ:** 35 ਸਿੱਖ ਜਥੇਬੰਦੀਆਂ ਤੇ ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨਜ਼ ਦੇ ਬੁਲਾਰੇ ਸੁਖਦੇਵ ਸਿੰਘ ਫਗਵਾੜਾ ਅਤੇ ਪਰਮਪਾਲ ਸਿੰਘ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲੋਂ ਮੰਗ ਕੀਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਰਾਜਿੰਦਰ ਸਿੰਘ ਮਹਿਤਾ ਨੂੰ ਲਾਪਤਾ ਹੋਏ ਸਰੂਪਾਂ ਬਾਰੇ ਝੂਠ ਬੋਲਣ ਅਤੇ ਸਿੱਖ ਪੰਥ ਨੂੰ ਗੁਮਰਾਹ ਕਰਨ ਦੇ ਦੋਸ਼ ਤਹਿਤ ਸ੍ਰੀ ਅਕਾਲ ਤਖਤ 'ਤੇ ਤਲਬ ਕੀਤਾ ਜਾਵੇ। ਉਨ੍ਹਾਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਪ੍ਰਧਾਨ ਲੌਂਗੋਵਾਲ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੀ ਗੁੰਮਸ਼ੁਦਗੀ ਮਾਮਲੇ ਵਿਚ ਦੋਸ਼ੀਆਂ ਖਿਲਾਫ ਫੌਜਦਾਰੀ ਮੁਕੱਦਮੇ ਦਰਜ ਕਰਨ ਤੋਂ ਮੁੱਕਰ ਗਏ ਹਨ ਜਿਸ ਤੋਂ ਸਪਸ਼ਟ ਹੋ ਗਿਆ ਹੈ ਕਿ ਉਹ ਸਾਰੇ ਦੋਸ਼ੀਆਂ ਨੂੰ ਬਚਾਉਣਾ ਚਾਹੁੰਦੇ ਹਨ।


**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



**LEAF XPRESS**
INIANAPOLIS, IN

**Now Hiring!**

We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.

**Call, ISHAN: 317-688-9222**

28-



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਜੰਮੂ ਕਸ਼ਮੀਰ ਭਾਸ਼ਾ ਬਿੱਲ ਵਿਚੋਂ ਪੰਜਾਬੀ ਨੂੰ ਬਾਹਰ ਰੱਖਣ ਖਿਲਾਫ ਰੋਹ

**ਚੰਡੀਗੜ੍ਹ:** ਜੰਮੂ ਕਸ਼ਮੀਰ ਭਾਸ਼ਾ ਬਿੱਲ ਵਿਚੋਂ ਪੰਜਾਬੀ ਭਾਸ਼ਾ ਨੂੰ ਬਾਹਰ ਰੱਖਣ ਦਾ ਮਾਮਲਾ ਭਖਦਾ ਜਾ ਰਿਹਾ ਹੈ। ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਵੱਖ-ਵੱਖ ਰਾਜਸੀ ਪਾਰਟੀਆਂ ਦੇ ਆਗੂਆਂ ਅਤੇ ਪੰਜਾਬੀ ਪ੍ਰੇਮੀਆਂ ਨੇ ਜ਼ੋਰਦਾਰ ਵਿਰੋਧ ਕਰਦਿਆਂ ਇਸ ਨੂੰ ਪੰਜਾਬੀ ਭਾਸ਼ਾ 'ਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਜਿਥੇ ਪੰਜਾਬ ਅਤੇ ਪੰਜਾਬੀਆਂ ਨਾਲ ਧੱਕਾ ਹੈ, ਉਥੇ ਜੰਮੂ ਕਸ਼ਮੀਰ ਦੇ ਲੋਕਾਂ ਨਾਲ ਵੀ ਬੇਇਨਸਾਫੀ ਹੈ। ਵੱਖ-ਵੱਖ ਆਗੂਆਂ ਨੇ ਇਸ ਫੈਸਲੇ ਪਿੱਛੇ ਛੁਪੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਮਨਸੂਬਿਆਂ 'ਤੇ ਵੀ ਸਵਾਲ ਚੁੱਕਦੇ ਹੋਏ ਇਸ ਨੂੰ ਘੱਟ ਗਿਣਤੀ ਲੋਕਾਂ ਖਿਲਾਫ ਇਕ ਸੋਚੀ ਸਮਝੀ ਸਾਜਿਸ਼ ਕਰਾਰ ਦਿੱਤਾ ਹੈ।




ਦੱਸ ਦਈਏ ਕਿ ਕੁਝ ਮਹੀਨੇ ਪਹਿਲਾਂ ਕੇਂਦਰ ਸਰਕਾਰ ਵਲੋਂ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਖਤਮ ਕਰਕੇ ਇਸ ਸੂਬੇ ਨੂੰ ਦੋ ਹਿੱਸਿਆਂ ਵਿਚ ਵੰਡਣ ਦਾ ਐਲਾਨ ਕੀਤਾ ਗਿਆ ਸੀ, ਇਕ ਲੱਦਾਖ ਅਤੇ ਦੂਜਾ ਜੰਮੂ-ਕਸ਼ਮੀਰ। ਇਸ ਦੇ ਨਾਲ ਹੀ ਇਨ੍ਹਾਂ ਦੋਵਾਂ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ ਐਲਾਨ ਦਿੱਤਾ ਗਿਆ। ਹੁਣ ਜੰਮੂ-ਕਸ਼ਮੀਰ ਭਾਸ਼ਾ ਬਿੱਲ 2020 ਸਬੰਧੀ ਐਲਾਨ ਕਰਦਿਆਂ 5 ਜ਼ਬਾਨਾਂ ਨੂੰ ਇਥੋਂ ਦੀ ਰਾਜ ਭਾਸ਼ਾ ਐਲਾਨਿਆ ਗਿਆ ਹੈ, ਜਿਨ੍ਹਾਂ ਵਿਚ ਉਰਦੂ, ਕਸ਼ਮੀਰੀ, ਹਿੰਦੀ, ਡੋਗਰੀ ਅਤੇ ਅੰਗਰੇਜ਼ੀ ਸ਼ਾਮਿਲ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਅਜਿਹਾ ਫੈਸਲਾ ਲੈਂਦਿਆਂ ਕੇਂਦਰ ਸਰਕਾਰ ਪੰਜਾਬੀ ਜ਼ਬਾਨ ਨੂੰ ਭੁੱਲ ਗਈ।

ਜੰਮੂ-ਕਸ਼ਮੀਰ ਪੰਜਾਬ ਦਾ ਗੁਆਂਢੀ ਰਾਜ ਹੈ। ਸੈਂਕੜੇ ਵਰ੍ਹਿਆਂ ਤੋਂ ਦੋਵਾਂ ਰਾਜਾਂ ਦੇ ਗੂੜ੍ਹੇ ਰਿਸ਼ਤੇ ਰਹੇ ਹਨ।

ਦੱਸਣਯੋਗ ਹੈ ਕਿ ਗੁਆਂਢੀ ਸੂਬਾ ਹੋਣ ਕਰਕੇ ਪੰਜਾਬੀਆਂ ਦੀ ਜੰਮੂ-ਕਸ਼ਮੀਰ ਦੇ ਲੋਕਾਂ ਨਾਲ ਭਾਵਨਾਤਮਕ ਸਾਂਝ ਰਹੀ ਹੈ ਤੇ ਉਥੇ ਦੇ ਵੱਡੀ ਗਿਣਤੀ ਲੋਕਾਂ ਵਲੋਂ ਅੱਜ ਵੀ ਪੰਜਾਬੀ ਬੋਲੀ ਨੂੰ ਤਰਜੀਹ ਦਿੱਤੀ ਜਾਂਦੀ ਹੈ ਤੇ ਉਨ੍ਹਾਂ ਦੀ ਬੋਲ-ਚਾਲ ਦੀ ਭਾਸ਼ਾ ਪੰਜਾਬੀ ਹੈ, ਹਾਲਾਂਕਿ ਜੰਮੂ-ਕਸ਼ਮੀਰ 'ਚ ਉਰਦੂ, ਕਸ਼ਮੀਰੀ ਤੇ ਡੋਗਰੀ ਸਮੇਤ ਦਰਜਨ ਦੇ ਕਰੀਬ ਹੋਰ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ ਪਰ ਪੰਜਾਬੀ ਭਾਸ਼ਾ ਦਾ ਆਪਣਾ ਇਕ ਵੱਖਰਾ ਰੁਤਬਾ ਹੈ ਤੇ ਹੁਣ ਜਦ ਇਸ ਸਭ ਨੂੰ ਦਰਕਿਨਾਰ ਕਰਦੇ ਹੋਏ ਕੇਂਦਰ ਸਰਕਾਰ ਵਲੋਂ ਲਿਆਂਦੇ ਜਾ ਰਹੇ ਸਰਕਾਰੀ ਭਾਸ਼ਾ ਬਿੱਲ 2020 'ਚੋਂ ਇਕਦਮ ਪੰਜਾਬੀ ਭਾਸ਼ਾ ਨੂੰ ਬਾਹਰ ਕੱਢ ਦਿੱਤਾ ਗਿਆ ਹੈ ਤਾਂ ਇਸ ਨਾਲ ਪੰਜਾਬੀਆਂ ਅੰਦਰ ਵੱਡੀ ਪੱਧਰ 'ਤੇ ਰੋਹ ਪੈਦਾ ਹੋਇਆ ਹੈ।

ਦੱਸ ਦਈਏ ਕਿ ਅੱਜ ਵੀ ਜੰਮੂ-ਕਸ਼ਮੀਰ ਦੇ ਇਲਾਕਿਆਂ ਵਿਚ ਲੱਖਾਂ ਹੀ ਪੰਜਾਬੀ ਬੋਲਣ ਵਾਲੇ ਲੋਕ ਵਸੇ ਹੋਏ ਹਨ। 1947 ਤੋਂ ਬਾਅਦ ਜੰਮੂ-ਕਸ਼ਮੀਰ ਵਿਚ ਉਰਦੂ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਪਰ ਡੋਗਰੀ ਤੇ ਗੋਜਰੀ ਜ਼ਬਾਨਾਂ ਦੇ ਨਾਲ-ਨਾਲ ਪੰਜਾਬੀ ਨੂੰ ਵੀ ਉਥੋਂ ਦੇ ਸੰਵਿਧਾਨ ਵਿਚ ਵਿਸ਼ੇਸ਼ ਥਾਂ ਦਿੱਤੀ ਗਈ ਸੀ ਅਤੇ ਪੰਜਾਬੀ ਨੂੰ ਇਥੇ ਪੂਰੀ ਮਾਨਤਾ ਮਿਲੀ ਹੋਈ ਸੀ ਕਿਉਂਕਿ ਬਹੁਤ ਸਾਰੇ ਲੋਕਾਂ ਦੀ ਉਥੇ ਇਹ ਹੀ ਜ਼ਬਾਨ ਹੈ। ਉਸੇ ਤਰ੍ਹਾਂ ਹੀ ਜਿਵੇਂ ਹਰਿਆਣਾ ਵਿਚ, ਹਿਮਾਚਲ ਪ੍ਰਦੇਸ਼ ਵਿਚ ਅਤੇ ਦਿੱਲੀ ਵਿਚ ਲੱਖਾਂ ਦੀ ਗਿਣਤੀ ਵਿਚ ਪੰਜਾਬੀ ਵਸਦੇ ਹਨ। ਦਿੱਲੀ ਵਿਚ ਅੱਜ ਵੀ ਪੰਜਾਬੀ ਨੂੰ ਉਰਦੂ ਦੇ ਨਾਲ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ। ਅੱਜ ਜਦੋਂ ਕਿ ਇੰਗਲੈਂਡ ਅਤੇ ਕੈਨੇਡਾ ਵਰਗੇ ਦੇਸ਼ਾਂ ਵਿਚ ਪੰਜਾਬੀ ਬੋਲੀ ਨੂੰ ਮਾਣਯੋਗ ਦਰਜਾ ਪ੍ਰਾਪਤ ਹੋ ਚੁੱਕਾ ਹੈ, ਅਜਿਹੇ ਸਮੇਂ ਜਿਸ ਰਾਜ ਵਿਚ ਲੱਖਾਂ ਹੀ ਪੰਜਾਬੀ ਵਸਦੇ ਹੋਣ, ਉਥੇ ਇਸ ਬੋਲੀ ਵਲ ਬੇਰੁਖੀ ਬੇਹੱਦ ਰੜਕਦੀ ਹੈ।

ਜੰਮੂ-ਕਸ਼ਮੀਰ ਦੀ ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਵੀ ਇਸ ਬਿੱਲ 'ਚੋਂ ਪੰਜਾਬੀ ਨੂੰ ਕੱਢੇ ਜਾਣ ਦੀ ਸਖਤ ਨਿਖੇਧੀ ਕੀਤੀ ਹੈ ਅਤੇ ਇਸ ਨੂੰ ਘੱਟ-ਗਿਣਤੀ ਦੇ ਵਿਰੁੱਧ ਕਰਾਰ ਦਿੱਤਾ ਹੈ। ਇਸ ਕਮੇਟੀ ਦੇ ਪ੍ਰਧਾਨ ਜਗਮੋਹਨ ਸਿੰਘ ਰੈਣਾ ਨੇ ਇਹ ਕਿਹਾ ਹੈ ਕਿ ਇਸ ਸੂਬੇ 'ਚੋਂ ਧਾਰਾ 370 ਖ਼ਤਮ ਕਰਨ ਤੋਂ ਪਹਿਲਾਂ ਪੰਜਾਬੀ ਜੰਮੂ-ਕਸ਼ਮੀਰ ਦੇ ਸੰਵਿਧਾਨ ਦਾ ਹਿੱਸਾ ਸੀ। ਇਸ ਨੂੰ ਇਥੇ ਮਾਨਤਾ ਦਿੱਤੀ ਗਈ ਸੀ ਅਤੇ ਪ੍ਰਮਾਣਿਤ ਕੀਤੀ ਗਈ ਸੀ। ਅਸੀਂ ਕੇਂਦਰ ਸਰਕਾਰ ਨੂੰ ਇਹ ਅਪੀਲ ਕਰਦੇ ਹਾਂ ਕਿ ਉਹ ਤਿਆਰ ਕੀਤੇ ਗਏ ਇਸ ਬਿੱਲ ਵਿਚ ਰਹਿ ਗਈ ਇਸ ਵੱਡੀ ਘਾਟ ਨੂੰ ਤੁਰਤ ਪੂਰਾ ਕਰੇ ਤਾਂ ਜੋ ਇਸ ਰਾਜ ਦੇ ਘੱਟ-ਗਿਣਤੀ ਲੋਕਾਂ ਵਿਚ ਪੈਦਾ ਹੋਏ ਸ਼ੰਕੇ ਨੂੰ ਦੂਰ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਭਾਸ਼ਾ ਐਕਟ ਸਬੰਧੀ ਪੂਰਾ ਇਨਸਾਫ ਦਿੱਤਾ ਜਾ ਸਕੇ।

## ਪੰਜਾਬੀ ਦਾ ਮੁੱਦਾ ਸੰਸਦ 'ਚ ਉਠਾਵਾਂਗਾ: ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਜੰਮੂ ਕਸ਼ਮੀਰ 'ਚ ਹੋਰਨਾਂ ਭਾਸ਼ਾਵਾਂ ਵਾਂਗ ਪੰਜਾਬੀ ਭਾਸ਼ਾ ਨੂੰ ਸਰਕਾਰੀ ਮਾਨਤਾ ਵਾਲੀ ਸੂਚੀ 'ਚ ਨਾ ਰੱਖੇ ਜਾਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਉਹ ਇਹ ਮਸਲਾ ਸੰਸਦ ਦੇ ਮੌਨਸੂਨ ਇਜਲਾਸ 'ਚ ਚੁੱਕਣਗੇ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਵੀ ਪਹੁੰਚ ਕਰਨਗੇ। ਸ੍ਰੀ ਮਾਨ ਨੇ ਸਾਰੇ ਪੰਜਾਬੀ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਕਿ ਮੌਨਸੂਨ ਇਜਲਾਸ ਦੌਰਾਨ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਜੰਮੂ ਕਸ਼ਮੀਰ 'ਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਵਜੋਂ ਮਾਨਤਾ ਦਿਵਾਉਣ ਲਈ ਕੇਂਦਰ ਸਰਕਾਰ 'ਤੇ ਦਬਾਅ ਪਾਇਆ ਜਾਵੇ।

## ਪੰਜਾਬੀ ਦਾ ਸਰਕਾਰੀ ਦਰਜਾ ਬਹਾਲ ਹੋਵੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜੰਮੂ ਕਸ਼ਮੀਰ ਦੇ ਉਪ ਰਾਜਪਾਲ ਨੂੰ ਪੱਤਰ ਲਿਖ ਕੇ ਪੰਜਾਬੀ ਭਾਸ਼ਾ ਦਾ ਸੂਬੇ ਦੀ ਸਰਕਾਰੀ ਭਾਸ਼ਾ ਹੋਣ ਦਾ ਦਰਜਾ ਬਹਾਲ ਕਰਨ ਸਬੰਧੀ ਅਪੀਲ ਕੀਤੀ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਕਿ ਪੰਜਾਬੀ ਨਾ ਸਿਰਫ ਸੂਬੇ ਦੇ ਲੋਕਾਂ ਦੇ ਇਕ ਵੱਡੇ ਹਿੱਸੇ ਦੀ ਮਾਂ ਬੋਲੀ ਹੈ ਬਲਕਿ ਇਸ ਨੂੰ ਜੰਮੂ ਕਸ਼ਮੀਰ ਦੇ ਸੰਵਿਧਾਨ 'ਚ ਬਾਕਾਇਦਾ ਮਾਨਤਾ ਦਿੱਤੀ ਗਈ ਹੈ। ਸ੍ਰੀ ਬਾਦਲ ਨੇ ਕਿਹਾ ਕਿ ਅਕਾਲੀ ਦਲ ਪੰਜਾਬੀਆਂ ਦੀ ਮਾਂ ਬੋਲੀ ਨਾਲ ਨਿਆਂ ਲਈ ਲੜਦਾ ਆਇਆ ਹੈ ਤੇ ਅੱਗੋਂ ਤੋਂ ਵੀ ਲੜਦਾ ਰਹੇਗਾ। ਉਨ੍ਹਾਂ ਜੰਮੂ ਕਸ਼ਮੀਰ 'ਚ ਪੰਜਾਬੀ ਨੂੰ ਸਰਕਾਰੀ ਭਾਸ਼ਾਵਾਂ ਵਿਚੋਂ ਬਾਹਰ ਕਰਨ ਨੂੰ ਘੱਟ ਗਿਣਤੀ ਵਿਰੋਧੀ ਕਦਮ ਦੱਸਿਆ।

# ਖਾਲਿਸਤਾਨੀ ਝੰਡਾ ਝੁਲਾਉਣ ਦੇ ਮਾਮਲੇ 'ਚ ਫੜੋ-ਫੜੀ ਜਾਰੀ

**ਮੋਗਾ:** ਜ਼ਿਲ੍ਹਾ ਸਕੱਤਰੇਤ ਦੀ ਇਮਾਰਤ 'ਤੇ ਖਾਲਿਸਤਾਨੀ ਝੰਡਾ ਝੁਲਾਉਣ ਦੇ ਮਾਮਲੇ 'ਚ ਪੁਲਿਸ ਨੇ ਇਕ ਹੋਰ ਗ੍ਰਿਫਤਾਰੀ ਕੀਤੀ ਹੈ।ਪਹਿਲਾਂ ਤੋਂ ਗ੍ਰਿਫਤਾਰ ਇੰਦਰਜੀਤ ਸਿੰਘ ਗਿੱਲ (31) ਅਤੇ ਜਸਪਾਲ ਸਿੰਘ ਉਰਫ ਰਿੰਪਾ (27) ਪਿੰਡ ਰੌਲੀ ਨੂੰ 5 ਰੋਜ਼ਾ ਪੁਲਿਸ ਰਿਮਾਂਡ ਖਤਮ ਹੋਣ ਅਤੇ ਹੁਣ ਗ੍ਰਿਫਤਾਰ ਕੀਤੇ ਰਾਮ ਤੀਰਥ ਪਿੰਡ ਰੌਲੀ ਨੂੰ ਸਥਾਨਕ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਪੁਲਿਸ ਮੁਤਾਬਕ ਗ੍ਰਿਫਤਾਰ ਮੁਲਜ਼ਮ ਰਾਮ ਤੀਰਥ ਦੀ ਪਿੰਡ ਰੌਲੀ 'ਚ ਹਜਾਮਤ ਦੀ ਦੁਕਾਨ ਹੈ। ਦੋਵੇਂ ਮੁੱਖ ਮੁਲਜ਼ਮ ਝੰਡਾ ਝੁਲਾਉਣ ਮਗਰੋਂ ਇੰਦਰਜੀਤ ਦੇ ਰਿਸ਼ਤੇਦਾਰ ਜੱਗੇ ਕੋਲ ਪੱਖੋਵਾਲ (ਲੁਧਿਆਣਾ) ਚਲੇ ਗਏ ਸਨ ਜਿਸ ਨੂੰ ਪੁਲਿਸ ਨੇ ਪਨਾਹ ਦੇਣ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਹੈ।

ਪੁਲਿਸ ਸੂਤਰਾਂ ਮੁਤਾਬਕ ਦੋਵਾਂ ਮੁਲਜ਼ਮਾਂ ਨੇ ਰਿਮਾਂਡ ਦੌਰਾਨ ਦੱਸਿਆ ਕਿ ਉਹ ਆਨੰਦਪੁਰ ਸਾਹਿਬ ਅਤੇ ਅੰਮ੍ਰਿਤਸਰ 'ਚ ਕੁਝ ਦਿਨ ਰਹਿਣ ਮਗਰੋਂ ਮੋਟਰਸਾਈਕਲ 'ਤੇ ਮੁਲਜ਼ਮ ਰਾਮ ਤੀਰਥ ਕੋਲ ਪਿੰਡ ਰੌਲੀ 'ਚ ਰਾਤ ਰੁਕੇ ਸਨ। ਉਹ ਰਾਤ ਕੱਟਣ ਮਗਰੋਂ ਮੋਟਰਸਾਈਕਲ ਰਾਮ ਤੀਰਥ ਕੋਲ ਛੱਡ ਕੇ ਦਿੱਲੀ ਚਲੇ ਗਏ ਸਨ ਜਿਥੇ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਉਨ੍ਹਾਂ ਨੂੰ ਨੇਪਾਲ ਜਾਂਦਿਆਂ ਕਾਬੂ ਕਰ ਲਿਆ ਸੀ।

# ਅਮਰੀਕਾ ਵਲੋਂ ਨਵੰਬਰ ਤੱਕ ਕਰੋਨਾ ਟੀਕਾ ਦੇਣ ਦਾ ਦਾਅਵਾ

**ਸਿਆਟਲ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਨੇ ਇਕ ਮਹੱਤਵਪੂਰਨ ਐਲਾਨ ਕਰਦਿਆਂ ਕਿਹਾ ਕਿ ਅਮਰੀਕਾ ਰਾਜਾਂ ਦੀ 3 ਨਵੰਬਰ ਨੂੰ ਹੋ ਰਹੀ ਰਾਸ਼ਟਰਪਤੀ ਦੀ ਚੋਣ ਤੋਂ 2 ਦਿਨ ਪਹਿਲਾਂ ਪਹਿਲੀ ਨਵੰਬਰ ਤੱਕ ਸੰਭਾਵੀ ਕੋਵਿਡ-19 ਟੀਕਾ ਵੰਡਣ ਲਈ ਤਿਆਰ ਰਹਿਣ ਦੀ ਅਪੀਲ ਕੀਤੀ ਹੈ।




ਦਵਾਈਆਂ ਦੇ ਥੋਕ ਵਿਕਰੇਤਾ ਮੈਕਕੇਸਨ ਕਾਰਪੋਰੇਟ ਦਾ ਸੰਘੀ ਸਰਕਾਰ ਨਾਲ ਸੌਦਾ ਪਹਿਲਾਂ ਹੀ ਹੋ ਚੁੱਕਾ ਹੈ ਅਤੇ ਜਿਸ ਵੇਲੇ ਵੀ ਟੀਕਾ ਉਪਲੱਬਧ ਹੋ ਜਾਂਦਾ ਹੈ, ਉਸੇ ਸਮੇਂ ਡਿਸਟ੍ਰੀਬਿਊਸ਼ਨ ਸੈਂਟਰ ਸਥਾਪਤ ਕਰਨ ਲਈ ਪਰਮਿਟਾਂ ਦੀ ਬੇਨਤੀ ਕੀਤੀ ਜਾਵੇਗੀ। ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ ਦੇ ਡਾਇਰੈਕਟਰ ਰਾਬਰਟ ਰੈਡਫੀਲਡ ਨੇ ਇਕ ਪੱਤਰ ਰਾਹੀਂ ਸਾਰੇ ਰਾਜਾਂ ਨੂੰ ਦੱਸਿਆ ਹੈ ਕਿ ਇਨ੍ਹਾਂ ਦਾ ਪਰਮਿਟ ਪ੍ਰਾਪਤ ਕਰਨ ਲਈ ਜੋ ਲੋੜੀਂਦਾ ਆਮ ਸਮਾਂ ਇਸ ਲਈ ਜ਼ਰੂਰੀ ਜਨਤਕ ਸਿਹਤ ਪ੍ਰੋਗਰਾਮ ਦੀ ਸਫਲਤਾ ਲਈ ਲੱਗਦਾ ਹੈ, ਇਸ ਨਾਲ ਮਹੱਤਵਪੂਰਨ ਰੁਕਾਵਟ ਪੇਸ਼ ਹੋ ਸਕਦੀ ਹੈ।

'ਸੀ.ਡੀ.ਸੀ.' ਇਨ੍ਹਾਂ ਵੰਡ ਸਹੂਲਤਾਂ 'ਚ ਤੇਜ਼ੀ ਨਾਲ ਕਾਰਜ ਕਰਨ ਵਿਚ ਤੁਹਾਡੀ ਸਹਾਇਤਾ ਲਈ ਬੇਨਤੀ ਕਰਦਾ ਹੈ। ਰੈਡਫੀਲਡ ਨੇ ਰਾਜਾਂ ਨੂੰ ਇਸ ਵਿਚ ਮੁਆਫੀ ਦੇਣ ਦੀਆਂ ਜ਼ਰੂਰਤਾਂ 'ਤੇ ਵਿਚਾਰ ਕਰਨ ਲਈ ਕਿਹਾ ਹੈ ਤਾਂ ਜੋ 1 ਨਵੰਬਰ 2020 ਤੱਕ ਇਨ੍ਹਾਂ ਸਹੂਲਤਾਂ ਵਿਚ ਕੋਈ ਰੁਕਾਵਟ ਨਾ ਪੈ ਸਕੇ। ਇਸ ਟੀਕੇ ਲਈ ਰਾਸ਼ਟਰੀ ਸੁਰੱਖਿਆ ਅਧਿਕਾਰੀ, ਜ਼ਰੂਰੀ ਕਾਮੇ, ਬਜ਼ੁਰਗਾਂ ਅਤੇ ਕਮਜ਼ੋਰ ਜਾਤੀ ਸਮੂਹਾਂ ਦੇ ਮੈਂਬਰਾਂ ਨੂੰ ਪਹਿਲ ਦਿੱਤੀ ਜਾਵੇਗੀ। ਤਿੰਨ ਕੰਪਨੀਆਂ ਆਪਣੇ ਪੜਾਅ ਤਿੰਨ ਦੇ ਕਲੀਨੀਕਲ ਅਜਮਾਇਸ਼ ਵਿਚ ਹਨ ਜੋ ਆਖਰੀ ਪੜਾਅ ਹੈ। ਇਨ੍ਹਾਂ ਵਿਚ 'ਐਸਟਰਾਜ਼ੇਨੇਕਾ' ਜੋ ਇੰਗਲੈਂਡ ਵਿਚ ਆਕਸਫੋਰਡ ਯੂਨੀਵਰਸਿਟੀ ਨਾਲ ਭਾਈਵਾਲੀ ਕਰ ਰਹੀ ਹੈ, ਮੋਡਰੇਨਾ, ਯੂ.ਐਸ. ਦੇ ਸਿਹਤ ਦੇ ਰਾਸ਼ਟਰੀ ਸੰਸਥਾਵਾਂ ਦੇ ਨਾਲ ਮਿਲ ਕੇ ਅਤੇ ਫਾਈਜ਼ਰ ਬਾਇਓਨਟੈਕ ਗੱਠਜੋੜ ਨਾਲ ਅਜਮਾਇਸ਼ਾਂ ਵਿਚ ਹਨ। ਇਸੇ ਦੌਰਾਨ ਵਾਈਟ ਹਾਊਸ ਨੇ ਇਹ ਵੀ ਕਿਹਾ ਕਿ ਅਮਰੀਕਾ ਡਬਲਿਊ.ਐਚ.ਓ. ਦੀ ਸ਼ਮੂਲੀਅਤ ਕਾਰਨ ਕਰੋਨਾ ਵਾਇਰਸ ਟੀਕਾ ਵਿਕਸਤ, ਨਿਰਮਾਣ ਅਤੇ ਵੰਡਣ ਦੀ ਵਿਸ਼ਵਵਿਆਪੀ ਕੋਸ਼ਿਸ਼ ਵਿਚ ਸ਼ਾਮਲ ਨਹੀਂ ਹੋਵੇਗਾ।

# ਸੁਪਰੀਮ ਕੋਰਟ ਵਲੋਂ ਸੱਜਣ ਕੁਮਾਰ ਦੀ ਅੰਤ੍ਰਿਮ ਜ਼ਮਾਨਤ ਅਰਜ਼ੀ ਰੱਦ

**ਨਵੀਂ ਦਿੱਲੀ:** ਸਿੱਖ ਕਤਲੇਆਮ ਦੇ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਕਾਂਗਰਸ ਦੇ ਸਾਬਕਾ ਆਗੂ ਸੱਜਣ ਕੁਮਾਰ ਵਲੋਂ ਸਿਹਤ ਦੇ ਆਧਾਰ 'ਤੇ ਮੰਗੀ ਗਈ ਅੰਤ੍ਰਿਮ ਜ਼ਮਾਨਤ ਦੀ ਅਰਜ਼ੀ ਸੁਪਰੀਮ ਕੋਰਟ ਨੇ ਰੱਦ ਕਰ ਦਿੱਤੀ ਹੈ। ਉਸ ਦੇ ਵਕੀਲ ਵਿਕਾਸ ਸਿੰਘ ਨੇ ਚੀਫ ਜਸਟਿਸ ਐੱਸ.ਏ. ਬੋਬੜੇ ਦੀ ਅਗਵਾਈ ਹੇਠਲੇ ਬੈਂਚ ਨੂੰ ਕਿਹਾ ਕਿ ਸੱਜਣ ਕੁਮਾਰ 20 ਮਹੀਨਿਆਂ ਤੋਂ ਜੇਲ੍ਹ 'ਚ ਬੰਦ ਹੈ ਅਤੇ ਉਸ ਦਾ ਕਰੀਬ 16 ਕਿਲੋਗ੍ਰਾਮ ਭਾਰ ਘੱਟ ਗਿਆ ਹੈ ਜਿਸ ਕਾਰਨ ਉਸ ਨੂੰ ਪੁਰਾਣੀ ਬਿਮਾਰੀਆਂ ਤੋਂ ਛੁਟਕਾਰੇ ਲਈ ਇਲਾਜ ਦੀ ਲੋੜ ਹੈ। ਵਕੀਲ ਨੇ ਕਿਹਾ ਕਿ ਸੱਜਣ ਕੁਮਾਰ ਅਦਾਲਤ ਵਲੋਂ ਲਾਈਆਂ ਜਾਣ ਵਾਲੀਆਂ ਸ਼ਰਤਾਂ ਦਾ ਪਾਲਣ ਕਰੇਗਾ।

ਸਿੱਖ ਕਤਲੇਆਮ ਦੇ ਪੀੜਤਾਂ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਸੱਜਣ ਕੁਮਾਰ ਦੀ ਆਰਜ਼ੀ ਜ਼ਮਾਨਤ ਅਰਜ਼ੀ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਉਸ ਦਾ ਹਸਪਤਾਲ 'ਚ ਪਹਿਲਾਂ ਹੀ ਲੋੜੀਂਦਾ ਇਲਾਜ ਕੀਤਾ ਜਾ ਰਿਹਾ ਹੈ। ਬੈਂਚ ਨੇ ਕਿਹਾ ਕਿ ਉਹ ਕਿਸੇ ਹੋਰ ਦਿਨ ਸੁਣਵਾਈ ਕਰਨਗੇ ਪਰ ਇੰਜ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ ਹੈ। ਇਸ ਤੋਂ ਪਹਿਲਾਂ 13 ਮਈ ਨੂੰ ਸੁਪਰੀਮ ਕੋਰਟ ਨੇ ਸੱਜਣ ਕੁਮਾਰ ਦੀ ਅੰਤ੍ਰਿਮ ਜ਼ਮਾਨਤ ਜਾਂ ਪੈਰੋਲ ਦੀ ਅਰਜ਼ੀ ਰੱਦ ਕਰ ਦਿੱਤੀ ਸੀ।


For Homeland

A novel by Lalita Gandbhir

*The epic saga of a Sikh family whose lives are violently disrupted and their loyalties divided by the partition of British India in the 1940s, and again by the Sikh community's struggle for a separate nation of Khalistan.*



Winner of the Maharashtra Government Award for fiction

Available at Amazon.com

($9.99)

*For more information visit:*

ForHomelandTheNovel.com

# ਭਾਰਤ ਅਤੇ ਚੀਨ ਵਿਚਾਲੇ ਸਰਹੱਦੀ ਟਕਰਾਅ ਦੀ ਸਥਿਤੀ ਬਰਕਰਾਰ

**ਨਵੀਂ ਦਿੱਲੀ:** ਭਾਰਤ ਅਤੇ ਚੀਨ ਵਿਚਾਲੇ ਸਰਹੱਦੀ ਤਣਾਅ ਵਧਦਾ ਜਾ ਰਿਹਾ ਹੈ। ਜੂਨ ਵਿਚ ਗਲਵਾਨ ਘਾਟੀ ਵਿਚ ਦੋਵਾਂ ਦੇਸ਼ਾਂ ਦੇ ਫੌਜੀਆਂ ਦੀ ਹਿੰਸਕ ਤੇ ਮਾਰੂ ਝੜਪਾਂ ਤੋਂ ਬਾਅਦ ਦੋਵਾਂ ਦੇਸ਼ਾਂ ਦੀਆਂ ਫੌਜਾਂ ਆਹਮੋ ਸਾਹਮਣੇ ਹਨ। ਭਾਵੇਂ ਇਸ ਦੌਰਾਨ ਦੋਵਾਂ ਦੇਸ਼ਾਂ ਦੇ ਉਚ ਫੌਜੀ ਜਰਨੈਲਾਂ ਦੀਆਂ ਆਪਸੀ ਮੀਟਿੰਗਾਂ ਹੁੰਦੀਆਂ ਰਹੀਆਂ ਹਨ ਪਰ ਉਨ੍ਹਾਂ ਦਾ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ।

ਹੁਣ ਤਕਰੀਬਨ ਇਕ ਹਫਤੇ ਤੋਂ ਆਪਸੀ ਟਕਰਾਅ ਹੋਰ ਵੀ ਵਧਿਆ ਦਿਖਾਈ ਦਿੰਦਾ ਹੈ। ਪੂਰਬੀ ਲੱਦਾਖ ਵਿਚ ਭਾਰਤੀ ਫੌਜ ਨੇ ਕਈ ਅਹਿਮ ਚੋਟੀਆਂ 'ਤੇ ਆਪਣਾ ਕਬਜ਼ਾ ਜਮਾ ਲਿਆ ਹੈ ਜੋ ਇਸ ਲਈ ਮਹੱਤਵਪੂਰਨ ਹਨ ਕਿ ਉਥੋਂ ਚੀਨ ਦੀਆਂ ਲਗਾਤਾਰ ਕੀਤੀਆਂ ਜਾ ਰਹੀਆਂ ਫੌਜੀ ਹਰਕਤਾਂ ਦਾ ਆਸਾਨੀ ਨਾਲ ਪਤਾ ਲਗਦਾ ਰਹਿੰਦਾ ਹੈ। ਫੌਜ ਮੁਖੀ ਜਨਰਲ ਮਨੋਜ ਮੁਕੰਦ ਨਰਵਾਣੇ ਨੇ ਵੀ ਇਸੇ ਲਈ ਦੋ ਦਿਨਾਂ ਭੂਟਾਨ ਦੀ ਯਾਤਰਾ ਕੀਤੀ। ਲੇਹ ਵਿਚ ਉਨ੍ਹਾਂ ਨੇ ਕਿਹਾ ਕਿ ਹਾਲੇ ਤੱਕ ਵੀ ਸਥਿਤੀ ਬੇਹੱਦ ਨਾਜ਼ੁਕ ਬਣੀ ਹੋਈ ਹੈ। ਚੀਫ ਆਫ ਡਿਫੈਂਸ ਸਟਾਫ ਜਨਰਲ ਬਿਪਿਨ ਰਾਵਤ ਨੇ ਵੀ ਭਾਰਤ-ਅਮਰੀਕਾ ਰਣਨੀਤਕ ਸਾਂਝੇਦਾਰੀ ਮੰਚ 'ਤੇ ਕਿਹਾ ਹੈ ਕਿ ਦੇਸ਼ ਕਿਸੇ ਵੀ ਹਾਲਾਤ ਦਾ ਸਾਹਮਣਾ ਕਰਨ ਲਈ ਤਿਆਰ ਹੈ।

ਉਨ੍ਹਾਂ ਇਥੋਂ ਤੱਕ ਵੀ ਕਿਹਾ ਕਿ ਜੇਕਰ ਚੀਨ ਨਾਲ ਤਣਾਅ ਦਾ ਪਾਕਿਸਤਾਨ ਫਾਇਦਾ ਚੁੱਕਣ ਦਾ ਯਤਨ ਕਰੇਗਾ ਤਾਂ ਭਾਰਤ ਇਸ ਲਈ ਵੀ ਤਿਆਰ ਹੈ। ਪਿਛਲੇ ਦਿਨੀਂ ਚੀਨ ਦੀਆਂ 118 ਐਪਾਂ ਉਤੇ ਪਾਬੰਦੀ ਲਗਾਉਣ ਦੇ ਐਲਾਨ ਤੋਂ ਬਾਅਦ ਚੀਨ ਨੇ ਇਸ ਕਦਮ ਦੀ ਸਖਤ ਆਲੋਚਨਾ ਵੀ ਕੀਤੀ ਹੈ। ਆਪਣੀ ਸ਼ੰਘਾਈ ਸੰਗਠਨ ਦੀ ਮੀਟਿੰਗ ਲਈ ਰੂਸ ਦੀ ਫੇਰੀ ਤੋਂ ਪਹਿਲਾਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਹ ਸਪੱਸ਼ਟ ਬਿਆਨ ਦਿੱਤਾ ਸੀ ਕਿ ਉਥੇ ਉਨ੍ਹਾਂ ਦੀ ਚੀਨ ਦੇ ਰੱਖਿਆ ਮੰਤਰੀ ਨਾਲ ਮਿਲਣ ਦੀ ਕੋਈ ਯੋਜਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਰੂਸ, ਚੀਨ, ਭਾਰਤ ਅਤੇ ਪਾਕਿਸਤਾਨ ਦੀਆਂ ਆਪਸੀ ਫੌਜੀ ਕਸਰਤਾਂ ਵਿਚੋਂ ਵੀ ਭਾਰਤ ਨੇ ਆਪਣੇ-ਆਪ ਨੂੰ ਅਲੱਗ ਕਰਨ ਦਾ ਐਲਾਨ ਕਰ ਦਿੱਤਾ ਸੀ ਪਰ ਹੁਣ ਰੂਸ ਦੀ ਫੇਰੀ ਦੌਰਾਨ ਚੀਨ ਦੀ ਪਹਿਲ 'ਤੇ ਦੋਵਾਂ ਰੱਖਿਆ ਮੰਤਰੀਆਂ ਦੀ ਰੂਸ ਵਿਚ ਲੰਮੀ ਮੀਟਿੰਗ ਜ਼ਰੂਰ ਹੋਈ ਹੈ। ਇਸ ਪੱਧਰ ਦੀਆਂ ਮੁਲਾਕਾਤਾਂ ਤੋਂ ਇਹ ਸੰਭਾਵਨਾ ਜ਼ਰੂਰ ਬਣ ਗਈ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਪੈਦਾ ਹੋਈ ਸਥਿਤੀ ਨੂੰ ਮੋੜਾ ਪੈ ਸਕਦਾ ਹੈ ਪਰ ਸੁਧਾਰ ਦੀ ਆਸ ਉਦੋਂ ਹੀ ਕੀਤੀ ਜਾ ਸਕਦੀ ਹੈ ਜੇ ਚੀਨ ਆਪਣੇ ਅੜੀਅਲ ਵਤੀਰੇ ਨੂੰ ਬਦਲੇ।

## ਰਾਜਨਾਥ ਨੇ ਭਾਰਤ ਦਾ ਰੁਖ ਸਪਸ਼ਟ ਕੀਤਾ

**ਮਾਸਕੋ:** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦੀ ਬੈਠਕ ਦੇ ਦੌਰਾਨ ਮਾਸਕੋ ਵਿਚ ਸਟੇਟ ਕੌਂਸਲਰ ਅਤੇ ਚੀਨ ਦੇ ਰੱਖਿਆ ਮੰਤਰੀ ਜਨਰਲ ਵੇਈ ਫੇਂਘੇ ਨਾਲ ਗੱਲਬਾਤ ਕੀਤੀ। ਦੋਵਾਂ ਮੰਤਰੀਆਂ ਨੇ ਭਾਰਤ-ਚੀਨ ਸਰਹੱਦੀ ਖੇਤਰਾਂ ਦੀਆਂ ਘਟਨਾਵਾਂ ਤੇ ਦੋਵਾਂ ਦੇਸ਼ਾਂ ਦੇ ਸਬੰਧਾਂ 'ਤੇ ਸਪੱਸ਼ਟ ਅਤੇ ਡੂੰਘਾਈ ਨਾਲ ਵਿਚਾਰ ਵਟਾਂਦਰੇ ਕੀਤੇ। ਸ੍ਰੀ ਰਾਜਨਾਥ ਸਿੰਘ ਨੇ ਪਿਛਲੇ ਕੁਝ ਮਹੀਨਿਆਂ ਵਿਚ ਭਾਰਤ-ਚੀਨ ਸਰਹੱਦੀ ਖੇਤਰਾਂ ਦੇ ਪੱਛਮੀ ਸੈਕਟਰ ਵਿਚ ਅਸਲ ਕੰਟਰੋਲ ਰੇਖਾ (ਐਲ.ਏ.ਸੀ.) 'ਤੇ ਭਾਰਤ ਦੇ ਰੁਖ ਨੂੰ ਸਪਸ਼ਟ ਕੀਤਾ। ਭਾਰਤੀ ਰੱਖਿਆ ਮੰਤਰੀ ਨੇ ਚੀਨੀ ਸੈਨਿਕਾਂ ਦੀਆਂ ਕਾਰਵਾਈਆਂ, ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਸੈਨਿਕਾਂ ਨੂੰ ਇਕੱਤਰ ਕਰਨਾ, ਉਨ੍ਹਾਂ ਦੇ ਹਮਲਾਵਰ ਵਿਵਹਾਰ ਅਤੇ ਇਕਪਾਸੜ ਸਥਿਤੀ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਦੁਵੱਲੇ ਸਮਝੌਤਿਆਂ ਦੀ ਉਲੰਘਣਾ ਹੈ।

## ਅਮਰੀਕਾ ਮਦਦ ਲਈ ਤਿਆਰ: ਟਰੰਪ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ-ਚੀਨ ਸਰਹੱਦ 'ਤੇ ਸਥਿਤੀ ਬਹੁਤ ਖਰਾਬ ਹੈ ਅਤੇ ਚੀਨ ਇਸ ਨੂੰ ਹੋਰ ਜ਼ੋਰਦਾਰ ਢੰਗ ਨਾਲ ਵਧਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਵਿਚ ਸ਼ਾਮਲ ਹੋਣਾ ਅਤੇ ਮਦਦ ਕਰਨਾ ਚਾਹੁੰਦੇ ਹਨ। ਵ੍ਹਾਈਟ ਹਾਊਸ ਦੀ ਪ੍ਰੈਸ ਕਾਨਫਰੰਸ ਵਿਚ ਟਰੰਪ ਨੇ ਕਿਹਾ ਕਿ ਸਰਹੱਦ 'ਤੇ ਚੀਨ ਅਤੇ ਭਾਰਤ ਦਰਮਿਆਨ ਸਥਿਤੀ ਬਹੁਤ ਖਰਾਬ ਹੈ। ਉਹ ਇਸ ਬਾਰੇ ਭਾਰਤ ਅਤੇ ਚੀਨ ਦੋਵਾਂ ਨਾਲ ਗੱਲਬਾਤ ਕਰ ਰਹੇ ਹਨ। ਭਾਰਤ ਅਤੇ ਚੀਨ ਦੇ ਸਬੰਧ ਵਿਚ ਅਮਰੀਕਾ ਮਦਦ ਲਈ ਤਿਆਰ ਹੈ।

# ਸੋਸ਼ਲ ਮੀਡੀਆ ਉਤੇ ਨੁਕਤਾਚੀਨੀ ਤੋਂ ਘਬਰਾਈ ਮੋਦੀ ਸਰਕਾਰ


**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲੰਘੇ ਹਫਤੇ ਮਹੀਨਾਵਾਰ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਨੂੰ ਬਹੁਤ ਜ਼ਿਆਦਾ 'ਡਿਸਲਾਈਕ' (ਨਾਪਸੰਦ) ਕੀਤੇ ਜਾਣ ਮਗਰੋਂ ਭਾਜਪਾ ਦੀਆਂ ਹੋਰਨਾਂ ਵੀਡੀਓ'ਜ਼ ਨੂੰ 'ਡਿਸਲਾਈਕ' ਕੀਤੇ ਜਾਣ ਦਾ ਰੁਝਾਨ ਰੁਕਣ ਦਾ ਨਾਂ ਨਹੀਂ ਰਿਹਾ ਜਿਸ ਕਾਰਨ ਭਾਜਪਾ ਨੂੰ ਪੋਸਟ ਕੀਤੀਆਂ ਜਾ ਰਹੀਆਂ ਵੀਡੀਓ'ਜ਼ ਵਿਚੋਂ 'ਲਾਈਕ' (ਪਸੰਦ) ਤੇ 'ਡਿਸਲਾਈਕ' ਵਾਲਾ ਬਟਨ ਹੀ ਹਟਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਭਾਰਤੀ ਜਨਤਾ ਪਾਰਟੀ ਵੱਲੋਂ ਆਪਣੇ ਅਧਿਕਾਰਤ ਚੈਨਲ 'ਤੇ ਪ੍ਰਧਾਨ ਮੰਤਰੀ ਵੱਲੋਂ ਇਕ ਮਹਿਲਾ ਪ੍ਰੋਬੇਸ਼ਨਰ ਨਾਲ ਕੀਤੀ ਗੱਲਬਾਤ ਦੀ ਵੀਡੀਓ ਸਾਂਝੀ ਕੀਤੀ ਗਈ ਪਰ ਇਸ ਨੂੰ ਵੀ 'ਲਾਈਕ' ਤੋਂ ਜ਼ਿਆਦਾ 'ਡਿਸਲਾਈਕ' ਮਿਲੇ ਹਨ। ਇਸੇ ਚਿੰਤਾ ਕਾਰਨ ਭਾਜਪਾ ਨੇ ਪ੍ਰਧਾਨ ਮੰਤਰੀ ਵੱਲੋਂ ਆਈ.ਪੀ.ਐਸ. ਪ੍ਰੋਬੇਸ਼ਨਰਾਂ ਨਾਲ ਕੀਤੀ ਗੱਲਬਾਤ ਦੀ ਵੀਡੀਓ 'ਚੋਂ 'ਲਾਈਕ' ਜਾਂ 'ਡਿਸਲਾਈਕ' ਦਾ ਬਟਨ ਹਟਾਉਣ ਦਾ ਫੈਸਲਾ ਕੀਤਾ ਸੀ। ਇਹ ਸਭ ਕੁਝ 'ਅਮਰੀਕਾ-ਭਾਰਤ ਰਣਨੀਤਕ ਤੇ ਭਾਈਵਾਲੀ ਮੰਚ' ਦੇ ਤੀਜੇ ਸੰਮੇਲਨ ਮੌਕੇ ਪ੍ਰਧਾਨ ਮੰਤਰੀ ਦੇ ਸੰਬੋਧਨ ਤੋਂ ਬਾਅਦ ਵੀ ਹੋਇਆ ਜਿਸ ਨੂੰ ਮਿਲੇ 'ਲਾਈਕਸ' ਦੀ ਗਿਣਤੀ 'ਡਿਸਲਾਈਕਸ' (ਇਕ ਲੱਖ ਤੋਂ ਵੱਧ) ਤੋਂ ਤਕਰੀਬਨ ਅੱਧੀ ਸੀ।

ਇਸੇ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਕੋਵਿਡ-19 ਮਹਾਮਾਰੀ ਦੌਰਾਨ ਕੀਤੇ ਗਏ ਕੰਮਾਂ ਸਬੰਧੀ ਐਨੀਮੇਟਡ ਵੀਡੀਓ ਨੂੰ ਵੀ 'ਲਾਈਕਸ' ਨਾਲੋਂ ਵੱਧ 'ਡਿਸਲਾਈਕਸ' ਮਿਲੇ ਹਨ। ਭਾਰਤੀ ਜਨਤਾ ਪਾਰਟੀ ਦੀਆਂ ਵੀਡੀਓ'ਜ਼ ਨੂੰ 'ਡਿਸਲਾਈਕ' ਕਰਨ ਦਾ ਰੁਝਾਨ ਜੇ.ਈ.ਈ. ਤੇ ਨੀਟ ਦੀਆਂ ਪ੍ਰੀਖਿਆਵਾਂ ਦੇਣ ਵਾਲੇ ਵਿਦਿਆਰਥੀਆਂ ਦੇ ਨਾਲ-ਨਾਲ ਹੋਰਨਾਂ ਵੱਖ-ਵੱਖ ਸਰਕਾਰੀ ਨੌਕਰੀਆਂ ਦੇ ਇਮਤਿਹਾਨਾਂ ਦੀਆਂ ਤਿਆਰੀਆਂ 'ਚ ਲੱਗੇ ਨੌਜਵਾਨਾਂ ਦੇ ਗੁੱਸੇ ਦੇ ਰੂਪ 'ਚ ਸਾਹਮਣੇ ਆਇਆ ਹੈ ਕਿਉਂਕਿ ਉਹ ਨਤੀਜਿਆਂ, ਭਰਤੀ ਨੋਟੀਫਿਕੇਸ਼ਨ ਤੇ ਦਾਖਲਾ ਕਾਰਡ ਜਾਰੀ ਹੋਣ 'ਚ ਹੋ ਰਹੀ ਦੇਰੀ ਤੋਂ ਪਰੇਸ਼ਾਨ ਹਨ। ਭਾਜਪਾ ਦੇ ਚੈਨਲ ਉਤੇ ਵੀਡੀਓ'ਜ਼ ਨੂੰ 'ਡਿਸਲਾਈਕ' ਕਰਨ ਦਾ ਸਿਲਸਿਲਾ ਲੰਘੇ ਐਤਵਾਰ ਤੋਂ ਸ਼ੁਰੂ ਹੋਇਆ ਸੀ ਜਦੋਂ ਪ੍ਰਧਾਨ ਮੰਤਰੀ ਨੇ ਆਪਣੇ ਮਹੀਨਾਵਾਰ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਰਾਹੀਂ ਸੰਬੋਧਨ ਕੀਤਾ। ਵਿਦਿਆਰਥੀਆਂ ਨੂੰ ਆਸ ਸੀ ਕਿ ਪ੍ਰਧਾਨ ਮੰਤਰੀ ਉਨ੍ਹਾਂ ਦੀਆਂ ਨੌਕਰੀਆਂ ਬਾਰੇ ਕੁਝ ਕਹਿਣਗੇ ਪਰ ਉਹ ਹੋਰਨਾਂ ਵਿਸ਼ਿਆਂ ਬਾਰੇ ਬੋਲਦੇ ਰਹੇ। ਇਸ ਮਗਰੋਂ ਜਲਦੀ ਹੀ ਸੋਸ਼ਲ ਮੀਡੀਆ ਉਤੇ 'ਡਿਸਲਾਈਕਸ' ਰੁਝਾਨ ਸ਼ੁਰੂ ਹੋ ਗਿਆ ਕਿ ਪ੍ਰਧਾਨ ਮੰਤਰੀ ਦੇਸ਼ ਭਰ 'ਚ ਲੱਖਾਂ ਲੋਕਾਂ ਦੀ ਜ਼ਿੰਦਗੀ ਤੇ ਕਰੀਅਰ ਜਿਹੇ ਅਹਿਮ ਮੁੱਦਿਆਂ ਉਤੇ ਗੱਲ ਕਿਉਂ ਨਹੀਂ ਕਰ ਰਹੇ।

## ਨਵਾਜ਼ ਸ਼ਰੀਫ ਦੀ ਗ੍ਰਿਫਤਾਰੀ ਲਈ ਗੈਰ-ਜ਼ਮਾਨਤੀ ਵਾਰੰਟ ਜਾਰੀ

**ਲਾਹੌਰ:** ਪਾਕਿਸਤਾਨ ਦੀ ਇਕ ਅਦਾਲਤ ਨੇ 34 ਸਾਲ ਪੁਰਾਣੇ ਜ਼ਮੀਨ ਅਲਾਟਮੈਂਟ ਕੇਸ 'ਚ ਵਿਦੇਸ਼ ਮੰਤਰਾਲੇ ਨੂੰ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਗ੍ਰਿਫਤਾਰੀ ਲਈ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਕੇਸ ਦੀ ਸੁਣਵਾਈ ਦੌਰਾਨ ਮਾਡਲ ਟਾਊਨ ਪੁਲਿਸ ਦੇ ਇੰਸਪੈਕਟਰ ਬਸ਼ੀਰ ਅਹਿਮਦ ਨੇ ਲਾਹੌਰ ਦੀ ਜਵਾਬਦੇਹੀ ਅਦਾਲਤ ਦੇ ਜੱਜ ਅਸਦ ਅਲੀ ਨੂੰ ਦੱਸਿਆ ਕਿ ਨਵਾਜ਼ ਸ਼ਰੀਫ ਆਪਣੀ ਰਿਹਾਇਸ਼ 'ਚ ਨਹੀਂ ਸਨ।



ਨਵਾਜ਼ ਸ਼ਰੀਫ ਇਸ ਸਮੇਂ ਇਲਾਜ ਲਈ ਲੰਡਨ 'ਚ ਹਨ ਤੇ ਪਿਛਲੇ ਮਹੀਨੇ ਅਦਾਲਤ ਵੱਲੋਂ ਉਨ੍ਹਾਂ ਦੀ ਗ੍ਰਿਫਤਾਰੀ ਲਈ ਜ਼ਮਾਨਤੀ ਵਾਰੰਟ ਜਾਰੀ ਕੀਤਾ ਸੀ। ਪਾਕਿਸਤਾਨ ਮੁਸਲਿਮ ਲੀਗ ਨਵਾਜ਼ ਦੇ ਆਗੂ ਅਤਾ ਤੱਰਾਰ ਨੇ ਅਦਾਲਤ ਕੋਲ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਪਾਰਟੀ ਮੁਖੀ ਸ਼ਰੀਫ ਪਿਛਲੇ ਛੇ ਮਹੀਨੇ ਤੋਂ ਵਿਦੇਸ਼ 'ਚ ਹਨ।

## ਰਾਸ਼ਟਰਪਤੀ ਨੇ 47 ਅਧਿਆਪਕ ਕੌਮੀ ਪੁਰਸਕਾਰਾਂ ਨਾਲ ਨਿਵਾਜੇ

**ਨਵੀਂ ਦਿੱਲੀ:** ਅਧਿਆਪਕ ਦਿਵਸ ਮੌਕੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਦੇਸ਼ ਦੇ 47 ਅਧਿਆਪਕਾਂ ਨੂੰ ਕੌਮੀ ਪੁਰਸਕਾਰਾਂ ਨਾਲ ਨਿਵਾਜਿਆ। ਪੜ੍ਹਾਉਣ ਦੇ ਨਵੇਂ ਤਰੀਕੇ ਅਪਨਾਉਣ 'ਚ ਯੋਗਦਾਨ ਦੇਣ ਲਈ ਅਧਿਆਪਕਾਂ ਨੂੰ ਇਹ ਪੁਰਸਕਾਰ ਦਿੱਤੇ ਗਏ ਹਨ। ਵਰਚੁਅਲ ਪੁਰਸਕਾਰ ਸਮਾਗਮ ਦੌਰਾਨ ਸ੍ਰੀ ਕੋਵਿੰਦ ਨੇ ਕਿਹਾ,"ਖੂਬਸੂਰਤ ਇਮਾਰਤਾਂ, ਮਹਿੰਗੇ ਸਾਜ਼-ਸਾਮਾਨ ਜਾਂ ਸਹੂਲਤਾਂ ਨਾਲ ਸਕੂਲ ਚੰਗੇ ਨਹੀਂ ਬਣਦੇ ਸਗੋਂ ਅਧਿਆਪਕ ਚੰਗਾ ਸਕੂਲ ਬਣਾਉਣ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਅਧਿਆਪਕ ਹੀ ਵਿਦਿਆਰਥੀਆਂ ਦੇ ਗਿਆਨ 'ਚ ਵਾਧੇ ਦੇ ਨਾਲ ਨਾਲ ਉਨ੍ਹਾਂ ਦਾ ਕਿਰਦਾਰ ਬਣਾਉਂਦੇ ਹਨ।"

ਕਰੋਨਾ ਮਹਾਮਾਰੀ ਦੌਰਾਨ ਡਿਜੀਟਲ ਤਕਨਾਲੋਜੀ ਦੀ ਅਹਿਮੀਅਤ ਉਤੇ ਜ਼ੋਰ ਦਿੰਦਿਆਂ ਰਾਸ਼ਟਰਪਤੀ ਨੇ ਅਧਿਆਪਕਾਂ ਵੱਲੋਂ ਨਵੀਂ ਤਕਨਾਲੋਜੀ ਅਪਣਾਉਣ ਦੇ ਹੁਨਰ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨਵੀਂ ਤਕਨਾਲੋਜੀ ਦਾ ਲਾਭ ਆਦਿਵਾਸੀ ਅਤੇ ਦੂਰ ਦੁਰਾਡੇ ਦੇ ਇਲਾਕਿਆਂ 'ਚ ਰਹਿੰਦੇ ਲੋਕਾਂ ਨੂੰ ਵੀ ਦੇਣ ਦੀ ਵਕਾਲਤ ਕੀਤੀ। ਨਵੀਂ ਸਿੱਖਿਆ ਨੀਤੀ ਬਾਰੇ ਗੱਲ ਕਰਦਿਆਂ ਸ੍ਰੀ ਕੋਵਿੰਦ ਨੇ ਕਿਹਾ ਕਿ ਇਸ ਨਾਲ ਬੱਚੇ ਭਵਿੱਖ ਦੀਆਂ ਲੋੜਾਂ ਮੁਤਾਬਕ ਤਿਆਰ ਹੋਣਗੇ।


# Matrimonials

### ਲੜਕੀ ਦੀ ਲੋੜ ਹੈ

ਸਰਸਵਤ ਬ੍ਰਾਹਮਣ (ਤਲਾਕਸ਼ੁਦਾ), ਉਮਰ 35 ਸਾਲ, 5'-8", ਯੂ. ਐਸ. ਏ. ਵਿਚ ਵਰਕ ਪਰਮਿਟ 'ਤੇ, ਟਰੱਕ ਡਰਾਈਵਰ ਲੜਕੇ ਲਈ ਕੈਨੇਡੀਅਨ-ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਭਾਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। 15 ਏਕੜ ਕਮਰਸ਼ੀਅਲ ਜ਼ਮੀਨ ਤੇ ਚਾਰ ਦੁਕਾਨਾਂ ਹਨ। ਸੰਪਰਕ ਕਰੋ, ਫੋਨ: 91-85095 80002 (ਇੰਡੀਆ) ਜਾਂ 785-213-2555 (ਅਮਰੀਕਾ)। 37-40

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com 30-33

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

### ਲੜਕੇ ਦੀ ਲੋੜ ਹੈ

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com 36-39

Looking for a well-settled and educated boy in America for a beautiful US born Hindu Nai girl of 31 yrs, 5'-2", Masters in English and a JD (law) degree, Divorced with 1 child. Whole family is well-settled in New York. Please contact, Ph: 347-252-6400 34-37

*To Advertise with Punjab Times*
*Call: 847-359-0746*


# ਭਾਰਤ 'ਚ ਪਬਜੀ ਸਣੇ 118 ਚੀਨੀ ਐਪਸ 'ਤੇ ਪਾਬੰਦੀ

**ਨਵੀਂ ਦਿੱਲੀ:** ਸਰਕਾਰ ਨੇ ਪਬਜੀ ਗੇਮ ਸਮੇਤ 118 ਹੋਰ ਮੋਬਾਈਲ ਐਪਲੀਕੇਸ਼ਨਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਸਰਕਾਰ ਨੇ ਇਨ੍ਹਾਂ ਮੋਬਾਈਲ ਐਪਲੀਕੇਸ਼ਨਾਂ ਨੂੰ ਦੇਸ਼ ਦੀ ਪ੍ਰਭੁਸੱਤਾ,




ਅਖੰਡਤਾ ਤੇ ਸੁਰੱਖਿਆ ਲਈ ਖਤਰਾ ਮੰਨਦਿਆਂ ਉਕਤ ਐਲਾਨ ਕੀਤਾ ਹੈ। ਅਧਿਕਾਰਕ ਬਿਆਨ ਅਨੁਸਾਰ ਪਬਜੀ ਮੋਬਾਈਲ ਤੇ ਪਬਜੀ ਮੋਬਾਈਲ ਲਾਈਟ ਤੋਂ ਇਲਾਵਾ ਸਰਕਾਰ ਵੱਲੋਂ ਜਿਹੜੀਆਂ ਹੋਰ ਐਪਲੀਕੇਸ਼ਨਾਂ ਉਤੇ ਪਾਬੰਦੀ ਲਗਾਈ ਗਈ ਹੈ ਉਨ੍ਹਾਂ 'ਚ ਬਾਇਡੂ, ਬਾਇਡੂ ਐਕਸਪ੍ਰੈੱਸ ਐਡੀਸ਼ਨ, ਟੈਂਸੈਂਟ ਵਾਚਲਿਸਟ, ਫੇਸਯੂ, ਵੀਚੈਟ ਰੀਡਿੰਗ ਐਂਡ ਟੈਂਸੈਂਟ ਵੇਯੂੰ ਸ਼ਾਮਲ ਹਨ।

ਸੂਤਰਾਂ ਅਨੁਸਾਰ ਜਿਹੜੀਆਂ ਐਪਲੀਕੇਸ਼ਨਾਂ ਉਤੇ ਪਾਬੰਦੀ ਲਗਾਈ ਗਈ ਹੈ, ਉਨ੍ਹਾਂ ਸਾਰੀਆਂ ਦੇ ਚੀਨੀ ਲਿੰਕ ਹਨ। ਇਸ ਤੋਂ ਪਹਿਲਾਂ ਵੀ ਕੇਂਦਰ ਸਰਕਾਰ ਨੇ ਟਿਕ-ਟਾਕ ਤੇ ਯੂ.ਸੀ. ਬ੍ਰਾਊਜ਼ਰ ਸਮੇਤ ਬਹੁਤ ਸਾਰੀਆਂ ਚੀਨੀ ਮੋਬਾਈਲ ਐਪਲੀਕੇਸ਼ਨਾਂ ਉਤੇ ਪਾਬੰਦੀ ਲਗਾਈ ਸੀ। ਬਿਆਨ 'ਚ ਕਿਹਾ ਗਿਆ ਹੈ ਕਿ ਸਰਕਾਰ ਨੇ 118 ਮੋਬਾਈਲ ਐਪਲੀਕੇਸ਼ਨਾਂ ਨੂੰ ਦੇਸ਼ ਦੀ ਪ੍ਰਭੁਸੱਤਾ, ਅਖੰਡਤਾ ਤੇ ਸੁਰੱਖਿਆ ਲਈ ਖਤਰਾ ਮੰਨਦਿਆਂ ਇਨ੍ਹਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਸਬੰਧੀ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ ਦੱਸਿਆ ਕਿ ਉਨ੍ਹਾਂ ਨੂੰ ਵੱਖ-ਵੱਖ ਸੂਤਰਾਂ ਤੋਂ ਸ਼ਿਕਾਇਤਾਂ ਮਿਲੀਆਂ ਸਨ, ਜਿਨ੍ਹਾਂ 'ਚ ਭਾਰਤ ਤੋਂ ਬਾਹਰ ਸਰਵਰਾਂ 'ਚ ਉਪਭੋਗਤਾਵਾਂ ਦੀ ਜਾਣਕਾਰੀ ਨੂੰ ਚੋਰੀ ਕਰਨ ਤੇ ਸੁਰੱਖਿਅਤ ਰੂਪ ਨਾਲ ਪ੍ਰਸਾਰਿਤ ਕਰਨ ਲਈ ਐਂਡਰਾਇਡ ਤੇ ਆਈ.ਓ.ਐਸ. ਪਲੇਟਫਾਰਮ ਉਤੇ ਇਨ੍ਹਾਂ 'ਚੋਂ ਕੁਝ ਮੋਬਾਈਲ ਐਪਲੀਕੇਸ਼ਨਾਂ ਦੀ ਗਲਤ ਵਰਤੋਂ ਹੋ ਰਹੀ ਸੀ, ਸ਼ਾਮਲ ਹਨ।


# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

## ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

Email: Homeomedicine@yahoo.com

**7021 Village Park Way, Dublin, CA 94568**

# ਲਾਪਤਾ ਸਰੂਪ: ਸ਼੍ਰੋਮਣੀ ਕਮੇਟੀ ਨੇ ਪੁਲਿਸ ਕਾਰਵਾਈ ਬਾਰੇ ਯੂ-ਟਰਨ ਲਿਆ

**ਅੰਮ੍ਰਿਤਸਰ:** 328 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਬਾਰੇ ਸ਼੍ਰੋਮਣੀ ਕਮੇਟੀ ਨੇ ਯੂ-ਟਰਨ ਲੈ ਲਿਆ ਹੈ। ਇਸ ਮਾਮਲੇ ਵਿਚ ਦੋਸ਼ੀ ਪਾਏ ਗਏ ਕਰਮਚਾਰੀਆਂ ਅਤੇ ਅਧਿਕਾਰੀਆਂ ਖਿਲਾਫ ਪੁਲਿਸ ਕੇਸ ਦਰਜ ਕਰਾਉਣ ਦੀ ਥਾਂ 'ਤੇ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਗੁਰਦੁਆਰਾ ਐਕਟ ਮੁਤਾਬਕ ਪੰਥਕ ਮਰਿਆਦਾ ਅਤੇ ਰਵਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਅਹੁਦੇਦਾਰ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰ ਵੀ 18 ਸਤੰਬਰ ਨੂੰ ਸ੍ਰੀ ਅਕਾਲ ਤਖਤ 'ਤੇ ਪੇਸ਼ ਹੋ ਕੇ ਖਿਮਾ ਯਾਚਨਾ ਕਰਨਗੇ।

ਜ਼ਿਕਰਯੋਗ ਹੈ ਕਿ ਪਿਛਲੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਇਸ ਮਾਮਲੇ ਵਿਚ ਦੋਸ਼ੀ ਪਾਏ ਗਏ ਪੰਜ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਗਈਆਂ ਸਨ ਅਤੇ ਪੰਜ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਸੀ। ਇਸ ਮੌਕੇ ਸ਼੍ਰੋਮਣੀ ਕਮੇਟੀ ਨੇ ਦੋਸ਼ੀ ਕਰਮਚਾਰੀਆਂ ਖਿਲਾਫ ਫੌਜਦਾਰੀ ਕੇਸ ਕਰਨ ਦਾ ਵੀ ਐਲਾਨ ਕੀਤਾ ਸੀ ਅਤੇ ਚਾਰ ਵਕੀਲਾਂ ਦਾ ਪੈਨਲ ਵੀ ਬਣਾਇਆ ਗਿਆ ਸੀ।

ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਦੀ ਕੀਤੀ ਗਈ ਜਾਂਚ ਰਿਪੋਰਟ ਦਾ ਕੁੱਝ ਹਿੱਸਾ ਸ਼੍ਰੋਮਣੀ ਕਮੇਟੀ ਨੇ ਜਨਤਕ ਕਰ ਦਿੱਤਾ ਹੈ ਤੇ ਇਹ ਸਿੱਖ ਸੰਸਥਾ ਦੀ ਵੈੱਬਸਾਈਟ ਉਤੇ ਉਪਲਬੱਧ ਹੈ। 10 ਪੰਨਿਆਂ ਦੀ ਇਕ ਰਿਪੋਰਟ ਵੈੱਬਸਾਈਟ ਉਤੇ ਹੈ, ਜਿਸ ਨੂੰ ਸਮੁੱਚੀ ਰਿਪੋਰਟ ਦਾ ਮੁੱਖ ਅੰਸ਼ ਦੱਸਿਆ ਗਿਆ ਹੈ ਤੇ ਬਾਕੀ ਹਿੱਸੇ ਵਿਚ ਜਾਂਚ ਦੌਰਾਨ ਦਰਜ ਕੀਤੇ ਬਿਆਨ ਆਦਿ ਦੱਸੇ ਜਾ ਰਹੇ ਹਨ।



ਲੌਂਗੋਵਾਲ ਦਾ ਕਹਿਣਾ ਹੈ ਕਿ ਅੰਤ੍ਰਿੰਗ ਕਮੇਟੀ ਨੇ ਫੈਸਲਾ ਲਿਆ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਕੰਮਕਾਜ ਵਿਚ ਕਿਸੇ ਨੂੰ ਦਖਲ ਦੇਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਹੈ। 'ਸਿੱਖ ਸੰਸਥਾ ਦੀ ਆਪਣੀ ਆਜ਼ਾਦ ਹਸਤੀ ਹੈ ਅਤੇ ਉਹ ਫੈਸਲੇ ਲੈਣ ਦੇ ਸਮਰੱਥ ਹੈ।' ਲੌਂਗੋਵਾਲ ਨੇ ਇਸ ਬਾਰੇ ਸਪੱਸ਼ਟ ਕੀਤਾ ਕਿ ਹੁਣ ਇਹ ਮਾਮਲਾ ਪੁਲਿਸ ਕੋਲ ਦੇਣ ਦੀ ਥਾਂ ਉਤੇ ਸ਼੍ਰੋਮਣੀ ਕਮੇਟੀ ਕੁਝ ਸਖਤ ਕਾਰਵਾਈ ਕਰੇਗੀ ਤਾਂ ਜੋ ਭਵਿੱਖ ਵਿਚ ਕੋਈ ਅਜਿਹੀ ਹਿੰਮਤ ਨਾ ਕਰ ਸਕੇ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਰਿਕਾਰਡ ਵਿਚੋਂ ਘਟੇ ਪਾਵਨ ਸਰੂਪ ਨਾ ਤਾਂ ਗਾਇਬ ਹੋਏ ਹਨ ਅਤੇ ਨਾ ਹੀ ਕੋਈ ਬੇਅਦਬੀ ਹੋਈ ਹੈ। ਉਨ੍ਹਾਂ ਕਿਹਾ ਕਿ ਸਬੰਧਤ ਕਰਮਚਾਰੀਆਂ ਵਲੋਂ ਇਹ ਪਾਵਨ ਸਰੂਪ ਸੰਗਤ ਨੂੰ ਹੀ ਦਿੱਤੇ ਗਏ ਹਨ ਪਰ ਲਾਲਚ ਵੱਸ ਇਸ ਦੀ ਨਾ ਭੇਟਾ ਜਮ੍ਹਾਂ ਕਰਾਈ ਗਈ ਅਤੇ ਨਾ ਹੀ ਇਸ ਨੂੰ ਰਿਕਾਰਡ ਵਿਚ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਘਟਨਾਕ੍ਰਮ ਨਾਲ ਨਾਨਕ ਨਾਮਲੇਵਾ ਸੰਗਤ ਦੇ ਮਨਾਂ ਨੂੰ ਭਾਰੀ ਠੇਸ ਪੁੱਜੀ ਹੈ ਅਤੇ ਉਹ ਇਸ ਲਈ ਜ਼ਾਤੀ ਤੌਰ ਉਤੇ ਸਿੱਖ ਸੰਗਤ ਕੋਲੋਂ ਖਿਮਾ ਮੰਗਦੇ ਹਨ। ਉਨ੍ਹਾਂ ਕਿਹਾ ਕਿ ਕੁਝ ਕਰਮਚਾਰੀਆਂ ਵਲੋਂ ਕੀਤੀਆਂ ਗਈਆਂ ਬੇਨੇਮੀਆਂ ਅਤੇ ਗੈਰ ਜ਼ਿੰਮੇਵਾਰਾਨਾ ਕੰਮਾਂ ਕਾਰਨ ਸ਼੍ਰੋਮਣੀ ਕਮੇਟੀ ਨੂੰ ਨਮੋਸ਼ੀ ਅਤੇ ਚਿੰਤਾਜਨਕ ਹਾਲਾਤ ਵਿਚੋਂ ਲੰਘਣਾ ਪੈ ਰਿਹਾ ਹੈ।

### ਰੂਪ ਸਿੰਘ ਦੋਸ਼ੀ ਪ੍ਰਚਾਰੇ ਜਾਣ ਤੋਂ ਖਫਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਡਾ. ਰੂਪ ਸਿੰਘ, ਜਿਨ੍ਹਾਂ ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਅਸਤੀਫਾ ਦੇ ਦਿੱਤਾ ਸੀ, ਨੇ ਆਪਣੀ ਖਾਮੋਸ਼ੀ ਤੋੜਦਿਆਂ ਦੋਸ਼ ਲਾਇਆ ਕਿ ਉਨ੍ਹਾਂ ਨੂੰ ਇਸ ਮਾਮਲੇ ਵਿਚ ਬਿਨਾਂ ਵਜ੍ਹਾ ਦੋਸ਼ੀ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ, ਜਿਸ ਕਾਰਨ ਉਨ੍ਹਾਂ ਦੀ ਅਕਾਰਨ ਹੀ ਬਦਨਾਮੀ ਹੋ ਰਹੀ ਹੈ। ਕੈਨੇਡਾ ਤੋਂ ਪਰਤਣ ਮਗਰੋਂ ਇਕਾਂਤਵਾਸ ਵਿਚ ਰਹਿ ਰਹੇ ਡਾ. ਰੂਪ ਸਿੰਘ ਨੇ ਆਖਿਆ ਕਿ ਉਨ੍ਹਾਂ ਨੈਤਿਕ ਆਧਾਰ 'ਤੇ ਆਪਣੇ ਅਹੁਦੇ ਤੋਂ ਅਸਤੀਫਾ ਦਿੱਤਾ ਹੈ ਪਰ ਮੀਡੀਆ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਉਨ੍ਹਾਂ ਦਾ ਨਾਂ ਦੋਸ਼ੀਆਂ ਦੀ ਸੂਚੀ ਵਿਚ ਸ਼ਾਮਲ ਦੱਸਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਉਹ ਪੜਤਾਲ ਵਿਚ ਦੋਸ਼ੀ ਹਨ ਤਾਂ ਅਸਤੀਫ਼ਾ ਅਪ੍ਰਵਾਨ ਕਰ ਕੇ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਣੀ ਚਾਹੀਦੀ ਸੀ।

### ਅਕਾਲ ਫੈਡਰੇਸ਼ਨ ਨੇ ਜਥੇਦਾਰ ਕੋਲੋਂ ਸਪੱਸ਼ਟੀਕਰਨ ਮੰਗਿਆ

**ਅੰਮ੍ਰਿਤਸਰ:** ਅਕਾਲ ਫੈਡਰੇਸ਼ਨ ਜਥੇਬੰਦੀ ਦੇ ਆਗੂ ਨਰਾਇਣ ਸਿੰਘ ਚੌੜਾ ਨੇ ਅਕਾਲ ਤਖਤ ਦੇ ਸਕੱਤਰੇਤ ਵਿਚ ਇਕ ਪੱਤਰ ਸੌਂਪ ਕੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਆਖਿਆ ਕਿ ਉਹ ਪਾਵਨ ਸਰੂਪਾਂ ਦੀ ਚੱਲ ਰਹੀ ਜਾਂਚ ਦੌਰਾਨ ਦਿੱਤੇ ਆਪਣੇ ਬਿਆਨ ਬਾਰੇ ਸਿੱਖ ਸੰਗਤ ਨੂੰ ਸਥਿਤੀ ਸਪੱਸ਼ਟ ਕਰਨ। ਇਸ ਪੱਤਰ ਵਿਚ ਉਨ੍ਹਾਂ ਆਖਿਆ ਕਿ ਜਥੇਦਾਰ ਨੇ ਦਾਅਵਾ ਕੀਤਾ ਸੀ ਕਿ 267 ਪਾਵਨ ਸਰੂਪ ਗੁਆਚੇ ਨਹੀਂ ਰਿਕਾਰਡ ਵਿਚ ਹੇਰਾ-ਫੇਰੀ ਦੀ ਘਟਨਾ ਹੈ, ਜਿਸ ਦੀ ਜਾਂਚ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਜਾਂਚ ਤੋਂ ਬਾਅਦ ਸਾਬਤ ਹੋ ਗਿਆ ਹੈ ਕਿ ਲਾਪਤਾ ਹੋਏ ਸਰੂਪਾਂ ਦੀ ਗਿਣਤੀ 267 ਨਹੀਂ ਸਗੋਂ 328 ਹੈ।

# ਲਾਪਤਾ ਸਰੂਪ ਮਾਮਲੇ ਉਤੇ ਇੱਕਜੁਟ ਹੋਣ ਦਾ ਸੱਦਾ



**ਅੰਮ੍ਰਿਤਸਰ:** ਪੰਥਕ ਤਾਲਮੇਲ ਸੰਗਠਨ ਨਾਲ ਜੁੜੀਆਂ ਸਿੱਖ ਜਥੇਬੰਦੀਆਂ ਨੇ ਸਿੱਖ ਸੰਗਤ ਦੇ ਨਾਂ ਖੁੱਲ੍ਹਾ ਪੱਤਰ ਜਾਰੀ ਕਰਕੇ 328 ਪਾਵਨ ਸਰੂਪਾਂ ਦਾ ਪਤਾ ਕਰਨ ਲਈ ਇੱਕਜੁਟ ਹੋਣ ਦਾ ਸੱਦਾ ਦਿੱਤਾ। ਇਹ ਪੱਤਰ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਨਵਕਿਰਨ ਸਿੰਘ ਐਡਵੋਕੇਟ, ਅਕਾਲ ਪੁਰਖ ਕੀ ਫੌਜ ਦੇ ਜਸਵਿੰਦਰ ਸਿੰਘ ਐਡਵੋਕੇਟ, ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਚੇਅਰਮੈਨ ਰਾਣਾ ਇੰਦਰਜੀਤ ਸਿੰਘ, ਸਿੱਖ ਮਿਸ਼ਨਰੀ ਕਾਲਜ ਦੀ ਕੋਰ ਕਮੇਟੀ ਦੇ ਹਰਬੰਸ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਦੇ ਅਮਰਜੀਤ ਸਿੰਘ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਖੁਸ਼ਹਾਲ ਸਿੰਘ, ਸ਼ੁਭਕਰਮਨ ਸੁਸਾਇਟੀ ਦੇ ਰਸ਼ਪਾਲ ਸਿੰਘ ਨੇ ਸਾਂਝੇ ਤੌਰ 'ਤੇ ਜਾਰੀ ਕੀਤਾ।

ਪੱਤਰ ਵਿਚ ਉਨ੍ਹਾਂ ਲਿਖਿਆ ਕਿ ਪਾਵਨ ਸਰੂਪਾਂ ਦੀ ਛਪਾਈ ਦਾ ਅਧਿਕਾਰ ਸਿਰਫ ਸ਼੍ਰੋਮਣੀ ਕਮੇਟੀ ਨੂੰ ਦਿੱਤਾ ਗਿਆ ਸੀ ਪਰ ਕਮੇਟੀ ਨੇ ਪਾਵਨ ਸਰੂਪਾਂ ਦੀ ਛਪਾਈ ਵਲ ਧਿਆਨ ਨਹੀਂ ਦਿੱਤਾ। 2015 ਤੋਂ ਬਾਅਦ ਇਸ ਬਾਰੇ ਅੰਤ੍ਰਿੰਗ ਕਮੇਟੀ ਤੋਂ ਲੈ ਕੇ ਮੁੱਖ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਵੀ ਪਤਾ ਸੀ। ਉਸ ਵੇਲੇ ਵੀ ਪ੍ਰਬੰਧਕਾਂ ਨੇ ਅਗਨ ਭੇਟ ਹੋਏ ਸਰੂਪਾਂ ਦੀ ਘਟਨਾ ਨੂੰ ਮਾਮੂਲੀ ਘਟਨਾ ਦੱਸ ਕੇ ਲੁਕਾ ਲਿਆ।

ਉਨ੍ਹਾਂ ਆਖਿਆ ਕਿ ਹੁਣ ਸਾਹਮਣੇ ਆਇਆ ਹੈ ਕਿ 328 ਸਰੂਪ ਰਿਕਾਰਡ 'ਚੋਂ ਘੱਟ ਹਨ। ਇਸ ਦਾ ਪਤਾ ਲੱਗਣ ਮਗਰੋਂ ਜਾਂਚ ਹੋਈ ਅਤੇ ਕਰਮਚਾਰੀਆਂ ਖਿਲਾਫ ਕਾਰਵਾਈ ਕੀਤੀ ਗਈ ਪਰ ਇਹ ਨਹੀਂ ਪਤਾ ਲੱਗਿਆ ਕਿ ਪਾਵਨ ਸਰੂਪ ਕਿਥੇ ਹਨ। ਉਨ੍ਹਾਂ ਨੇ ਸਿੱਖ ਕੌਮ ਨੂੰ ਸੱਦਾ ਦਿੱਤਾ ਕਿ ਇਕਜੁਟ ਹੋ ਕੇ 328 ਪਾਵਨ ਸਰੂਪਾਂ ਬਾਰੇ ਪਤਾ ਕਰਨਾ ਚਾਹੀਦਾ ਹੈ।

### ਮੋਹਕਮ ਸਿੰਘ ਵਲੋਂ ਮੋਰਚਾ ਲਾਉਣ ਦੀ ਚਿਤਾਵਨੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਡੈਮੋਕਰੇਟਿਕ) ਦੇ ਸੀਨੀਅਰ ਆਗੂ ਤੇ ਦਮਦਮੀ ਟਕਸਾਲ ਦੇ ਸਾਬਕਾ ਬੁਲਾਰੇ ਭਾਈ ਮੋਹਕਮ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਅਧੀਨ ਪਬਲੀਕਸ਼ੇਸ਼ਨ ਵਿਭਾਗ 'ਚੋਂ ਲਾਪਤਾ ਹੋਏ ਪਾਵਨ ਸਰੂਪਾਂ ਸਬੰਧੀ ਕਿਹਾ ਹੈ ਕਿ ਇਸ ਲਈ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਮੁਖੀ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਦੀ ਕਾਰਜਕਰਨੀ ਮੁੱਖ ਤੌਰ 'ਤੇ ਦੋਸ਼ੀ ਹਨ ਅਤੇ ਉਨ੍ਹਾਂ ਵਿਰੁੱਧ ਬਿਨਾਂ ਕਿਸੇ ਦੇਰੀ ਤੋਂ ਕਨੂੰਨੀ ਤੇ ਧਾਰਮਿਕ ਕਾਰਵਾਈ ਕੀਤੀ ਜਾਣੀ ਬਹੁਤ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਮੁਅੱਤਲ ਕਰਨ ਜਾਂ ਬਰਖਾਸਤ ਕਰਨ ਨਾਲ ਅਸਲ ਦੋਸ਼ੀਆਂ ਦਾ ਛੁਟਕਾਰਾ ਨਹੀਂ ਹੋਣਾ ਅਤੇ ਜੇਕਰ ਸ਼੍ਰੋਮਣੀ ਕਮੇਟੀ ਨੇ ਤੁਰਤ ਆਪਣੀ ਜ਼ਿੰਮੇਵਾਰੀ ਕਬੂਲਦਿਆਂ 328 ਸਰੂਪਾਂ ਦੀ ਭਾਲ ਨਾ ਕੀਤੀ ਤਾਂ ਮੋਰਚਾ ਵੀ ਲੱਗ ਸਕਦਾ ਹੈ।

# ਅਕਾਲੀ ਦਲ ਅੰਮ੍ਰਿਤਸਰ ਵਲੋਂ ਬਾਦਲਾਂ ਦੇ ਨਾਂ ਖੁੱਲ੍ਹੀ ਚਿੱਠੀ





**ਲੰਬੀ:** ਸ਼੍ਰੋਮਣੀ ਯੂਥ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਕਰੋਨਾ ਕੰਟੇਨਮੈਂਟ ਜ਼ੋਨ ਦੀਆਂ ਕਾਨੂੰਨੀ ਰੋਕਾਂ ਦੇ ਬਾਵਜੂਦ ਕਿਸਾਨੀ ਅਤੇ ਪੰਥਕ ਮਸਲਿਆਂ ਪ੍ਰਤੀ ਸਿੱਖ ਕੌਮ ਵਲੋਂ ਬਾਦਲ ਪਰਿਵਾਰ ਤੋਂ ਸੁਆਲ ਪੁੱਛਣ ਲਈ ਪਿੰਡ ਬਾਦਲ ਪੁੱਜੇ। ਅਕਾਲੀ ਦਲ (ਅ) ਯੂਥ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਵਰਿੰਦਰ ਸਿੰਘ ਸੇਖੋਂ ਦੀ ਅਗਵਾਈ 'ਚ ਬਾਦਲ ਪਰਿਵਾਰ ਨੂੰ ਖੁੱਲ੍ਹੀ ਚਿੱਠੀ ਸੌਂਪੀ ਗਈ।

ਇਸ 'ਚ ਖੇਤੀ ਆਰਡੀਨੈਂਸਾਂ, ਗੁਰੂ ਗ੍ਰੰਥ ਸਾਹਿਬ ਦੇ 328 ਲਾਪਤਾ ਸਰੂਪਾਂ ਸਮੇਤ ਹੋਰਨਾਂ ਮੁੱਦਿਆਂ ਬਾਰੇ ਜਵਾਬ ਮੰਗੇ ਗਏ। ਇਨ੍ਹਾਂ ਆਗੂ ਸਿੱਖ ਕੌਮ ਵਲੋਂ ਸੁਆਲ ਪੁੱਛਣ ਲਈ ਬਾਦਲ ਪਰਿਵਾਰ ਨਾਲ ਮੁਲਾਕਾਤ ਦੀ ਮੰਗ ਕਰਦੇ ਰਹੇ। ਇਸ ਮੌਕੇ ਸੁਖਬੀਰ ਸਿੰਘ ਬਾਦਲ ਦੇ ਨਿੱਜੀ ਸਕੱਤਰ ਅਵਤਾਰ ਸਿੰਘ ਬਨਵਾਲਾ ਪੁੱਜੇ ਜਿਨ੍ਹਾਂ ਕੋਵਿਡ ਅਤੇ ਕੰਟੇਨਮੈਂਟ ਜ਼ੋਨ ਦੇ ਮੱਦੇਨਜ਼ਰ ਸਾਬਕਾ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਨਾਲ ਮੁਲਾਕਾਤ ਕਰਵਾਉਣ ਵਿਚ ਅਸਮਰਥਤਾ ਜਤਾਈ ਜਿਸ 'ਤੇ ਵਰਿੰਦਰ ਸਿੰਘ ਸੇਖੋਂ ਨੇ ਅਵਤਾਰ ਸਿੰਘ ਬਨਵਾਲਾ ਨੂੰ ਖੁੱਲ੍ਹੀ ਚਿੱਠੀ ਸੌਂਪੀ। ਸ੍ਰੀ ਸੇਖੋਂ ਨੇ ਕਿਹਾ ਕਿ ਉਹ ਪ੍ਰਬੰਧਕ ਕਮੇਟੀ ਦੀ ਲਾਪਰਵਾਹੀ ਕਾਰਨ ਗੁਆਚੇ 328 ਸਰੂਪਾਂ ਅਤੇ ਵੱਖ-ਵੱਖ ਮਸਲਿਆਂ ਬਾਰੇ ਅਕਾਲੀ ਹਾਈਕਮਾਂਡ ਤੋਂ ਸੁਆਲ ਪੁੱਛਣਾ ਚਾਹੁੰਦੇ ਹਨ।

ਉਧਰ, ਲਾਪਤਾ ਹੋਏ ਸਰੂਪਾਂ ਦੇ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਚੁੱਪੀ ਖਿਲਾਫ 'ਜਾਗੋ' ਪਾਰਟੀ ਵਲੋਂ ਸ਼ਾਂਤੀਪੂਰਨ ਰੋਸ ਮੁਜ਼ਾਹਰਾ ਕੀਤਾ ਗਿਆ। ਪਾਰਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੀ ਅਗਵਾਈ 'ਚ ਪ੍ਰਦਰਸ਼ਨਕਾਰੀਆਂ ਵਲੋਂ ਥਾਣਾ ਤੁਗਲਕ ਰੋਡ ਨੇੜੇ ਲੋਕ ਕਲਿਆਣ ਮੈਟਰੋ ਸਟੇਸ਼ਨ ਵਿਖੇ ਧਰਨਾ ਮਾਰ ਕੇ ਜਪੁਜੀ ਸਾਹਿਬ ਦਾ ਪਾਠ ਅਤੇ ਅਰਦਾਸ ਕੀਤੀ ਗਈ। ਅਕਾਲੀ ਆਗੂਆਂ ਨੂੰ ਉਪਰੋਕਤ ਮਸਲੇ 'ਤੇ ਚੁੱਪੀ ਤੋੜਨ ਦੀ ਗੱਲ ਆਖਦੇ ਹੋਏ ਜੀ.ਕੇ. ਨੇ ਕਿਹਾ ਕਿ ਜੇਕਰ 7 ਦਿਨਾਂ ਤੱਕ ਚੁੱਪੀ ਨਹੀਂ ਤੋੜੀ ਤਾਂ ਦਿੱਲੀ ਵਿਖੇ ਸਥਿਤ ਅਕਾਲੀ ਆਗੂਆਂ ਦੀ ਰਿਹਾਇਸ਼ ਦੇ ਘਿਰਾਓ ਦੀ ਮੁਹਿੰਮ ਸ਼ੁਰੂ ਕੀਤੀ ਜਾ ਸਕਦੀ ਹੈ।

# ਖਾਲੜਾ ਬਰਸੀ: ਝੂਠੇ ਮੁਕਾਬਲਿਆਂ ਦੀ ਜਾਂਚ ਯੂ.ਐਨ.ਓ. ਤੋਂ ਕਰਵਾਉਣ ਦੀ ਮੰਗ ਉਠੀ

**ਅੰਮ੍ਰਿਤਸਰ:** ਮਨੁੱਖੀ ਅਧਿਕਾਰਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ 25ਵੀਂ ਬਰਸੀ ਇਥੇ ਕਬੀਰ ਪਾਰਕ ਦੇ ਗੁਰਦੁਆਰੇ ਵਿਚ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਵਲੋਂ ਮਨਾਈ ਗਈ, ਜਿਸ ਵਿਚ ਯੂ.ਐਨ.ਓ. ਦੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਅਪੀਲ ਕੀਤੀ ਗਈ ਕਿ 6 ਸਤੰਬਰ ਨੂੰ 'ਖਾਲੜਾ ਡੇਅ' ਐਲਾਨਿਆ ਜਾਵੇ। ਇਹ ਵੀ ਮੰਗ ਕੀਤੀ ਹੈ ਕਿ ਫੌਜੀ ਹਮਲਿਆਂ ਅਤੇ ਝੂਠੇ ਮੁਕਾਬਲਿਆਂ ਦੀ ਪੜਤਾਲ ਲਈ ਯੂ.ਐਨ.ਓ. ਵਲੋਂ ਟੀਮ ਭੇਜੀ ਜਾਵੇ। ਬਰਸੀ ਸਮਾਗਮ ਵਿਚ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਮਗਰੋਂ ਗੁਰਬਾਣੀ ਦਾ ਕੀਰਤਨ ਹੋਇਆ। ਅਰਦਾਸ ਮਗਰੋਂ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ ਅਤੇ ਜਥੇਬੰਦੀ ਵਲੋਂ ਮਤੇ ਪਾ ਕੇ ਕੁਝ ਫੈਸਲੇ ਵੀ ਕੀਤੇ ਗਏ ਹਨ। ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਵਿਰਸਾ ਸਿੰਘ ਬਹਿਲਾ ਅਤੇ ਹਰਦਿਆਲ ਸਿੰਘ ਘਰਿਆਲਾ ਨੇ ਦੱਸਿਆ ਕਿ ਇਕੱਠ ਵਲੋਂ ਯੂ.ਐਨ.ਓ. ਦੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ 6 ਸਤੰਬਰ ਦਾ ਦਿਨ 'ਖਾਲੜਾ ਡੇਅ' ਵਜੋਂ ਐਲਾਨਣ ਅਤੇ ਫੌਜੀ ਹਮਲਿਆਂ ਤੇ ਝੂਠੇ ਮੁਕਾਬਲਿਆਂ ਦੀ ਜਾਂਚ ਲਈ ਟੀਮ ਭੇਜਣ ਦੀ ਅਪੀਲ ਕੀਤੀ ਹੈ। ਸਮਾਗਮ ਦੌਰਾਨ 25000 ਝੂਠੇ ਮੁਕਾਬਲਿਆਂ ਵਿਚ ਮਾਰੇ ਗਏ ਨੌਜਵਾਨਾਂ ਅਤੇ ਧਰਮ ਯੁੱਧ ਮੋਰਚੇ ਦੇ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਦੀ ਮੰਗ ਕੀਤੀ ਹੈ। ਸਮਾਗਮ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ




ਨੈਤਿਕ ਆਧਾਰ ਉਤੇ ਅਸਤੀਫੇ ਦੀ ਮੰਗ ਕੀਤੀ ਗਈ। ਉਨ੍ਹਾਂ 'ਤੇ ਦੋਸ਼ ਲਾਇਆ ਗਿਆ ਕਿ ਉਹ ਨਸ਼ਿਆਂ ਦੇ ਵੱਡੇ ਕਾਰੋਬਾਰੀਆਂ ਅਤੇ ਬੇਅਦਬੀ ਕਾਂਡ ਦੇ ਕਸੂਰਵਾਰਾਂ ਨੂੰ ਫੜਨ ਵਿਚ ਅਸਫਲ ਰਹੇ ਹਨ। ਇਹ ਵੀ ਦੋਸ਼ ਲਾਇਆ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਕੋਲ ਪੇਸ਼ ਕਰਵਾਏ 21 ਨੌਜਵਾਨ ਜੋ ਝੂਠੇ ਮੁਕਾਬਲੇ ਵਿਚ ਮਾਰ ਦਿੱਤੇ ਗਏ ਸਨ, ਦਾ ਸੱਚ ਵੀ ਸਾਹਮਣੇ ਨਹੀਂ ਲਿਆਂਦਾ।

ਬੀਬੀ ਪਰਮਜੀਤ ਕੌਰ ਖਾਲੜਾ ਨੇ ਆਖਿਆ ਕਿ ਜੂਨ 1984 ਦੇ ਫੌਜੀ ਹਮਲੇ, ਝੂਠੇ ਮੁਕਾਬਲਿਆਂ ਅਤੇ ਨਵੰਬਰ 1984 ਕਤਲੇਆਮ ਲਈ ਕਸੂਰਵਾਰ ਧਿਰਾਂ ਨੂੰ ਸ੍ਰੀ ਅਕਾਲ ਤਖਤ ਤੋਂ ਮਨੁੱਖਤਾ ਦੇ ਕਾਤਲ ਐਲਾਨਿਆ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਮਨੂੰਵਾਦੀ ਧਿਰਾਂ ਪੰਜਾਬ ਅਤੇ ਦੇਸ਼ ਨੂੰ ਸਿੱਖਾਂ ਅਤੇ ਸਿੱਖੀ ਤੋਂ ਮੁਕਤ ਕਰਨਾ ਚਾਹੁੰਦੀਆਂ ਹਨ। ਇਸ ਦੌਰਾਨ ਬਾਦਲਾਂ ਨੂੰ ਸਾਕਾ ਨੀਲਾ ਤਾਰਾ ਹਮਲੇ ਦੀ ਕਥਿਤ ਯੋਜਨਾਬੰਦੀ ਅਤੇ ਝੂਠੇ ਮੁਕਾਬਲਿਆਂ ਦੀ ਯੋਜਨਾਬੰਦੀ ਵਿਚ ਸ਼ਾਮਲ ਹੋਣ ਦਾ ਕਸੂਰਵਾਰ ਠਹਿਰਾਇਆ ਗਿਆ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਭਾਈ ਖਾਲੜਾ ਦੀ 25ਵੀਂ ਬਰਸੀ ਉਤੇ ਉਨ੍ਹਾਂ ਦੀ ਯਾਦਗਾਰ ਬਣਾਉਣ ਦੀ ਮੰਗ ਕੀਤੀ ਹੈ।

### ਸਿੱਖਾਂ ਖਿਲਾਫ ਅੱਜ ਵੀ ਹੋ ਰਹੀਆਂ ਚਾਲਾਂ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਵਰਗੀ ਜਸਵੰਤ ਸਿੰਘ ਖਾਲੜਾ ਨੂੰ ਕੌਮ ਦਾ ਹੀਰਾ ਕਰਾਰ ਦਿੱਤਾ ਹੈ। ਇਸ ਸਬੰਧੀ ਉਨ੍ਹਾਂ ਦਾ ਇਕ ਵੀਡਿਓ ਸੁਨੇਹਾ ਵਾਇਰਲ ਹੋਇਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵਾਂਗ ਹੀ ਸਿੱਖ ਕੌਮ ਨੂੰ ਖਤਮ ਕਰਨ ਦੀਆਂ ਚਾਲਾਂ ਅੱਜ ਵੀ ਹੋ ਰਹੀਆਂ ਹਨ ਪਰ ਉਨ੍ਹਾਂ ਦੇ ਢੰਗ ਤਰੀਕੇ ਬਦਲ ਚੁੱਕੇ ਹਨ। ਅੱਜ ਸਿੱਖਾਂ ਨੂੰ ਆਪਸ ਵਿਚ ਲੜਾ ਕੇ ਬੌਧਿਕ ਤੌਰ 'ਤੇ ਕੰਗਾਲ ਕੀਤਾ ਜਾ ਰਿਹਾ ਹੈ।

### ਬਰਖਾਸਤ ਪੰਜ ਪਿਆਰਿਆਂ ਨੇ ਸ਼੍ਰੋਮਣੀ ਕਮੇਟੀ ਤੇ ਜਥੇਦਾਰਾਂ ਨੂੰ ਘੇਰਿਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵਲੋਂ ਬਰਖਾਸਤ ਕੀਤੇ ਪੰਜ ਪਿਆਰਿਆਂ ਵਿਚ ਸ਼ਾਮਲ ਭਾਈ ਸਤਨਾਮ ਸਿੰਘ ਝੰਜੀਆ ਅਤੇ ਭਾਈ ਤਰਲੋਕ ਸਿੰਘ ਨੇ ਲਾਪਤਾ ਪਾਵਨ ਸਰੂਪ ਮਾਮਲੇ ਵਿਚ ਜਾਂਚ ਰਿਪੋਰਟ ਨੂੰ ਅਧੂਰੀ ਤੇ ਪੱਖਪਾਤੀ ਕਰਾਰ ਦਿੱਤਾ ਹੈ।

ਉਨ੍ਹਾਂ ਸ਼੍ਰੋਮਣੀ ਕਮੇਟੀ 'ਤੇ ਦੋਸ਼ ਲਾਇਆ ਕਿ ਸਿੱਖ ਸੰਸਥਾ ਆਪਣਾ ਵਕਾਰ ਤੇ ਭਰੋਸੇਯੋਗਤਾ ਗਵਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਜਾਂਚ ਅਧੂਰੀ ਹੈ ਕਿਉਂਕਿ ਇਸ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਤੇ ਮੌਜੂਦਾ ਪ੍ਰਧਾਨਾਂ, ਪ੍ਰਬੰਧਕਾਂ ਤੇ ਬਾਦਲ ਪਰਿਵਾਰ ਨੂੰ ਜਾਂਚ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਥੇਦਾਰ ਹਰਪ੍ਰੀਤ ਸਿੰਘ ਵੀ ਪਿਛਲੇ ਜਥੇਦਾਰ ਵਾਂਗ ਧੜੇ ਤੋਂ ਉਪਰ ਨਹੀਂ ਉਠ ਸਕੇ ਅਤੇ ਇਸ ਮਸਲੇ ਵਿਚ ਕੌਮ ਦਾ ਵਿਸ਼ਵਾਸ ਜਿੱਤਣ ਵਿਚ ਅਸਫਲ ਰਹੇ ਹਨ।

# ਵਜ਼ੀਫਾ ਸਕੀਮ ਵਿਵਾਦ ਨੇ ਕੁੜਿੱਕੀ ਵਿਚ ਫਸਾਈ ਕੈਪਟਨ ਸਰਕਾਰ

**ਚੰਡੀਗੜ੍ਹ:** ਵਿਰੋਧੀ ਧਿਰਾਂ ਦੇ ਨਿਸ਼ਾਨੇ ਉਤੇ ਆਈ ਪੰਜਾਬ ਸਰਕਾਰ ਨੂੰ ਕੋਈ ਰਾਹ ਨਹੀਂ ਲੱਭ ਰਿਹਾ। ਪਹਿਲਾਂ ਰੇਤ-ਬਜਰੀ ਘੁਟਾਲੇ, ਫਿਰ ਸ਼ਰਾਬ ਕਾਂਡ ਅਤੇ ਹੁਣ ਅਨੁਸੂਚਿਤ ਜਾਤੀ ਵਿਦਿਆਰਥੀਆਂ ਦੇ ਸਕਾਲਰਸ਼ਿਪ ਘੁਟਾਲੇ ਵਿਚ ਸਰਕਾਰ ਕੁੜਿੱਕੀ ਵਿਚ ਹੈ। ਸਰਕਾਰ ਲਈ ਹਾਲਾਤ ਇੰਨੇ ਔਖੇ ਬਣ ਗਏ ਹਨ ਕਿ ਉਸ ਦੇ ਆਪਣੇ ਆਗੂ ਵੀ ਸਰਕਾਰੀ ਨਾਲਾਇਕੀ ਖਿਲਾਫ ਖੜ੍ਹੇ ਹੋ ਗਏ ਹਨ।

ਕਾਂਗਰਸ ਦੇ ਦੋ ਸੰਸਦ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਅਤੇ ਪ੍ਰਤਾਪ ਸਿੰਘ ਬਾਜਵਾ ਨੇ ਉਂਗਲੀ ਸਮਾਜ ਭਲਾਈ ਮੰਤਰੀ ਵੱਲ ਚੁੱਕੀ ਹੈ ਅਤੇ ਉਸ ਦੀ ਬਰਖਾਸਤੀ ਮੰਗੀ ਹੈ। ਉਧਰ, ਆਮ ਆਦਮੀ ਪਾਰਟੀ, ਅਕਾਲੀ ਦਲ ਤੇ ਭਾਜਪਾ ਨੇ ਇਸ ਬਹੁਕਰੋੜੀ ਘੁਟਾਲੇ 'ਤੇ ਸਰਕਾਰ ਖਿਲਾਫ ਸ਼ਿਕੰਜਾ ਹੋ ਕੱਸ ਦਿੱਤਾ ਹੈ। ਇਹ ਮਸਲਾ ਇਕ ਦਿਨਾ ਵਿਧਾਨ ਸਭਾ ਦੇ ਸੈਸ਼ਨ ਵਿਚ ਵੀ ਜ਼ੋਰ-ਸ਼ੋਰ ਨਾਲ ਉਠਿਆ ਸੀ। ਹੁਣ ਸਾਰੀਆਂ ਹੀ ਵਿਰੋਧੀ ਪਾਰਟੀਆਂ ਇਸ ਘੁਟਾਲੇ ਦੀ ਜਾਂਚ ਸੀ.ਬੀ.ਆਈ. ਜਾਂ ਕਿਸੇ ਹੋਰ ਏਜੰਸੀ ਤੋਂ ਕਿਸੇ ਜੱਜ ਦੀ ਰਹਿਨੁਮਾਈ ਹੇਠ ਕਰਵਾਉਣ ਦੀ ਮੰਗ ਕਰ ਰਹੀਆਂ ਹਨ ਹਾਲਾਂਕਿ ਸਰਕਾਰ ਹੁਣ ਤੱਕ ਇਸ 'ਤੇ ਟੱਸ ਤੋਂ ਮੱਸ ਨਹੀਂ ਹੋਈ। ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਧੀਕ ਮੁੱਖ ਸਕੱਤਰ ਕਿਰਪਾ ਸ਼ੰਕਰ ਸਰੋਜ ਦੀ ਜਾਂਚ ਰਿਪੋਰਟ ਜਨਤਕ ਕਰਦਿਆਂ ਕਿਹਾ ਕਿ ਇਹ ਬੇਹੱਦ ਗੰਭੀਰ ਮਾਮਲਾ ਹੈ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ




ਨੂੰ ਚਾਹੀਦਾ ਹੈ ਕਿ ਵਿਭਾਗ ਦੇ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਅਹੁਦੇ ਤੋਂ ਬਰਖਾਸਤ ਕਰਕੇ ਗ੍ਰਿਫਤਾਰ ਕਰਨ ਦਾ ਹੁਕਮ ਦੇਣ ਅਤੇ ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਇਹ ਸਮਝਿਆ ਜਾਵੇਗਾ ਕਿ ਗਰੀਬ ਵਿਦਿਆਰਥੀਆਂ ਖਿਲਾਫ ਹੋਏ ਇਸ ਅਪਰਾਧ 'ਚ ਉਨ੍ਹਾਂ ਦੀ ਵੀ ਮਿਲੀਭੁਗਤ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਪਤਾ ਹੈ ਕਿ ਇਸ ਮਾਮਲੇ 'ਚ ਜਾਂਚ ਮਹਿਜ਼ ਡਰਾਮਾ ਹੈ ਅਤੇ ਮੰਤਰੀ ਨੂੰ ਕਲੀਨ ਚਿੱਟ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ ਪਰ ਅਕਾਲੀ ਦਲ ਗਰੀਬ ਬੱਚਿਆਂ ਦੇ ਪੈਸਿਆਂ ਦਾ ਘੁਟਾਲਾ ਕਰਨ ਵਾਲੇ ਮੰਤਰੀ ਨੂੰ ਨਹੀਂ ਛੱਡੇਗਾ, ਚਾਹੇ ਉਨ੍ਹਾਂ ਨੂੰ ਅਦਾਲਤ ਹੀ ਕਿਉਂ ਨਾ ਜਾਣਾ ਪਵੇ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਉਹ ਕੇਂਦਰ ਤੋਂ ਸੀ.ਬੀ.ਆਈ. ਜਾਂਚ ਲਈ ਵੀ ਦਬਾਅ ਬਣਾਉਣਗੇ। ਉਨ੍ਹਾਂ ਕਿਹਾ ਕਿ ਹਾਲਾਂਕਿ ਸੀਨੀਅਰ ਆਈ.ਏ.ਐਸ. ਅਧਿਕਾਰੀ ਦੀ ਰਿਪੋਰਟ ਨੇ ਮੰਤਰੀ ਨੂੰ ਦੋਸ਼ੀ ਠਹਿਰਾਇਆ ਹੈ ਫਿਰ ਮੁੱਖ ਮੰਤਰੀ ਦਲਿਤ ਵਿਦਿਆਰਥੀਆਂ ਨੂੰ ਦੱਸਣ ਕਿ ਉਨ੍ਹਾਂ ਨੂੰ ਭ੍ਰਿਸ਼ਟ ਮੰਤਰੀ ਦੇ ਖਿਲਾਫ ਕਾਰਵਾਈ ਕਰਨ ਲਈ ਹੋਰ ਕੀ ਸਬੂਤ ਚਾਹੀਦਾ ਹੈ।

### ਅਕਾਲੀਆਂ ਦੇ ਬੀਜੇ ਕੰਡੇ ਚੁਗ ਰਹੇ ਹਾਂ: ਜਾਖੜ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਵਜ਼ੀਫਾ ਘੁਟਾਲੇ 'ਤੇ ਕਿਹਾ ਕਿ ਗੱਠਜੋੜ ਸਰਕਾਰ ਦੇ ਬੀਜੇ ਕੰਡੇ ਹੁਣ ਕਾਂਗਰਸ ਸਰਕਾਰ ਨੂੰ ਚੁਗਣੇ ਪੈ ਰਹੇ ਹਨ। ਜਾਖੜ ਨੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਬਾਰੇ ਕੋਈ ਟਿੱਪਣੀ ਕਰਨ ਤੋਂ ਪਾਸਾ ਵੱਟਦਿਆਂ ਕਿਹਾ ਕਿ ਮੁੱਖ ਸਕੱਤਰ ਦੀ ਰਿਪੋਰਟ ਨਾਲ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ। ਜਾਖੜ ਨੇ ਕਿਹਾ ਕਿ ਜੋ ਵੀ ਕਸੂਰਵਾਰ ਹੋਵੇਗਾ, ਉਸ ਖਿਲਾਫ ਕਾਰਵਾਈ ਹੋਵੇਗੀ। ਉਨ੍ਹਾਂ ਆਖਿਆ ਕਿ ਵਜ਼ੀਫਾ ਘੁਟਾਲੇ ਦਾ ਮੁੱਢ ਗੱਠਜੋੜ ਸਰਕਾਰ ਸਮੇਂ ਬੱਝਾ। ਜਾਖੜ ਨੇ ਰਿਕਾਰਡ ਵੀ ਦਿਖਾਇਆ ਕਿ ਉਦੋਂ ਵਿਧਾਨ ਸਭਾ ਵਿਚ ਇਸ ਘੁਟਾਲੇ ਦੀ ਜਾਂਚ ਵਿਜੀਲੈਂਸ ਤੋਂ ਕਰਾਏ ਜਾਣ ਦੀ ਗੱਲ ਆਖੀ ਗਈ ਸੀ।

### ਜਾਂਚ ਦਾ ਫੈਸਲਾ ਪ੍ਰਵਾਨ ਹੋਵੇਗਾ: ਧਰਮਸੋਤ

**ਚੰਡੀਗੜ੍ਹ:** ਵਿਭਾਗ ਦੇ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਰਾਜ ਦੀ ਮੁੱਖ ਸਕੱਤਰ ਨੂੰ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਗਿਆ ਹੈ ਤੇ ਮੁੱਖ ਸਕੱਤਰ ਦੀ ਜਾਂਚ ਦਾ ਜੋ ਵੀ ਨਤੀਜਾ ਆਵੇਗਾ, ਉਨ੍ਹਾਂ ਨੂੰ ਮਨਜ਼ੂਰ ਹੋਵੇਗਾ। ਉਨ੍ਹਾਂ ਕਿਹਾ ਕਿ ਵਧੀਕ ਮੁੱਖ ਸਕੱਤਰ (ਏ.ਸੀ.ਐਸ) ਕ੍ਰਿਪਾ ਸ਼ੰਕਰ ਸਰੋਜ ਦੀ ਰਿਪੋਰਟ ਤੱਥਹੀਣ ਹੈ ਅਤੇ ਉਨ੍ਹਾਂ 'ਤੇ ਲਾਏ ਜਾ ਰਹੇ ਦੋਸ਼ ਝੂਠੇ ਤੇ ਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਖਿਲਾਫ ਕੀਤੀ ਜਾ ਰਹੀ ਇਕ ਸਾਜ਼ਿਸ਼ ਦਾ ਹਿੱਸਾ ਹੈ ਅਤੇ ਅਜਿਹਾ ਕਰਕੇ ਉਨ੍ਹਾਂ ਦੇ ਅਕਸ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਰਕਾਰ ਦੇ ਇਕ ਉਚ ਅਧਿਕਾਰੀ ਵੱਲੋਂ ਮੁੱਖ ਸਕੱਤਰ ਨੂੰ ਸੌਂਪੀ ਰਿਪੋਰਟ ਵਿਚ ਸਬੰਧਤ ਵਿਭਾਗ ਦੇ ਮੰਤਰੀ ਵੱਲ ਉਂਗਲ ਉਠਾਈ ਗਈ ਹੈ ਕਿ ਵਿਭਾਗ ਦੇ ਸਕੱਤਰ ਅਤੇ ਨਿਰਦੇਸ਼ਕ ਨੂੰ ਬਾਈਪਾਸ ਕਰ ਕੇ 303 ਕਰੋੜ ਰੁਪਏ ਵਿਚੋਂ 248 ਕਰੋੜ ਰੁਪਏ ਵੱਖ-ਵੱਖ ਸੰਸਥਾਵਾਂ ਨੂੰ ਦਿੱਤੇ ਗਏ। ਦੋਸ਼ ਲਗਾਇਆ ਗਿਆ ਕਿ ਲਗਭਗ 39 ਕਰੋੜ ਰੁਪਏ ਅਜਿਹੀਆਂ ਸੰਸਥਾਵਾਂ ਨੂੰ ਦੇ ਦਿੱਤੇ ਗਏ ਜੋ ਮੌਜੂਦ ਹੀ ਨਹੀਂ। ਇਸੇ ਤਰ੍ਹਾਂ 16.91 ਕਰੋੜ ਰੁਪਏ ਉਨ੍ਹਾਂ ਸੰਸਥਾਵਾਂ ਨੂੰ ਦਿੱਤੇ ਗਏ ਜਿਨ੍ਹਾਂ ਤੋਂ ਆਡਿਟ ਟੀਮ ਦੇ ਆਦੇਸ਼ਾਂ ਅਨੁਸਾਰ ਪਹਿਲਾਂ ਹੀ ਅੱਠ ਕਰੋੜ ਰੁਪਏ ਵਾਪਸ ਕਰਵਾਉਣ ਦੀ ਪ੍ਰਕਿਰਿਆ ਚੱਲ ਰਹੀ ਸੀ। ਇਸ ਵਿਚ ਕਰੀਬ 64 ਕਰੋੜ ਰੁਪਏ ਦਾ ਘਪਲਾ ਹੋਣ ਦਾ ਖਦਸ਼ਾ ਪ੍ਰਗਟ ਕੀਤਾ ਗਿਆ ਹੈ।

## ਅੰਮ੍ਰਿਤਸਰ ਹਵਾਈ ਅੱਡੇ ਦਾ ਵੀ ਹੋਵੇਗਾ ਨਿੱਜੀਕਰਨ

**ਅੰਮ੍ਰਿਤਸਰ:** ਅੰਮ੍ਰਿਤਸਰ ਦਾ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਵੀ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦੀ ਤਰਜ਼ 'ਤੇ ਜਲਦ ਹੀ ਨਿੱਜੀ ਹੱਥਾਂ 'ਚ ਦਿੱਤਾ ਜਾਵੇਗਾ। ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਕਿਹਾ ਕਿ ਉਨ੍ਹਾਂ ਵਲੋਂ ਇਸ ਬਾਬਤ ਸ਼ਹਿਰੀ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨਾਲ ਗੱਲਬਾਤ ਕੀਤੀ, ਜਿਸ 'ਤੇ ਪੁਰੀ ਵਲੋਂ ਸਹਿਮਤੀ ਪ੍ਰਗਟ ਕੀਤੀ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਦੀ ਤਰ੍ਹਾਂ ਕੇਂਦਰ ਸਰਕਾਰ ਵਲੋਂ ਦੇਸ਼ ਦੇ ਕੁਝ ਹੋਰ ਹਵਾਈ ਅੱਡਿਆ ਨੂੰ ਨਿੱਜੀ ਹੱਥਾਂ 'ਚ ਦੇਣ ਲਈ ਯੋਜਨਾ ਬਣਾ ਰਹੀ ਹੈ, ਜਿਸ ਦੀ ਸੂਚੀ 'ਚ ਉਨ੍ਹਾਂ ਨੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨਾਲ ਗੱਲਬਾਤ ਕਰਕੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਨੂੰ ਪੁਆ ਦਿੱਤਾ ਹੈ।

ਸ੍ਰੀ ਮਲਿਕ ਨੇ ਕਿਹਾ ਕਿ ਅੰਮ੍ਰਿਤਸਰ ਦਾ ਹਵਾਈ ਅੱਡਾ ਨਿੱਜੀ ਹੱਥਾਂ 'ਚ ਜਾਣ ਨਾਲ ਹਵਾਈ ਅੱਡੇ ਦੀ ਨੁਹਾਰ ਬਦਲੇਗੀ। ਇਸ ਤੋਂ ਇਲਾਵਾ ਇਸ ਹਵਾਈ ਅੱਡੇ ਤੋਂ ਕੌਮਾਂਤਰੀ ਅਤੇ ਘਰੇਲੂ ਉਡਾਣਾਂ ਵੀ ਵੱਡੇ ਪੱਧਰ ਉਤੇ ਸ਼ੁਰੂ ਹੋਣਗੀਆਂ, ਜਿਸ ਦਾ ਲਾਭ ਪੰਜਾਬ ਦੇ ਲੋਕਾਂ ਤੋਂ ਇਲਾਵਾ ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੂੰ ਵੀ ਮਿਲੇਗਾ।

## ਬਿਆਸ ਡੇਰੇ ਦੇ ਮੁਖੀ ਨੂੰ ਆਰਥਿਕ ਅਪਰਾਧ ਵਿੰਗ ਵਲੋਂ ਨੋਟਿਸ

**ਨਵੀਂ ਦਿੱਲੀ:** ਰੈਲੀਗੇਅਰ ਫਿਨਵੈਸਟ ਲਿਮਟਿਡ ਨਾਲ 2 ਹਜ਼ਾਰ ਕਰੋੜ ਰੁਪਏ ਦੀ ਠੱਗੀ ਸਬੰਧੀ ਦਿੱਲੀ ਪੁਲਿਸ ਦੇ ਆਰਥਿਕ ਅਪਰਾਧ ਵਿੰਗ (ਈ.ਓ.ਡਬਲਿਊ) ਨੇ ਰਾਧਾ ਸੁਆਮੀ ਸਤਸੰਗ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੂੰ ਨੋਟਿਸ ਜਾਰੀ ਕਰਦਿਆਂ ਉਨ੍ਹਾਂ ਨੂੰ ਜਾਂਚ 'ਚ ਸ਼ਾਮਲ ਹੋਣ ਦੇ ਨਿਰਦੇਸ਼ ਦਿੱਤੇ ਹਨ। ਰੈਲੀਗੇਅਰ ਫਿਨਵੈਸਟ ਲਿਮਟਿਡ ਵਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ਉਤੇ ਐਫ.ਆਈ.ਆਰ. ਦਰਜ ਕਰਨ ਪਿਛੋਂ ਨੋਟਿਸ ਜਾਰੀ ਕੀਤਾ ਗਿਆ ਹੈ।

ਦਿੱਲੀ ਹਾਈ ਕੋਰਟ 'ਚ ਰੈਲੀਗੇਅਰ ਐਂਟਰਪ੍ਰਾਈਜ਼ਿਜ਼ ਦੇ ਸਾਬਕਾ ਪ੍ਰਮੋਟਰ ਮਲਵਿੰਦਰ ਮੋਹਨ ਸਿੰਘ ਵਲੋਂ ਹੁਣੇ ਜਿਹੇ ਦਾਖਲ ਹਲਫਨਾਮੇ 'ਚ ਬਿਆਸ ਡੇਰੇ ਦੇ ਮੁਖੀ ਖਿਲਾਫ ਦੋਸ਼ ਲਾਇਆ ਗਿਆ ਸੀ ਕਿ ਉਨ੍ਹਾਂ ਫਰਜ਼ੀ ਕੰਪਨੀਆਂ ਬਣਾ ਕੇ ਪੈਸੇ ਦੀ ਹੇਰਾਫੇਰੀ ਕੀਤੀ। ਈ.ਓ.ਡਬਲਿਊ ਵਲੋਂ ਕੀਤੀ ਗਈ ਜਾਂਚ ਮਗਰੋਂ ਡੇਰਾ ਮੁਖੀ ਅਤੇ ਉਸ ਦੇ ਪੁੱਤਰਾਂ ਨੂੰ ਜਾਂਚ 'ਚ ਸ਼ਾਮਲ ਹੋਣ ਲਈ ਕਿਹਾ ਗਿਆ ਹੈ।

## ਅਰੂਸਾ ਦੀ ਮਹਿਮਾਨ-ਨਿਵਾਜੀ 'ਤੇ ਕੈਪਟਨ ਨੂੰ ਘੇਰਾ

**ਪਟਿਆਲਾ:** ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਪਾਕਿਸਤਾਨ ਦੀ ਆਈ.ਐਸ.ਆਈ. ਏਜੰਟ ਅਰੂਸਾ ਆਲਮ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਕਿਸ ਹੈਸੀਅਤ ਵਿਚ ਪੰਜਾਬ ਦੇ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਨ ਲਈ ਪੰਜਾਬ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਹੈ, ਇਸ ਦੀ ਜਾਂਚ ਕਰਾਉਣ ਲਈ ਉਹ ਪਾਰਲੀਮੈਂਟ ਵਿਚ ਮੁੱਦਾ ਉਠਾਉਣਗੇ।

ਸ੍ਰੀ ਮਾਨ ਨੇ ਪ੍ਰੈੱਸ ਕਾਨਫਰੰਸ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜਵਾਬ ਦਿੱਤਾ ਜਿਸ ਵਿਚ ਉਨ੍ਹਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਵਿਦੇਸ਼ੀ ਏਜੰਸੀਆਂ ਦੇ ਹੱਥਾਂ ਵਿਚ ਖੇਡਣ ਦੇ ਦੋਸ਼ ਲਾਏ ਸਨ। ਸ੍ਰੀ ਮਾਨ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਕੌਮੀ ਪੱਧਰੀ ਦੀ ਆਮ ਆਦਮੀ ਪਾਰਟੀ ਦੇ ਕਨਵੀਨਰ ਹਨ ਜਿਨ੍ਹਾਂ ਦੀ ਪਾਰਟੀ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਵਿਚ ਹੈ, ਇਸ ਕਰਕੇ ਉਸ ਨੂੰ ਹੱਕ ਹੈ ਕਿ ਉਹ ਪੰਜਾਬ ਦੇ ਮਸਲਿਆਂ ਬਾਰੇ ਬੋਲਣ ਪਰ 'ਰਾਜਾ ਸਾਹਿਬ' ਇਹ ਦੱਸਣ ਕਿ ਵਿਰੋਧੀ ਮੁਲਕ ਪਾਕਿਸਤਾਨ ਦੀ ਨਾਗਰਿਕ ਨੂੰ ਪੰਜਾਬ ਸਰਕਾਰ ਵਿਚ ਕਿਸ ਹੈਸੀਅਤ ਵਿਚ ਦਖਲਅੰਦਾਜ਼ੀ ਕਰਵਾ ਰਹੇ ਹਨ। ਭਗਵੰਤ ਮਾਨ ਨੇ ਮੁੱਖ ਮੰਤਰੀ 'ਤੇ ਅਰੂਸਾ ਆਲਮ ਦਾ ਨਾਮ ਲੈ ਕੇ ਪਲਟਵਾਰ ਕੀਤੇ ਅਤੇ ਦਿੱਲੀ ਦੀ ਕੇਜਰੀਵਾਲ ਸਰਕਾਰ ਦੇ



ਮੁਕਾਬਲੇ ਪੰਜਾਬ ਸਰਕਾਰ ਨੂੰ ਕਰੋਨਾ ਮਹਾਮਾਰੀ ਉਤੇ ਕਾਬੂ ਪਾਉਣ 'ਚ ਬੁਰੀ ਤਰ੍ਹਾਂ ਫਲਾਪ ਸਰਕਾਰ ਦੱਸਿਆ। ਉਨ੍ਹਾਂ ਕਿਹਾ ਕਿ ਕੈਪਟਨ ਦੀ ਪਾਕਿਸਤਾਨੀ ਮਹਿਲਾ ਮਿੱਤਰ ਅਰੂਸਾ ਆਲਮ ਦੀ ਦੋਸਤੀ ਦੇਸ਼ ਦੀ ਸੁਰੱਖਿਆ ਲਈ ਖਤਰਾ ਬਣ ਗਈ ਹੈ ਜਿਸ ਬਾਰੇ ਕੇਂਦਰੀ ਵਿਦੇਸ਼ ਅਤੇ ਗ੍ਰਹਿ ਮੰਤਰਾਲਿਆਂ ਨੂੰ ਨੋਟਿਸ ਲੈਣਾ ਚਾਹੀਦਾ ਹੈ।

ਕੇਂਦਰ ਸਰਕਾਰ ਲੰਮੇ ਸਮੇਂ ਤੋਂ ਮੁੱਖ ਮੰਤਰੀ ਦੀ ਰਿਹਾਇਸ਼ ਉਤੇ ਰਹਿ ਰਹੀ ਪਾਕਿਸਤਾਨੀ ਪੱਤਰਕਾਰ ਅਰੂਸਾ ਆਲਮ ਦੇ ਭਾਰਤੀ ਵੀਜ਼ੇ ਦਾ ਸਟੇਟਸ ਜਨਤਕ ਕਰੇ। ਉਨ੍ਹਾਂ ਜਵਾਬ ਮੰਗਿਆ ਕਿ ਅਰੂਸਾ ਆਲਮ ਅਤੇ ਉਸ ਦੇ ਰਿਸ਼ਤੇਦਾਰ ਕਿਹੜੇ ਵੀਜ਼ੇ 'ਤੇ ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਅਤੇ ਸਿਸਵਾਂ ਫਾਰਮ ਹਾਊਸ 'ਤੇ ਬੇਰੋਕ-ਟੋਕ ਰਹਿ ਰਹੇ ਹਨ, ਜਦਕਿ ਅਰੂਸਾ ਆਲਮ ਫੌਜੀ ਮਾਮਲਿਆਂ ਬਾਰੇ ਮਾਹਿਰ ਪਾਕਿਸਤਾਨੀ ਪੱਤਰਕਾਰ ਹਨ ਜਿਸ ਦੀਆਂ ਆਈ.ਐਸ.ਆਈ. ਨਾਲ ਸਬੰਧਾਂ ਬਾਰੇ ਵੀ ਚਰਚਾਵਾਂ ਹਨ। ਇਸ ਕਰ ਕੇ ਉਹ ਸੰਸਦ ਵਿਚ ਇਹ ਮਾਮਲਾ ਉਠਾਉਣਗੇ।

## ਬਠਿੰਡਾ 'ਚ ਯੂਥ ਅਕਾਲੀ ਆਗੂ ਦਾ ਕਤਲ

**ਬਠਿੰਡਾ:** ਬਠਿੰਡਾ ਵਿਚ ਯੂਥ ਅਕਾਲੀ ਦਲ ਆਗੂ ਸੁਖਨ ਸੰਧੂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਸੰਧੂ ਦੀ ਲਾਸ਼ ਮਿਲਣ ਮਗਰੋਂ ਥਾਣਾ ਕੈਨਾਲ ਕਲੋਨੀ ਦੀ ਪੁਲਿਸ ਮਾਮਲੇ ਦੀ ਜਾਂਚ ਵਿਚ ਜੁਟ ਗਈ ਹੈ। ਮੁਢਲੀ ਜਾਣਕਾਰੀ ਮੁਤਾਬਕ ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਸੁਖਨ ਸੰਧੂ ਅਤੇ ਕੁਝ ਲੋਕਾਂ ਵਿਚਾਲੇ ਝਗੜਾ ਹੋਇਆ ਸੀ ਤੇ ਉਦੋਂ ਦੋਵਾਂ ਧਿਰਾਂ ਵਿਚ ਗੋਲੀਆਂ ਵੀ ਚੱਲੀਆਂ ਸਨ। ਪੁਲਿਸ ਨੇ ਸੰਧੂ ਅਤੇ ਕੁਝ ਹੋਰ ਲੋਕਾਂ ਖਿਲਾਫ ਕੇਸ ਵੀ ਦਰਜ ਕੀਤਾ ਸੀ। ਪਤਾ ਲੱਗਿਆ ਹੈ ਕਿ ਉਦੋਂ ਮਾਮਲਾ ਰਾਜ਼ੀਨਾਮੇ ਨਾਲ ਨਿਪਟ ਗਿਆ ਸੀ। ਪਰਿਵਾਰਕ ਸੂਤਰਾਂ ਮੁਤਾਬਕ ਸੁਖਨ ਸੰਧੂ ਦਾ ਕਤਲ ਪੁਰਾਣੀ ਰੰਜਿਸ਼ ਕਾਰਨ ਹੀ ਹੋਇਆ ਹੈ। ਸੁਖਨ ਸੰਧੂ ਯੂਥ ਅਕਾਲੀ ਦਲ ਦੀ ਪ੍ਰਧਾਨਗੀ ਦਾ ਵੱਡਾ ਦਾਅਵੇਦਾਰ ਦੱਸਿਆ ਜਾ ਰਿਹਾ ਸੀ।

## ਕੋਵਿਡ ਪ੍ਰਬੰਧਾਂ ਬਾਰੇ ਕੇਜਰੀਵਾਲ ਦੀ ਸਲਾਹ ਪਿੱਛੋਂ ਕੈਪਟਨ ਨੂੰ ਚੜ੍ਹਿਆ ਵੱਟ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ ਪ੍ਰਬੰਧਾਂ ਦੇ ਮਾਮਲੇ ਉਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਸਿੱਧਾ ਪੇਚਾ ਪਾ ਲਿਆ ਹੈ। ਮੁੱਖ ਮੰਤਰੀ ਨੇ ਆਖਿਆ ਕਿ ਆਮ ਆਦਮੀ ਪਾਰਟੀ ਹੁਣ ਪੰਜਾਬ 'ਚ ਆਪਣੇ ਗੁਆਚੇ ਭਰੋਸੇ ਦੀ ਬਹਾਲੀ ਲਈ ਰਾਜ ਦੇ ਸੁਰੱਖਿਆ ਤੇ ਭਲਾਈ ਦੇ ਏਜੰਡੇ ਨੂੰ ਲੀਹੋਂ ਲਾਹੁਣਾ ਚਾਹੁੰਦੀ ਹੈ। ਅਮਰਿੰਦਰ ਨੇ ਦਿੱਲੀ 'ਚ ਕੋਵਿਡ ਪ੍ਰਬੰਧਾਂ ਉਤੇ ਉਂਗਲ ਚੁੱਕਦਿਆਂ ਆਖਿਆ ਕਿ 'ਆਪ' ਆਗੂ ਆਪਣੇ ਸੌੜੇ ਹਿੱਤਾਂ ਖਾਤਰ ਪੰਜਾਬ ਦੀ ਸੁਰੱਖਿਆ ਦਾਅ 'ਤੇ ਲਾ ਰਹੇ ਹਨ।

ਅਮਰਿੰਦਰ ਸਿੰਘ ਨੇ ਕਿਹਾ ਕਿ 'ਆਪ' ਇਕ ਪਾਸੇ ਮਿਲ ਕੇ ਕੋਵਿਡ ਖਿਲਾਫ ਲੜਨ ਦੀ ਗੱਲ ਕਰਦੀ ਹੈ ਤੇ ਦੂਜੇ ਬੰਨੇ ਪਾਕਿਸਤਾਨ ਤਰਫੋਂ ਮਹਾਮਾਰੀ ਨੂੰ ਲੈ ਕੇ ਕੀਤੇ ਜਾ ਰਹੇ ਗਲਤ ਪ੍ਰਚਾਰ ਨੂੰ ਇਹ ਲੋਕ ਅੱਖੋਂ ਪਰੋਖੇ ਕਰ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਆਗੂ ਸਮਾਜ ਵਿਰੋਧੀ ਅਨਸਰਾਂ ਦੁਆਰਾ ਸੂਬੇ ਦੇ ਪਿੰਡਾਂ ਵਿਚ ਕੋਵਿਡ ਸਬੰਧੀ ਫੈਲਾਈ ਜਾ ਰਹੀ ਗਲਤ ਜਾਣਕਾਰੀ ਦੀ ਨਿੰਦਾ ਕਰਨ ਨਾਲੋਂ ਉਨ੍ਹਾਂ ਉਪਰ ਨਿੱਜੀ ਹਮਲੇ ਕਰਨ ਉਤੇ ਵਧੇਰੇ ਕੇਂਦਰਿਤ ਜਾਪਦੇ ਹਨ। ਮੁੱਖ



ਮੰਤਰੀ ਨੇ ਕਿਹਾ ਕਿ ਜਾਅਲੀ ਖਬਰਾਂ ਦੀਆਂ ਵੀਡੀਓਜ਼ ਜੋ ਕੋਵਿਡ ਸਬੰਧੀ ਪੰਜਾਬ ਦੇ ਲੋਕ ਵਿਚ ਡਰ ਅਤੇ ਗਲਤ ਜਾਣਕਾਰੀ ਫੈਲਾਉਣ ਲਈ ਪਾਕਿਸਤਾਨ ਤੋਂ ਚਲਾਈਆਂ ਜਾਪਦੀਆਂ ਹਨ, ਬਾਰੇ ਆਮ ਆਦਮੀ ਪਾਰਟੀ ਵੱਲੋਂ ਇਕ ਸ਼ਬਦ ਵੀ ਨਹੀਂ ਕਿਹਾ ਗਿਆ।

ਅਮਰਿੰਦਰ ਨੇ ਕਿਹਾ ਕਿ ਮੁੱਖ ਮੰਤਰੀ ਕੇਜਰੀਵਾਲ ਦੇ 'ਆਪ' ਵਰਕਰਾਂ ਵੱਲੋਂ ਔਕਸੀਮੀਟਰਾਂ ਨਾਲ ਪੰਜਾਬ ਦੇ ਪਿੰਡਾਂ ਵਿਚ ਜਾਣ ਬਾਰੇ ਐਲਾਨ ਤੋਂ ਸਾਡੇ ਰਾਜ ਦੇ ਲੋਕਾਂ ਦਾ ਸਮਰਥਨ ਲੈਣ ਲਈ ਉਨ੍ਹਾਂ ਦੀ ਨਿਰਾਸ਼ਾ ਜ਼ਾਹਿਰ ਹੋਈ ਹੈ। ਉਨ੍ਹਾਂ ਕਿਹਾ ਕਿ 10,000 ਪਲਸ ਔਕਸੀਮੀਟਰਾਂ ਦੀ ਪਹਿਲਾਂ ਹੀ ਵੰਡ ਕੀਤੀ ਗਈ ਹੈ ਅਤੇ ਹੋਰ 50,000 ਔਕਸੀਮੀਟਰਾਂ ਦੀ ਖਰੀਦ ਲਈ ਟੈਂਡਰ ਦਿੱਤੇ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਉਪਕਰਨਾਂ ਦੀ ਕੋਈ ਘਾਟ ਨਹੀਂ ਹੈ। ਉਨ੍ਹਾਂ ਆਮ ਆਦਮੀ ਪਾਰਟੀ ਨੂੰ ਯਾਦ ਦਿਵਾਇਆ ਕਿ ਕੌਮੀ ਰਾਜਧਾਨੀ ਵਿਚ ਕੋਵਿਡ ਸੰਕਟ ਦੇ ਪ੍ਰਬੰਧਨ ਲਈ ਕਿਵੇਂ ਕੇਂਦਰੀ ਗ੍ਰਹਿ ਅਤੇ ਸਿਹਤ ਮੰਤਰੀਆਂ ਨੂੰ ਨਿੱਜੀ ਅਤੇ ਸਿੱਧੇ ਤੌਰ ਉਤੇ ਦਖਲ ਦੇਣਾ ਪਿਆ।

### ਪਹਿਲਾਂ ਦਿੱਲੀ ਸੰਭਾਲ ਲਓ: ਜਾਖੜ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਤਾੜਦਿਆਂ ਆਖਿਆ ਕਿ ਪਹਿਲਾਂ ਦਿੱਲੀ ਸੰਭਾਲ ਲਓ, ਜਿਸ ਨੂੰ ਸੰਭਾਲਣ ਲਈ ਤੁਹਾਨੂੰ ਅਮਿਤ ਸ਼ਾਹ ਦੀ ਸ਼ਰਨ ਵਿਚ ਜਾਣਾ ਪਿਆ ਸੀ। ਉਨ੍ਹਾਂ ਕਿਹਾ ਕਿ ਕੇਜਰੀਵਾਲ ਸੁਹਿਰਦ ਹਨ ਤਾਂ ਉਹ ਪਹਿਲਾਂ ਆਪਣੀ ਪਾਰਟੀ ਅਤੇ ਵਰਕਰਾਂ ਦੀ ਸਿਆਸੀ ਆਕਸੀਜਨ ਚੈੱਕ ਕਰਵਾ ਲੈਣ। ਉਨ੍ਹਾਂ ਕਿਹਾ ਕਿ ਆਕਸੀਜਨ ਚੈੱਕ ਕਰਨ ਲਈ ਕੁਆਲੀਫਾਈਡ ਸਟਾਫ ਦੀ ਨਿਯਮਾਂ ਅਨੁਸਾਰ ਲੋੜ ਹੁੰਦੀ ਹੈ ਅਤੇ 'ਆਪ' ਵਰਕਰਾਂ ਵੱਲੋਂ ਅਜਿਹਾ ਕਰਨਾ ਅਪਰਾਧਿਕ ਕਾਰਵਾਈ ਹੈ।

### ਮੁੱਖ ਮੰਤਰੀ ਦਾ ਬਿਆਨ ਬੇਲੋੜਾ: ਭਗਵੰਤ ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਬਾਰੇ ਦਿੱਤੇ ਬਿਆਨ ਨੂੰ 'ਆਪ' ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਬੇਲੋੜਾ, ਬੇਤੁਕਾ ਅਤੇ ਬੌਖਲਾਹਟ ਭਰਿਆ ਦੱਸਿਆ ਹੈ। ਸ੍ਰੀ ਮਾਨ ਨੇ ਆਪਣੇ ਟਵੀਟ 'ਚ ਕਿਹਾ, 'ਇਕ ਚੁਣੇ ਹੋਏ ਮੁੱਖ ਮੰਤਰੀ ਬਾਰੇ ਅਜਿਹੀਆਂ ਬੇਤੁਕੀਆਂ ਗੱਲਾਂ ਨਾ ਕਰੋ।' ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਵੱਲੋਂ ਨਾ ਕੇਵਲ ਪੰਜਾਬ ਬਲਕਿ ਪੂਰੇ ਦੇਸ਼ 'ਚ ਔਕਸੀਮੀਟਰ ਮੁਹਿੰਮ ਚਲਾਈ ਗਈ ਹੈ। ਇਹ ਦੇਸ਼ ਵਿਰੋਧੀ ਕਾਰਵਾਈ ਨਹੀਂ ਸਗੋਂ ਲੋਕਾਂ ਅਤੇ ਸੂਬਾ ਸਰਕਾਰਾਂ ਦੇ ਸਹਿਯੋਗ ਵਾਲੀ ਮੁਹਿੰਮ ਹੈ।

**Punjab Times**
Established in 2000
21st Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖਿਆ ਵਿਭਾਗ ਵਲੋਂ ਸਿੱਖਾਂ ਨੂੰ ਅਣਗੌਲਿਆਂ ਕਰਨ ਖਿਲਾਫ ਕੈਲੀਫੋਰਨੀਆ ਦੇ ਸਿੱਖਾਂ ਦੀ ਮੁਹਿੰਮ

**ਸੈਕਰਾਮੈਂਟੋ (ਬਿਊਰੋ):** ਸਿੱਖ ਕੁਲੀਸ਼ਨ ਅਤੇ ਜੈਕਾਰਾ ਮੂਵਮੈਂਟ ਨੇ ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਦੇ ਹੱਕ 'ਚ ਮੁਹਿੰਮ ਚਲਾਈ ਹੈ ਤੇ ਸਟੇਟ ਦੀ ਸਿੱਖਿਆ ਅਥਾਰਟੀਜ਼ ਤੋਂ ਮੰਗ ਕੀਤੀ ਗਈ ਹੈ ਕਿ ਐਥਨਿਕ ਸਟੱਡੀਜ਼ ਮਾਡਲ ਕਰੀਕੁਲਮ 'ਚ ਸਿੱਖਾਂ ਨੂੰ ਅਣਗੌਲਿਆਂ ਨਾ ਕੀਤਾ ਜਾਵੇ।

ਯਾਦ ਰਹੇ, ਹਾਲ ਹੀ ਵਿਚ ਐਥਨਿਕ ਸਟੱਡੀਜ਼ ਮਾਡਲ ਕਰੀਕੁਲਮ ਬਾਰੇ ਜੋ ਖਰੜਾ ਬਣਾਇਆ ਗਿਆ ਹੈ, ਉਸ ਵਿਚ ਸਿੱਖ ਭਾਈਚਾਰੇ ਨੂੰ ਢੰਗ ਨਾਲ ਸ਼ਾਮਲ ਨਹੀਂ ਕੀਤਾ ਗਿਆ, ਜਦਕਿ ਸਿੱਖ ਕੁਲੀਸ਼ਨ ਅਤੇ ਜੈਕਾਰਾ ਮੂਵਮੈਂਟ ਨੇ 13 ਅਗਸਤ ਨੂੰ ਸਰਕਾਰੀ ਇਕੱਠ ਦੌਰਾਨ ਨੁਮਾਇੰਦਗੀ ਲਈ 25 ਤੋਂ ਵੱਧ ਸਿੱਖਾਂ ਨੂੰ ਤਿਆਰ ਕਰ ਲਿਆ ਸੀ, ਪਰ ਇਨ੍ਹਾਂ ਵਿਚੋਂ ਅੱਧਿਆਂ ਤੋਂ ਵੀ ਘੱਟ ਨੂੰ ਬੋਲਣ ਦਾ ਮੌਕਾ ਦਿੱਤਾ ਗਿਆ। ਇਸ ਤੋਂ ਇਲਾਵਾ ਸਟੇਟ ਸਿੱਖਿਆ ਅਥਾਰਟੀਜ਼ ਨੇ ਅਜੇ ਤਕ 52 ਗੁਰਦੁਆਰਿਆਂ ਅਤੇ 1200 ਪਟੀਸ਼ਨਰਾਂ ਨੂੰ ਵੀ ਕੋਈ ਜਵਾਬ ਨਹੀਂ ਦਿੱਤਾ ਗਿਆ, ਜਿਨ੍ਹਾਂ ਪਹਿਲਾਂ ਹੀ ਇਹ ਮੰਗ ਕੀਤੀ ਸੀ ਕਿ ਸਿੱਖ ਭਾਈਚਾਰੇ ਨਾਲ ਜੁੜੀਆਂ ਗੱਲਾਂ ਨੂੰ ਨਸ਼ਰ ਵਲ ਧਿਆਨ ਦਿੱਤਾ ਜਾਵੇ।

ਹੁਣ ਅਗਲੇ ਗੇੜ ਤਹਿਤ ਸਿੱਖ ਭਾਈਚਾਰਾ ਪਹਿਲੀ ਸਤੰਬਰ ਤੋਂ 30 ਸਤੰਬਰ ਤਕ ਕੈਲੀਫੋਰਨੀਆ ਦੇ ਸਿੱਖਿਆ ਵਿਭਾਗ ਅਤੇ ਇੰਸਟਰੱਕਸ਼ਨਲ ਕੁਆਲਿਟੀ ਕਮਿਸ਼ਨ ਨੂੰ ਈਮੇਲ ਤੇ ਫੋਨ ਕਰ ਰਿਹਾ ਹੈ ਅਤੇ ਮੰਗ ਕਰ ਰਿਹਾ ਹੈ ਕਿ ਸਿੱਖਾਂ ਨੂੰ ਅਣਗੌਲਿਆ ਕਰਨਾ ਬੰਦ ਕੀਤਾ ਜਾਵੇ। ਨਾਲ ਹੀ ਐਥਨਿਕ ਸਟੱਡੀਜ਼ ਮਾਡਲ ਕਰੀਕੁਲਮ ਵਿਚ ਉਨ੍ਹਾਂ ਦੀ ਭਰਪੂਰ ਹਾਜ਼ਰੀ ਯਕੀਨੀ ਬਣਾਈ ਜਾਵੇ।

ਸਿੱਖ ਕੁਲੀਸਨ ਦੀ ਸਿੱਖਿਆ ਡਾਇਰੈਕਟਰ ਪ੍ਰਿਤਪਾਲ ਕੌਰ ਨੇ ਕਿਹਾ, "ਐਥਨਿਕ ਸਟੱਡੀ ਘੱਟ ਗਿਣਤੀ ਭਾਈਚਾਰਿਆਂ ਨਾਲ ਸਬੰਧਤ ਵਿਦਿਅਰਾਥੀਆਂ ਲਈ ਵਧੀਆ ਮੌਕਾ ਹੈ, ਜਿਸ ਰਾਹੀਂ ਉਨ੍ਹਾਂ ਨੂੰ ਕਲਾਸ ਰੂਮਜ਼ ਵਿਚ ਆਪਣੇ ਇਤਿਹਾਸ ਬਾਰੇ ਦੱਸਣ ਦਾ ਮੌਕਾ ਮਿਲੇਗਾ, ਪਰ ਮਾਡਲ ਕਰੀਕੁਲਮ ਵਿਚ ਇਨ੍ਹਾਂ ਭਾਈਚਾਰਿਆਂ ਨੂੰ ਅਣਗੌਲਿਆਂ ਕਰ ਦਿੱਤਾ ਗਿਆ ਹੈ, ਇਨ੍ਹਾਂ ਵਿਚ ਸਿੱਖ ਵੀ ਸ਼ਾਮਲ ਹਨ।"

ਜੈਕਾਰਾ ਮੂਵਮੈਂਟ ਦੇ ਕਾਰਜਕਾਰੀ ਡਾਇਰੈਕਟਰ ਨੈਨਦੀਪ ਸਿੰਘ ਨੇ ਕਿਹਾ, "ਕੈਲੀਫੋਰਨੀਆ ਦੇ ਇਤਿਹਾਸ ਦਾ ਇਹ ਉਦਾਸੀ ਭਰਿਆ ਦਿਨ ਹੈ ਜਦੋਂ ਅਥਾਰਟੀਜ਼ ਨੇ ਘੱਟਗਿਣਤੀਆਂ ਨੂੰ ਅਣਗੌਲਿਆਂ ਕੀਤਾ ਹੈ।"

# 11 ਸਾਲਾ ਬਾਣੀ ਕੌਰ ਨੇ ਈਅਰ ਸੇਵਰ ਬਣਾਏ

ਓਕਲੈਂਡ (ਬਿਊਰੋ): ਕਰੋਨਾ ਵਾਇਰਸ ਮਹਾਮਾਰੀ ਦੇ ਚਲਦਿਆਂ 11 ਸਾਲਾ ਬਾਣੀ ਕੌਰ ਕੋਹਲੀ ਨੇ ਕੰਨਾਂ ਨੂੰ ਤੰਗੀ ਤੋਂ ਬਚਾਉਣ ਵਾਲਾ ਸਾਧਨ (ਈਅਰ ਸੇਵਰ) ਤਿਆਰ ਕੀਤਾ ਹੈ। ਯਾਦ ਰਹੇ, ਕਰੋਨਾ ਮਹਾਮਾਰੀ ਦੌਰਾਨ ਸਿੱਖਾਂ ਨੂੰ ਮਾਸਕ ਬਗੈਰਾ ਪਹਿਨਣ ਵਿਚ ਬਹੁਤ ਦਿੱਕਤ ਆ ਰਹੀ ਸੀ। ਬਾਣੀ ਕੌਰ ਕੋਹਲੀ ਹੁਣ ਓਕਲੈਂਡ ਦੇ ਗੁਰੂ ਨਾਨਕ ਮਿਸ਼ਨ ਅਤੇ ਗਲੈਨ ਰੌਕ ਗੁਰਦਆਰੇ ਦੀਆਂ ਸੰਗਤਾਂ ਲਈ ਈਅਰ ਸੇਵਰ ਤਿਆਰ ਕਰ ਰਹੀ ਹੈ।



ਅਸਲ ਵਿਚ ਜਦੋਂ ਕਰੋਨਾ ਦਾ ਕਹਿਰ ਸ਼ੁਰੂ ਹੋਇਆ ਤਾਂ ਬਾਣੀ ਕੌਰ ਕੋਹਲੀ ਅਕਸਰ ਹੀ ਨਿੱਜੀ ਸੁਰੱਖਿਆ ਸਾਧਨ (ਪਰਸਨਲ ਪ੍ਰੋਟੈਕਟਿਵ ਇਕੁਇਪਮੈਂਟ-ਪੀ.ਪੀ.ਈ.) ਬਾਰੇ ਸੁਣਦੀ ਕਿ ਇਨ੍ਹਾਂ, ਖਾਸ ਕਰ ਕੇ ਮਾਸਕ ਬਗੈਰਾ ਨੂੰ ਪਹਿਨਣ ਵਿਚ ਕਿੰਨੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਾਣੀ ਕੌਰ ਦੀ ਮਾਂ ਹੈਲਥ ਕੇਅਰ ਵਰਕਰ ਹੈ ਅਤੇ ਪਿਤਾ ਹਸਪਤਾਲ ਪ੍ਰਸ਼ਾਸਨ ਨਾਲ ਜੁੜੇ ਹੋਏ ਹਨ। ਪੀ.ਪੀ.ਈ. ਬਾਰੇ ਵਿਚਾਰ ਵਟਾਂਦਰੇ ਦੌਰਾਨ ਹੀ ਬਾਣੀ ਕੌਰ ਨੂੰ ਈਅਰ ਸੇਵਰ ਬਾਰੇ ਖਿਆਲ ਆਇਆ। ਇਸ ਸਬੰਧ ਵਿਚ ਉਸ ਨੇ ਆਪਣੀ ਮਾਂ ਅਤੇ ਮਹਾਮਾਰੀ ਵਿਰੁੱਧ ਜੁਝਣ ਰਹੇ ਨਾਇਕਾਂ ਤੋਂ ਮਦਦ ਲਈ।

ਹੈਲਥ ਕੇਅਰ ਵਰਕਰਾਂ ਨੂੰ ਉਦੋਂ ਵੱਡੀ ਰਾਹਤ ਮਿਲੀ ਜਦੋਂ ਮਾਸਕ ਦੀਆਂ ਤਣੀਆਂ ਦੀ ਥਾਂ ਬਟਨ ਲਾ ਦਿੱਤੇ ਗਏ। ਇਸ ਤਰ੍ਹਾਂ ਕੰਨਾਂ ਨੂੰ ਲਗਾਤਾਰ ਖਿੱਚ ਪੈਣ ਤੋਂ ਬਚਾਅ ਹੋ ਗਿਆ। ਯਾਦ ਰਹੇ, ਲੰਮਾ ਸਮਾਂ ਮਾਸਕ ਪਹਿਨਣ ਨਾਲ ਕਈਆਂ ਨੂੰ ਦਰਦ ਦੀ ਸ਼ਿਕਾਇਤ ਵੀ ਹੋਣ ਲੱਗ ਪਈ ਸੀ।

ਧਿਆਨਯੋਗ ਹੈ ਕਿ ਬਾਣੀ ਕੌਰ ਨੇ ਆਪਣੇ ਇਸ ਪ੍ਰਾਜੈਕਟ ਲਈ ਸਿਲਾਈ ਦਾ ਕੰਮ ਪਹਿਲੀ ਵਾਰ ਸਿੱਖਿਆ ਅਤੇ ਕਈ ਦਰਜਨ ਈਅਰ ਸੇਵਰ ਬਣਾ ਲਏ। ਇਹ ਈਅਰ ਸੇਵਰ ਸਭ ਤੋਂ ਪਹਿਲਾਂ ਉਸ ਨੇ ਆਪਣੀ ਮਾਂ ਦੇ ਦਫਤਰ 'ਐਟਰੀਅਮ ਪੋਸਟ-ਐਕਿਊਟ ਕੇਅਰ, ਵੇਅਨ' ਵਿਚ ਹੀ ਦਿੱਤੇ।

ਇਸੇ ਦੌਰਾਨ ਬਾਣੀ ਕੌਰ ਨੂੰ ਆਪਣੇ ਪਿਤਾ ਦੀ ਤਕਲੀਫ ਦਾ ਅੰਦਾਜ਼ਾ ਹੋਇਆ, ਜਿਨ੍ਹਾਂ ਨੂੰ ਦਸਤਾਰ ਨਾਲ ਮਾਸਕ ਪਹਿਨਣਾ ਔਖਾ ਲਗਦਾ ਸੀ। ਇਸ 'ਤੇ ਬਾਣੀ ਕੌਰ ਨੇ ਥੋੜ੍ਹੇ ਵੱਡੇ ਈਅਰ ਸੇਵਰ ਤਿਆਰ ਕੀਤੇ। ਇਸ ਤੋਂ ਬਾਅਦ ਤਾਂ ਬਾਣੀ ਕੌਰ ਨੇ ਈਅਰ ਸੇਵਰ ਨੂੰ ਆਪਣਾ ਮਿਸ਼ਨ ਬਣਾ ਲਿਆ। ਉਸ ਨੇ ਇਸ ਬਾਰੇ ਜ਼ੂਮ ਰਾਹੀਂ ਆਪਣੀਆਂ ਸਹੇਲੀਆਂ ਨੂੰ ਵੀ ਸਿਖਾਇਆ। ਬਾਣੀ ਕੌਰ ਖੁਸ਼ ਹੈ ਕਿ ਉਹ ਆਪਣੇ ਢੰਗ ਨਾਲ ਸਮਾਜ ਦੀ ਸੇਵਾ ਕਰ ਰਹੀ ਹੈ। ਉਹ ਇਸ ਗੱਲੋਂ ਵੀ ਖੁਸ਼ ਹੈ ਕਿ ਸੰਗਤ ਨੇ ਉਸ ਨੂੰ ਖੂਬ ਹੁੰਗਾਰਾ ਭਰਿਆ ਹੈ। ਉਹ ਹੁਣ ਤਕ 250 ਤੋਂ ਵੱਧ ਈਅਰ ਸੇਵਰ ਬਣਾ ਚੁੱਕੀ ਹੈ ਅਤੇ ਇਹ ਮਿਸ਼ਨ ਜਾਰੀ ਰੱਖੇਗੀ।

# ਸੁਸ਼ਾਂਤ ਮਾਮਲਾ: ਅਦਾਕਾਰਾ ਰੀਆ ਚੱਕਰਵਰਤੀ ਗ੍ਰਿਫਤਾਰ

**ਮੁੰਬਈ:** ਨਾਰਕੋਟਿਕਸ ਕੰਟਰੋਲ ਬਿਊਰੋ ਨੇ ਅਦਾਕਾਰ ਸੁਸ਼ਾਂਤ ਰਾਜਪੂਤ ਦੀ ਮੌਤ ਨਾਲ ਜੁੜੇ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿਚ ਤਿੰਨ ਦਿਨਾਂ ਤੱਕ ਪੁੱਛ-ਪੜਤਾਲ ਤੋਂ ਬਾਅਦ ਅਦਾਕਾਰਾ ਰੀਆ ਚੱਕਰਵਰਤੀ ਨੂੰ ਗ੍ਰਿਫਤਾਰ ਕਰ ਲਿਆ। ਉਸ 'ਤੇ ਐਨ.ਡੀ.ਪੀ.ਐਸ. ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਰੀਆ ਲਗਾਤਾਰ ਤੀਜੇ ਦਿਨ ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਦੇ ਸਾਹਮਣੇ ਪੇਸ਼ ਹੋਈ।

# ਲਾਪਤਾ ਪਾਵਨ ਸਰੂਪ: ਸ਼੍ਰੋਮਣੀ ਕਮੇਟੀ ਦੇ ਰਵੱਈਏ 'ਤੇ ਉਠੇ ਸਵਾਲ

*(ਸਫਾ ਇਕ ਦੀ ਬਾਕੀ)*

ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸਵਾਲ ਕੀਤਾ ਹੈ ਕਿ ਜੇ ਉਹ ਪੜਤਾਲ 'ਚ ਦੋਸ਼ੀ ਹਨ ਤਾਂ ਉਨ੍ਹਾਂ 'ਤੇ ਕਾਰਵਾਈ ਕਰਨੀ ਚਾਹੀਦੀ ਸੀ।

ਸਿੱਖ ਜਥੇਬੰਦੀਆਂ ਦਾ ਦਾਅਵਾ ਹੈ ਕਿ ਇਹ ਜਾਂਚ ਅਧੂਰੀ ਹੈ ਕਿਉਂਕਿ ਇਸ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਤੇ ਮੌਜੂਦਾ ਪ੍ਰਧਾਨਾਂ, ਪ੍ਰਬੰਧਕਾਂ ਤੇ ਬਾਦਲ ਪਰਿਵਾਰ ਨੂੰ ਜਾਂਚ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਮੁਅੱਤਲ ਕਰਨ ਜਾਂ ਬਰਖਾਸਤ ਕਰਨ ਨਾਲ ਅਸਲ ਦੋਸ਼ੀਆਂ ਦਾ ਛੁਟਕਾਰਾ ਨਹੀਂ ਹੋਣਾ ਅਤੇ ਜੇਕਰ ਸ਼੍ਰੋਮਣੀ ਕਮੇਟੀ ਨੇ ਤੁਰਤ ਆਪਣੀ ਜ਼ਿੰਮੇਵਾਰੀ ਕਬੂਲਦਿਆਂ 328 ਸਰੂਪਾਂ ਦੀ ਭਾਲ ਨਾ ਕੀਤੀ ਤਾਂ ਮੋਰਚਾ ਵੀ ਲੱਗ ਸਕਦਾ ਹੈ।

ਯਾਦ ਰਹੇ ਕਿ ਲਾਪਤਾ ਸਰੂਪਾਂ ਦੇ ਮਾਮਲੇ ਉਤੇ ਹੁਣ ਤੱਕ ਪਰਦਾ ਪਾਉਣ ਦੀਆਂ ਹੀ ਕੋਸ਼ਿਸ਼ਾਂ ਹੋਈਆਂ ਹਨ। ਮਨੁੱਖੀ ਅਧਿਕਾਰ ਸੰਗਠਨ ਵਲੋਂ ਇਹ ਮਸਲਾ ਉਭਾਰਨ ਪਿੱਛੋਂ ਇਹ ਮਾਮਲਾ ਭਖ ਗਿਆ ਤੇ ਅਕਾਲ ਤਖਤ ਨੇ ਨਿਰਪੱਖ ਜਾਂਚ ਲਈ ਕਮੇਟੀ ਬਣਾਉਣ ਦੇ ਹੁਕਮ ਦੇ ਦਿੱਤੇ ਪਰ ਸ਼੍ਰੋਮਣੀ ਕਮੇਟੀ ਦੀ ਰਵੱਈਏ ਕਾਰਨ ਇਹ ਜਾਂਚ ਸ਼ੁਰੂ ਤੋਂ ਹੀ ਸਵਾਲਾਂ ਦੇ ਘੇਰੇ ਵਿਚ ਰਹੀ। ਜਾਂਚ ਰਿਪੋਰਟ ਆਉਣ ਪਿੱਛੋਂ ਕਮੇਟੀ ਨੇ ਕੁਝ ਮੁਲਾਜ਼ਮਾਂ ਨੂੰ ਬਰਖਾਸਤ ਕਰ ਕੇ ਫੌਜਦਾਰੀ ਕੇਸ ਦਰਜ ਕਰਵਾਉਣ ਦੀ ਗੱਲ ਕਹੀ। ਮੁਲਾਜ਼ਮਾਂ ਖਿਲਾਫ ਕਾਨੂੰਨੀ ਕਾਰਵਾਈ ਵਾਸਤੇ ਚਾਰ ਮੈਂਬਰੀ ਕਾਨੂੰਨੀ ਮਾਹਿਰਾਂ ਦਾ ਪੈਨਲ ਵੀ ਬਣਾਇਆ ਗਿਆ ਸੀ ਪਰ ਕਮੇਟੀ ਦੀ ਅਗਲੀ ਹੀ ਮੀਟਿੰਗ ਵਿਚ ਸਿੱਖ ਮਰਿਆਦਾ ਦੀ ਦੁਹਾਈ ਪਾ ਕੇ ਆਪਣੇ ਪੱਧਰ 'ਤੇ ਹੀ ਕਾਰਵਾਈ ਸੀਮਤ ਕਰਨ ਦੀ ਗੱਲ ਆਖ ਦਿੱਤੀ।

ਉਧਰ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ 18-19 ਮਈ 2016 ਨੂੰ ਅਗਨ ਭੇਟ ਹੋਏ ਸਰੂਪਾਂ ਦੀ ਗਿਣਤੀ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਸੰਗਠਨ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸਬ ਕਮੇਟੀ ਨੂੰ ਇਕ ਪੱਤਰ ਭੇਜ ਕੇ ਦਾਅਵਾ ਕੀਤਾ ਹੈ ਕਿ 18-19 ਮਈ 2016 ਨੂੰ ਅੱਗ ਅਤੇ ਪਾਣੀ ਨਾਲ ਲਗਭਗ 80 ਸਰੂਪ ਨੁਕਸਾਨੇ ਗਏ ਸਨ।

ਇਸ ਦਾ ਜ਼ਿਕਰ ਪਬਲੀਕੇਸ਼ਨ ਵਿਭਾਗ ਦੇ ਸੇਵਾ ਮੁਕਤ ਹੋਏ ਸਹਾਇਕ ਸੁਪਰਵਾਈਜ਼ਰ ਕੰਵਲਜੀਤ ਸਿੰਘ ਨੇ 20 ਫਰਵਰੀ 2020 ਨੂੰ ਮੁੱਖ ਸਕੱਤਰ ਨੂੰ ਭੇਜੇ ਗਏ 'ਆਫਿਸ ਨੋਟ' ਵਿਚ ਕੀਤਾ ਹੈ। ਉਸ ਨੇ ਆਪਣੇ ਇਸ ਨੋਟ ਵਿਚ ਲਿਖਿਆ ਹੈ ਕਿ ਅਚਾਨਕ ਅੱਗ ਲੱਗਣ ਅਤੇ ਪਾਣੀ ਨਾਲ 80 ਸਰੂਪ, ਜੋ ਦਰਮਿਆਨੇ ਸਾਈਜ਼ ਦੇ ਸਨ, ਨੁਕਸਾਨੇ ਗਏ ਸਨ। ਪਾਵਨ ਸਰੂਪ ਪ੍ਰਕਾਸ਼ ਯੋਗ ਨਾ ਰਹਿਣ ਕਾਰਨ ਸਸਕਾਰ ਲਈ ਗੋਇੰਦਵਾਲ ਸਾਹਿਬ ਭੇਜ ਦਿੱਤੇ ਗਏ ਸਨ। ਪਾਵਨ ਸਰੂਪ ਅਤੇ ਸਾਮਾਨ ਬਾਰੇ ਸਟਾਕ ਅਤੇ ਲੈਜਰਾਂ ਵਿਚ ਜ਼ਿਕਰ ਕਰਨ ਲਈ ਕਾਰਵਾਈ ਵਾਸਤੇ ਰਿਪੋਰਟ ਭੇਜੀ ਗਈ ਹੈ। ਇਸ ਦਫਤਰੀ ਨੋਟ ਦੇ ਹੇਠਾਂ ਮੁੱਖ ਸਕੱਤਰ ਰੂਪ ਸਿੰਘ ਵਲੋਂ ਦਸਤਖਤ ਕਰਕੇ ਇਹ ਮਾਮਲਾ ਮੀਤ ਸਕੱਤਰ ਕੋਲ ਰਿਪੋਰਟ ਕਰਨ ਲਈ ਭੇਜਿਆ ਗਿਆ ਹੈ। ਸੰਗਠਨ ਆਗੂ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਮਹਿਤਾ ਨੇ ਇਸ ਬਾਰੇ ਗਲਤ ਜਾਣਕਾਰੀ ਦਿੱਤੀ ਹੈ। ਉਨ੍ਹਾਂ ਆਖਿਆ ਕਿ ਪੰਜ ਸਰੂਪ ਅਗਨ ਭੇਟ ਹੋਏ ਹਨ ਅਤੇ 9 ਸਰੂਪ ਪਾਣੀ ਨਾਲ ਨੁਕਸਾਨੇ ਗਏ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਮਾਮਲੇ ਵਿਚ ਸ੍ਰੀ ਮਹਿਤਾ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਅਸਲ ਵਿਚ ਸ਼੍ਰੋਮਣੀ ਕਮੇਟੀ ਦੀ ਹੁਣ ਤੱਕ ਦੀ ਕਾਰਵਾਈ ਤੋਂ ਇਹ ਸਪਸ਼ਟ ਜਾਪ ਰਿਹਾ ਹੈ ਕਿ ਉਹ ਜਾਂਚ ਰਿਪੋਰਟ ਵਿਚ ਦੋਸ਼ੀ ਐਲਾਨੇ ਮੁਲਾਜ਼ਮਾਂ ਖਿਲਾਫ ਬਾਹਲੀ ਸਖਤੀ ਕਰਨ ਤੋਂ ਟਾਲਾ ਵੱਟ ਰਹੀ ਹੈ। ਕਿਉਂਕਿ ਦੋਸ਼ੀ ਐਲਾਨੇ ਕੁਝ ਮੁਲਾਜ਼ਮਾਂ ਨੇ ਪਿਛਲੇ ਦਿਨੀਂ ਆਪਣਾ ਪੱਖ ਜਨਤਕ ਕਰਨ ਦੀ ਗੱਲ ਆਖੀ ਸੀ। ਜਿਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਵੀ ਹਨ, ਪਰ ਅਗਲੇ ਹੀ ਦਿਨ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ।

# ਮੁਲਤਾਨੀ ਕੇਸ...

*(ਸਫਾ ਇਕ ਦੀ ਬਾਕੀ)*

ਕਿਸਮ ਦੇ ਦੋਸ਼ ਹਨ। ਇਸ ਮਾਮਲੇ ਵਿਚ ਪੁਲਿਸ ਦੀ ਜਾਂਚ ਅਤੇ ਮੁਲਜ਼ਮ ਦੀ ਪੁੱਛ-ਪੜਤਾਲ ਬਹੁਤ ਜ਼ਰੂਰੀ ਹੈ, ਜਿਸ ਕਾਰਨ ਸੈਣੀ ਦੀ ਕਿਸੇ ਵੀ ਸੂਰਤ ਵਿਚ ਜ਼ਮਾਨਤ ਮਨਜ਼ੂਰ ਨਹੀਂ ਕੀਤੀ ਜਾ ਸਕਦੀ ਹੈ। ਹੁਣ ਹਾਈ ਕੋਰਟ ਤੋਂ ਵੀ ਉਸ ਨੂੰ ਕੋਈ ਰਾਹਤ ਨਹੀਂ ਮਿਲੀ ਹੈ। ਉਧਰ, ਅਦਾਲਤੀ ਹੁਕਮਾਂ ਦੇ ਬਾਵਜੂਦ ਗ੍ਰਿਫਤਾਰੀ ਵਿਚ ਪੁਲਿਸ ਦੀ ਨਕਾਮੀ ਉਤੇ ਸਵਾਲ ਉਠ ਰਹੇ ਹਨ।

ਤਿੰਨ ਦਹਾਕੇ ਪਹਿਲਾਂ ਐਸ.ਐਸ.ਪੀ. ਦੇ ਅਹੁਦੇ 'ਤੇ ਤਾਇਨਾਤੀ ਦੌਰਾਨ ਸੈਣੀ ਸਿੱਖਾਂ ਤੇ ਖਾੜਕੂਵਾਦ ਲਹਿਰ ਦੇ ਨਿਸ਼ਾਨੇ 'ਤੇ ਰਹੇ ਅਤੇ ਧੱਕੇਸ਼ਾਹੀ ਤੇ ਨਾ-ਇਨਸਾਫੀ ਦੇ ਦੋਸ਼ਾਂ ਨੇ ਉਨ੍ਹਾਂ ਦਾ ਡੀ.ਜੀ.ਪੀ. ਬਣਨ ਪਿਛੋਂ ਵੀ ਪਿੱਛਾ ਨਾ ਛੱਡਿਆ। ਆਮ ਲੋਕਾਂ ਤੇ ਵੱਡੇ ਵੱਡਿਆਂ ਨੂੰ ਕਾਨੂੰਨ ਦੀ ਸਖਤੀ ਨਾਲ ਪਾਲਣਾ ਕਰਵਾਉਣ ਵਾਲਾ ਇਹ ਸ਼ਖਸ ਅੱਜ ਖੁਦ ਕਾਨੂੰਨ ਦਾ ਭਗੌੜਾ ਹੋ ਗਿਆ ਹੈ।

# ਵਿੱਤੀ ਸਾਲ ਦੌਰਾਨ ਜੀ.ਡੀ.ਪੀ. 'ਚ ਆਏਗੀ ਭਾਰੀ ਗਿਰਾਵਟ

**ਮੁੰਬਈ:** ਘਰੇਲੂ ਰੇਟਿੰਗ ਏਜੰਸੀ ਇੰਡੀਆ ਰੇਟਿੰਗਜ਼ ਅਤੇ ਰਿਸਰਚ ਦਾ ਅਨੁਮਾਨ ਹੈ ਕਿ ਭਾਰਤੀ ਆਰਥਿਕਤਾ ਵਿਚ ਮੌਜੂਦਾ ਵਿੱਤੀ ਸਾਲ ਵਿਚ 11.8 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ ਜਾਵੇਗੀ। ਇੰਡੀਆ ਰੇਟਿੰਗਜ਼ ਨੇ ਵਿੱਤੀ ਸਾਲ 2020-21 ਲਈ ਭਾਰਤ ਦੇ ਕੁਲ ਘਰੇਲੂ ਉਤਪਾਦ (ਜੀ.ਡੀ.ਪੀ.) ਦੇ ਵਾਧੇ ਦੇ ਅਨੁਮਾਨ ਨੂੰ ਮਨਫੀ 11.8 ਪ੍ਰਤੀਸ਼ਤ ਤੱਕ ਸੋਧਿਆ ਹੈ।

ਇਸ ਤੋਂ ਪਹਿਲਾਂ ਇਸ ਨੇ ਭਾਰਤੀ ਅਰਥ ਵਿਵਸਥਾ ਵਿਚ 5.3 ਪ੍ਰਤੀਸ਼ਤ ਗਿਰਾਵਟ ਆਉਣ ਦਾ ਅਨੁਮਾਨ ਲਗਾਇਆ ਸੀ। ਇਸ ਦੌਰਾਨ ਫਿਚ ਰੇਟਿੰਗਜ਼ ਨੇ ਮੌਜੂਦਾ ਵਿੱਤੀ ਸਾਲ 2020-21 ਵਿਚ ਭਾਰਤੀ ਆਰਥਿਕਤਾ ਵਿਚ ਮਨਫੀ 10.5 ਫੀਸਦ ਦੀ ਭਾਰੀ ਗਿਰਾਵਟ ਦਾ ਅਨੁਮਾਨ ਲਗਾਇਆ ਹੈ। ਭਾਰਤ ਦਾ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਚਾਲੂ ਵਿੱਤੀ ਸਾਲ ਦੀ ਪਹਿਲੀ ਤਿਮਾਹੀ (ਅਪਰੈਲ-ਜੂਨ) ਵਿਚ 23.9 ਪ੍ਰਤੀਸ਼ਤ ਘਟਿਆ ਹੈ। ਇਹ ਵਿਸ਼ਵ ਦੀਆਂ ਵੱਡੀਆਂ ਅਰਥਵਿਵਸਥਾਵਾਂ ਵਿਚ ਗਿਰਾਵਟ ਦੇ ਸਭ ਤੋਂ ਉਚੇ ਅੰਕੜਿਆਂ ਵਿਚੋਂ ਇਕ ਹੈ।

# ਗੁਰਪਤਵੰਤ ਪੰਨੂ ਤੇ ਹਰਦੀਪ ਨਿੱਝਰ ਦੀ ਸੰਪਤੀ ਜ਼ਬਤ ਕਰੇਗੀ ਐਨ. ਆਈ. ਏ.

**ਨਵੀਂ ਦਿੱਲੀ:** ਐਨ.ਆਈ.ਏ. ਪਾਬੰਦੀਸ਼ੁਦਾ ਸਿੱਖ ਜਥੇਬੰਦੀ ਨਾਲ ਸਬੰਧਤ ਅਤਿਵਾਦੀ ਗੁਰਪਤਵੰਤ ਸਿੰਘ ਪੰਨੂ ਤੇ ਹਰਦੀਪ ਸਿੰਘ ਨਿੱਝਰ ਦੀਆਂ ਸੰਪਤੀਆਂ ਜ਼ਬਤ ਕਰੇਗੀ। ਇਨ੍ਹਾਂ ਦੀਆਂ ਕ੍ਰਮਵਾਰ ਅੰਮ੍ਰਿਤਸਰ ਅਤੇ ਜਲੰਧਰ ਵਿਚ ਸੰਪਤੀਆਂ ਹਨ।

ਐਨ.ਆਈ.ਏ. ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਜਾਇਦਾਦ ਕੁਰਕ ਕਰਨ ਦੇ ਆਦੇਸ਼ 'ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ 1967 ਦੀ ਧਾਰਾ 51 ਏ ਦੇ ਤਹਿਤ ਦਿੱਤੇ ਅਧਿਕਾਰਾਂ' ਅਨੁਸਾਰ ਜਾਰੀ ਕੀਤੇ ਗਏ ਹਨ। ਆਦੇਸ਼ਾਂ ਵਿਚ ਸਰਕਾਰ ਨੇ ਦੋਵਾਂ ਦੀ ਮਾਲਕੀਅਤ ਵਾਲੀਆਂ ਜਾਇਦਾਦਾਂ ਦੀ ਪਛਾਣ ਕੀਤੀ ਹੈ। ਪੰਨੂ ਕੋਲ ਅੰਮ੍ਰਿਤਸਰ ਦੇ ਖਾਨਕੋਟ ਵਿਚ 46 ਤੇ 11 ਕਨਾਲ ਤੇ 13.5 ਮਰਲੇ ਭੈਣੀਵਾਲ ਵਿਚ ਜ਼ਮੀਨ ਹੈ। ਜਲੰਧਰ ਜ਼ਿਲ੍ਹੇ ਦੇ ਫਿਲੌਰ 'ਚ ਨਿੱਝਰ ਦੀ ਮਾਲਕੀ ਵਾਲੀ 11 ਕਨਾਲ 13 ਮਰਲੇ ਜ਼ਮੀਨ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਕਰੋਨਾ ਦਾ ਕਹਿਰ: ਪੰਜਾਬ ਵਿਚ ਮੌਤ ਦਰ ਨੇ ਫਿਕਰਮੰਦੀ ਵਧਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਕਰੋਨਾ ਵਾਇਰਸ ਕੇਸਾਂ ਨੂੰ ਠੱਲ੍ਹ ਪਾਉਣ ਲਈ 20 ਅਗਸਤ ਨੂੰ ਰਾਜ ਦੇ ਵੱਡੇ ਸ਼ਹਿਰਾਂ 'ਚ ਮੁੜ ਪਾਬੰਦੀਆਂ ਤੇ ਰਾਤ ਦੇ ਕਰਫਿਊ ਲਗਾਉਣ ਦੇ ਨਾਲ-ਨਾਲ ਨਮੂਨੇ ਲੈਣ 'ਚ ਕੀਤੇ ਵਾਧੇ ਦੇ ਬਾਵਜੂਦ ਰਾਜ ਅੰਦਰ ਕਰੋਨਾ ਪੀੜਤ ਕੇਸਾਂ ਤੇ ਮੌਤ ਦਰ 'ਚ ਵਾਧਾ ਲਗਾਤਾਰ ਜਾਰੀ ਹੈ।

ਨਵੀਆਂ ਪਾਬੰਦੀਆਂ ਨਾਲ ਲੋਕਾਂ ਦੀਆਂ ਪਰੇਸ਼ਾਨੀਆਂ ਤਾਂ ਜ਼ਰੂਰ ਵਧੀਆਂ ਪਰ ਨਾ ਤਾਂ ਨਵੇਂ ਕੇਸ ਆਉਣੋਂ ਘਟੇ ਹਨ ਤੇ ਨਾ ਹੀ ਮੌਤ ਦਰ 'ਚ ਕੋਈ ਫਰਕ ਆਇਆ ਹੈ। ਸਿਹਤ ਵਿਭਾਗ ਵਲੋਂ ਜਾਰੀ ਕੀਤੇ ਜਾਂਦੇ ਰੋਜ਼ਾਨਾ ਅੰਕੜਿਆਂ ਅਨੁਸਾਰ ਦੇਸ਼ ਦੇ ਬਹੁਤੇ ਸੂਬਿਆਂ ਅੰਦਰ ਕੇਸਾਂ ਦੀ ਗਿਣਤੀ ਤੇ ਮੌਤ ਦਰ ਘਟਣ ਵਾਲੇ ਪਾਸੇ ਤੁਰੇ ਹਨ ਪਰ ਨਾਲ ਪੰਜਾਬ ਇਨ੍ਹਾਂ ਦੋਵਾਂ ਮਾਮਲਿਆਂ ਦੇ ਵਾਧੇ ਵਲ ਹੈ। ਪੰਜਾਬ ਵਿਚ ਇਸ ਵੇਲੇ ਮੌਤ ਦਰ 2.7 ਫੀਸਦੀ ਹੈ, ਜਦਕਿ ਕੌਮੀ ਪੱਧਰ ਉਤੇ ਇਹ ਦਰ 1.8 ਫੀਸਦੀ ਤੇ ਦਿੱਲੀ 'ਚ 2.6 ਫੀਸਦੀ ਹੈ। ਮਰੀਜ਼ਾਂ ਦੇ ਠੀਕ ਹੋਣ ਵਾਲੀ ਦਰ 'ਚ ਵੀ ਪੰਜਾਬ ਕਾਫੀ ਫਾਡੀ ਹੈ। ਇਹ ਦਰ ਪੰਜਾਬ 'ਚ ਇਸ ਵੇਲੇ 68 ਫੀਸਦੀ ਹੈ ਜਦਕਿ ਦੇਸ਼ ਪੱਧਰ ਉਤੇ ਠੀਕ ਹੋਣ ਵਾਲਿਆਂ ਦੀ ਦਰ 77 ਫੀਸਦੀ ਤੇ ਦਿੱਲੀ 'ਚ 89 ਫੀਸਦੀ ਹੈ। ਪ੍ਰਤੀ 10 ਲੱਖ ਪਿੱਛੇ ਪੰਜਾਬ ਨੂੰ ਨਮੂਨੇ 34013, ਦੇਸ਼ ਪੱਧਰ 'ਤੇ 30781 ਤੇ ਦਿੱਲੀ 'ਚ 77433 ਹੈ।

ਪੰਜਾਬ ਅੰਦਰ ਮੁੜ ਪਾਬੰਦੀਆਂ ਲਗਾਏ ਜਾਣ ਵਾਲੇ ਸਮੇਂ 'ਚ ਮੌਤ ਦਰ ਛੜੱਪਾ ਮਾਰ ਕੇ ਵਧ ਗਈ ਹੈ। ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ



16 ਅਗਸਤ ਤੱਕ ਦੇ ਪੰਦਰਵਾੜੇ 'ਚ ਰਾਜ 'ਚ ਪ੍ਰਤੀ ਮਿਲੀਅਨ ਮੌਤਾਂ ਦੀ ਗਿਣਤੀ 28.3 ਸੀ ਜਦਕਿ 30 ਅਗਸਤ ਤੱਕ ਵਾਲੇ ਪੰਦਰਵਾੜੇ 'ਚ ਛੜੱਪਾ ਮਾਰ ਕੇ ਇਹ ਗਿਣਤੀ 46.8 ਹੋ ਗਈ, ਜਦਕਿ ਦੇਸ਼ ਪੱਧਰ ਉਤੇ ਮੌਤਾਂ ਦੀ ਇਹ ਗਿਣਤੀ ਇਸ ਸਮੇਂ ਦੌਰਾਨ 27 ਤੋਂ ਵਧ ਕੇ 35.9 ਹੋ ਗਈ ਹੈ।

ਸਰਕਾਰ ਨੇ ਕਰੋਨਾ ਮਹਾਮਾਰੀ ਦਾ ਸਾਹਮਣਾ ਕਰਨ ਲਈ ਲੰਮੇ ਸਮੇਂ ਲਈ ਤਾਲਾਬੰਦੀ ਵੀ ਕੀਤੀ ਅਤੇ ਕਰਫਿਊ ਵੀ ਲਗਾਇਆ। ਹੁਣ ਵੀ ਤਾਲਾਬੰਦੀ ਤਹਿਤ ਪੰਜਾਬ ਵਿਚ ਪਾਬੰਦੀਆਂ ਜਾਰੀ ਹਨ। ਲੋਕਾਂ ਨੂੰ ਮਾਸਕ ਲਗਾਉਣ, ਸਰੀਰਕ ਦੂਰੀ ਬਣਾ ਕੇ ਰੱਖਣ ਅਤੇ ਵਾਰ ਵਾਰ ਹੱਥ ਧੋਣ ਲਈ ਵੀ ਕਿਹਾ ਗਿਆ। ਸਵਾਲ ਇਹ ਹੈ ਕਿ ਕਈ ਕਮਜ਼ੋਰੀਆਂ ਦੇ ਬਾਵਜੂਦ ਪੰਜਾਬ ਕੋਲ ਬਾਕੀ ਸੂਬਿਆਂ ਨਾਲੋਂ ਬਿਹਤਰ ਸਿਹਤ ਪ੍ਰਬੰਧ ਢਾਂਚਾ ਹੈ ਤਾਂ ਇਥੇ ਮੌਤ ਦੀ ਦਰ ਜ਼ਿਆਦਾ ਕਿਉਂ ਹੈ। ਸਰਕਾਰ ਕੋਲ ਲਗਭਗ 4,600 ਏ.ਐਨ.ਐਮ, 20,000 ਆਸ਼ਾ ਵਰਕਰ ਤੇ ਆਸ਼ਾ ਫੈਸਲੀਟੇਟਰ, 1,600 ਮਲਟੀਪਲ ਹੈਲਥ ਵਰਕਰ, 1,400 ਸਪੈਸ਼ਲਿਸਟ ਤੇ 2,000 ਡਾਕਟਰ ਹਨ। ਇਸੇ ਤਰ੍ਹਾਂ 2,900 ਸਬ-ਸੈਂਟਰ, 1,186 ਦਿਹਾਤੀ ਡਿਸਪੈਂਸਰੀਆਂ, 500 ਤੋਂ ਜ਼ਿਆਦਾ ਪ੍ਰਾਇਮਰੀ ਹੈਲਥ ਸੈਂਟਰ, ਲਗਭਗ 170 ਕਮਿਊਨਿਟੀ ਹੈਲਥ ਸੈਂਟਰ, 41 ਸਬ-ਡਵੀਜ਼ਨ ਹਸਪਤਾਲ ਅਤੇ 22 ਜ਼ਿਲ੍ਹਾ ਹਸਪਤਾਲ ਹਨ। ਤਿੰਨ ਸਰਕਾਰੀ ਤੇ ਤਿੰਨ ਪ੍ਰਾਈਵੇਟ ਮੈਡੀਕਲ ਕਾਲਜਾਂ ਨੂੰ ਕੋਵਿਡ ਨਾਲ ਲੜਨ ਲਈ ਸਿਖਰਲੇ ਹਸਪਤਾਲ ਐਲਾਨਿਆ ਗਿਆ, ਹੇਠਲੇ ਪੱਧਰ ਉਤੇ ਵੀ ਵੱਡੀ ਗਿਣਤੀ ਵਿਚ ਹਸਪਤਾਲ ਤੇ ਕੁਆਰਨਟੀਨ ਸੈਂਟਰ ਹਨ।

## ਪੁਲਿਸ ਮੁਲਾਜ਼ਮ ਲਾਗ ਦੀ ਲਪੇਟ ਵਿਚ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ 3800 ਤੋਂ ਵੱਧ ਮੁਲਾਜ਼ਮ ਹੁਣ ਤੱਕ ਕਰੋਨਾ ਵਾਇਰਸ ਦੀ ਲਪੇਟ ਵਿਚ ਆ ਚੁੱਕੇ ਹਨ। ਇਕ ਸਰਕਾਰੀ ਬਿਆਨ ਮੁਤਾਬਕ ਸੀਨੀਅਰ ਪੁਲਿਸ ਅਧਿਕਾਰੀ ਕੋਵਿਡ-19 ਤੋਂ ਪੀੜਤ ਮੁਲਾਜ਼ਮਾਂ ਦਾ ਲਗਾਤਾਰ ਹੌਸਲਾ ਵਧਾ ਰਹੇ ਹਨ ਤਾਂ ਕਿ ਉਹ ਵਾਇਰਸ ਨਾਲ ਦ੍ਰਿੜ੍ਹ ਇਰਾਦੇ ਨਾਲ ਨਜਿੱਠ ਸਕਣ। ਹੁਣ ਤੱਕ ਕੁੱਲ 3803 ਮੁਲਾਜ਼ਮਾਂ ਨੂੰ ਕਰੋਨਾ ਵਾਇਰਸ ਹੋਇਆ ਹੈ, ਵੀਹ ਦੀ ਮੌਤ ਹੋ ਚੁੱਕੀ ਹੈ ਜਦਕਿ 2186 ਜਣੇ ਤੰਦਰੁਸਤ ਹੋ ਚੁੱਕੇ ਹਨ। ਇਸ ਵੇਲੇ 1597 ਮੁਲਾਜ਼ਮ ਇਲਾਜ ਕਰਵਾ ਰਹੇ ਹਨ। ਮੈਡੀਕਲ ਪਿਛੋਕੜ ਵਾਲੇ ਕੁਝ ਸੀਨੀਅਰ ਪੁਲਿਸ ਅਧਿਕਾਰੀ ਉਨ੍ਹਾਂ ਨੂੰ ਸਲਾਹ ਤੇ ਸੇਧ ਦੇ ਰਹੇ ਹਨ। ਠੀਕ ਹੋਣ ਵਾਲੇ 20 ਤੋਂ ਵੱਧ ਪੁਲਿਸ ਮੁਲਾਜ਼ਮਾਂ ਨੇ ਪਲਾਜ਼ਮਾ ਵੀ ਦਾਨ ਕੀਤਾ ਹੈ।

## ਸਰਕਾਰ ਮੈਡੀਕਲ ਸਹੂਲਤਾਂ 'ਚ ਸੁਧਾਰ ਕਰੇ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਸਰਕਾਰ ਨੂੰ ਆਖਿਆ ਕਿ ਬਜਾਏ ਲੋਕਾਂ ਨੂੰ ਦੇਰ ਨਾਲ ਹਸਪਤਾਲਾਂ ਵਿਚ ਰਿਪੋਰਟ ਕਰਨ ਦਾ ਦੋਸ਼ੀ ਠਹਿਰਾਉਣ ਦੇ, ਉਹ ਆਪਣੇ ਕੰਮਕਾਜ ਨੂੰ ਦਰੁਸਤ ਕਰੇ ਅਤੇ ਨਾਜ਼ੁਕ ਸੰਭਾਲ ਕੇਂਦਰਾਂ 'ਚ ਬੁਨਿਆਦੀ ਢਾਂਚੇ ਅਤੇ ਮੈਡੀਕਲ ਸਹੂਲਤਾਂ ਵਿਚ ਸੁਧਾਰ ਉਤੇ ਜ਼ੋਰ ਦੇਵੇ। ਪਾਰਟੀ ਨੇ ਕਿਹਾ ਕਿ ਮੌਤ ਦਰ ਦੇ ਅੰਕੜੇ ਦੱਸਦੇ ਹਨ ਕਿ ਸੂਬੇ 'ਚ ਸਿਹਤ ਪ੍ਰਣਾਲੀ ਤਕਰੀਬਨ ਢਹਿ ਢੇਰੀ ਹੋ ਚੁੱਕੀ ਹੈ। ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਸੂਬੇ 'ਚ ਮੌਤ ਦਰ 2.6 ਫੀਸਦੀ ਹੈ ਜੋ ਕਿ ਦੇਸ਼ 'ਚ ਤੀਜੀ ਸਭ ਤੋਂ ਵੱਧ ਹੈ।

# ਕਰੋਨਾ ਮਹਾਮਾਰੀ ਨੇ ਲਾਇਆ ਪੰਜਾਬ ਦੇ ਖਜਾਨੇ ਨੂੰ ਮੋਟਾ ਰਗੜਾ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਨੇ ਪੰਜਾਬ ਸਰਕਾਰ ਦੇ ਖਜ਼ਾਨੇ ਨੂੰ ਮੋਟਾ ਰਗੜਾ ਲਾਇਆ ਹੈ। ਪੰਜਾਬ ਵਿਚ ਅਗਸਤ 2020 ਮਹੀਨੇ ਦੌਰਾਨ ਕੁੱਲ ਜੀ.ਐਸ.ਟੀ. ਮਾਲੀਏ ਵਿਚ 2.64 ਗਿਰਾਵਟ ਦਰਜ ਕੀਤੀ ਗਈ ਹੈ। ਇਹ ਮਾਲੀਆ 987.20 ਕਰੋੜ ਰੁਪਏ ਰਿਹਾ ਜਦੋਂ ਕਿ ਪਿਛਲੇ ਸਾਲ ਇਸੇ ਮਹੀਨੇ ਦਾ ਕੁੱਲ ਜੀ.ਐਸ.ਟੀ. ਮਾਲੀਆ 1014.03 ਕਰੋੜ ਸੀ। ਇਸ ਸਾਲ 2.64 ਫੀਸਦੀ ਦੀ ਗਿਰਾਵਟ ਨੂੰ ਦਰਸਾਉਂਦਾ ਹੈ।

ਦੱਸਣਯੋਗ ਹੈ ਕਿ ਕੋਵਿਡ-19 ਕਾਰਨ ਕਰਦਾਤਿਆਂ ਨੂੰ ਪਿਛਲੇ ਮਹੀਨਿਆਂ ਦੀ ਰਿਟਰਨ ਭਰਨ ਲਈ ਰਾਹਤ ਦਿੱਤੀ ਗਈ ਸੀ ਅਤੇ ਪਿਛਲੇ ਸਾਲ 5 ਕਰੋੜ ਤੋਂ ਘੱਟ ਟਰਨ ਓਵਰ ਵਾਲੇ ਕਰਦਾਤਾਵਾਂ ਨੂੰ ਸਤੰਬਰ 2020 ਤੱਕ ਰਿਟਰਨ ਭਰਨ ਵਿਚ ਢਿੱਲ ਦਿੱਤੀ ਗਈ ਹੈ। ਪੰਜਾਬ ਦੇ ਕਰ ਕਮਿਸ਼ਨਰ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਅਪਰੈਲ ਤੋਂ ਅਗਸਤ 2020 ਦੌਰਾਨ ਪੰਜਾਬ ਦਾ ਕੁੱਲ ਜੀ.ਐਸ.ਟੀ. ਮਾਲੀਆ 3630.48 ਕਰੋੜ ਰੁਪਏ ਸੀ ਜਦੋਂ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਕੁੱਲ ਜੀ.ਐਸ.ਟੀ. ਮਾਲੀਆ 5266.06 ਕਰੋੜ ਰੁਪਏ ਸੀ। ਇਸੇ ਤਰ੍ਹਾਂ 31.05 ਫੀਸਦੀ ਗਿਰਾਵਟ ਦਰਜ ਕੀਤੀ



ਗਈ ਹੈ। ਅਗਸਤ 2020 ਦੇ ਮਹੀਨੇ ਸੁਰੱਖਿਅਤ ਮਾਲੀਆ 2403 ਕਰੋੜ ਹੈ, ਜਿਸ ਵਿਚੋਂ ਪੰਜਾਬ ਸੂਬੇ ਨੇ 987.20 ਕਰੋੜ ਰੁਪਏ ਪ੍ਰਾਪਤ ਕੀਤੇ ਹਨ, ਜੋ ਕੁੱਲ ਸੁਰੱਖਿਅਤ ਮਾਲੀਏ ਦਾ 41.08 ਫੀਸਦੀ ਬਣਦਾ ਹੈ। ਇਸੇ ਤਰ੍ਹਾਂ ਅਗਸਤ 2020 ਦੇ ਮਹੀਨੇ ਲਈ ਬਕਾਇਆ ਮੁਆਵਜ਼ੇ ਦੀ ਰਕਮ 1415.8 ਕਰੋੜ ਹੈ ਜੋ ਹਾਲੇ ਤੱਕ ਪ੍ਰਾਪਤ ਨਹੀਂ ਹੋਈ। ਇਸੇ ਤਰ੍ਹਾਂ ਅਪਰੈਲ ਤੋਂ ਜੁਲਾਈ 2020 ਦੇ ਸਮੇਂ ਦੌਰਾਨ ਮੁਆਵਜ਼ੇ ਦੀ ਰਕਮ 6965 ਕਰੋੜ ਰੁਪਏ ਹੈ, ਜੋ ਅਜੇ ਤੱਕ ਪ੍ਰਾਪਤ ਨਹੀਂ ਹੋਈ ਹੈ। ਉਨ੍ਹਾਂ ਦੱਸਿਆ ਕਿ ਅਗਸਤ 2020 ਦੇ ਮਹੀਨੇ ਦੌਰਾਨ ਰਾਸ਼ਟਰੀ ਕੁੱਲ ਜੀ.ਐਸ.ਟੀ. ਮਾਲੀਆ ਪਿਛਲੇ ਸਾਲ ਦੇ ਇਸੇ ਮਹੀਨੇ ਦੇ ਇਕੱਤਰ ਹੋਏ ਜੀ.ਐਸ.ਟੀ. ਮਾਲੀਏ ਦਾ 88 ਫੀਸਦੀ ਹੈ।

ਇਸ ਤੋਂ ਇਲਾਵਾ ਦਰਾਮਦ ਵਸਤਾਂ ਤੇ ਘਰੇਲੂ ਲੈਣ-ਦੇਣ ਤੋਂ ਕੁੱਲ ਰਾਸ਼ਟਰੀ ਜੀ.ਐਸ.ਟੀ. ਮਾਲੀਆ ਪਿਛਲੇ ਸਾਲ ਇਸੇ ਮਹੀਨੇ ਦੇ ਅੰਕੜਿਆਂ ਦਾ ਕ੍ਰਮਵਾਰ 77 ਫੀਸਦੀ ਤੇ 92 ਫੀਸਦੀ ਰਿਹਾ ਹੈ। ਅਗਸਤ 2020 ਦੇ ਮਹੀਨੇ ਵਿਚ ਵੈਟ ਅਤੇ ਸੀ.ਐਸ.ਟੀ. ਦੀ ਕੁਲੈਕਸ਼ਨ 539.44 ਕਰੋੜ ਹੈ, ਜਦੋਂ ਕਿ ਅਗਸਤ 2019 ਦੇ ਮਹੀਨੇ ਲਈ ਇਹ ਕੁਲੈਕਸ਼ਨ 394.14 ਕਰੋੜ ਸੀ। ਅਗਸਤ ਮਹੀਨੇ ਦਾ ਮਾਲੀਆ ਪਿਛਲੇ ਸਾਲ ਦੇ ਇਸੇ ਮਹੀਨੇ ਵਿਚ ਵੈਟ ਅਤੇ ਸੀ.ਐਸ.ਟੀ. ਮਾਲੀਏ ਨਾਲੋਂ 26.78 ਫੀਸਦੀ ਵੱਧ ਹੈ। ਅਪਰੈਲ ਤੋਂ ਅਗਸਤ 2020 ਲਈ ਵੈਟ ਅਤੇ ਸੀ.ਐਸ.ਟੀ. ਕੁੱਲ ਮਾਲੀਆ 2032.75 ਕਰੋੜ ਰਿਹਾ ਹੈ ਜੋ ਪਿਛਲੇ ਸਾਲ ਦੇ ਇਸੇ ਪੀਰੀਅਡ ਲਈ 2397.15 ਕਰੋੜ ਸੀ, ਜੋ ਕਿ 15.20 ਫੀਸਦੀ ਦੀ ਗਿਰਾਵਟ ਨੂੰ ਦਰਸਾਉਂਦਾ ਹੈ।

# ਕਰੋਨਾ: ਪੰਜਾਬ ਤੇ ਚੰਡੀਗੜ੍ਹ 'ਚ ਕੇਂਦਰੀ ਟੀਮਾਂ ਦੀ ਤਾਇਨਾਤੀ

**ਚੰਡੀਗੜ੍ਹ:** ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਨੇ ਪੰਜਾਬ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ 'ਚ ਕੋਵਿਡ ਕੇਸਾਂ ਦਾ ਅੰਕੜਾ ਅਤੇ ਮੌਤ ਦਰ ਦੀ ਵੰਗਾਰ ਨੂੰ ਦੇਖਦੇ ਹੋਏ ਕੇਂਦਰੀ ਟੀਮਾਂ ਭੇਜਣ ਦਾ ਫੈਸਲਾ ਕੀਤਾ ਹੈ, ਜੋ ਅਗਲੇ ਦਸ ਦਿਨ ਤੱਕ ਕੋਵਿਡ ਦੀ ਚੁਣੌਤੀ ਨਾਲ ਨਜਿੱਠਣ ਲਈ ਸੂਬਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਦਾ ਮਾਰਗ ਦਰਸ਼ਨ ਕਰਨਗੀਆਂ। ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਨੂੰ ਖਦਸ਼ਾ ਹੈ ਕਿ ਪੰਜਾਬ ਤੇ ਚੰਡੀਗੜ੍ਹ ਵਿਚ ਕੋਵਿਡ ਕੇਸਾਂ ਦੀ ਮੌਜੂਦਾ ਰਫ਼ਤਾਰ ਤੇ ਮੌਤਾਂ ਦੀ ਗਿਣਤੀ ਨੂੰ ਦੇਖਦੇ ਹੋਏ ਸਥਿਤੀ ਵਿਗੜ ਸਕਦੀ ਹੈ ਜਿਸ ਦੇ ਮੱਦੇਨਜ਼ਰ ਕੇਂਦਰੀ ਟੀਮਾਂ ਦੀ ਤਾਇਨਾਤੀ ਦਾ ਫੈਸਲਾ ਕੀਤਾ ਗਿਆ ਹੈ। ਕੇਂਦਰੀ ਟੀਮਾਂ ਕੋਵਿਡ-19 ਕਾਰਨ ਮੌਤ ਦਰ ਘਟਾਉਣ ਅਤੇ ਜਾਨਾਂ ਬਚਾਉਣ ਲਈ ਕੁਸ਼ਲ ਪ੍ਰਬੰਧ, ਕੰਟੇਨਮੈਂਟ ਅਤੇ ਨਿਗਰਾਨੀ ਲਈ ਚੁੱਕੇ ਜਾ ਰਹੇ ਕਦਮਾਂ ਦੀ ਸਮੀਖਿਆ ਵਿਚ ਰਾਜ ਸਰਕਾਰ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ ਦੀ ਮਦਦ ਕਰਨਗੀਆਂ। ਕੇਂਦਰੀ ਟੀਮ ਵਿਚ ਪੀ.ਜੀ.ਆਈ. ਚੰਡੀਗੜ੍ਹ ਦੇ ਕਮਿਊਨਿਟੀ ਮੈਡੀਸਨ ਮਾਹਿਰ ਅਤੇ ਐਨ.ਸੀ.ਡੀ.ਸੀ. ਦਾ ਇਕ ਮਹਾਮਾਰੀ ਰੋਗ ਮਾਹਿਰ ਸ਼ਾਮਲ ਕੀਤੇ ਗਏ ਹਨ।

ਦੱਸਣਯੋਗ ਹੈ ਕਿ ਕੇਂਦਰ ਸਰਕਾਰ ਕੋਵਿਡ ਮਹਾਮਾਰੀ ਦੌਰਾਨ ਬਹੁ-ਖੇਤਰੀ ਟੀਮਾਂ ਭੇਜ ਕੇ ਉਨ੍ਹਾਂ ਸੂਬਿਆਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਦੀ ਮਦਦ ਕਰ ਰਿਹਾ ਹੈ ਜਿਥੇ ਕੋਵਿਡ ਕੇਸਾਂ ਦੀ ਗਿਣਤੀ ਵਿਚ ਇਕਦਮ ਵਾਧਾ ਹੋਇਆ ਹੈ ਅਤੇ ਮੌਤ ਦਰ ਉਚੀ ਹੈ।

ਦੂਸਰੇ ਸੂਬਿਆਂ ਵਿਚ ਵੀ ਕੇਂਦਰੀ ਟੀਮਾਂ ਵਲੋਂ ਦੌਰੇ ਕੀਤੇ ਗਏ ਹਨ। ਕੇਂਦਰੀ ਟੀਮ ਵਲੋਂ ਪੰਜਾਬ ਤੇ ਚੰਡੀਗੜ੍ਹ ਵਿਚ ਬੀਮਾਰੀ ਦਾ ਸਮੇਂ ਸਿਰ ਪਤਾ ਲਗਾਉਣ ਲਈ ਮਾਹਰਾਂ ਦੀ ਰਾਇ ਦਿੱਤੀ ਜਾਵੇਗੀ। ਕੇਂਦਰੀ ਟੀਮ ਵਲੋਂ ਵੱਧ ਮੌਤਾਂ ਵਾਲੇ ਜ਼ਿਲ੍ਹਿਆਂ ਉਤੇ ਵਿਸ਼ੇਸ਼ ਨਜ਼ਰ ਰੱਖੀ ਜਾਵੇਗੀ। ਕੇਂਦਰੀ ਸਿਹਤ ਮੰਤਰਾਲੇ ਨੇ ਸੂਬਿਆਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਨੂੰ ਆਖਿਆ ਹੈ ਕਿ ਉਹ ਕੋਵਿਡ ਬਿਮਾਰੀ ਦੀ ਚੇਨ ਤੋੜਨ ਲਈ ਟੈਸਟਿੰਗ ਤੇਜ਼ ਕਰਨ ਅਤੇ ਮੌਤ ਦਰ ਨੂੰ ਘਟਾਉਣ ਲਈ ਵਿਆਪਕ ਤੌਰ ਤੇ ਵਧੇਰੇ ਸਰਗਰਮ ਤੇ ਅਜਿਹੇ ਉਪਰਾਲੇ ਕਰਨ ਜਿਨ੍ਹਾਂ ਨਾਲ ਮੌਤ ਦਰ ਇਕ ਫੀਸਦੀ ਤੋਂ ਥੱਲੇ ਲਿਆਂਦੀ ਜਾ ਸਕੇ।

## ਹੁਣ ਡਾਕਟਰ ਦੀ ਪਰਚੀ ਤੋਂ ਬਗੈਰ ਹੋ ਸਕੇਗਾ ਕਰੋਨਾ ਟੈਸਟ

**ਨਵੀਂ ਦਿੱਲੀ:** ਡਾਕਟਰੀ ਖੋਜ ਬਾਰੇ ਭਾਰਤੀ ਕਾਸਲ (ਆਈ.ਸੀ.ਐਮ.ਆਰ.) ਨੇ ਕੋਵਿਡ ਟੈਸਟਾਂ ਲਈ ਨਵੀਆਂ ਸੇਧਾਂ ਜਾਰੀ ਕਰਦਿਆਂ 'ਮੰਗ ਉਤੇ ਕੋਵਿਡ ਟੈਸਟ' ਕਰਵਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਨਵੀਆਂ ਸੇਧਾਂ ਮੁਤਾਬਕ ਜੇਕਰ ਕਿਸੇ ਨੂੰ ਕਰੋਨਾ ਵਾਇਰਸ ਹੋਣ ਦੀ ਸ਼ੰਕਾ ਹੈ ਤਾਂ ਉਹ ਡਾਕਟਰ ਦੀ ਪਰਚੀ ਜਾਂ ਸਿਫਾਰਸ਼ ਤੋਂ ਬਿਨਾਂ ਵੀ ਕਰੋਨਾ ਟੈਸਟ ਕਰਵਾ ਸਕਦਾ ਹੈ। ਆਈ.ਸੀ.ਐਮ.ਆਰ. ਵਲੋਂ ਇਹ ਸੇਧਾਂ ਉਸ ਵੇਲੇ ਆਈਆਂ ਹਨ ਜਦੋਂ ਦੇਸ਼ 'ਚ ਕਰੋਨਾ ਮਾਮਲਿਆਂ ਦੀ ਗਿਣਤੀ 45 ਲੱਖ ਨੇੜੇ ਪੁੱਜੀ ਹੈ।

# ਕਰੋਨਾ ਅਸਰ: ਪੰਜਾਬ 'ਚ ਡਾਕਟਰਾਂ ਦੀ ਸੇਵਾਮੁਕਤੀ 31 ਦਸੰਬਰ ਤੱਕ ਟਾਲੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਕੋਵਿਡ ਮਹਾਮਾਰੀ ਨਾਲ ਮੌਤ ਦਰ 'ਚ ਵਾਧੇ ਦੀ ਚੁਣੌਤੀ ਦੇ ਮੱਦੇਨਜ਼ਰ 60 ਸਾਲ ਤੋਂ ਘੱਟ ਉਮਰ ਦੇ ਸਾਰੇ ਸੇਵਾਮੁਕਤ ਹੋ ਰਹੇ ਡਾਕਟਰਾਂ ਅਤੇ ਮਾਹਿਰਾਂ ਨੂੰ ਤਿੰਨ ਮਹੀਨੇ ਦਾ ਨੌਕਰੀ 'ਚ ਵਾਧਾ ਦੇਣ ਦਾ ਫੈਸਲਾ ਕੀਤਾ ਹੈ। ਮਹਾਮਾਰੀ ਦੀ ਵੰਗਾਰ ਨਾਲ ਨਜਿੱਠਣ ਲਈ ਟੈਕਨੀਸ਼ੀਅਨਾਂ ਅਤੇ ਲੈਬ ਅਸਿਸਟੈਂਟਾਂ ਦੀ ਭਰਤੀ ਪ੍ਰਕਿਰਿਆ ਤੇਜ਼ ਕਰਨ ਦੀ ਹਦਾਇਤ ਵੀ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕੋਵਿਡ ਸਮੀਖਿਆ ਮੀਟਿੰਗ ਵਿਚ ਬਾਕੀ ਫੈਸਲਿਆਂ ਤੋਂ ਇਲਾਵਾ ਘਰਾਂ ਵਿਚ ਇਕਾਂਤਵਾਸ ਹੋਏ ਗਰੀਬ ਮਰੀਜ਼ਾਂ ਨੂੰ ਖਾਣੇ ਦੇ ਪੈਕਟ ਦੇਣ ਦੀ ਹਦਾਇਤ ਕੀਤੀ ਹੈ। ਦੱਸਣਯੋਗ ਹੈ ਕਿ ਸੇਵਾਮੁਕਤੀ ਵਾਲੇ ਡਾਕਟਰਾਂ ਤੇ ਮਾਹਿਰਾਂ ਨੂੰ ਪਹਿਲਾਂ ਕੈਬਨਿਟ ਨੇ 30 ਸਤੰਬਰ ਤੱਕ ਵਾਧਾ ਦਿੱਤਾ ਜਿਸ ਨੂੰ ਮੁੱਖ ਮੰਤਰੀ ਨੇ ਹੁਣ 31 ਦਸੰਬਰ, 2020 ਤੱਕ ਵਧਾ



ਦਿੱਤਾ ਹੈ।

ਵਰਚੁਅਲ ਕੋਵਿਡ ਸਮੀਖਿਆ 'ਚ ਮੁੱਖ ਮੰਤਰੀ ਨੇ ਕਿਹਾ ਕਿ ਮੈਡੀਕਲ ਸਿੱਖਿਆ ਵਿਭਾਗ ਦੁਆਰਾ ਭਰਤੀ ਦੀ ਪ੍ਰਕਿਰਿਆ ਹਾਲੇ ਬਾਕੀ ਹੈ। ਵਿੱਤ ਵਿਭਾਗ ਦੁਆਰਾ ਵਿਸ਼ੇਸ਼ ਛੋਟ ਦਿੱਤੀ ਗਈ ਹੈ ਤਾਂ ਜੋ ਇਹ ਕਾਲਜ ਹੋਰਨਾਂ ਮਨੁੱਖੀ ਵਸੀਲਿਆਂ ਤੋਂ ਸੇਵਾਵਾਂ ਲੈ ਸਕਣ। ਮੀਟਿੰਗ ਵਿਚ ਡਿਪਟੀ ਕਮਿਸ਼ਨਰਾਂ ਤਹਿਤ ਕਮੇਟੀਆਂ ਦੇ ਗਠਨ ਦੇ ਵੀ ਨਿਰਦੇਸ਼ ਦਿੱਤੇ ਗਏ ਤਾਂ ਜੋ ਘਰੇਲੂ ਇਕਾਂਤਵਾਸ/ਕੁਆਰੰਟੀਨ ਵਿਚਲੇ ਗਰੀਬ ਪਰਿਵਾਰਾਂ ਨੂੰ ਖਾਣੇ ਦੇ ਪੈਕਟਾਂ ਦੀ ਵੰਡ ਕੀਤੀ ਜਾ ਸਕੇ। ਇਨ੍ਹਾਂ ਪਰਿਵਾਰਾਂ ਨੂੰ ਜਾਂਚ ਕਰਵਾਉਣ ਲਈ ਉਤਸ਼ਾਹਿਤ ਕਰਨ ਲਈ ਆਖਿਆ ਗਿਆ ਹੈ। ਹਸਪਤਾਲਾਂ ਵਿਚ ਇਕਾਂਤਵਾਸ ਕੀਤੇ ਗੰਭੀਰ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀਆਂ ਮਾਨਸਿਕ ਤਕਲੀਫਾਂ ਨੂੰ ਦੂਰ ਕਰਨ ਲਈ ਵਿਸ਼ੇਸ਼ ਉਪਕਰਣ ਉਪਲਬਧ ਕਰਵਾਏ ਜਾਣਗੇ ਤਾਂ ਜੋ ਮਰੀਜ਼ਾਂ ਅਤੇ ਅਟੈਂਡੈਂਟਾਂ ਦਰਮਿਆਨ ਵੀਡੀਓ ਕਾਲ ਰਾਹੀਂ ਗੱਲਬਾਤ ਯਕੀਨੀ ਬਣਾਈ ਜਾ ਸਕੇ।

## ਅਫਵਾਹਾਂ ਫੈਲਾਉਣ ਵਾਲੇ ਚੈਨਲਾਂ ਖਿਲਾਫ ਕਾਰਵਾਈ ਦੇ ਹੁਕਮ

ਮੁੱਖ ਮੰਤਰੀ ਨੇ ਡੀ.ਜੀ.ਪੀ ਦਿਨਕਰ ਗੁਪਤਾ ਨੂੰ ਨਿਰਦੇਸ਼ ਦਿੱਤੇ ਹਨ ਕਿ ਮਹਾਮਾਰੀ ਬਾਰੇ ਲੋਕਾਂ ਵਿਚ ਅਫਵਾਹਾਂ ਫੈਲਾਉਣ ਅਤੇ ਕੋਵਿਡ ਬਾਰੇ ਝੂਠਾ ਪ੍ਰਚਾਰ ਕਰਨ ਵਾਲੇ ਵੈੱਬ ਚੈਨਲਾਂ ਉਤੇ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਸਰਗਰਮ ਭਾਰਤ ਵਿਰੋਧੀ ਤੱਤਾਂ ਵਲੋਂ ਦਿੱਤੇ ਜਾਂਦੇ ਬਿਆਨਾਂ ਦੀ ਵੀ ਨਿਗਰਾਨੀ ਕੀਤੀ ਜਾਵੇ ਅਤੇ ਅਜਿਹੇ ਲੋਕਾਂ ਖਿਲਾਫ ਕੇਸ ਦਰਜ ਕੀਤੇ ਜਾਣ। ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਅਜਿਹੇ ਤੱਤਾਂ 'ਤੇ ਭਾਰਤ ਵਿਚ ਪਾਬੰਦੀ ਲਗਾਉਣ ਦੀ ਪ੍ਰਕਿਰਿਆ ਵੀ ਅਮਲ ਵਿੱਚ ਲਿਆਂਦੀ ਜਾਵੇ।

ਮੁੱਖ ਮੰਤਰੀ ਨੇ ਸਮੂਹ ਸਰਕਾਰੀ ਲੈਬਾਂ ਨੂੰ ਆਰ.ਟੀ.-ਪੀ.ਸੀ.ਆਰ. ਦਾ ਸਾਈਕਲ ਥਰੈਸ਼ਹੋਲਡ (ਸੀ.ਟੀ.) ਮੁੱਲ ਮੁਹੱਈਆ ਕਰਵਾਉਣਾ ਸ਼ੁਰੂ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ ਹਨ। 40 ਸਾਲ ਦੇ ਘਰੇਲੂ ਇਕਾਂਤਵਾਸ ਵਾਲੇ ਮਰੀਜ਼ਾਂ ਦੀ ਨਿਯਮਿਤ ਰੂਪ ਨਾਲ ਨਿਗਰਾਨੀ ਲਈ ਸਿਹਤ ਵਿਭਾਗ ਨੂੰ ਇਕ ਅਜਿਹੀ ਪ੍ਰਣਾਲੀ ਅਮਲ ਵਿਚ ਲਿਆਉਣ ਲਈ ਕਿਹਾ ਹੈ ਜਿਸ ਨਾਲ ਅਜਿਹੇ ਮਰੀਜ਼ਾਂ ਦੇ ਇਲਾਜ ਉਤੇ ਨਿਗਰਾਨੀ ਰੱਖੀ ਜਾ ਸਕੇ ਅਤੇ ਅਚਾਨਕ ਹਾਲਤ ਵਿਗੜਨ ਦੀ ਸਥਿਤੀ ਤੋਂ ਬਚਿਆ ਜਾ ਸਕੇ। ਮੁੱਖ ਮੰਤਰੀ ਨੇ ਵਿਭਾਗਾਂ ਨੂੰ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਪਹਿਲੇ ਲੱਛਣ ਦਿੱਸਣ ਮੌਕੇ ਹੀ ਜਾਂਚ ਕਰਵਾਉਣ ਹਿੱਤ ਪ੍ਰੇਰਿਤ ਕਰਨ ਲਈ ਵੀ ਕਿਹਾ।

# ਬਿਜਲੀ ਸਮਝੌਤੇ: ਸਰਕਾਰ ਦੀ ਨਾਲਾਇਕੀ ਦਾ ਖਮਿਆਜ਼ਾ ਹੁਣ ਲੋਕ ਭੁਗਤਣਗੇ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਬਿਜਲੀ ਸਮਝੌਤਿਆਂ ਉਤੇ ਨਜ਼ਰਸਾਨੀ ਵਿਚ ਢਿੱਲ ਮੱਠ ਦਾ ਖਮਿਆਜ਼ਾ ਪੰਜਾਬ ਦੇ ਖਪਤਕਾਰ ਭੁਗਤਣਗੇ। ਪੰਜਾਬ ਦੇ ਪ੍ਰਾਈਵੇਟ ਥਰਮਲਾਂ ਦੇ ਪ੍ਰਦੂਸ਼ਣ ਸੁਧਾਰ ਲਈ ਤਕਰੀਬਨ ਅੱਠ ਹਜ਼ਾਰ ਕਰੋੜ ਦਾ ਬੋਝ ਵੀ ਹੁਣ ਪਾਵਰਕੌਮ ਚੁੱਕੇਗਾ ਜਿਸ ਨਾਲ ਪੰਜਾਬ 'ਚ ਬਿਜਲੀ ਹੋਰ ਮਹਿੰਗੀ ਹੋਵੇਗੀ।

ਪ੍ਰਾਈਵੇਟ ਥਰਮਲਾਂ ਦੇ ਪੁਰਾਣੇ ਬੋਝ ਨਾਲ ਹੀ ਖਪਤਕਾਰ ਝੰਬੇ ਪਏ ਸਨ। ਉਪਰੋਂ ਹੁਣ ਕੇਂਦਰੀ ਇਲੈਕਟ੍ਰੀਸਿਟੀ ਐਪੀਲਾਂਟ ਟ੍ਰਿਬਿਊਨਲ ਦਾ ਫੈਸਲਾ ਪ੍ਰਾਈਵੇਟ ਥਰਮਲਾਂ ਦੇ ਹੱਕ ਵਿਚ ਆ ਗਿਆ ਹੈ। ਕੇਂਦਰੀ ਟ੍ਰਿਬਿਊਨਲ 'ਚ 28 ਅਗਸਤ ਨੂੰ ਪ੍ਰਾਈਵੇਟ ਥਰਮਲ ਕੇਸ ਜਿੱਤ ਗਏ ਹਨ ਅਤੇ ਨਵੇਂ ਫੈਸਲੇ ਅਨੁਸਾਰ ਹੁਣ ਤਲਵੰਡੀ ਸਾਬੋ ਅਤੇ ਰਾਜਪੁਰਾ ਥਰਮਲ ਵਿਚ ਪ੍ਰਦੂਸ਼ਣ ਸੁਧਾਰ ਲਈ ਫਲੂ ਗੈਸ ਡੀਸਲਫਰਾਈਜੇਸ਼ਨ (ਐਫ.ਜੀ.ਡੀ.) ਉਪਕਰਨ ਲਾਉਣ ਦਾ ਸਾਰਾ ਖਰਚਾ ਪਾਵਰਕੌਮ ਚੁੱਕੇਗਾ। ਕੇਂਦਰੀ ਟ੍ਰਿਬਿਊਨਲ ਨੇ ਪਟੀਸ਼ਨ ਨੰਬਰ 21 ਆਫ 2019 ਉਤੇ ਨਵਾਂ ਫੈਸਲਾ ਸੁਣਾ ਦਿੱਤਾ ਹੈ ਜਿਸ ਅਨੁਸਾਰ 'ਤਲਵੰਡੀ ਸਾਬੋ ਪਾਵਰ ਲਿਮਟਿਡ' ਨੂੰ 3157 ਕਰੋੜ ਅਤੇ 'ਨਾਭਾ ਪਾਵਰ ਲਿਮਟਿਡ' ਨੂੰ 4574 ਕਰੋੜ (ਕੁੱਲ 7731 ਕਰੋੜ) ਰੁਪਏ ਐਫ.ਜੀ.ਡੀ. ਲਾਉਣ ਵਾਸਤੇ ਦੇਣੇ ਪੈਣਗੇ।

ਪਹਿਲਾਂ ਇਹ ਦੋਵੇਂ ਪ੍ਰਾਈਵੇਟ ਥਰਮਲ ਪਲਾਂਟ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵਿਚੋਂ 21 ਦਸੰਬਰ 2018 ਅਤੇ 9 ਜਨਵਰੀ 2019 ਨੂੰ ਇਹ ਕੇਸ ਹਾਰ ਗਏ ਸਨ। ਦੋਵੇਂ



ਪ੍ਰਾਈਵੇਟ ਥਰਮਲਾਂ ਤਰਫੋਂ ਰੈਗੂਲੇਟਰੀ ਦੇ ਫੈਸਲੇ ਖਿਲਾਫ ਕੇਂਦਰੀ ਇਲੈਕਟ੍ਰੀਸਿਟੀ ਐਪੀਲਾਂਟ ਟ੍ਰਿਬਿਊਨਲ ਕੋਲ ਅਪੀਲ ਦਾਇਰ ਕੀਤੀ ਗਈ ਸੀ ਜਿਸ ਦਾ ਹੁਣ ਫੈਸਲਾ ਆਇਆ ਹੈ। ਵੇਰਵਿਆਂ ਅਨੁਸਾਰ ਪ੍ਰਾਈਵੇਟ ਥਰਮਲਾਂ ਨੇ ਬਿਜਲੀ ਸਮਝੌਤਿਆਂ ਅਤੇ ਟੈਂਡਰਾਂ ਵਿਚਲੀਆਂ ਚੋਰ-ਮੋਰੀਆਂ ਦਾ ਲਾਹਾ ਲਿਆ ਹੈ ਜਿਸ ਦੇ ਸਿੱਟੇ ਵਜੋਂ ਇਨ੍ਹਾਂ ਥਰਮਲਾਂ ਵਿਚ ਐਫ.ਜੀ.ਡੀ. ਲਾਉਣ ਦਾ ਸਾਰਾ ਖਰਚਾ ਪਾਵਰਕੌਮ ਨੂੰ ਚੁੱਕਣਾ ਪਵੇਗਾ। ਪਾਵਰਕੌਮ ਵੀਹ ਵਰ੍ਹਿਆਂ ਵਿਚ 7731 ਕਰੋੜ ਰੁਪਏ ਪ੍ਰਾਈਵੇਟ ਥਰਮਲਾਂ ਨੂੰ ਦੇਵੇਗਾ ਜਿਸ ਦੇ ਵਿਆਜ ਆਦਿ ਸਮੇਤ ਇਹ ਰਕਮ 10 ਹਜ਼ਾਰ ਕਰੋੜ ਪਾਰ ਕਰਨ ਦਾ ਅੰਦਾਜ਼ਾ ਹੈ।

ਸੂਤਰ ਆਖਦੇ ਹਨ ਕਿ ਬਿਜਲੀ ਸਮਝੌਤੇ ਸਰਕਾਰ ਰੱਦ ਕਰ ਦਿੰਦੀ ਤਾਂ ਘੱਟੋ ਘੱਟ ਹੁਣ ਨਵੇਂ ਮਾਲੀ ਬੋਝ ਤੋਂ ਸਰਕਾਰ ਬਚ ਸਕਦੀ ਸੀ। ਕੇਂਦਰੀ ਟ੍ਰਿਬਿਊਨਲ ਨੇ ਬਿਜਲੀ ਸਮਝੌਤਿਆਂ ਵਿਚ 'ਕਾਨੂੰਨ ਵਿਚ ਬਦਲਾਅ' ਦੀ ਮੱਦ ਦੇ ਅਧਾਰ 'ਤੇ ਇਹ ਫੈਸਲੇ ਸੁਣਾਏ ਹਨ। ਵੇਰਵਿਆਂ ਅਨੁਸਾਰ ਕੇਂਦਰ ਦੀ ਭਾਜਪਾ ਸਰਕਾਰ ਨੇ ਕੌਮਾਂਤਰੀ ਦਬਾਅ ਹੇਠ ਵਾਤਾਵਰਣ ਸ਼ੁੱਧਤਾ ਲਈ ਸਾਰੇ ਥਰਮਲਾਂ 'ਤੇ ਐਫ.ਜੀ.ਡੀ. ਸਿਸਟਮ ਲਾਉਣ ਦਾ ਸਮਝੌਤਾ ਕੀਤਾ ਹੈ। ਐਫ.ਜੀ.ਡੀ. ਉਪਕਰਨ ਵਿਦੇਸ਼ਾਂ ਵਿਚ ਬਣਦੇ ਹਨ ਜਿਸ ਕਰਕੇ ਵਿਦੇਸ਼ੀ ਕੰਪਨੀਆਂ ਨੂੰ ਉਪਕਰਨ ਵੇਚਣ ਦਾ ਮੌਕਾ ਵੀ ਮਿਲੇਗਾ। ਐਫ.ਜੀ.ਡੀ. ਸਿਸਟਮ ਨਾਲ ਥਰਮਲਾਂ ਦੀਆਂ ਚਿਮਨੀਆਂ 'ਚੋਂ ਫਲੂ ਗੈਸਾਂ ਦੇ ਨਾਲ ਸਲਫਰ ਗੈਸ ਨਿਕਲਣ ਤੋਂ ਰੁਕਦੀ ਹੈ। ਬਿਜਲੀ ਮਾਹਿਰਾਂ ਅਨੁਸਾਰ ਭਾਰਤੀ ਕੋਲੇ ਵਿਚ ਤਾਂ ਸਲਫਰ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ ਜਦੋਂ ਕਿ ਵਿਦੇਸ਼ੀ ਕੋਲੇ ਵਿਚ ਇਹ ਮਾਤਰਾ ਜ਼ਿਆਦਾ ਹੁੰਦੀ ਹੈ। ਅਮਰੀਕਾ ਨੇ ਖੁਦ ਪੈਰਿਸ ਸਮਝੌਤੇ ਵਿਚ ਲਾਈ ਅਜਿਹੀ ਸ਼ਰਤ ਵਾਪਸ ਲਈ ਹੈ।

ਚਰਚੇ ਹਨ ਕਿ ਵਿਦੇਸ਼ੀ ਕੰਪਨੀਆਂ ਦੇ ਉਪਕਰਨ ਵੇਚਣ ਲਈ ਅਜਿਹਾ ਹੋ ਰਿਹਾ ਹੈ। ਕੇਂਦਰੀ ਇਲੈਕਟ੍ਰੀਸਿਟੀ ਅਥਾਰਿਟੀ ਨੇ ਇਸ ਸਿਸਟਮ ਨੂੰ ਲਾਉਣ ਦਾ ਖਰਚਾ ਪ੍ਰਤੀ ਮੈਗਾਵਾਟ 2.31 ਕਰੋੜ ਦੱਸਿਆ ਹੈ। ਕੇਂਦਰੀ ਵਾਤਾਵਰਣ ਮੰਤਰਾਲੇ ਨੇ ਦਿੱਲੀ ਦੇ 300 ਕਿਲੋਮੀਟਰ ਦੇ ਘੇਰੇ ਅੰਦਰ ਪੈਂਦੇ ਥਰਮਲਾਂ ਨੂੰ ਦਸੰਬਰ 2019 ਤੱਕ ਐਫ.ਜੀ.ਡੀ. ਲਾਉਣ ਦੇ ਹੁਕਮ ਕੀਤੇ ਸਨ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਤਾਂ ਪ੍ਰਾਈਵੇਟ ਤੇ ਪਾਵਰਕੌਮ ਦੇ ਥਰਮਲਾਂ ਨੂੰ ਨਿਯਮਾਂ ਦੀ ਸਮੇਂ ਸਿਰ ਪਾਲਣਾ ਨਾ ਕਰਨ ਕਰਕੇ ਜਰਮਾਨੇ ਵੀ ਪਾਏ ਹਨ। ਦੱਸਣਯੋਗ ਹੈ ਕਿ ਬਿਜਲੀ ਸਮਝੌਤੇ ਲੰਮੀ ਮਿਆਦ ਦੇ ਹਨ ਅਤੇ ਉਪਰੋਂ ਹੁਣ ਨਵੇਂ ਖਰਚੇ ਨੇ ਬਿਜਲੀ ਦਰਾਂ ਨੂੰ ਅਸਮਾਨੀ ਪਹੁੰਚਾ ਦੇਣਾ ਹੈ।

# ਪੁਲਿਸ ਦੀ 'ਚੌਕਸੀ' ਦੇ ਬਾਵਜੂਦ ਪੰਜਾਬ 'ਚ ਅਪਰਾਧ ਵਾਰਦਾਤਾਂ ਵਧੀਆਂ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਮਹਾਮਾਰੀ ਦੇ ਮੱਦੇਨਜ਼ਰ ਹਫਤਾਵਾਰੀ ਲੌਕਡਾਊਨ ਤੇ ਰਾਤ ਦੇ ਕਰਫਿਊ ਦੇ ਬਾਵਜੂਦ ਸੂਬੇ ਵਿਚ ਅਪਰਾਧਿਕ ਗਤੀਵਿਧੀਆਂ ਵਿਚ ਵਾਧਾ ਹੋ ਰਿਹਾ ਹੈ। ਪੁਲਿਸ ਦੀ ਚੌਕਸੀ ਦੇ ਬਾਵਜੂਦ ਕਤਲ, ਲੁੱਟ ਖੋਹ ਦੇ ਮਾਮਲਿਆਂ ਵਿਚ ਇਕਦਮ ਵਾਧਾ ਹੋਇਆ ਹੈ। ਇਕ ਹਫਤੇ ਵਿਚ ਹੀ ਸੂਬੇ ਵਿਚ 10 ਦੇ ਕਰੀਬ ਲੁੱਟ ਖੋਹ ਤੇ ਕਤਲ ਦੀਆਂ ਘਟਨਾਵਾਂ ਨੇ ਪੁਲਿਸ ਦੀ ਕਾਰਗੁਜਾਰੀ ਉਤੇ ਸਵਾਲ ਚੁੱਕੇ ਹਨ।

ਹੁਸ਼ਿਆਰਪੁਰ ਦੇ ਪਿੰਡ ਭਾਗੋਵਾਲ ਵਿਚ ਦੁਪਹਿਰੇ ਪੰਜਾਬ ਐਂਡ ਸਿੰਧ ਬੈਂਕ ਦੀ ਸ਼ਾਖਾ ਤੋਂ ਨਕਾਬਪੋਸ਼ ਲੁਟੇਰੇ 5.70 ਲੱਖ ਰੁਪਏ ਲੁੱਟ ਕੇ ਲੈ ਗਏ। ਲੁਟੇਰੇ ਦੋ ਮੋਟਰਸਾਈਕਲਾਂ 'ਤੇ ਆਏ ਅਤੇ 3-4 ਮਿੰਟ ਵਿਚ ਹੀ ਵਾਰਦਾਤ ਨੂੰ ਅੰਜਾਮ ਦੇ ਕੇ ਫਰਾਰ ਹੋ ਗਏ। ਘਟਨਾ ਵੇਲੇ ਬੈਂਕ ਵਿਚ ਕੋਈ ਸੁਰੱਖਿਆ ਗਾਰਡ ਨਹੀਂ ਸੀ। ਲੁਟੇਰੇ ਕਰੀਬ 2.35 ਵਜੇ ਬੈਂਕ ਅੰਦਰ ਦਾਖਲ ਹੋਏ ਅਤੇ ਸਟਾਫ ਨੂੰ ਹਥਿਆਰਾਂ ਦੀ ਨੋਕ 'ਤੇ ਲੈਂਦਿਆਂ ਕੈਸ਼ ਕਾਊਂਟਰ ਤੋਂ ਸਾਰੀ ਨਕਦੀ ਲਈ ਤੇ ਫਰਾਰ ਹੋ ਗਏ। ਇਸੇ ਤਰ੍ਹਾਂ ਪੰਜਾਬ ਦੇ ਗੁਰਦਾਸਪੁਰ ਵਿਚ ਤਿੰਨ ਵਿਅਕਤੀਆਂ ਵਲੋਂ ਬੰਦੂਕ ਦੇ ਦਮ 'ਤੇ ਕਾਰ ਅਗਵਾ ਕਰਨ ਬਾਅਦ ਪੰਜਾਬ ਪੁਲਿਸ ਤੇ ਗੁਆਂਢੀ ਰਾਜਾਂ ਦੀਆਂ ਸੁਰੱਖਿਆ ਏਜੰਸੀਆਂ ਨੇ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇ ਸ਼ੁਰੂ ਕਰ ਦਿੱਤੇ ਹਨ। ਰਾਤ ਨੂੰ ਤਿੰਨ ਮੋਟਰਸਾਈਕਲ ਸਵਾਰਾਂ ਨੇ ਚਿੱਟੀ ਵਰਨਾ ਕਾਰ ਨੂੰ ਰੋਕਿਆ ਤੇ ਹਵਾ ਵਿਚ ਗੋਲੀਬਾਰੀ ਕਰਕੇ ਕਾਰ ਖੋਹ ਲਈ।

ਮੋਗਾ ਦੀ ਪੁਰਾਣੀ ਅਨਾਜ ਮੰਡੀ ਵਿਚ ਚੌਲ ਵਪਾਰੀ ਦੇ ਪੁੱਤ ਨੂੰ ਗੋਲੀਆਂ ਮਾਰੀਆਂ ਗਈਆਂ। ਇਸ ਸ਼ਹਿਰ ਵਿਚ ਕਈ ਵੱਡੇ ਕਾਰੋਬਾਰੀਆਂ ਨੂੰ ਦੋ ਮਹੀਨੇ ਤੋਂ ਫਿਰੌਤੀ ਲਈ ਫੋਨ ਆ ਰਹੇ ਹਨ। ਡੇਢ ਮਹੀਨੇ ਬਾਅਦ ਇਹ ਸੰਘਣੀ ਆਬਾਦੀ ਵਿਚ ਵਾਪਰੀ ਦੂਜੀ ਘਟਨਾ ਹੈ। ਵੇਰਵਿਆਂ ਅਨੁਸਾਰ ਪੁਰਾਣੀ ਅਨਾਜ ਮੰਡੀ ਵਿਚ ਰਾਮ ਪਾਲ ਅਤੇ




ਕੁਲਦੀਪ ਕੁਮਾਰ ਦੋਵੇਂ ਚੌਲਾਂ ਦਾ ਸਾਂਝਾ ਕਾਰੋਬਾਰ ਕਰਦੇ ਹਨ। ਚੌਲ ਵਪਾਰੀ ਕੁਲਦੀਪ ਦਾ ਪੁੱਤਰ ਰਾਜੇਸ਼ ਕੁਮਾਰ ਉਰਫ ਕਾਕੂ ਵਾਸੀ ਵੇਦਾਂਤ ਨਗਰ ਸ਼ਾਮ ਚਾਰ ਵਜੇ ਆਪਣੀ ਦੁਕਾਨ ਅੰਦਰ ਬੈਠਾ ਸੀ। ਇਸ ਦੌਰਾਨ ਤਿੰਨ ਨੌਜਵਾਨ ਆਏ, ਉਨ੍ਹਾਂ ਦੇ ਮੂੰਹ ਢਕੇ ਹੋਏ ਸਨ। ਉਨ੍ਹਾਂ ਉਸ 'ਤੇ ਪਿਸਤੌਲ ਤਾਣ ਕੇ ਤਿਜੌਰੀ ਦੀ ਚਾਬੀ ਮੰਗੀ ਤਾਂ ਰਾਜੇਸ਼ ਮੁਕਾਬਲਾ ਕਰਨ ਲੱਗਾ। ਇਸ ਦੌਰਾਨ ਇੱਕ ਨੌਜਵਾਨ ਨੇ ਕਾਰੋਬਾਰੀ ਦੇ ਪੁੱਤਰ ਦੀ ਪੇਟ 'ਚ ਗੋਲੀ ਮਾਰੀ। ਇਸੇ ਤਰ੍ਹਾਂ ਬਠਿੰਡਾ ਵਿਚ ਯੂਥ ਅਕਾਲੀ ਆਗੂ ਸੁਖਮਨ ਸੰਧੂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ।

# ਪੰਜਾਬ 'ਚ ਬੇਰੁਜ਼ਗਾਰੀ ਭੱਤੇ ਲਈ ਕੋਈ ਯੋਗ ਉਮੀਦਵਾਰ ਹੀ ਨਹੀਂ ਲੱਭਾ

**ਚੰਡੀਗੜ੍ਹ:** ਕੈਪਟਨ ਸਰਕਾਰ ਵਲੋਂ 2500 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਲਾਗੂ ਕਰਨ ਦਾ ਹੁਣ ਸਰਕਾਰੀ ਖਜ਼ਾਨੇ 'ਤੇ ਕੋਈ ਬੋਝ ਨਹੀਂ ਪਵੇਗਾ ਕਿਉਂਕਿ ਪੰਜਾਬ 'ਚ ਇਹ ਭੱਤਾ ਲੈਣ ਲਈ ਕੋਈ ਯੋਗ ਲਾਭਪਾਤਰੀ ਹੀ ਨਹੀਂ ਬਚਿਆ ਹੈ।ਪੰਜਾਬ ਵਿਚ ਇਸ ਸਕੀਮ ਦਾ ਲਾਹਾ ਲੈਣ ਵਾਲੇ ਆਖਰੀ ਹੱਕਦਾਰ ਦਾ ਭੱਤਾ ਵੀ ਹੁਣ ਬੰਦ ਕਰ ਦਿੱਤਾ ਗਿਆ ਹੈ।

ਵੇਰਵਿਆਂ ਅਨੁਸਾਰ ਪੰਜਾਬ ਦੇ ਰੁਜ਼ਗਾਰ ਦਫਤਰਾਂ ਵਿਚ ਇਸ ਵੇਲੇ 2,63,637 ਬੇਰੁਜ਼ਗਾਰ ਰਜਿਸਟਰਡ ਹਨ, ਪਰ ਇਨ੍ਹਾਂ 'ਚੋਂ ਕੁਝ ਮਹੀਨੇ ਪਹਿਲਾਂ ਤੱਕ ਸਿਰਫ ਮੋਗਾ ਜ਼ਿਲ੍ਹੇ ਦਾ ਇਕ ਬੇਰੁਜ਼ਗਾਰ ਨੌਜਵਾਨ ਇਹ ਭੱਤਾ ਲੈਣ ਦੇ ਯੋਗ ਸੀ। ਰੁਜ਼ਗਾਰ ਵਿਭਾਗ ਨੇ ਹੁਣ ਜਦੋਂ ਤਿੰਨ ਮਹੀਨੇ ਦਾ ਇਕੱਠਾ ਬੇਰੁਜ਼ਗਾਰੀ ਭੱਤਾ ਜੂਨ ਮਹੀਨੇ ਵਿਚ ਭੇਜਿਆ ਤਾਂ ਪਤਾ ਲੱਗਾ ਕਿ ਪੰਜਾਬ 'ਚ ਬੇਰੁਜ਼ਗਾਰੀ ਭੱਤਾ ਲੈਣ ਵਾਲਾ ਇਕ ਹੀ ਲਾਭਪਾਤਰੀ ਬਚਿਆ ਹੈ। ਜ਼ਿਲ੍ਹਾ ਮੋਗਾ ਦੇ ਪਿੰਡ ਡਗਰੂ ਦਾ ਬਾਰ੍ਹਵੀਂ ਪਾਸ ਬੇਰੁਜ਼ਗਾਰ ਨੌਜਵਾਨ ਸੰਦੀਪ ਸਿੰਘ 'ਬੇਰੁਜ਼ਗਾਰੀ ਭੱਤਾ ਸਕੀਮ' ਦਾ ਪੰਜਾਬ ਦਾ ਆਖਰੀ ਲਾਭਪਾਤਰੀ ਸੀ, ਜਿਸ ਨੂੰ ਸਰਕਾਰ ਪ੍ਰਤੀ ਮਹੀਨਾ 150 ਰੁਪਏ ਦਾ ਭੱਤਾ ਦੇ ਰਹੀ ਸੀ।

ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਚਾਲੂ ਵਿੱਤੀ ਸਾਲ ਦੌਰਾਨ ਬੇਰੁਜ਼ਗਾਰੀ ਸਕੀਮ ਲਈ 15 ਲੱਖ ਦਾ ਬਜਟ ਰੱਖਿਆ ਸੀ, ਪਰ ਮਗਰੋਂ ਸੋਧ ਕੇ 5 ਲੱਖ ਕਰ ਦਿੱਤਾ। ਲਿਹਾਜ਼ਾ ਹੁਣ ਕੋਈ ਲਾਭਪਾਤਰੀ ਹੀ ਨਹੀਂ ਬਚਿਆ। ਪੰਜਾਬ ਸਰਕਾਰ ਮੈਟ੍ਰਿਕ/ਅੰਡਰ ਗਰੈਜੂਏਟ ਬੇਰੁਜ਼ਗਾਰ ਨੂੰ 150 ਰੁਪਏ ਅਤੇ ਗਰੈਜੂਏਟ/ਪੋਸਟ ਗਰੈਜੂਏਟ ਬੇਰੁਜ਼ਗਾਰ ਨੂੰ 200 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦਿੰਦੀ ਹੈ। ਪੰਜਾਬ ਕਾਂਗਰਸ ਨੇ ਚੋਣਾਂ ਮੌਕੇ 2500 ਰੁਪਏ ਬੇਰੁਜ਼ਗਾਰੀ ਭੱਤਾ ਦੇਣ ਦਾ ਵਾਅਦਾ ਕੀਤਾ ਸੀ, ਜੋ ਅਜੇ ਤੱਕ ਪੂਰਾ ਨਹੀਂ ਹੋਇਆ। ਪੰਜਾਬ ਵਿਚ 2.63 ਲੱਖ ਬੇਰੁਜ਼ਗਾਰ, ਰੁਜ਼ਗਾਰ ਦਫਤਰਾਂ ਵਿਚ ਰਜਿਸਟਰਡ ਹਨ, ਪਰ ਬੇਰੁਜ਼ਗਾਰੀ ਭੱਤੇ ਲਈ ਕੋਈ ਵੀ ਯੋਗ ਨਹੀਂ। ਵੱਡਾ ਅੜਿੱਕਾ ਇਸ ਭੱਤੇ ਵਾਸਤੇ ਆਮਦਨ ਸ਼ਰਤ ਦਾ ਹੈ। ਇਹ ਭੱਤਾ ਲੈਣ ਲਈ ਉਹੀ ਬੇਰੁਜ਼ਗਾਰ ਨੌਜਵਾਨ ਯੋਗ ਹਨ, ਜਿਨ੍ਹਾਂ ਦੀ ਪਰਿਵਾਰਕ ਆਮਦਨ ਪ੍ਰਤੀ ਮਹੀਨਾ 1000 ਰੁਪਏ ਤੋਂ ਵੱਧ ਨਾ ਹੋਵੇ, ਭਾਵ ਪਰਿਵਾਰ ਪ੍ਰਤੀ ਦਿਨ 33 ਰੁਪਏ ਤੋਂ ਵੱਧ ਨਾ ਕਮਾਉਂਦਾ ਹੋਵੇ। ਪੰਜਾਬ ਸਰਕਾਰ ਵਲੋਂ 11 ਜਨਵਰੀ, 1979 ਨੂੰ ਬਣਾਏ ਨੇਮਾਂ ਵਿਚ ਇਕ ਹਜ਼ਾਰ ਰੁਪਏ ਪ੍ਰਤੀ ਮਹੀਨੇ ਵਾਲੀ ਆਮਦਨ ਦੀ ਸ਼ਰਤ ਰੱਖੀ ਗਈ ਸੀ। ਪੰਜਾਬ ਸਰਕਾਰ ਨੇ ਚਾਰ ਦਹਾਕਿਆਂ ਮਗਰੋਂ ਵੀ ਆਮਦਨ ਸ਼ਰਤ ਵਿਚ ਕੋਈ ਸੋਧ ਨਹੀਂ ਕੀਤੀ।

ਹਰਿਆਣਾ ਤੇ ਰਾਜਸਥਾਨ ਵਿਚ ਇਹੋ ਸ਼ਰਤਾਂ ਕ੍ਰਮਵਾਰ ਤਿੰਨ ਲੱਖ ਰੁਪਏ ਅਤੇ ਦੋ ਲੱਖ ਰੁਪਏ ਸਾਲਾਨਾ ਹਨ। ਪੰਜਾਬ ਸਰਕਾਰ ਨੇ ਸਾਲ 2006-07 ਵਿਚ 4803 ਬੇਰੁਜ਼ਗਾਰਾਂ ਨੂੰ 65.31 ਲੱਖ ਰੁਪਏ ਅਤੇ ਸਾਲ 2010-11 ਵਿਚ 1808 ਬੇਰੁਜ਼ਗਾਰਾਂ ਨੂੰ 25.77 ਲੱਖ ਰੁਪਏ ਬੇਰੁਜ਼ਗਾਰੀ ਭੱਤਾ ਵੰਡਿਆ ਸੀ। ਆਮਦਨ ਸ਼ਰਤ ਕਰਕੇ ਯੋਗ ਉਮੀਦਵਾਰਾਂ ਦੀ ਗਿਣਤੀ ਇਕਦਮ ਡਿੱਗਣ ਲੱਗੀ ਹੈ। ਸਾਲ 2011-12 ਵਿਚ ਇਹ ਗਿਣਤੀ 1080, ਸਾਲ 2012-13 ਵਿਚ 950, 2013-14 ਵਿਚ 309, ਸਾਲ 2015-16 ਵਿਚ 444, ਸਾਲ 2016-17 ਵਿਚ 134 ਅਤੇ ਸਾਲ 2019-20 ਵਿਚ ਭੱਤਾ ਲੈਣ ਵਾਲੇ ਬੇਰੁਜ਼ਗਾਰਾਂ ਦੀ ਗਿਣਤੀ 85 ਰਹਿ ਗਈ। ਚਾਲੂ ਵਿੱਤੀ ਸਾਲ ਦੌਰਾਨ ਸਿਰਫ ਇਕ ਬੇਰੁਜ਼ਗਾਰ ਯੋਗ ਬਚਿਆ ਸੀ ਅਤੇ ਉਸ ਨੂੰ ਵੀ ਭੱਤਾ ਦੇਣਾ ਹੁਣ ਬੰਦ ਕਰ ਦਿੱਤਾ ਹੈ। ਪੰਜਾਬ ਭਰ 'ਚ 40 ਰੁਜ਼ਗਾਰ ਦਫਤਰ ਹਨ। ਕੈਪਟਨ ਸਰਕਾਰ ਨੇ 2500 ਰੁਪਏ ਬੇਰੁਜ਼ਗਾਰੀ ਭੱਤਾ ਦੇਣਾ ਤਾਂ ਦੂਰ ਦੀ ਗੱਲ, ਆਮਦਨ ਸ਼ਰਤ ਵਿਚ ਸੋਧ ਕਰਨ ਦੀ ਲੋੜ ਵੀ ਨਹੀਂ ਸਮਝੀ ਹੈ।

ਰੁਜ਼ਗਾਰ ਉਤਪਤੀ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਚੋਣ ਵਾਅਦਾ ਪੂਰਾ ਕਰਨ ਲਈ 2500 ਰੁਪਏ ਬੇਰੁਜ਼ਗਾਰੀ ਭੱਤਾ ਦੇਣ ਦੀ ਸਕੀਮ ਵਿਚਾਰ ਅਧੀਨ ਹੈ ਤੇ ਇਸ ਲਈ ਵਿੱਤ ਵਿਭਾਗ ਤੋਂ ਤਕੜਾ ਬਜਟ ਮੰਗਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਨਿਯਮਾਂ ਕਰਕੇ ਹੀ ਸਕੀਮ ਦੇ ਲਾਹੇ ਦਾ ਰਾਹ ਮੋਕਲਾ ਨਹੀਂ ਹੋ ਸਕਿਆ, ਜਿਸ ਲਈ ਹੁਣ ਆਮਦਨ ਸ਼ਰਤ ਦੇ ਪੁਰਾਣੇ ਨਿਯਮਾਂ 'ਤੇ ਨਜ਼ਰਸਾਨੀ ਮਗਰੋਂ ਇਨ੍ਹਾਂ ਨੂੰ ਸੋਧਿਆ ਜਾਵੇਗਾ।

# ਸਾਹਿਤਕ ਪ੍ਰੇਮੀਆਂ ਨੇ ਸਾਹਿਤਕ ਮਹਿਫਿਲ ਸਜਾਈ

**ਨਿਊ ਯਾਰਕ (ਬਿਊਰੋ):** ਕਰੋਨਾ ਦੀ ਮਹਾਮਾਰੀ ਦੀ ਆਫਤ ਤੋਂ ਬਚਣ ਲਈ ਸਾਹਿਤਕ ਪ੍ਰੇਮੀਆਂ ਨੇ ਆਪਣੀਆਂ ਸਾਹਿਤਕ ਸਰਗਰਮੀਆਂ ਨੂੰ ਨਿਰੰਤਰ ਚਲਦਾ ਰੱਖਣ ਲਈ ਕੋਈ ਨਾ ਕੋਈ ਰਸਤਾ ਲੱਭਿਆ ਹੋਇਆ ਹੈ। ਅੱਜ ਕਲ ਆਮ ਤੌਰ 'ਤੇ ਬਹੁਤੀਆਂ ਸਾਹਿਤਕ ਬੈਠਕਾਂ ਆਪੋ ਆਪਣੇ ਘਰਾਂ ਦੇ ਟਿਕਾਣਿਆਂ ਤੋਂ ਹੀ ਜ਼ੂਮ ਰਾਹੀਂ ਹੋ ਰਹੀਆਂ ਹਨ। ਦੇਸ਼-ਵਿਦੇਸ਼ ਵਿਚਲੇ ਸਾਹਿਤਕ ਪ੍ਰੇਮੀ ਆਪੋ ਆਪਣੀਆਂ ਰਚਨਾਵਾਂ ਦੀ ਸਾਂਝ ਨੂੰ ਕਾਇਮ ਰੱਖਣ ਲਈ ਯਤਨਸ਼ੀਲ ਹਨ ਤੇ ਆਪਣੀ ਸਾਹਿਤਕ ਭੁੱਖ ਨੂੰ ਪੂਰਿਆਂ ਕਰਨ ਲਈ ਕੋਸ਼ਿਸ਼ ਕਰ ਰਹੇ ਹਨ।



ਇਸੇ ਦੌਰਾਨ ਨਿਊ ਯਾਰਕ ਵਿਚਲੇ ਸਾਹਿਤਕ ਪ੍ਰੇਮੀਆਂ ਨੇ ਕੁਦਰਤ ਦੀ ਗੋਦ ਵਿਚ ਬੈਠ ਕੇ ਸਾਹਿਤਕ ਬੈਠਕਾਂ ਕਰਨ ਦੀ ਪ੍ਰਥਾ ਨੂੰ ਨਿਰੰਤਰ ਕਾਇਮ ਰੱਖਿਆ ਹੋਇਆ ਹੈ। ਇਸੇ ਹੀ ਲੜੀ ਤਹਿਤ ਲੰਘੇ ਸਨਿਚਰਵਾਰ, 5 ਸਤੰਬਰ ਨੂੰ ਲਾਂਗ ਆਈਲੈਂਡ ਦੇ ਆਈਜ਼ਨ ਹਾਵਰ ਪਾਰਕ ਵਿਚ ਇਕ ਸਾਹਿਤਕ ਬੈਠਕ ਰੱਖੀ ਗਈ। ਭਾਵੇਂ ਬਹੁਤੇ ਮੈਂਬਰਾਂ ਨੇ ਹਾਜ਼ਰੀ ਤਾਂ ਨਾ ਭਰੀ, ਪਰ ਥੋੜ੍ਹਿਆਂ ਨੇ ਬਹੁਤ ਸਾਰਥਿਕ ਗੱਲਾਂ ਕੀਤੀਆਂ। ਕਸ਼ਮੀਰ ਵਿਚ ਹੋ ਰਹੇ ਪੰਜਾਬੀ ਦੇ ਹਸ਼ਰ ਵਾਰੇ ਖਾਸ ਗੱਲ ਸਾਹਮਣੇ ਆਈ ਕਿ ਇਹ ਸਭ ਕੁਝ ਸਾਡੀਆਂ ਰਹਿ ਚੁਕੀਆਂ ਤੇ ਮੌਜੂਦਾ ਸਰਕਾਰ ਦੀ ਨਾਲਾਇਕੀ ਦਾ ਨਤੀਜਾ ਹੀ ਹੈ। ਇਹ ਅੱਜ ਦੇ ਆਗੂ ਪੰਜਾਬ ਦੀ ਹਰ ਪੱਖੋਂ ਨਿੱਘਰ ਰਹੀ ਹਾਲਤ ਲਈ ਚਿੰਤਤ ਨਹੀਂ ਹਨ। ਐਸ. ਜੀ. ਪੀ. ਸੀ. ਦੀ ਚੁੱਪੀ ਵੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਮੌਜੂਦਾ ਸੈਂਟਰ ਸਰਕਾਰ ਵਲੋਂ ਸਿੱਖ ਇਤਿਹਾਸ ਨੂੰ ਕਿਵੇਂ ਗਲਤ ਤਰੀਕੇ ਨਾਲ ਪੇਸ਼ ਕਰ ਕੇ ਸਕੂਲਾਂ ਵਿਚ ਪੜ੍ਹਾਇਆ ਜਾ ਰਿਹਾ ਹੈ, ਪਰ ਸਾਡੀਆਂ ਪੰਜਾਬ ਦੀਆਂ ਸਰਕਾਰਾਂ ਕਿਵੇਂ ਮੂੰਹ ਵਿਚ ਘੁੰਗਣੀਆਂ ਪਾਈ ਬੈਠੀਆਂ ਹਨ। ਸਾਰਿਆਂ ਨੇ ਇਸ ਵਿਸ਼ੇ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ।

ਸਾਹਿਤਕ ਦੌਰ ਵਿਚ ਸੀਨੀਅਰ ਪੱਤਰਕਾਰ ਬਲਦੇਵ ਸਿੰਘ ਗਰੇਵਾਲ ਨੇ ਆਪਣੀ 54 ਸਾਲ ਪਹਿਲਾਂ ਲਿਖੀ ਕਹਾਣੀ 'ਦੇਸ਼ ਭਗਤ' ਪੜ੍ਹੀ, ਜਿਸ ਵਿਚ ਇਕ ਰਾਜਨੀਤਕ ਆਗੂ ਵਲੋਂ ਇਕ ਦਲਿਤ ਪਰਿਵਾਰ ਦੇ ਇਕਲੌਤੇ ਬੇਟੇ ਦੀ ਭਾਰਤ ਤੇ ਪਾਕਿਸਤਾਨ ਦਰਮਿਆਨ ਹੋਈ ਪਹਿਲੀ ਜੰਗ ਵਿਚ ਹੋਈ ਮੌਤ ਨੂੰ ਆਪਣੇ ਮੁਥਾਜ ਲਈ ਵਰਤਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਵਰਤਾਰਾ ਅੱਜ ਵੀ ਬਾਦਸਤੂਰ ਜਾਰੀ ਹੈ। ਇਸ ਵਿਚ ਇਹ ਵੀ ਬਿਆਨਿਆ ਗਿਆ ਹੈ ਕਿ ਅੱਜ ਵੀ ਇਨ੍ਹਾਂ ਆਗੂਆਂ ਦੀ ਸੋਚ ਪਹਿਲਾਂ ਵਾਂਗ ਹੀ ਮੌਕਾਪ੍ਰਸਤ ਹੈ।

ਮਨਮੋਹਨ ਪੂਨੀ ਨੇ ਆਪਣੇ ਪੁਰਾਣੇ ਸਾਥੀ ਹਰਕਮਲ ਦੀ ਲਿਖੀ ਕਹਾਣੀ 'ਭੈਅ ਦਾ ਅੰਤ' ਪੜ੍ਹੀ। ਇਹ ਇਕ ਉਤਮ ਆਤਮ ਕਥਾ ਸੀ, ਜਿਸ ਵਿਚ ਉਨ੍ਹਾਂ ਆਪਣੇ ਅਧਿਆਪਕ ਵੇਲੇ ਦੀਆਂ ਉਮਦਾ ਯਾਦਾਂ ਦਾ ਬਹੁਤ ਖੂਬਸੂਰਤ ਤੇ ਦਿਲਚਸਪ ਤਰੀਕੇ ਨਾਲ ਵਰਣਨ ਕੀਤਾ। ਬਲਵੀਰ ਸਿੰਘ ਡੁਮੇਲੀ ਨੇ ਇਕ ਬੇਨਾਮ ਲਿਖਤ ਵਿਚੋਂ ਕੁਝ ਪਹਿਰੇ ਪੜ੍ਹੇ, ਜਿਨ੍ਹਾਂ ਨੂੰ ਸੁਣ ਕੇ ਸਾਰੇ ਭਾਵੁਕ ਹੋ ਗਏ। ਮੋਹਨ ਸਿੰਘ ਭੰਵਰਾ ਨੇ ਕੂਕਾ ਲਹਿਰ ਦੇ ਸਿਰਲੱਥ ਸੂਰਮਿਆਂ ਬਾਰੇ ਇਕ ਬਹੁਤ ਜੋਸ਼ੀਲੀ ਕਵਿਤਾ ਪੜ੍ਹੀ, ਜਿਸ ਦਾ ਅਨੁਮਾਨ ਸੀ, "ਦੇਸ਼ ਕੌਮ ਦੇ ਅਣਖੀ ਯੋਧਿਉ, ਤੁਹਾਨੂੰ ਕਰਦਾ ਹਾਂ ਪ੍ਰਣਾਮ।"

ਤਰਲੋਕ ਬੀਰ ਨੇ, "ਅਸੀਂ ਹਨੇਰੇ ਘਰਾਂ ਦੇ ਜੰਮਪਲ, ਰੋਸ਼ਨੀ ਨੂੰ ਕਦ ਤੱਕ ਉਡੀਕਾਂਗੇ" ਪੜ੍ਹੀ। ਬਲਵਿੰਦਰ ਸਿੰਘ ਜੰਡੀਆਵਲੀ ਨੇ ਅੰਮ੍ਰਿਤਾ ਪ੍ਰੀਤਮ ਦੇ ਜੀਵਨ ਝਰੋਖੇ ਵਿਚੋਂ ਕੁੱਝ ਚੇਤੇ ਵਿਚ ਸਾਂਭੀਆਂ ਯਾਦਾਂ ਸਾਂਝੀਆਂ ਕੀਤੀਆਂ। ਰੀਟਾ ਕੋਹਲੀ ਨੇ ਅਹਿਮਦ ਫਰਾਜ਼ ਦੀ ਇਕ ਗਜ਼ਲ ਸੁਣਾ ਕੇ ਸਾਰੇ ਪ੍ਰੋਗਰਾਮ ਨੂੰ ਸੁਰ ਤਾਲ ਵਿਚ ਬੰਨ ਦਿੱਤਾ। ਸਾਰਿਆਂ ਨੇ ਘਰਾਂ ਤੋਂ ਲਿਆਂਦਾ ਸਨੈਕ ਸਾਂਝਾ ਕੀਤਾ। ਇਨ੍ਹਾਂ ਚਾਰ ਘੰਟਿਆਂ ਦਾ ਸਭਨਾਂ ਨੇ ਭਰਪੂਰ ਅਨੰਦ ਮਾਣਿਆ ਤੇ ਇਸੇ ਮਹੀਨੇ ਦੀ 19 ਤਰੀਕ ਨੂੰ ਫਿਰ ਇਸੇ ਥਾਂ ਇਕੱਠੇ ਹੋਣ ਦਾ ਵਾਅਦਾ ਕਰਕੇ ਇਕ ਦੂਜੇ ਨੂੰ ਅਲਵਿਦਾ ਕਹੀ।

# ਬੱਬਰ ਖਾਲਸਾ ਦੇ ਦੋ ਖਾੜਕੂ ਗ੍ਰਿਫਤਾਰ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਕੌਮੀ ਰਾਜਧਾਨੀ 'ਚ ਸੰਖੇਪ ਮੁਕਾਬਲੇ ਮਗਰੋਂ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਦੋ ਖਾੜਕੂਆਂ ਨੂੰ ਗ੍ਰਿਫਤਾਰ ਕੀਤਾ ਹੈ। ਦੋਹਾਂ ਦੀ ਪਛਾਣ ਭੁਪੇਂਦਰ ਉਰਫ ਦਿਲਾਵਰ ਸਿੰਘ ਅਤੇ ਕੁਲਵੰਤ ਸਿੰਘ ਵਜੋਂ ਹੋਈ ਹੈ।

ਵਿਸ਼ੇਸ਼ ਸੈੱਲ ਦੇ ਡੀ.ਸੀ.ਪੀ. ਪੀ ਐਸ ਕੁਸ਼ਵਾਹ ਨੇ ਦੱਸਿਆ ਕਿ ਫੜੇ ਗਏ ਖਾੜਕੂਆਂ ਦੇ ਕਬਜ਼ੇ 'ਚੋਂ ਛੇ ਪਿਸਤੌਲਾਂ ਅਤੇ 40 ਕਾਰਤੂਸ ਵੀ ਬਰਾਮਦ ਹੋਏ ਹਨ। ਦਿੱਲੀ ਪੁਲਿਸ ਮੁਤਾਬਕ ਲੁਧਿਆਣਾ ਵਾਸੀ ਦੋਵੇਂ ਖਾੜਕੂ ਪੰਜਾਬ 'ਚ ਵੀ



ਕੁਝ ਕੇਸਾਂ ਵਿਚ ਲੋੜੀਂਦੇ ਹਨ।

# ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ

**ਨਿਊ ਯਾਰਕ (ਬਿਊਰੋ):** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਥਮ ਪਾਵਨ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸੰਤ ਸਾਗਰ ਵਿਖੇ ਐਤਵਾਰ, 30 ਅਗਸਤ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪ੍ਰੋਗਰਾਮ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨਮਿਤ ਪ੍ਰਭਾਤ ਫੇਰੀ ਨਾਲ ਸ਼ੁਰੂ ਹੋਏ। ਸਮਾਪਤੀ ਪਿਛੋਂ 8 ਵਜੇ ਆਸਾ ਦੀ ਵਾਰ ਦਾ ਕੀਰਤਨ ਭਾਈ ਪ੍ਰਤਾਪ ਸਿੰਘ (ਬੰਬੇ ਵਾਲੇ) ਦੇ ਜਥੇ ਨੇ ਕੀਤਾ। ਸਵੇਰੇ 10 ਵਜੇ ਸਲੋਕ ਮਹਲਾ ਨੌਂਵਾਂ ਦੇ ਪਾਠ ਉਪਰੰਤ ਸੰਗਤਾਂ ਵਲੋਂ ਘਰੋ ਘਰੀ ਰੱਖੇ ਸਹਿਜ ਪਾਠਾਂ ਦੇ ਭੋਗ ਪਾਏ ਗਏ ਤੇ ਸਮੂਹਕ ਅਰਦਾਸ ਹੋਈ।

ਦੀਵਾਨ ਬਾਅਦ ਦੁਪਹਿਰ 2:30 ਵਜੇ ਤੱਕ ਸਜੇ, ਜਿਸ ਵਿਚ ਕਥਾਵਾਚਕ ਭਾਈ ਸੁਰਜੀਤ ਸਿੰਘ ਜ਼ਖਮੀ, ਕੀਰਤਨੀ ਜਥੇ ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ) ਤੇ ਭਾਈ ਪ੍ਰਤਾਪ ਸਿੰਘ (ਬੰਬੇ ਵਾਲੇ) ਨੇ ਹਾਜ਼ਰੀ ਭਰੀ।

ਸੰਗਤ ਦੀ ਸੇਵਾ ਲਈ ਗੰਨੇ ਦੇ ਜੂਸ ਦਾ ਸਟਾਲ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।




















## ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਦਾ ਦੇਹਾਂਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ (75) ਦਾ ਚੰਡੀਗੜ੍ਹ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ। ਉਨ੍ਹਾਂ ਨੇ 29 ਜੁਲਾਈ 2017 ਨੂੰ ਸ਼੍ਰੋਮਣੀ ਕਮੇਟੀ ਦੇ ਅਹਿਮ ਅਹੁਦੇ ਤੋਂ ਇਹ ਆਖ ਕੇ ਅਸਤੀਫਾ ਦਿੱਤਾ ਸੀ ਕਿ ਉਹ ਨਿੱਜੀ ਰੁਝੇਵਿਆਂ ਕਾਰਨ ਨੌਕਰੀ ਛੱਡ ਰਹੇ ਹਨ। ਉਹ 27 ਅਗਸਤ 2015 ਨੂੰ ਮੁੱਖ ਸਕੱਤਰ ਨਿਯੁਕਤ ਹੋਏ ਸਨ ਤੇ ਉਨ੍ਹਾਂ ਨੂੰ ਸੁਖਬੀਰ ਸਿੰਘ ਬਾਦਲ ਦੀ ਪਸੰਦ ਆਖਿਆ ਜਾਂਦਾ ਸੀ।

ਇਸ ਤੋਂ ਪਹਿਲਾਂ ਉਨ੍ਹਾਂ ਲੰਬਾ ਸਮਾਂ ਬੈਂਕ ਵਿਚ ਉਚ ਅਹੁਦੇ ਉਤੇ ਨੌਕਰੀ ਕੀਤੀ। ਉਹ ਇਕ ਅੰਗਰੇਜ਼ੀ ਅਖਬਾਰ ਦੇ ਪ੍ਰਬੰਧਕੀ ਅਮਲੇ ਵਿਚ ਉਚ ਅਹੁਦੇ 'ਤੇ ਵੀ ਤਾਇਨਾਤ ਰਹੇ। ਸ਼੍ਰੋਮਣੀ ਕਮੇਟੀ ਵਿਚ ਆਪਣੀ 3 ਲੱਖ ਰੁਪਏ ਪ੍ਰਤੀ ਮਹੀਨਾ ਤਨਖਾਹ ਵਿਚੋਂ ਉਨ੍ਹਾਂ ਆਪਣੀ ਇੱਛਾ ਨਾਲ ਇਕ ਲੱਖ ਰੁਪਏ ਪ੍ਰਤੀ ਮਹੀਨਾ ਲੈਣੇ ਸ਼ੁਰੂ ਕਰ ਦਿੱਤੇ ਸਨ। ਅਸਤੀਫਾ ਦੇਣ ਮਗਰੋਂ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਵਿਚਲੇ ਪ੍ਰਬੰਧਾਂ ਬਾਰੇ ਪੁਸਤਕ ਲਿਖੀ ਸੀ ਜਿਸ ਵਿਚ ਆਪਣੇ ਤਜਰਬੇ



ਅਤੇ ਕਈ ਖਾਮੀਆਂ ਦਾ ਵੀ ਜ਼ਿਕਰ ਕੀਤਾ ਗਿਆ ਸੀ। ਹਾਲ ਹੀ ਵਿਚ ਪਾਵਨ ਸਰੂਪ ਲਾਪਤਾ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵਲੋਂ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ ਅਤੇ ਸ੍ਰੀ ਅਕਾਲ ਤਖਤ ਵਲੋਂ ਉਨ੍ਹਾਂ ਨੂੰ 18 ਸਤੰਬਰ ਨੂੰ ਉਸ ਵੇਲੇ ਦੀ ਅੰਤ੍ਰਿੰਗ ਕਮੇਟੀ ਸਮੇਤ ਸੱਦਿਆ ਗਿਆ ਸੀ ਜਿਸ ਕਾਰਨ ਉਹ ਪਰੇਸ਼ਾਨ ਸਨ। ਉਨ੍ਹਾਂ ਦੇ ਦੇਹਾਂਤ 'ਤੇ ਵੱਖ-ਵੱਖ ਜਥੇਬੰਦੀਆਂ ਅਤੇ ਸ਼ਖਸੀਅਤਾਂ ਵਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਨੇ ਉਨ੍ਹਾਂ ਦੀ ਅਚਨਚੇਤੀ ਮੌਤ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਬੁਲਾਰੇ ਅਤੇ ਜਨਰਲ ਸਕੱਤਰ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਫੈਡਰੇਸ਼ਨ ਆਗੂ ਜਗਰੂਪ ਸਿੰਘ ਚੀਮਾ ਨੇ ਕਿਹਾ ਕਿ ਬੀਤੇ ਦਿਨੀਂ ਸਾਬਕਾ ਮੁੱਖ ਸਕੱਤਰ ਨੇ ਸ਼੍ਰੋਮਣੀ ਕਮੇਟੀ ਵਿਚਲੇ ਪ੍ਰਬੰਧ 'ਤੇ ਸਵਾਲੀਆ ਚਿੰਨ੍ਹ ਲਾਇਆ ਸੀ ਅਤੇ ਆਖਿਆ ਸੀ ਕਿ ਉਹ ਇਸ ਦਾ ਪਰਦਾਫਾਸ਼ ਕਰਨਗੇ। ਇਸ ਤੋਂ ਬਾਅਦ ਉਨ੍ਹਾਂ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਇਸ ਲਈ ਅਜਿਹੇ ਹਾਲਾਤ ਵਿਚ ਮੌਤ ਦੀ ਜਾਂਚ ਹੋਣੀ ਚਾਹੀਦੀ ਹੈ।

## ਇਕਾਂਤਵਾਸ ਕੀਤੇ ਮਰੀਜ਼ਾਂ ਦੇ ਘਰਾਂ ਅੱਗੇ ਹੁਣ ਨਹੀਂ ਲੱਗਣਗੇ ਪੋਸਟਰ

**ਚੰਡੀਗੜ੍ਹ:** ਪੰਜਾਬ ਵਿਚ ਘਰੇਲੂ ਇਕਾਂਤਵਾਸ ਵਿਚ ਰਹਿ ਰਹੇ ਕੋਵਿਡ ਦੇ ਮਰੀਜ਼ਾਂ ਨੂੰ ਹੁਣ ਸਮਾਜਿਕ ਵਿਤਕਰੇ ਤੋਂ ਡਰਨ ਦੀ ਲੋੜ ਨਹੀਂ। ਕਿਉਂਕਿ ਉਨ੍ਹਾਂ ਦੇ ਘਰਾਂ ਦੇ ਬਾਹਰ



'ਇਕਾਂਤਵਾਸ ਕੀਤੇ ਹੋਣ ਦੀ ਜਾਣਕਾਰੀ ਦਿੰਦੇ' ਪੋਸਟਰ ਹੁਣ ਨਹੀਂ ਚਿਪਕਾਏ ਜਾਣਗੇ।

ਕਰੋਨਾ ਮਹਾਮਾਰੀ ਨਾਲ ਜੁੜੇ ਵਿਤਕਰੇ ਨੂੰ ਘਟਾਉਣ ਦੀ ਦਿਸ਼ਾ ਵਿਚ ਕਦਮ ਚੁੱਕਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਘਰੇਲੂ ਇਕਾਂਤਵਾਸ ਜਾਂ ਕੁਆਰੰਟੀਨ ਵਿਚ ਰਹਿ ਰਹੇ ਕੋਵਿਡ ਦੇ ਮਰੀਜ਼ਾਂ ਦੇ ਘਰਾਂ ਦੇ ਬਾਹਰ ਪੋਸਟਰ ਚਿਪਕਾਉਣ ਦੇ ਪੁਰਾਣੇ ਹੁਕਮਾਂ ਨੂੰ ਵਾਪਸ ਲੈ ਲਿਆ ਹੈ। ਉਨ੍ਹਾਂ ਪਹਿਲਾਂ ਲਾਏ ਗਏ ਪੋਸਟਰ ਹਟਾਉਣ ਦੇ ਵੀ ਹੁਕਮ ਦਿੱਤੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਪੇਸ਼ਕਦਮੀ ਦਾ ਮੁੱਖ ਮੰਤਵ ਪੋਸਟਰਾਂ ਤੋਂ ਪੈਦਾ ਹੋਣ ਵਾਲੇ ਵਿਤਕਰੇ ਨੂੰ ਘਟਾਉਣਾ ਅਤੇ ਜਾਂਚ ਕਰਵਾਏ ਜਾਣ ਦੇ ਡਰ ਨੂੰ ਦੂਰ ਕਰਨਾ ਹੈ। ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੋਵਿਡ ਦੇ ਇਲਾਜ ਲਈ ਛੇਤੀ ਆਪਣੀ ਜਾਂਚ ਕਰਵਾਉਣ ਤਾਂ ਜੋ ਇਸ ਬਿਮਾਰੀ ਦਾ ਪਹਿਲਾਂ ਹੀ ਪਤਾ ਲੱਗ ਸਕੇ ਅਤੇ ਸਮੇਂ ਸਿਰ ਇਲਾਜ ਹੋ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਲੋਕ ਪੋਸਟਰਾਂ ਕਰਕੇ ਹੁੰਦੀ ਵਿਤਕਰੇਬਾਜ਼ੀ ਤੋਂ ਬਚਣ ਲਈ ਜਾਂਚ ਕਰਵਾਉਣ ਤੋਂ ਕੰਨੀ ਕਤਰਾਉਂਦੇ ਸੀ।

# ਮਨੁੱਖੀ ਅਧਿਕਾਰਾਂ ਦਾ ਮਸੀਹਾ ਜਸਵੰਤ ਸਿੰਘ ਖਾਲੜਾ

**ਮਨੁੱਖੀ ਹੱਕਾਂ ਲਈ ਜੂਝਣ ਵਾਲੇ ਜਸਵੰਤ ਸਿੰਘ ਖਾਲੜਾ ਬਾਰੇ ਇਹ ਲੇਖ ਉਘੇ ਪੱਤਰਕਾਰ (ਮਰਹੂਮ) ਦਲਬੀਰ ਸਿੰਘ ਦਾ ਲਿਖਿਆ ਹੋਇਆ ਹੈ। ਇਸ ਵਿਚ ਭਾਈ ਖਾਲੜਾ ਦੇ ਜੀਵਨ ਸਫਰ, ਮਿਸ਼ਨ ਅਤੇ ਜੀਵਨ ਦੀਆਂ ਆਖਰੀ ਘੜੀਆਂ ਬਾਰੇ ਚਰਚਾ ਕੀਤੀ ਗਈ ਹੈ। -ਸੰਪਾਦਕ**

**ਦਲਬੀਰ ਸਿੰਘ ਪੱਤਰਕਾਰ***

ਸਿੱਖੀ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਮੂਲਮੰਤਰ ਦਾ ਉਚਾਰਨ ਕਰ ਕੇ ਗਿਆਨ ਦੇ ਪੱਖੋਂ ਕੁੱਜੇ ਵਿਚ ਸਮੁੰਦਰ ਬੰਦ ਕਰ ਦਿੱਤਾ। ਹਰ ਸਿੱਖ ਨੂੰ ਉਪਦੇਸ਼ ਕੀਤਾ ਕਿ ਉਹ ਇਸ ਮੂਲਮੰਤਰ, ਜਪੁਜੀ ਸਾਹਿਬ, ਆਸਾ ਦੀ ਵਾਰ ਤੇ ਸਮੁੱਚੀ ਗੁਰਬਾਣੀ ਵਿਚ ਕੀਤੀ ਗਈ ਵਿਆਖਿਆ ਦਾ ਸਿਮਰਨ ਕਰ ਕੇ ਹਰ ਸਮੇਂ ਆਪਣੀ ਨਿਮਾਣੀ ਹੋਂਦ ਨੂੰ ਚੇਤੇ ਰੱਖੇ। ਉਹ ਚੇਤੇ ਰਖੇ ਕਿ ਉਹ ਜੰਮਿਆ ਸੀ, ਉਸ ਨੇ ਮਰਨਾ ਵੀ ਹੈ। ਇਸ ਸਫਰ ਵਿਚ ਉਸ ਨੇ ਕਿਰਤ ਵੀ ਕਰਨੀ ਹੈ ਅਤੇ ਕਿਰਤ ਕਰ ਕੇ ਜੋ ਕੁਝ ਪ੍ਰਾਪਤ ਹੁੰਦਾ ਹੈ, ਉਸ ਨੂੰ ਵੰਡ ਛਕਣਾ ਹੈ। ਸਮਾਜ ਦਾ ਸਿਰਫ ਅੰਗ ਬਣ ਕੇ ਹੀ ਨਹੀਂ ਰਹਿਣਾ, ਸਗੋਂ ਉਸ ਨੂੰ ਬਣਾਉਣ, ਸੰਵਾਰਨ ਲਈ ਸਦਾ ਤਤਪਰ ਰਹਿਣਾ ਹੈ। ਸਰਬਤ ਦਾ ਭਲਾ ਜਾਂ 'ਸਭੇ ਸਾਝੀਵਾਲ ਸਦਾਇਨਿ ਤੂੰ ਕੋਈ ਨਾ ਦਿਸਹਿ ਬਾਹਰਾ ਜੀਉ' ਦੇ ਮਾਰਗ ਉਤੇ ਚਲਦਿਆਂ ਵਿਅਕਤੀ, ਸਿਰਦਾਰ ਕਪੂਰ ਸਿੰਘ ਦੇ ਕਥਨ ਅਨੁਸਾਰ, ਆਪਣੇ ਨਿੱਜ ਨੂੰ ਛਡ ਕੇ ਸਿਰਫ ਤੇ ਸਿਰਫ ਸੱਚ ਨੂੰ ਸਮਰਪਿਤ ਹੋ ਜਾਵੇ ਤਾਂ ਉਹ ਖਾਲਸਾ ਹੋ ਨਿਬੜਦਾ ਹੈ।

ਉਹ ਭਾਗਾਂ ਵਾਲੇ ਮਨੁੱਖ ਕਹੇ ਜਾ ਸਕਦੇ ਹਨ, ਜਿਨ੍ਹਾਂ ਨੂੰ ਗਿਆਨ ਦੀ ਪ੍ਰਾਪਤੀ ਰਾਹੀਂ ਆਪਣੀ ਚੇਤੰਨ ਸੋਝੀ ਅਧੀਨ ਸਿੱਖੀ ਦਾ ਮਾਰਗ ਚੁਣਨ ਦਾ ਮੌਕਾ ਮਿਲਿਆ। ਭਾਈ ਜਸਵੰਤ ਸਿੰਘ ਖਾਲੜਾ ਨੂੰ ਬਚਪਨ ਵਿਚ ਹੀ ਅਜਿਹਾ ਲੋਕ ਸੇਵਾ ਦਾ ਮਾਰਗ ਚੁਣਨ ਲਈ 'ਗੁਰਪ੍ਰਸਾਦਿ' ਸੁਭਾਗ ਪ੍ਰਾਪਤ ਹੋਇਆ। ਚੜ੍ਹਦੀ ਜਵਾਨੀ ਦੀ ਉਮਰੇ ਉਸ ਨੂੰ ਮਾਰਕਸਵਾਦ ਨੇ ਖਿਚਿਆ। ਭਾਈ ਖਾਲੜਾ ਨਕਸਲਬਾੜੀ ਲਹਿਰ ਦਾ ਸਮਰਥਕ ਬਣਿਆ। ਹੱਥ ਵਿਚ ਝੋਲਾ ਫੜ ਧੂੜ ਭਰੇ ਰਾਹਾਂ ਉਤੇ ਪਿੰਡਾਂ ਦੇ ਚੱਕਰ ਕੱਢੇ। ਗਰੀਬਾਂ ਦੇ ਹੌਕਿਆਂ ਵਿਚ ਸਾਹ ਮਿਲਾਇਆ। ਕਿਧਰੇ-ਕਿਧਰੇ ਉਨ੍ਹਾਂ ਨਾਲ ਦੁੱਖ ਤਕਲੀਫਾਂ ਸਾਂਝੀਆਂ ਕੀਤੀਆਂ, ਪਰ ਮਾਰਕਸਵਾਦ ਦੇ ਠੇਕੇਦਾਰਾਂ ਨੇ ਉਸ ਦੇ ਕਾਰਜ ਨੂੰ ਕਿਸੇ ਉਸਾਰੂ ਰੂਪ ਵਿਚ ਵਿਚਰਨ ਨਾ ਦਿੱਤਾ। ਕੌਮਾਂਤਰੀ ਪੱਧਰ ਉਤੇ 1917 ਵਿਚ ਹੋਏ ਰੂਸੀ ਇਨਕਲਾਬ ਪਿਛੋਂ ਬਣੇ ਰਾਜਪ੍ਰਬੰਧ ਨੂੰ ਖੋਰਾ ਲੱਗਾ। ਕੱਚੇ ਵਿਸ਼ਵਾਸ ਤਿੜਕੇ ਅਤੇ ਅੱਗੇ ਚੱਲ ਕੇ ਨਕਸਲਬਾੜੀ ਲਹਿਰ ਦੇ ਕਈ ਟੋਟੇ ਹੋਏ।

1978 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਵਰਤਾਰਾ ਤੇਜ਼ ਝੱਖੜ ਵਾਂਗ ਪੰਜਾਬ ਤੇ ਸਿੱਖ ਭਾਈਚਾਰੇ ਉਪਰ ਛਾ ਗਿਆ। ਭਾਈ ਖਾਲੜਾ ਨੇ ਵੀ ਆਪਣੇ ਇਕ ਸਾਥੀ ਨਾਲ ਪੰਜਾਬ ਦੇ ਪਿੰਡਾਂ ਦੇ ਚੱਕਰ ਕੱਢਣੇ ਅਰੰਭ ਕੀਤੇ। ਵਿਚਾਰਾਂ ਦੀ ਭਟਕਣ ਤੇ ਜੀਵਨ ਨੂੰ ਸਥਿਰ ਰੱਖਣ ਲਈ ਉਹ ਖਾਲੜੇ ਤੋਂ ਅੰਮ੍ਰਿਤਸਰ, ਚੰਡੀਗੜ੍ਹ, ਦਿੱਲੀ ਅਤੇ ਹੋਰ ਅਨੇਕ ਥਾਂਈਂ ਜਾਂਦੇ, ਮਿੱਤਰਾਂ ਨਾਲ ਵਿਚਾਰ ਸਾਂਝੇ ਕਰਦੇ। ਪੁਰਾਣਿਆਂ ਨਾਲੋਂ ਸਬੰਧ ਤੋੜੇ ਤੇ ਨਵੇਂ ਸਬੰਧ ਜੋੜੇ।

ਇਹ ਸਭ ਕੁਝ ਕਿਉਂ ਵਾਪਰਿਆ? 'ਗੁਰਪ੍ਰਸਾਦਿ' ਸਦਕਾ ਟਿਮਟਿਮਾਉਂਦੀ ਰੌਸ਼ਨੀ ਉਨ੍ਹਾਂ ਨੂੰ ਖਿੱਚ ਪਾਉਂਦੀ ਸੀ ਅਤੇ ਉਸ ਰੌਸ਼ਨੀ ਦੀ ਭਾਲ ਉਨ੍ਹਾਂ ਕਰ ਲਈ। ਉਹ ਗੁਰਬਾਣੀ ਦੇ ਲੜ ਲਗ ਕੇ ਅੰਮ੍ਰਿਤਧਾਰੀ ਬਣ ਗਏ। ਹੁਣ ਮਜ਼ਦੂਰਾਂ, ਕਿਸਾਨਾਂ ਤੇ ਦੁਖੀ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਗੁਰਬਾਣੀ ਵਿਚੋਂ ਦਿਸਣ ਲੱਗਾ। ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਉਨ੍ਹਾਂ ਦੀ ਰੂਹ ਨੂੰ ਤ੍ਰਿਪਤ ਕਰਨ ਵਾਲੇ ਬਣ ਗਏ। ਗੁਰਬਾਣੀ ਵਿਚ ਅਟੁੱਟ ਸ਼ਰਧਾ ਪੂਰਨ ਦਲੀਲ ਦੇ ਆਧਾਰ ਉਤੇ ਉਨ੍ਹਾਂ ਨੂੰ ਰੌਸ਼ਨੀ ਦੇਣ ਲੱਗ ਪਈ। ਇਹ ਉਹ ਸਮਾਂ ਸੀ, ਜਦ ਇਕ ਦੁਸ਼ਟ ਨੇ ਪੰਜਾਬ ਦੀ ਧਰਤੀ ਉਤੇ ਪੈਰ ਰੱਖਿਆ। ਕਾਂਗਰਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਕਾਲ ਤਖਤ ਸਾਹਿਬ ਦੀ ਬਰਬਾਦੀ ਦੇ ਨਾਲ ਅਨੇਕ ਹੋਰ ਗੁਰਧਾਮਾਂ ਨੂੰ ਪਲੀਤ ਕਰ ਮਾਰਿਆ। ਵੱਡੀ ਪੱਧਰ ਉਤੇ ਸਿੱਖਾਂ ਦੀ ਨਸਲਕੁਸ਼ੀ ਆਰੰਭ ਹੋ ਗਈ। ਤਸੀਹਾ ਕੇਂਦਰ ਥਾਂ-ਥਾਂ ਹੋਂਦ ਵਿਚ ਆ ਗਏ। ਸਿੱਖਾਂ ਦੀ ਅਣਖ ਰੋਲਣ ਲਈ ਅਤੇ ਉਨ੍ਹਾਂ ਨੂੰ ਹੀਣਭਾਵਨਾ ਵਿਚ ਪ੍ਰਵੇਸ਼ ਕਰਵਾਉਣ ਲਈ ਕੇ. ਪੀ. ਐਸ. ਗਿੱਲ ਨੇ ਡਿਊਟੀ ਸੰਭਾਲ ਲਈ। ਸ਼ਰਾਬੀ, ਕਬਾਬੀ ਤੇ ਅੱਯਾਸ਼ ਲੋਕ ਅਜਿਹੇ ਸਮਿਆਂ ਵਿਚ ਸਰਕਾਰਾਂ ਦੇ ਬਹੁਤ ਕੰਮ ਆਉਂਦੇ ਹਨ। ਮੱਸਾ ਰੰਘੜ ਹੋਵੇ ਜਾਂ ਫਿਰ ਕੋਈ ਹੋਰ। ਇਹ ਅਜਿਹੀ ਪਰੰਪਰਾ ਹੈ, ਜਿਥੇ ਮਨੁੱਖੀ ਜਾਮੇ ਵਿਚ ਵਿਅਕਤੀ ਵਹਿਸ਼ੀ ਹੋ ਨਿਬੜਦਾ ਹੈ। ਇਜ਼ਹਾਰ ਆਲਮ, ਗੋਬਿੰਦ ਰਾਮ, ਜਸਮਿੰਦਰ ਸਿੰਘ, ਹਰਿੰਦਰ ਸਿੰਘ ਚਾਹਲ, ਨਰਿੰਦਰ ਸਿੰਘ, ਸਮੇਧ ਸੈਣੀ, ਸ਼ਿਵ ਕੁਮਾਰ ਜਾਂ ਰਾਜਨੀਤਕ ਖੇਤਰ ਵਿਚਲੇ ਐਚ. ਕੇ. ਐਲ. ਭਗਤ, ਸੁਰਿੰਦਰਨਾਥ, ਜਗਦੀਸ਼ ਟਾਈਟਲਰ, ਸੱਜਣ ਕੁਮਾਰ ਜਾਂ ਰਾਜੀਵ ਗਾਂਧੀ, ਇਹ ਸਾਰੇ ਇਸੇ ਹੀ ਤਾਂਡਵ ਨਾਚ ਦੇ ਖਲਨਾਇਕ ਹਨ। ਭਾਈ ਖਾਲੜਾ ਇਨ੍ਹਾਂ ਦੇ ਤਾਂਡਵ ਨਾਚ ਨੂੰ ਦੇਖਦਾ ਵੀ ਸੀ, ਪਛਾਣਦਾ ਵੀ ਸੀ ਅਤੇ ਅੰਤ ਵਿਚ ਆਪ ਵੀ ਉਸ ਨੇ ਇਹ ਹੰਢਾਇਆ।



ਭਾਈ ਜਸਵੰਤ ਸਿੰਘ ਖਾਲੜਾ

ਕੁਝ ਇਸ ਕਿਸਮ ਦੀ ਪਿੱਠ-ਭੂਮੀ ਵਿਚ ਜਦ ਭਾਈ ਖਾਲੜਾ ਦੇ ਇਕ ਮਿੱਤਰ, ਸੈਂਟਰਲ ਕੋਆਪਰੇਟਿਵ ਬੈਂਕ ਦੇ ਡਾਇਰੈਕਟਰ, ਗੁੰਮ ਹੋ ਗਏ ਤਾਂ ਆਮ ਢੰਗ ਨਾਲ ਉਸ ਦੀ ਭਾਲ ਕਰਨ ਪਿਛੋਂ ਉਸ ਦੇ ਪੁਲਿਸ ਮੁਕਾਬਲੇ ਦੀ ਗੱਲ ਕੰਨੀਂ ਪਈ। ਅੰਮ੍ਰਿਤਸਰ ਸ਼ਮਸ਼ਾਨਘਾਟ ਤੋਂ ਪਤਾ ਕਰਨ ਉਤੇ ਇਹ ਦੁਖਦਾਈ ਕਹਾਣੀ ਸੱਚੀ ਸਾਬਤ ਹੋਈ। ਅੱਗੇ ਜਾ ਕੇ ਉਸ ਮ੍ਰਿਤਕ ਮਨੁੱਖ ਦੇ ਇਕ ਹੋਰ ਸਾਥੀ ਦੀ ਮੌਤ ਦੀ ਜਾਣਕਾਰੀ ਵੀ ਮਿਲੀ। ਇਸੇ ਲੜੀ ਵਿਚ ਅਨੇਕ ਹੋਰ 'ਅਣਪਛਾਤੀਆਂ ਲਾਸ਼ਾਂ' ਦੇ ਸਸਕਾਰ ਦੀ ਗੱਲ ਧਿਆਨ ਵਿਚ ਆਈ। ਮਿਉਂਸਪਲ ਕਮੇਟੀ ਵਿਚੋਂ ਕਿੰਨੀਆਂ ਲੱਕੜਾਂ ਆਈਆਂ, ਕਲਰਕਾਂ ਨੇ ਉਨ੍ਹਾਂ ਵਿਚੋਂ ਕਿੰਨੀ ਰਿਸ਼ਵਤ ਖਾਧੀ ਅਤੇ ਫਿਰ ਤਰਨਤਾਰਨ ਤੇ ਪੱਟੀ ਦੇ ਸ਼ਮਸ਼ਾਨਘਾਟਾਂ ਵਿਚ ਇਨ੍ਹਾਂ ਝੂਠੇ ਪੁਲਿਸ ਮੁਕਾਬਲਿਆਂ ਤੇ ਕਿੰਨੀਆਂ ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਹੋਏ, ਕਿੰਨੇ ਅਧ-ਸੜੇ ਮਨੁੱਖੀ ਅੰਗ ਕੁੱਤੇ ਵੀ ਖਾਂਦੇ ਰਹੇ- ਇਨ੍ਹਾਂ ਨਾਲ ਜੁੜੀਆਂ ਹੋਰ ਅਨੇਕ ਘਟਨਾਵਾਂ ਭਾਈ ਖਾਲੜਾ ਆਪਣੀ ਡਾਇਰੀ ਵਿਚ ਕਲਮਬੰਦ ਕਰਦੇ ਗਏ।


ਸ਼ਮਸ਼ਾਨਘਾਟ ਦੇ ਰਜਿਸਟਰਾਂ ਦੀਆਂ ਨਕਲਾਂ ਅਤੇ ਟਾਵੇਂ-ਟਾਵੇਂ ਮ੍ਰਿਤਕਾਂ ਦੇ ਨਾਂ-ਪਤੇ ਵੀ ਉਨ੍ਹਾਂ ਦੇ ਹੱਥ ਆ ਗਏ। ਸਮਾਂ ਬਹੁਤ ਕਲਯੁਗੀ ਸੀ। ਕੇ. ਪੀ. ਐਸ. ਗਿੱਲ ਦੇ ਜ਼ੁਲਮ ਵੀ ਕਿਸੇ ਮੀਰ ਮਨੂੰ ਨਾਲੋਂ ਘੱਟ ਨਹੀਂ ਸਨ। ਬੇਅੰਤ ਸਿੰਘ ਦੇ ਜ਼ੁਲਮੀ ਰਾਜ ਵਿਚ ਉਸ ਨੇ ਪੁਲਸੀ ਦਰਿੰਦਿਆਂ ਦੀ ਅਗਵਾਈ ਕੀਤੀ। ਜਿਹੜੇ ਗਿਰੋਹ ਇਸ ਲਈ ਸਿਰਜੇ ਹੋਏ ਸਨ, ਉਨ੍ਹਾਂ ਵਿਚੋਂ ਇਕ ਦੀ ਅਗਵਾਈ ਅਜੀਤ ਸਿੰਘ ਸੰਧੂ ਦੇ ਹੱਥ ਸੀ। 6 ਸਤੰਬਰ 1995 ਨੂੰ ਪੁਲਿਸ ਦੀਆਂ ਜਿਪਸੀਆਂ ਦੀ ਇਕ ਧਾੜ ਆਈ ਅਤੇ ਪਲੋ-ਪਲੀ ਦਿਨ ਵੇਲੇ ਭਾਈ ਖਾਲੜਾ ਦੇ ਕਬੀਰ ਪਾਰਕ ਵਾਲੇ ਘਰ ਵਿਚੋਂ ਉਨ੍ਹਾਂ ਨੂੰ ਜ਼ਬਰਦਸਤੀ ਚੁਕ ਕੇ ਲੈ ਗਈ।



ਕੇ. ਪੀ. ਐਸ. ਗਿੱਲ



ਅਜੀਤ ਸਿੰਘ ਸੰਧੂ



ਸੁਮੇਧ ਸੈਣੀ

ਕਾਰਨ? ਭਾਈ ਖਾਲੜਾ ਨੇ 'ਅਣਪਛਾਤੀਆਂ ਲਾਸ਼ਾਂ' ਦੀ ਕਹਾਣੀ ਜੱਗ ਜ਼ਾਹਰ ਕਰਦਿਆਂ ਅਮਰੀਕਾ, ਕੈਨੇਡਾ ਤੇ ਬਰਤਾਨੀਆ ਦੀਆਂ ਪਾਰਲੀਮੈਂਟਾਂ ਅਤੇ ਕੌਮਾਂਤਰੀ ਪੱਧਰ ਦੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਮ੍ਰਿਤਕਾਂ ਦੀਆਂ ਲਿਸਟਾਂ ਉਨ੍ਹਾਂ ਨੂੰ ਦੇ ਦਿੱਤੀਆਂ ਸਨ। ਥੋੜ੍ਹੀ ਜਿਹੀ ਰਾਜਨੀਤੀ ਵਰਤਦਿਆਂ ਉਨ੍ਹਾਂ ਨੇ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮਨੁੱਖੀ ਅਧਿਕਾਰ ਸੰਸਥਾ ਦਾ ਜਨਰਲ ਸਕੱਤਰ ਬਣਾਈ ਰੱਖਿਆ।

ਸਮਾਜੀ ਜੀਵਨ ਵਿਚ ਕਈ ਮੌਕੇ ਅਜਿਹੇ ਆਉਂਦੇ ਹਨ, ਜਦੋਂ ਦੁਸ਼ਟ ਤੋਂ ਦੁਸ਼ਟ ਵਿਅਕਤੀ ਵੀ ਆਪਣੇ ਆਪ ਨੂੰ ਖਤਰੇ ਵਿਚ ਘਿਰਿਆ ਹੋਇਆ ਦੇਖ ਕੇ ਲੋਕ ਲਾਜ ਨੂੰ ਮੁੱਖ ਰੱਖ ਕੇ ਆਪਣੀ ਰਾਖੀ ਦਾ ਉਪਰਾਲਾ ਕਰਦੇ ਹਨ। ਗਿੱਲ ਅਤੇ ਸੰਧੂ ਭਾਈ ਖਾਲੜਾ ਪਾਸੋਂ ਅਜਿਹੀ ਗੱਲ ਅਖਵਾਉਣਾ ਚਾਹੁੰਦੇ ਸਨ, ਜਿਸ ਨਾਲ 'ਅਣਪਛਾਤੀਆਂ ਲਾਸ਼ਾਂ' ਦੀ ਕਹਾਣੀ ਉਤੇ ਪਰਦਾ ਪਾਇਆ ਜਾ ਸਕੇ। ਭਾਈ ਖਾਲੜਾ ਦੀ ਇਸ ਪੈਂਤੜੇ ਉਤੇ ਆ ਕੇ ਪਰਖ ਦੀ ਘੜੀ ਆ ਗਈ ਸੀ। ਕਾਮਰੇਡੀ ਜੀਵਨ ਆਰੰਭ ਕਰ ਕੇ ਸਿੱਖੀ ਦਾ ਰਸਤਾ ਫੜਦਿਆਂ ਹੀ ਉਹ ਖਾਲਸਾ ਤੋਂ ਸ਼ਹੀਦ ਹੋ ਨਿਬੜਿਆ। ਇਹ ਪਰਖ ਦੀ ਘੜੀ ਉਦੋਂ ਆਈ, ਜਦੋਂ ਥਾਣਾ ਝਬਾਲ ਦੇ ਇਕ ਸੈੱਲ ਵਿਚ ਉਸ ਨੂੰ ਤਸੀਹੇ ਦਿੱਤੇ ਗਏ। ਗੱਲ ਸਿਰਫ ਏਨੀ ਸੀ ਕਿ ਭਾਈ ਖਾਲੜਾ ਨੇ 'ਅਣਪਛਾਤੀਆਂ ਲਾਸ਼ਾਂ' ਅਤੇ ਝੂਠੇ ਪੁਲਿਸ ਮੁਕਾਬਲਿਆਂ ਸਬੰਧੀ ਜੋ ਕਿਹਾ ਹੈ, ਉਹ ਉਸ ਨੂੰ ਵਾਪਸ ਲੈ ਲਵੇ। ਭੰਨੀ ਹੋਈ ਦੇਹ ਰੂਪੀ ਖਾਲੜੇ ਨੂੰ ਅਜੀਤ ਸਿੰਘ ਸੰਧੂ ਨੇ ਆਪਣੇ ਘਰ ਮਾਨਾਂਵਾਲੇ (ਅੰਮ੍ਰਿਤਸਰ) ਵਿਖੇ ਕੇ. ਪੀ. ਐਸ. ਗਿੱਲ ਦੇ ਪੇਸ਼ ਕੀਤਾ ਤਾਂ ਭਾਈ ਖਾਲੜਾ ਸਿੱਖੀ ਦੇ ਰਾਹ ਉਤੇ ਚਲਦਾ ਹੋਇਆ ਖਾਲਸਾ ਸੋਝੀ ਤਾਈਂ ਪਹੁੰਚ ਚੁਕਾ ਸੀ। ਵਕਤ ਅੱਗੇ ਸਿਰਫ ਤੇ ਸਿਰਫ ਸ਼ਹਾਦਤ ਦਾ ਸੀ। ਇਹ ਉਹ ਮਾਰਗ ਸੀ ਜੋ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ, ਛੋਟੇ ਸਾਹਿਬਜ਼ਾਦਿਆਂ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਭਾਈ ਤਾਰੂ ਸਿੰਘ ਅਤੇ ਅਨੇਕ ਹੋਰ ਸਿੱਖ ਸ਼ਹੀਦਾਂ ਨੇ ਪਹਿਲਾਂ ਹੀ ਸਿੱਖ ਇਤਿਹਾਸ ਵਿਚ ਸਿਰਜਿਆ ਹੈ।

ਭਾਈ ਖਾਲੜਾ ਨੂੰ ਵਾਪਸ ਥਾਣਾ ਝਬਾਲ ਦੇ ਸੈੱਲ ਵਿਚ ਲਿਆਂਦਾ ਗਿਆ। ਗੋਲੀ ਦੀ ਆਵਾਜ਼ ਸੁਣਾਈ ਦਿਤੀ, ਲਾਸ਼ ਲਹੂ ਨਾਲ ਭਿਜ ਗਈ। ਦਰਿੰਦਿਆਂ ਨੇ ਲਾਸ਼ ਜਿਪਸੀ ਵਿਚ ਸੁੱਟੀ ਤੇ ਹਰੀ ਕੇ ਪਤਣ ਰਾਜਸਥਾਨ ਨਹਿਰ ਵਿਚ ਰੋੜ੍ਹ ਦਿਤੀ। ਆਪਣੀ ਆਤਮਾ ਦਾ ਕਸ਼ਟ ਦੂਰ ਕਰਨ ਲਈ ਹਰੀ ਕੇ ਪਤਣ ਦੇ ਰੈਸਟ ਹਾਊਸ ਵਿਚ ਰੱਜ ਕੇ ਸ਼ਰਾਬ ਪੀਤੀ ਅਤੇ ਸਮਝਿਆ ਇਹ ਗਿਆ ਕਿ ਕਹਾਣੀ ਮੁੱਕ ਗਈ ਹੈ। ਮੂਰਖਾਂ ਨੂੰ ਇਹ ਪਤਾ ਨਹੀਂ ਸੀ ਕਿ ਅਸਲੀ ਕਹਾਣੀ ਸ਼ਹੀਦ ਦੀ ਸ਼ਹੀਦੀ ਪਿਛੋਂ ਅਰੰਭ ਹੁੰਦੀ ਹੈ, ਜੋ ਮੁਕਦੀ ਨਹੀਂ ਸਗੋਂ ਲੰਮੇ ਸਮੇਂ ਤਕ ਲੋਕਾਈ ਵਿਚ ਕੂਕਦੀ ਰਹਿੰਦੀ ਹੈ। ਇਸੇ ਕੂਕ ਵਸ ਅਜੀਤ ਸਿੰਘ ਸੰਧੂ ਨੇ ਰੇਲ ਗੱਡੀ ਹੇਠ ਸਿਰ ਦਿੱਤਾ ਅਤੇ ਉਸ ਦੇ ਦੋ ਟੋਟੇ ਹੋ ਗਏ। ਇਸ ਨੇ ਕਦੀ ਇਕ ਸੰਤ ਬਾਬੇ ਨੂੰ ਦੋ ਜੀਪਾਂ ਨਾਲ ਇਕ-ਇਕ ਲਤ ਬੰਨ੍ਹ ਕੇ ਇਕ ਦੂਜੀ ਦੇ ਉਲਟ ਚਲਾ ਕੇ ਦੋਫਾੜ ਕੀਤਾ ਸੀ... ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ। (ਇਸੇ ਹੀ ਕੂਕ ਵਸ ਅੱਜ ਸੁਮੇਧ ਸੈਣੀ ਆਪਣੀ ਹੀ ਪੁਲਿਸ ਕੋਲੋਂ ਭਗੌੜਾ ਹੋਇਆ ਫਿਰਦਾ ਹੈ।)

*ਕਰਤਾ 'ਨੇੜਿਓਂ ਡਿਠੇ ਸੰਤ ਭਿੰਡਰਾਂਵਾਲੇ'।

## ਅੰਜਾਮ

ਕਾਤਲ ਸਿਰ ਜਾਂ ਕਾਜ਼ੀ ਸਿਰ
ਇਲਜ਼ਾਮ ਵੇਖਣਾ ਏ।
ਸੱਪ ਦੇ ਮੂੰਹ ਵਿਚ ਕਿਰਲੀ
ਦਾ ਅੰਜਾਮ ਵੇਖਣਾ ਏ।

ਵੇਖਣਾ ਏ ਕਿ ਕਦ ਤੱਕ
ਪਾਪ ਦੀ ਰਾਖੀ ਹੁੰਦੀ ਏ।
ਭੂਤ-ਘਰੀਂ ਵੀ ਇੱਕ ਅੱਧ
ਰੌਸ਼ਨ ਤਾਕੀ ਹੁੰਦੀ ਏ।

ਹੁੰਦੀ ਨਹੀਂ ਪਰ ਤਾਕੀ
ਕਬਰੀਂ ਦੱਬੀਆਂ ਰੂਹਾਂ ਲਈ।
ਦੋਜਖ ਦੀਆਂ ਬਲਾਵਾਂ ਹੀ
ਆਉਣਾ-ਜਾਣਾ ਸੂਹਾਂ ਲਈ।

ਸੂਹਾਂ ਜਿਨ੍ਹਾਂ ਨੇ ਘਰ ਘਰ
ਸੱਥਰ ਬਹੁਤ ਵਿਛਾਏ ਸਨ।
ਵੇਖ ਜੁਲਮ ਨੂੰ ਨਾਜ਼ੁਕ ਦਿਲ
ਬਹੁਤੇ ਘਬਰਾਏ ਸਨ।

ਹੁਣ ਘਬਰਾਇਆ ਫਿਰਦੈ
ਸੈਣੀ ਖੁੱਡੀਂ ਲੁੱਕਦਾ ਏ।
ਸ਼ੀਸ਼ਾ ਵੀ ਸੁਣਿਆ ਏ ਸਾਹਵਿਓਂ
ਮੂੰਹ 'ਤੇ ਥੁੱਕਦਾ ਏ।

ਥੁੱਕਦਾ ਏ ਸੰਸਾਰ ਤੇਰੀਆਂ
ਫੀਤੀਆਂ ਲੱਗੀਆਂ 'ਤੇ।
ਹਾਏ ਕਹੇ ਪੰਜਾਬ ਖੂਨ ਦੀਆਂ
ਨਹਿਰਾਂ ਵਗੀਆਂ 'ਤੇ।

ਨਹਿਰਾਂ ਵਿਚ ਜੋ ਰੁੜ੍ਹ ਗਏ
ਗੱਭਰੂ ਬਹੁਤ ਪਿਆਰੇ ਸਨ।
ਸਨ ਵਿਹੜੇ ਦੀ ਰੌਣਕ ਕੁਝ

ਅੰਬਰਾਂ ਦੇ ਤਾਰੇ ਸਨ।
ਅੰਬਰੀਂ ਵਸਦਿਆਂ ਤਾਰਿਆਂ
ਤੇਰਾ ਹਸ਼ਰ ਵੇਖਣਾ ਏ।
ਕੂੜ ਤੇਰੇ ਨੂੰ ਜਗ ਵਿਚ
ਹੁੰਦਾ ਨਸ਼ਰ ਵੇਖਣਾ ਏ।

ਵੇਖਣਾ ਈ ਤਾਂ ਪੁੱਛ ਵੇਖੀਂ
ਤੂੰ ਆਪਣੇ ਅੰਦਰ ਨੂੰ।
ਲਾਲ ਕਿਲੇ ਤੋਂ ਕੀ ਮਿਲਿਐ
ਛੱਡ ਕੇ ਹਰਿਮੰਦਰ ਨੂੰ।

**-ਹਰਦੇਵ ਸਿੰਘ**
*shardevkarnal@gmail.com*

# ਟਹਿਕਦੇ ਗੁਲਦਸਤੇ 'ਪੰਜਾਬ ਟਾਈਮਜ਼' ਦੀ ਨਰੋਈ ਸਮਗਰੀ

## ਸੰਪਾਦਕ ਦੀ ਡਾਕ

**ਸਤਿਕਾਰਯੋਗ ਸੰਪਾਦਕ ਜੀ,**

ਮੈਂ ਆਪ ਜੀ ਦੇ ਹਫਤਾਵਾਰੀ ਅਖਬਾਰ 'ਪੰਜਾਬ ਟਾਈਮਜ਼' ਦੀ ਨਵੀਂ ਪਾਠਕ ਹਾਂ। ਜਦੋਂ ਤੋਂ ਮੈਨੂੰ ਇਸ ਦਾ ਪਤਾ ਲੱਗਾ ਹੈ, ਮੈਂ ਇਸ ਨੂੰ ਲਗਾਤਾਰ ਪੜ੍ਹਦੀ ਆ ਰਹੀ ਹਾਂ। ਇਸ ਵਿਚ ਪੜ੍ਹਨ ਲਈ ਬੜੀ ਵਿਵਿਧ ਤੇ ਨਰੋਈ ਸਮਗਰੀ ਹੁੰਦੀ ਹੈ। ਇਸ ਵਿਚ ਰਾਜਨੀਤੀ ਤੋਂ ਲੈ ਕੇ ਫਿਲਮਾਂ ਤੀਕ ਡੂੰਘੀ ਜਾਣਕਾਰੀ ਵਾਲੇ ਲੇਖ ਪੜ੍ਹਨ ਨੂੰ ਮਿਲਦੇ ਹਨ। ਨਵੇਂ ਪੁਰਾਣੇ ਸਾਹਿਤਕਾਰਾਂ ਦੇ ਲੇਖ ਤੇ ਕਹਾਣੀਆਂ ਸਾਡੇ ਵਡਮੁੱਲੇ ਸਾਹਿਤਕ ਵਿਰਸੇ ਨਾਲ ਜੋੜੀ ਰੱਖਦੇ ਹਨ। ਜੋ ਭਖਦੇ ਮੁੱਦਿਆਂ 'ਤੇ ਬਹਿਸਾਂ ਅਤੇ ਪ੍ਰਤੀਕਰਮ ਛਾਪੇ ਜਾਂਦੇ ਹਨ, ਉਹ ਬੜੇ ਹੀ ਰੌਚਕ ਤੇ ਲਾਭਕਾਰੀ ਹੁੰਦੇ ਹਨ। ਮੇਰੀ ਸਮਝ ਵਿਚ ਇਹ ਅਖਬਾਰ ਨਹੀਂ, ਵਰਦਾਨ ਹੈ।

ਭਾਵੇਂ ਮੈਂ ਪੜ੍ਹਦੀ ਸਭ ਕੁਝ ਹਾਂ, ਪਰ ਪੰਜਾਬੀ ਸਾਹਿਤ, ਧਰਮ ਤੇ ਫਿਲਾਸਫੀ ਵਿਚ ਮੇਰੀ ਵਿਸ਼ੇਸ਼ ਰੁਚੀ ਹੈ। 29 ਅਗਸਤ ਦੇ ਅੰਕ ਵਿਚ ਅਮਰਜੀਤ ਸਿੰਘ ਮੁਲਤਾਨੀ ਦਾ ਲੇਖ "ਜਾਗੋ ਸਿੱਖੋ! ਨਹੀਂ ਤਾਂ ਨਾਮ ਤੇ ਨਿਸ਼ਾਨ ਮਿਟ ਜਾਏਗਾ" ਰੂਹ ਝੰਜੋੜਨ ਵਾਲਾ ਹੈ ਅਤੇ ਇਹ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ ਅਸੀਂ ਧਰਮ ਵਿਚੋਂ ਹੁਲੜਬਾਜ਼ੀ ਨੂੰ ਕਿਵੇਂ ਰੋਕੀਏ ਤੇ ਆਪਣੇ ਧਾਰਮਿਕ ਹੱਕਾਂ ਦੀ ਵਰਤੋਂ ਕਿਵੇਂ ਕਰੀਏ!

ਡਾ. ਗੁਰਬਖਸ ਸਿੰਘ ਭੰਡਾਲ ਦਾ "ਗਿਆਨ ਗੋਸ਼ਟਿ" ਦੇ ਸਿਰਲੇਖ ਵਾਲਾ ਲੇਖ ਉਪਰੋਂ ਦਿਲਚਸਪ ਲਗਦਾ ਹੈ, ਪਰ ਅੰਦਰੋਂ ਖੋਖਲਾ ਸੀ। ਲੇਖਕ ਨੇ ਇਸ ਵਿਚ ਇਕ ਅਰਥੇ ਸ਼ਬਦਾਂ ਤੇ ਵਾਕਾਂ ਦੇ ਲੱਛੇ ਬਣਾਏ ਲਗਦੇ ਹਨ, ਜਿਨ੍ਹਾਂ ਵਿਚੋਂ ਕੱਢਣ-ਪਾਉਣ ਨੂੰ ਬਹੁਤਾ ਕੁਝ ਨਹੀਂ ਮਿਲਦਾ। ਪੂਰਾ ਲੇਖ ਗਿਆਨ ਗੋਸ਼ਟਿ ਦੀਆਂ ਤਾਰੀਫਾਂ ਨਾਲ ਭਰਿਆ ਪਿਆ ਹੈ, ਪਰ ਲੋਕਾਂ ਵਿਚ ਗਿਆਨ ਗੋਸ਼ਟਿ ਦੇ ਘਟਦੇ ਰੁਝਾਨ ਬਾਰੇ ਇਸ ਵਿਚ ਇਕ ਸ਼ਬਦ ਵੀ ਨਹੀਂ। ਅੱਜ ਦੇ ਸਮੇਂ ਦੀ ਮੁੱਖ ਲੋੜ "ਉੱਤਰ ਦੀਜੈ, ਰੋਸ ਨਾ ਕੀਜੈ" ਦਾ ਕਲਚਰ ਪੈਦਾ ਕਰਨ ਦੀ ਹੈ, ਜਿਸ ਬਾਰੇ ਲੇਖਕ ਚੁੱਪ ਹੈ; ਪਰ ਇਸ ਤੋਂ ਬਿਨਾ ਸਮਾਜ ਵਿਚ ਗਿਆਨ ਗੋਸ਼ਟਿ ਦਾ ਸੰਕਲਪ ਜੜ੍ਹਾਂ ਨਹੀਂ ਪਕੜ ਸਕਦਾ।

ਇਸੇ ਅੰਕ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਦਾ ਲੇਖ "ਭੁਗਤਿ ਗਿਆਨੁ ਦਇਆ ਭੰਡਾਰਣਿ" ਵੀ ਗਿਆਨ ਨਾਲ ਹੀ ਸਬੰਧਤ ਸੀ। ਇਸ ਵਿਚ ਗਿਆਨ ਬਾਰੇ ਦਿੱਤੀ ਡੂੰਘੀ ਜਾਣਕਾਰੀ ਤੋਂ ਪਤਾ ਚਲਦਾ ਹੈ ਕਿ ਗਿਆਨ ਬਾਰੇ ਕੋਈ ਗੱਲ ਕਹਿਣ ਤੋਂ ਪਹਿਲਾਂ ਇਹ ਪਤਾ ਹੋਣਾ ਲਾਜ਼ਮੀ ਹੈ ਕਿ ਗਿਆਨ ਕਹਿੰਦੇ ਕਿਸ ਨੂੰ ਹਨ?

ਇਸੇ ਤਰ੍ਹਾਂ 5 ਸਤੰਬਰ ਦੇ ਅੰਕ ਵਿਚ "ਏਕਾ ਮਾਈ ਜੁਗਤਿ ਵਿਆਈ" ਦੇ ਸਿਰਲੇਖ ਹੇਠ ਛਪੇ ਆਪਣੇ ਲੇਖ ਵਿਚ ਡਾ. ਗੋਬਿੰਦਰ ਸਿੰਘ ਦੇ ਗੁਰਬਾਣੀ ਸਮਝਾਉਣ ਦੇ ਨਾਲ ਨਾਲ ਕੁਦਰਤ ਦੇ ਗੁੱਝੇ ਭੇਤਾਂ ਦਾ ਵੀ ਵਰਣਨ ਕੀਤਾ ਹੈ। ਨਵੀਂ-ਪੁਰਾਣੀ ਜਾਣਕਾਰੀ ਰਾਹੀਂ ਕੁਦਰਤ ਦੇ ਰੂਬਰੂ ਹੋਣਾ ਚੰਗਾ ਲੱਗਿਆ।

ਲੇਖਕ ਦਾ ਇਹ ਕਹਿਣਾ ਸੱਚ ਹੈ ਕਿ ਲਕੀਰ ਤੋਂ ਵੱਖ ਹੋ ਕੇ ਸੋਚਣ ਨਾਲ ਕਈ ਵਾਰ ਸੱਚਾਈ ਸਾਫ ਵਧੇਰੇ ਆਸਾਨੀ ਨਾਲ ਸਮਝ ਪੈਂਦੀ ਹੈ। ਚੰਗਾ ਹੁੰਦਾ ਜੇ ਲੇਖਕ ਬਾਣੀ ਦੇ ਅਰਥ ਵਿਸਥਾਰ ਨਾਲ ਕਰਦਾ ਅਤੇ ਦਵੈਤਵਾਦ ਬਾਰੇ ਵੀ ਖੋਲ੍ਹ ਕੇ ਲਿਖਦਾ। ਇਸ ਤਰ੍ਹਾਂ ਆਮ ਪਾਠਕ ਨੂੰ ਹੋਰ ਲਾਭ ਹੋ ਜਾਂਦਾ।

ਇਸ ਅੰਕ ਵਿਚ ਸਾਹਿਤਕ ਰਚਨਾਵਾਂ ਵੀ ਇਕ ਤੋਂ ਵਧ ਕੇ ਇਕ ਦਿਲਚਸਪ ਹਨ। ਖਾਸ ਕਰਕੇ ਡਾ. ਹਰਪਾਲ ਸਿੰਘ ਪੰਨੂ ਦੀਆਂ ਅਨੁਵਾਦ ਕੀਤੀਆਂ ਵਿਜੇਦਾਨ ਦੇਥਾ ਦੀਆਂ ਰਾਜਸਥਾਨੀ ਲੋਕ ਕਥਾਵਾਂ ਇਕ ਪਿਆਰੀ ਸਾਹਿਤਕ ਵੰਨਗੀ ਹੈ। ਆਸ ਕਰਦੀ ਹਾਂ, 'ਪੰਜਾਬ ਟਾਈਮਜ਼' ਦਾ ਗੁਲਦਸਤਾ ਹਮੇਸ਼ਾ ਟਹਿਕਦਾ ਰਹੇ।

**-ਅਜੀਤ ਕਮਲ ਜੋਸ਼ੀ**
*ajitkamal0112@gmail.com*

# ਭਾਰਤ ਦੇ ਭਲੇ ਲਈ ਧਰਮ-ਨਿਰਪੱਖ ਧਿਰਾਂ ਦੇ ਏਕੇ ਦੀ ਲੋੜ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਗੱਲ ਭਾਵੇਂ ਹਿੰਦੁਸਤਾਨ ਦੇ ਹਾਲਾਤ ਦੀ ਕਰਨੀ ਹੈ, ਪਰ ਸ਼ੁਰੂ ਸਾਨੂੰ ਇਸ ਵਾਰੀ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਦੇ ਮੁੱਦੇ ਤੋਂ ਕਰਨੀ ਪੈ ਰਹੀ ਹੈ। ਕਾਰਨ ਇਹ ਹੈ ਕਿ ਉਥੋਂ ਆਉਂਦੇ ਅਵਾੜੇ ਇਹ ਕਹਿੰਦੇ ਹਨ ਕਿ ਸਰਵੇਖਣਾਂ ਦੇ ਨਤੀਜੇ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ




ਹਾਰਦਾ ਹੋਇਆ ਦੱਸ ਰਹੇ ਹਨ ਅਤੇ ਉਸ ਦੇ ਵਿਰੋਧੀ ਜੋਅ ਬਿਡੇਨ ਦਾ ਪ੍ਰਭਾਵ ਲਗਾਤਾਰ ਵਧਦਾ ਜਾਪਦਾ ਹੈ। ਇਹ ਗੱਲ ਸਿਰਫ ਏਨੀ ਕੁ ਠੀਕ ਲਗਦੀ ਹੈ ਕਿ ਸਰਵੇਖਣਾਂ ਮੁਤਾਬਕ ਜੋਅ ਬਿਡੇਨ ਕੁਝ ਮੂਹਰੇ ਤੇ ਡੋਨਲਡ ਟਰੰਪ ਕੁਝ ਪਿੱਛੇ ਜਾਪਦਾ ਹੈ, ਪਰ ਜੋਅ ਬਿਡੇਨ ਵੀ ਅਜੇ ਪੰਜਾਹ ਫੀਸਦੀ ਤੋਂ ਵੱਧ ਦੀ ਹਮਾਇਤ ਦੇ ਅੰਕੜੇ ਨਹੀਂ ਦੇ ਸਕਿਆ ਜਾਪਦਾ। ਦੋਹਾਂ ਦੇ ਅੰਕੜੇ ਜੋੜ ਕੇ ਜਦੋਂ ਨੱਬੇ ਫੀਸਦੀ ਦੇ ਕਰੀਬ ਬਣਦੇ ਹੋਣ ਤਾਂ ਬਾਕੀ ਦਸ ਫੀਸਦੀ ਦੇ ਕਰੀਬ ਜਿਹੜੇ ਲੋਕ ਅਜੇ ਚੁੱਪ ਹਨ, ਉਨ੍ਹਾਂ ਨੇ ਜਿੱਧਰ ਵਗਣਾ ਹੈ, ਉਹ ਜਿੱਤ ਸਕਦਾ ਹੈ ਅਤੇ ਸਾਰੇ ਅੰਕੜਿਆਂ ਦੇ ਬਾਵਜੂਦ ਜੇ ਡੋਨਲਡ ਟਰੰਪ ਜਿੱਤ ਗਿਆ ਤਾਂ ਹੈਰਾਨੀ ਨਹੀਂ ਹੋਵੇਗੀ। ਇਸ ਦਾ ਕਾਰਨ ਸਾਡੇ ਭਾਰਤ ਦੇ ਚੋਣ ਤਜਰਬੇ ਵਿਚ ਲੁਕਿਆ ਹੈ, ਜਿਸ ਵਿਚ ਪਿਛਲੀ ਪਾਰਲੀਮੈਂਟ ਚੋਣ ਤੋਂ ਇੱਕ ਹਫਤਾ ਪਹਿਲਾਂ ਆਪਣੇ ਸ਼ਹਿਰ ਦੇ ਬਾਜ਼ਾਰ ਦਾ ਇੱਕੋ ਗੇੜਾ ਸਾਨੂੰ ਕਈ ਕੁਝ ਸਮਝਣ ਦਾ ਸਹਾਇਕ ਬਣ ਗਿਆ ਸੀ। ਸਾਨੂੰ ਕੁਝ ਦੁਕਾਨਦਾਰ ਸੱਜਣਾਂ, ਜੋ ਬੜੇ ਪੁਰਾਣੇ ਜਾਣੂ ਸਨ, ਨੂੰ ਮਿਲਣ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਸਾਫ ਕਿਹਾ ਸੀ ਕਿ ਪਿਛਲੇ ਪੰਜ ਸਾਲ ਵਿਚ ਜਿੱਦਾਂ ਦਾ ਰਾਜ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਨੇ ਚਲਾਇਆ ਹੈ, ਉਸ ਨੇ ਸਾਡੇ ਸਾਰੇ ਕਾਰੋਬਾਰ ਦਾ ਬਹੁਤ ਬੁਰੀ ਤਰ੍ਹਾਂ ਭੱਠਾ ਬਿਠਾ ਦਿੱਤਾ ਹੈ, ਪਰ ਵੋਟ ਉਹ ਫਿਰ ਵੀ ਮੋਦੀ ਨੂੰ ਦੇਣ ਦੀ ਗੱਲ ਕਰਦੇ ਸਨ। ਜਦੋਂ ਕਾਰਨ ਪੁੱਛਿਆ ਤਾਂ ਕਹਿਣ ਲੱਗੇ, 'ਅੱਠ ਸੌ ਸਾਲਾਂ ਬਾਅਦ ਸਾਡਾ ਰਾਜ ਆਇਆ ਹੈ, ਚੰਗਾ ਹੋਵੇ ਜਾਂ ਮਾੜਾ, ਇਹ ਮੌਕਾ ਅਸੀਂ ਨਹੀਂ ਗੁਆ ਸਕਦੇ।'

ਇਸ ਵਕਤ ਨਰਿੰਦਰ ਮੋਦੀ ਵਾਲੀ ਚੁਸਤੀ ਡੋਨਲਡ ਟਰੰਪ ਵਰਤ ਰਿਹਾ ਹੈ, ਸ਼ਾਇਦ ਮੋਦੀ ਨਾਲ ਨੇੜਤਾ ਕਾਰਨ ਸਿੱਖ ਗਿਆ ਹੈ। ਪਿਛਲੇ ਕੁਝ ਹਫਤਿਆਂ ਤੋਂ ਉਸ ਦੇਸ਼ ਵਿਚ ਜਿਸ ਤਰ੍ਹਾਂ ਨਸਲਵਾਦੀ ਮੁੱਦਾ ਉੱਭਰਿਆ, ਜਿਵੇਂ ਨਸਲਵਾਦ ਦਾ ਵਿਰੋਧ ਹੋਇਆ, ਉਸ ਤੋਂ ਅਸੀਂ ਲੋਕ ਤਸੱਲੀ ਕਰ ਸਕਦੇ ਹਾਂ ਕਿ ਲੋਕਾਂ ਵਿਚ ਨਸਲਵਾਦ ਵਿਰੋਧੀ ਜਾਗ੍ਰਤੀ ਆ ਰਹੀ ਹੈ, ਪਰ ਇਸ ਦੀ ਪ੍ਰਤੀਕ੍ਰਿਆ ਨੂੰ ਅਸੀਂ ਅੱਖੋਂ-ਪਰੋਖਾ ਕਰ ਜਾਂਦੇ ਹਾਂ। ਭਾਰਤ ਵਿਚ ਅਸੀਂ ਇਸ ਗੱਲ ਨਾਲ ਬੜੀ ਤਸੱਲੀ ਕਰਦੇ ਰਹੇ ਸਾਂ ਕਿ ਇਥੇ ਘੱਟ-ਗਿਣਤੀਆਂ ਨਾਲ ਹੁੰਦੀਆਂ ਜ਼ਿਆਦਤੀਆਂ ਮੁੱਦਾ ਬਣ ਰਹੀਆਂ ਹਨ, ਪਰ ਦੂਜੇ ਪਾਸੇ ਉਨ੍ਹਾਂ ਭਾਈਚਾਰਿਆਂ ਦੀ ਸੋਚ ਸਾਨੂੰ ਭੁੱਲ ਜਾਂਦੀ ਰਹੀ, ਜਿਨ੍ਹਾਂ ਨਾਲ ਜ਼ਿਆਦਤੀਆਂ ਕਰਨ ਵਾਲੇ ਅਪਰਾਧੀ ਤੱਤ ਸਿੱਧੇ ਸਬੰਧਤ ਸਨ। ਬਹੁ-ਗਿਣਤੀ ਭਾਈਚਾਰੇ ਵਿਚ ਬਹੁਤ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਸੀ, ਜੋ ਹਿੰਸਾ ਪਸੰਦ ਨਹੀਂ ਕਰਦੇ, ਪਰ ਜਦੋਂ ਗੱਲ ਇਹ ਚੱਲਦੀ ਸੀ ਕਿ ਇਸ ਹਿੰਸਾ ਦੇ ਦੋਸ਼ੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਤਾਂ ਉਹ 'ਆਪਣੇ' ਭਾਈਚਾਰੇ ਦੇ ਅਪਰਾਧੀ ਤੱਤਾਂ ਵੱਲ ਨਰਮਾਈ ਦੀ ਸੋਚ ਰੱਖਦੇ ਸਨ ਤੇ ਦੂਜਿਆਂ ਦੇ ਹੰਝੂ ਪੂੰਝਣ ਲਈ ਸਿਰਫ ਹਾਅ ਦਾ ਨਾਅਰਾ ਮਾਰ ਦੇਣਾ ਹੀ ਕਾਫੀ ਸਮਝਦੇ ਸਨ। ਇਹ ਕੁਝ ਇਸ ਵੇਲੇ ਅਮਰੀਕਾ ਵਿਚ ਹੋਣ ਦੇ ਸੰਕੇਤ ਮਿਲਣ ਲੱਗੇ ਹਨ। ਗੈਰ-ਗੋਰੇ ਲੋਕਾਂ ਨਾਲ ਹਮਦਰਦੀ ਉਥੋਂ ਦੇ ਮਨੁੱਖਵਾਦੀ ਸੋਚ ਵਾਲੇ ਗੋਰੇ ਲੋਕਾਂ ਵਿਚ ਚੋਖੀ ਦਿਖਾਈ ਦਿੰਦੀ ਹੈ, ਪਰ ਉਸ ਭਾਈਚਾਰੇ ਅੰਦਰ ਬਹੁਤ ਸਾਰੇ ਲੋਕ ਇਸ ਸੋਚ ਵਾਲੇ ਵੀ ਹਨ, ਜੋ ਕਤਾਰਬੰਦੀ ਹੋ ਗਈ ਤੋਂ ਟਰੰਪ ਪਿੱਛੇ ਭੁਗਤ ਸਕਦੇ ਹਨ।

ਅਮਰੀਕਾ ਦੀ ਗੱਲ ਅਸੀਂ ਅਮਰੀਕੀ ਨਾਗਰਿਕਾਂ ਦੀ ਜ਼ਮੀਰ ਦੀ ਅਵਾਜ਼ ਉਤੇ ਛੱਡ ਕੇ ਭਾਰਤ ਬਾਰੇ ਸੋਚਣਾ ਸ਼ੁਰੂ ਕਰੀਏ ਤਾਂ ਇਸ ਵਿਚ ਧਰਮ ਨਿਰਪੱਖਤਾ ਦੀਆਂ ਸੁਰਾਂ ਇਸ ਵੇਲੇ ਪਹਿਲਾਂ ਜਿੰਨੀਆਂ ਤਾਕਤਵਰ ਨਹੀਂ ਰਹੀਆਂ। ਭਾਰਤ ਦੇ ਹਿੱਤ ਚਾਹੁਣ ਵਾਲੇ ਹੋਰ ਲੋਕਾਂ ਵਾਂਗ ਅਸੀਂ ਖੁਦ ਵੀ ਧਰਮ ਨਿਰਪੱਖਤਾ ਦੇ ਪੱਖ ਵਿਚ ਖੜ੍ਹੇ ਰਹੇ ਹਾਂ ਤੇ ਅੱਜ ਵੀ ਇਸ ਦਾ ਪੱਲਾ ਛੱਡਣ ਨੂੰ ਤਿਆਰ ਨਹੀਂ, ਪਰ ਹਕੀਕਤ ਇਹ ਹੈ ਕਿ ਬਹੁਤ ਸਾਰੇ ਕੱਲ੍ਹ ਦੇ ਧਰਮ-ਨਿਰਪੱਖ ਅੱਜ ਗੱਦੀਆਂ ਦੀ ਝਾਕ ਜਾਂ ਮਾਰ ਖਾਣ ਤੋਂ ਬਚਣ ਲਈ ਵਗਦੇ ਪਾਣੀ ਨਾਲ ਵਗਣਾ ਠੀਕ ਮੰਨਣ ਲੱਗੇ ਹਨ। ਹਾਲਾਤ ਏਨਾ ਮੋੜਾ ਕੱਟ ਚੁਕੇ ਹਨ ਕਿ ਜਿਹੜੀ ਕਾਂਗਰਸ ਪਾਰਟੀ, ਆਪਣੇ ਸੌ ਐਬਾਂ ਦੇ ਬਾਵਜੂਦ, ਧਰਮ-ਨਿਰਪੱਖ ਧਿਰਾਂ ਵਿਚੋਂ ਸਾਰਿਆਂ ਤੋਂ ਵੱਡੀ ਧਿਰ ਗਿਣੀ ਜਾਂਦੀ ਸੀ, ਉਸ ਦੇ ਕਈ ਲੀਡਰ ਵੀ ਆਨੇ-ਬਹਾਨੇ ਮੋਦੀ ਸਰਕਾਰ ਦੇ ਉਨ੍ਹਾਂ ਕਦਮਾਂ ਦੀ ਹਮਾਇਤ ਕਰਨ ਦੇ ਰਾਹ ਪੈ ਗਏ ਹਨ, ਜਿਨ੍ਹਾਂ ਦਾ ਪਹਿਲਾਂ ਵਿਰੋਧ ਕਰਿਆ ਕਰਦੇ ਸਨ। ਇਸ ਵੇਲੇ ਅਸਲੋਂ ਫਿਰਕੂ ਰੰਗ ਨਾਲ ਕੋਈ ਰਾਜ ਸਰਕਾਰ ਚੱਲਦੀ ਕਹੀ ਜਾ ਸਕਦੀ ਹੈ ਤਾਂ ਉੱਤਰ ਪ੍ਰਦੇਸ਼ ਦੀ ਸਰਕਾਰ ਉੱਤੇ ਉਂਗਲ ਧਰਨ ਵਿਚ ਕੋਈ ਵੀ ਦੇਰ ਨਹੀਂ ਕਰੇਗਾ, ਪਰ ਉਸ ਸਰਕਾਰ ਵਿਚ ਤਿੰਨ ਮੰਤਰੀ ਪੁਰਾਣੇ ਕਾਂਗਰਸੀ ਆਗੂ ਹਨ, ਜੋ ਕਾਂਗਰਸ ਵਿਚ ਹੁੰਦਿਆਂ ਤੋਂ ਭਾਜਪਾ ਨੂੰ ਫਿਰਕਾਪ੍ਰਸਤੀ ਦੀ ਝੰਡਾਬਰਦਾਰ ਕਹਿ ਕੇ ਭੰਡਦੇ ਹੁੰਦੇ ਸਨ।

ਗੁਜਰਾਤ ਵਿਚ ਨਰਿੰਦਰ ਮੋਦੀ ਦੀ ਚੜ੍ਹਤ ਦਾ ਦੌਰ ਆਉਂਦੇ ਸਾਰ ਹੀ ਬਹੁਤ ਸਾਰੇ ਕਾਂਗਰਸੀ ਆਗੂ ਆਪਣੀ ਧਰਮ-ਨਿਰਪੱਖਤਾ ਨੂੰ ਪਹਿਲੀ ਪਾਰਟੀ ਦੇ ਵਿਹੜੇ ਵਿਚ ਢੇਰੀ ਕੀਤੇ ਬਿਨਾ ਛਾਲਾਂ ਮਾਰ ਕੇ ਭਾਜਪਾ ਵੱਲ ਚਲੇ ਗਏ ਸਨ ਅਤੇ ਉਸ ਪਾਸੇ ਜਾਣ ਦਾ ਇਹ ਵਹਿਣ ਅੱਜ ਵੀ ਜਾਰੀ ਹੈ। ਪੱਛਮੀ ਬੰਗਾਲ ਦੇ ਕਿੰਨੇ ਸੱਜਣ ਪਹਿਲਾਂ ਮਾਰਕਸੀ ਕਮਿਊਨਿਸਟ ਪਾਰਟੀ ਦੇ ਆਗੂ ਅਤੇ ਵਿਧਾਇਕ ਹੋਇਆ ਕਰਦੇ ਸਨ ਤੇ ਅੱਜ ਭਾਜਪਾ ਦੇ ਆਗੂ ਬਣੇ ਹੋਏ ਹਨ, ਇਹ ਵੀ ਗਿਣਤੀ ਦਾ ਦਿਲਚਸਪ ਵਿਸ਼ਾ ਹੋ ਸਕਦਾ ਹੈ। ਭਾਜਪਾ ਅਤੇ ਆਰ. ਐੱਸ. ਐੱਸ. ਦੇ ਆਗੂਆਂ ਦੀ ਅੱਖ ਅੱਗੋਂ ਕੇਰਲਾ ਵੱਲ ਹੈ ਤੇ ਉਨ੍ਹਾਂ ਦੇ ਲੀਡਰ ਇਹ ਖੁੱਲ੍ਹਾ ਕਹਿ ਰਹੇ ਹਨ ਕਿ ਪੱਛਮੀ ਬੰਗਾਲ ਵਾਲਾ ਤਜਰਬਾ ਉਸ ਰਾਜ ਵਿਚ ਕੰਮ ਆਉਣ ਵਾਲਾ ਹੈ। ਅਸੀਂ ਸਮਝਦੇ ਹਾਂ ਕਿ ਏਦਾਂ ਕਰਨਾ ਸੌਖਾ ਨਹੀਂ, ਪਰ ਉਹ ਪੂਰੇ ਜ਼ੋਰ ਨਾਲ ਇਸ ਕੰਮ ਲੱਗੇ ਹੋਏ ਹਨ ਅਤੇ ਪੱਛਮੀ ਬੰਗਾਲ ਵਿਚ ਉਹ ਤ੍ਰਿਣਮੂਲ ਕਾਂਗਰਸ ਦੇ ਬੰਦੇ ਵੀ ਤੋੜਨ ਲਈ ਜ਼ੋਰ ਲਾ ਰਹੇ ਹਨ।

ਅਮਰੀਕਾ ਵਿਚ ਪੋਰਟਲੈਂਡ ਦੀਆਂ ਖਬਰਾਂ ਦੱਸਦੀਆਂ ਹਨ ਕਿ ਨਸਲਵਾਦ ਦੇ ਵਿਰੋਧੀਆਂ ਦੇ ਨਾਲ ਭਿੜਨ ਲਈ ਮੂਲਵਾਦੀਆਂ ਨੂੰ ਉਕਸਾਇਆ ਗਿਆ ਹੈ ਤੇ ਇਸ ਬਹਾਨੇ ਇੱਕ ਖਾਸ ਚੋਣ ਨੀਤੀ ਅੱਗੇ ਵਧਾਈ ਗਈ ਹੈ। ਭਾਰਤ ਦੀ ਚੋਣ ਨੀਤੀ ਵਿਚ ਇਹ ਕੰਮ ਚਿਰਾਂ ਤੋਂ ਹੁੰਦਾ ਰਿਹਾ ਹੈ ਤੇ ਪਿਛਲੀਆਂ ਦੋ ਪਾਰਲੀਮੈਂਟ ਚੋਣਾਂ ਵਿਚ ਲੋਕਾਂ ਲਈ ਕੀਤੇ ਕੰਮਾਂ ਬਦਲੇ ਵੋਟਾਂ ਮੰਗਣ ਦੀ ਥਾਂ ਜਿਵੇਂ 'ਅੱਠ ਸੌ ਸਾਲ ਬਾਅਦ' ਵਾਲੀ ਭਾਵਨਾ ਪੈਦਾ ਕੀਤੀ ਜਾਂਦੀ ਰਹੀ ਹੈ, ਉਹੋ ਵਰਤਾਰਾ ਇਸ ਵਕਤ ਬਹੁਤ ਸਾਰੇ ਦੇਸ਼ਾਂ ਵਿਚ ਅੱਗੇ ਵਧ ਰਿਹਾ ਹੈ।




ਅਮਰੀਕਾ ਦੇ ਲੋਕ ਕਿਸ ਨੂੰ ਚੁਣਦੇ ਹਨ ਅਤੇ ਕਿਸ ਨੂੰ ਰੱਦ ਕਰਦੇ ਹਨ, ਇਹ ਗੱਲ ਉਸ ਦੇਸ਼ ਦੇ ਲੋਕਾਂ ਦੀ ਚੇਤਨਾ ਲਈ ਛੱਡ ਕੇ ਸਾਡੀ ਚਿੰਤਾ ਇਸ ਗੱਲ ਦੀ ਹੈ ਕਿ ਭਾਰਤ ਵਿਚਲੀ ਚੋਣ ਰਾਜਨੀਤੀ ਇਸ ਦੇਸ਼ ਨੂੰ ਮੱਧ-ਯੁੱਗੀ ਦੌਰ ਵੱਲ ਲਿਜਾ ਰਹੀ ਹੈ। ਇਸ ਨੂੰ ਰੋਕਣ ਦੀ ਲੋੜ ਹੈ, ਪਰ ਰੋਕਣ ਦਾ ਕੰਮ ਕੋਈ ਇੱਕ ਧਿਰ ਆਪਣੇ ਸਿਰ ਕਰਨ ਦਾ ਦਾਅਵਾ ਨਹੀਂ ਕਰ ਸਕਦੀ, ਇਸ ਦੇ ਲਈ ਸਾਰੀਆਂ ਧਰਮ-ਨਿਰਪੱਖ ਧਿਰਾਂ ਨੂੰ ਸਿਰ ਜੋੜਨ ਦੀ ਲੋੜ ਹੈ।

ਬਦਕਿਸਮਤੀ ਦੀ ਗੱਲ ਹੈ ਕਿ ਧਰਮ-ਨਿਰਪੱਖ ਧਿਰਾਂ ਨੇ ਪਹਿਲਾਂ ਆਪਣੀ ਖਹਿਬੜ ਦੇ ਕਾਰਨ ਏਨਾ ਵਕਤ ਗੁਆ ਲਿਆ ਅਤੇ ਏਨਾ ਨੁਕਸਾਨ ਕਰ ਲਿਆ ਹੈ ਕਿ ਅੱਜ ਉਹ ਇਕੱਠੀਆਂ ਵੀ ਹੋ ਜਾਣ ਤਾਂ ਦੇਸ਼ ਵਿਚ ਨੰਗਾ ਨਾਚ ਨੱਚ ਰਹੀ ਫਿਰਕਾਪ੍ਰਸਤੀ ਨੂੰ ਝਟਾਪਟ ਰੋਕਣਾ ਏਨਾ ਸੌਖਾ ਨਹੀਂ ਹੋਣਾ। ਉਹ ਫਿਰ ਵੀ ਬਾਅਦ ਦੀ ਗੱਲ ਹੈ, ਪਹਿਲੀ ਗੱਲ ਤਾਂ ਇਹ ਹੈ ਕਿ ਧਰਮ-ਨਿਰਪੱਖ ਧਿਰਾਂ ਅੱਜ ਵੀ ਇਸ ਏਕੇ ਦੀ ਲੋੜ ਪਛਾਣਦੀਆਂ ਹਨ ਕਿ ਨਹੀਂ!

# ਗੰਭੀਰ ਚੁਣੌਤੀਆਂ ਦੇ ਚੱਕਰਵਿਊ ਵਿਚ ਫਸੀ ਭਾਰਤ ਸਰਕਾਰ

ਹਰਜਿੰਦਰ ਸਿੰਘ ਗੁਲਪੁਰ
ਮੈਲਬੌਰਨ (ਆਸਟ੍ਰੇਲੀਆ)
ਫੋਨ: 0061411218801

ਇਸ ਸਮੇਂ ਦੇਸ਼ ਬਹੁਤ ਸਾਰੀਆਂ ਅੰਦਰੂਨੀ ਅਤੇ ਬਾਹਰੀ ਸਮੱਸਿਆਵਾਂ ਨਾਲ ਘਿਰਿਆ ਹੋਇਆ ਹੈ। ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਸਰਕਾਰ ਕਿਹੜੇ ਯਤਨ ਕਰ ਰਹੀ ਹੈ, ਕਿਸੇ ਨੂੰ ਕੋਈ ਨਹੀਂ ਪਤਾ। ਕਿਸੇ ਸਵਾਲ ਦਾ ਜਵਾਬ ਦੇਣਾ ਤਾਂ ਦੂਰ ਦੀ ਗੱਲ ਹੈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਾਂ ਆਪਣੇ 6 ਸਾਲ ਦੇ ਕਾਰਜਕਾਲ ਦੌਰਾਨ ਇੱਕ ਵੀ ਪ੍ਰੈਸ ਕਾਨਫਰੰਸ ਨਹੀਂ ਕੀਤੀ। ਹੁਣ ਤੱਕ ਜਿਨ੍ਹਾਂ ਮੁੱਦਿਆਂ 'ਤੇ ਕੇਂਦਰ ਸਰਕਾਰ ਦਾ ਧਿਆਨ ਕੇਂਦ੍ਰਿਤ ਰਿਹਾ ਹੈ, ਉਹ ਸਾਰੇ ਮੁੱਦੇ ਭਾਵਨਾਤਮਕ ਹਨ। ਭਾਜਪਾ ਸਰਕਾਰ ਨੇ ਸਾਰਾ ਸਮਾਂ ਨੋਟਬੰਦੀ, ਰਾਮ ਮੰਦਿਰ ਨਿਰਮਾਣ, ਤੀਨ ਤਲਾਕ, ਧਾਰਾ 370 ਖਤਮ ਕਰਨ, ਨਾਗਰਿਕਤਾ ਬਿੱਲ ਅਤੇ ਵੱਖ ਵੱਖ ਰਾਜਾਂ ਵਿਚ ਆਪਣੀਆਂ ਸਰਕਾਰਾਂ ਬਣਾਉਣ ਤੇ ਵਿਰੋਧੀ ਧਿਰ ਦੀਆਂ ਸਰਕਾਰਾਂ ਗਿਰਾਉਣ ਆਦਿ ਵਰਗੇ ਮੁੱਦਿਆਂ 'ਤੇ ਹੀ ਖਰਚ ਕੀਤਾ ਹੈ। ਇਸ ਦੇ ਜਵਾਬ ਵਿਚ ਕਿਹਾ ਜਾ ਸਕਦਾ ਹੈ ਕਿ ਭਾਜਪਾ ਨੇ ਇਨ੍ਹਾਂ ਵਿਚੋਂ ਬਹੁਤ ਸਾਰੇ ਮੁੱਦੇ ਹੱਲ ਕਰਨ ਦੀ ਗੱਲ ਆਪਣੇ ਚੋਣ ਮਨੋਰਥ ਪੱਤਰ ਵਿਚ ਕਹੀ ਸੀ। ਠੀਕ ਹੈ, ਕਹੀ ਸੀ, ਪਰ ਬਾਕੀ ਸਾਰੇ ਮੁੱਦੇ ਛੱਡ ਕੇ ਇਨ੍ਹਾਂ ਮੁੱਦਿਆਂ ਉਤੇ ਸੀਮਤ ਹੋ ਜਾਣ ਦੇ ਨਤੀਜੇ ਸਹੀ ਨਹੀਂ ਨਿਕਲੇ।

ਭਾਜਪਾ ਸਰਕਾਰ ਦਾ ਅਕਸ ਘੱਟ ਗਿਣਤੀਆਂ ਵਿਰੋਧੀ ਅਤੇ ਬਹੁ-ਗਿਣਤੀ ਨੂੰ ਲੁਭਾਉਣ ਵਾਲਾ ਬਣ ਗਿਆ ਹੈ। ਉਪਰੋਕਤ ਮੁੱਦਿਆਂ ਦੀ ਪੂਰਤੀ ਕਾਰਨ ਕੁਝ ਖਾਸ ਫਿਰਕਿਆਂ ਵਿਚ ਡਰ ਅਤੇ ਬੇਗਾਨਗੀ ਦਾ ਅਹਿਸਾਸ ਪੈਦਾ ਹੋਇਆ ਹੈ। ਮੌਬ ਲਿੰਚਿੰਗ ਦੇ ਮਾਮਲੇ ਵਧੇ ਹਨ। ਗਊ ਰਖਿਆ ਦੇ ਨਾਮ ਹੇਠ ਗੁੰਡਾਗਰਦੀ ਦਾ ਨੰਗਾ ਨਾਚ ਹੁੰਦਾ ਰਿਹਾ ਹੈ। ਆਮ ਲੋਕਾਂ ਦੇ ਮਨਾਂ ਵਿਚ ਇਹ ਪ੍ਰਭਾਵ ਗਿਆ ਹੈ ਕਿ ਇਸ ਵਰਤਾਰੇ ਪਿਛੇ ਭਾਜਪਾ ਸਰਕਾਰ ਦੀ ਮੂਕ ਸਹਿਮਤੀ ਹੈ। ਅਸਹਿਮਤੀ ਦੀਆਂ ਅਵਾਜ਼ਾਂ ਨੂੰ ਦਬਾਉਣ ਲਈ ਭਾਜਪਾ ਸਰਕਾਰ ਨੇ ਸੋਚੀ-ਸਮਝੀ ਨੀਤੀ ਰਾਹੀਂ ਸੀਮਤ ਤੌਰ 'ਤੇ ਆਜ਼ਾਦ ਕੰਮ ਕਰਨ ਵਾਲੇ ਸੰਵਿਧਾਨਕ ਅਦਾਰਿਆਂ ਨੂੰ ਆਪਣੇ ਹੱਥ ਹੇਠ ਲਿਆਉਣ ਦੀ ਕਵਾਇਦ ਸ਼ੁਰੂ ਕਰ ਦਿੱਤੀ। ਨਤੀਜੇ ਵਜੋਂ ਦਰਜਨਾਂ ਸਮਾਜਕ ਕਾਰਕੁਨਾਂ ਨੂੰ ਜੇਲ੍ਹਾਂ ਅੰਦਰ ਤਾੜ ਦਿੱਤਾ ਗਿਆ ਹੈ। ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ 'ਹਾਥੀ' ਦੀ ਪੈੜ ਵਿਚ ਪੈੜ ਰੱਖ ਕੇ ਚਲੋ, ਵਰਨਾ ਕਿਆਮਤ ਆ ਜਾਏਗੀ।

ਜੇ ਦੇਖਿਆ ਜਾਵੇ ਤਾਂ ਭਾਜਪਾ ਸਰਕਾਰ ਅਜਿਹੇ ਪ੍ਰਯੋਗ ਕਰ ਰਹੀ ਹੈ, ਜੋ ਪਹਿਲਾਂ ਇਸ ਦੇਸ਼ ਵਿਚ ਨਹੀਂ ਹੋਏ। ਨਵੇਂ ਪ੍ਰਯੋਗ ਬਹੁਤ ਬਚ ਕੇ ਕਰਨੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਪ੍ਰਯੋਗਾਂ ਨਾਲ ਦੇਸ਼ ਦੇ ਕਰੋੜਾਂ ਲੋਕਾਂ ਦਾ ਜੀਵਨ ਜੁੜਿਆ ਹੁੰਦਾ ਹੈ। ਵੈਸੇ ਭਾਜਪਾ ਦੀ ਥਾਂ ਹੁਣ ਸਿਰਫ 'ਮੋਦੀ ਪਾਰਟੀ' ਸ਼ਬਦ ਵਰਤਣਾ ਚਾਹੀਦਾ ਹੈ, ਕਿਉਂਕਿ 'ਇੰਦਰਾ ਇਜ਼ ਇੰਡੀਆ ਅਤੇ ਇੰਡੀਆ ਇਜ਼ ਇੰਦਰਾ' ਵਾਂਗ 'ਮੋਦੀ ਇਜ਼ ਭਾਜਪਾ ਅਤੇ ਭਾਜਪਾ ਇਜ਼ ਮੋਦੀ' ਵਾਲਾ ਜੁਮਲਾ ਪ੍ਰਚਲਿਤ ਹੋ ਗਿਆ ਹੈ। ਨਰਿੰਦਰ ਮੋਦੀ ਤੋਂ ਬਗੈਰ ਭਾਜਪਾ ਅੰਦਰ ਕਿਸੇ ਦੀ ਕੋਈ ਵੁੱਕਤ ਨਹੀਂ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹੁਣ ਭਾਵੁਕ ਮੁੱਦਿਆਂ ਨਾਲ ਖੇਡਣਾ ਬੰਦ ਕਰਕੇ ਉਨ੍ਹਾਂ ਮੁੱਦਿਆਂ ਦੇ ਰੂਬਰੂ ਹੋਣਾ ਚਾਹੀਦਾ ਹੈ, ਜੋ ਮੋਦੀ ਸਰਕਾਰ ਦੇ ਬਣਨ ਉਪਰੰਤ ਹੀ ਪੈਦਾ ਹੋਏ ਹਨ। ਇਨ੍ਹਾਂ ਮੁੱਦਿਆਂ ਜਾਂ ਸਮੱਸਿਆਵਾਂ ਵਿਚ ਮੁੱਖ ਤੌਰ 'ਤੇ ਕਰੋਨਾ ਦੀ ਬਿਮਾਰੀ, ਭਾਰਤ-ਚੀਨ ਸਰਹੱਦੀ ਵਿਵਾਦ ਅਤੇ ਨਿੱਘਰ ਰਿਹਾ ਅਰਥਚਾਰਾ ਆਦਿ ਸ਼ਾਮਲ ਹਨ। ਨੋਟਬੰਦੀ ਦਾ ਬੁਰਾ ਅਸਰ ਅਜੇ ਤੱਕ ਬਰਕਰਾਰ ਹੈ। ਤਿੰਨੇ ਸਮੱਸਿਆਵਾਂ ਇੱਕ ਤੋਂ ਵੱਧ ਕੇ ਖਤਰਨਾਕ ਹਨ। ਕਰੋਨਾ ਮਹਾਮਾਰੀ ਦੇ ਭਾਰਤ ਅੰਦਰ ਦਾਖਲ ਹੋਣ ਦਾ ਪਤਾ 2020 ਦੇ ਸ਼ੁਰੂਆਤੀ ਮਹੀਨਿਆਂ ਵਿਚ ਲੱਗ ਗਿਆ ਸੀ, ਪਰ ਭਾਰਤ ਸਰਕਾਰ ਨੇ ਆਪਣੀਆਂ ਰਾਜਸੀ ਗਿਣਤੀਆਂ-ਮਿਣਤੀਆਂ ਕਾਰਨ ਇਸ ਦਾ ਨੋਟਿਸ ਪਛੜ ਕੇ ਲਿਆ।

ਪ੍ਰਧਾਨ ਮੰਤਰੀ ਨੇ ਇਸ ਬਿਮਾਰੀ ਨੂੰ ਬਹੁਤ ਹਲਕੇ ਵਿਚ ਲਿਆ। 21ਵੀਂ ਸਦੀ ਵਿਚ ਭਾਰਤ ਵਾਸੀਆਂ ਨੂੰ ਵੈਦਿਕ ਕਾਲ ਵਿਚ ਲਿਜਾਣ ਦੀ ਕੋਸ਼ਿਸ਼ ਕੀਤੀ ਗਈ। ਪ੍ਰਧਾਨ ਮੰਤਰੀ ਨੂੰ ਗਲਤ ਸਲਾਹ ਦਿੱਤੀ ਗਈ ਸੀ ਕਿ ਗਰਮੀਆਂ ਕਾਰਨ ਕਰੋਨਾ ਵਾਇਰਸ ਆਪਣੇ ਆਪ ਖਤਮ ਹੋ ਜਵੇਗਾ। ਥਾਲੀਆਂ ਚਮਚੇ, ਦੀਵੇ ਜਗਾਉਣ, ਗਊ ਮੂਤਰ ਅਤੇ ਆਯੂਰਵੈਦਿਕ ਨੁਸਖਿਆਂ ਦੇ ਸੇਵਨ ਦਾ ਪ੍ਰਚਾਰ ਕਰਨ ਅਤੇ ਅੱਤ ਦੀ ਗਰਮੀ ਦੇ ਬਾਵਜੂਦ ਜਦੋਂ ਕਰੋਨਾ 'ਸ਼ਾਂਤ' ਨਹੀਂ ਹੋਇਆ ਤਾਂ ਪ੍ਰਧਾਨ ਮੰਤਰੀ ਇਸ ਮੁੱਦੇ ਨੂੰ ਛੱਡ ਕੇ ਲਾਂਭੇ ਹੀ ਹੋ ਗਏ। ਜੇ ਹਾਲਾਤ ਇਹੀ ਰਹੇ ਤਾਂ ਹਰ ਰੋਜ਼ ਕਰੋਨਾ ਮਰੀਜ਼ਾਂ ਦੀ ਗਿਣਤੀ ਇੱਕ ਲੱਖ ਤੱਕ ਪਹੁੰਚ ਜਾਵੇਗੀ।

ਦੂਜੀ ਵੱਡੀ ਸਮੱਸਿਆ ਭਾਰਤ-ਚੀਨ ਬਾਰਡਰ 'ਤੇ ਬਣੀ ਹੋਈ ਬੇਹੱਦ ਤਣਾਅ ਵਾਲੀ ਸਥਿਤੀ ਹੈ। ਭਾਰਤ ਦੇ ਪ੍ਰਮੁੱਖ ਅਖਬਾਰ 'ਦਾ ਹਿੰਦੂ' ਅਨੁਸਾਰ ਕਰੀਬ 1000 ਵਰਗ ਕਿਲੋਮੀਟਰ ਭਾਰਤੀ ਇਲਾਕੇ 'ਤੇ ਚੀਨ ਘੁਸਪੈਠ ਕਰ ਚੁਕਾ ਹੈ। ਵੱਡੀ ਗਿਣਤੀ ਵਿਚ ਦੋਹਾਂ ਦੇਸ਼ਾਂ ਦੀਆਂ ਫੌਜਾਂ ਆਹਮੋ ਸਾਹਮਣੇ ਡਟੀਆਂ ਹੋਈਆਂ ਹਨ। ਕਿਸੇ ਵੀ ਧਿਰ ਵਲੋਂ ਕੀਤੀ ਨਿੱਕੀ ਜਿਹੀ ਗਲਤੀ ਜੰਗ ਵਿਚ ਤਬਦੀਲ ਹੋ ਸਕਦੀ ਹੈ। ਭਾਰਤ ਸਰਕਾਰ ਉਤੇ ਪਹਿਲਾਂ ਵਾਲੀ ਸਥਿਤੀ ਬਹਾਲ ਕਰਵਾਉਣ ਲਈ ਦਬਾਅ ਵੱਧ ਰਿਹਾ ਹੈ, ਪਰ ਚੀਨ ਕਿਸੇ ਹਾਲਤ ਵਿਚ ਪਿੱਛੇ ਹਟਣ ਲਈ ਤਿਆਰ ਨਹੀਂ ਹੈ। ਸਥਿਤੀ ਬਹੁਤ ਸੰਵੇਦਨਸ਼ੀਲ ਹੈ। ਭਾਰਤੀ ਵਿਦੇਸ਼ ਮੰਤਰੀ ਜੈ ਸ਼ੰਕਰ ਅਨੁਸਾਰ ਸਥਿਤੀ 1962 ਤੋਂ ਬਾਅਦ ਸਭ ਤੋਂ ਵੱਧ ਭਿਆਨਕ ਬਣੀ ਹੋਈ ਹੈ। ਇਹੀ ਗੱਲ ਫੌਜ ਮੁਖੀ ਜਨਰਲ ਨਰਵਾਣੇ ਨੇ ਲੱਦਾਖ ਦੇ ਦੌਰੇ ਉਪਰੰਤ ਆਖੀ ਹੈ। ਹਵਾਈ ਸੈਨਾ ਮੁਖੀ ਨੇ ਵੀ ਵੱਖਰੇ ਤੌਰ 'ਤੇ ਇਸ ਖੇਤਰ ਦਾ ਦੌਰਾ ਕੀਤਾ ਹੈ।




ਤਾਜਾ ਜਾਣਕਾਰੀ ਅਨੁਸਾਰ ਮਾਸਕੋ ਵਿਚ ਰੂਸ ਦੀ ਦੇਖ-ਰੇਖ ਹੇਠ ਭਾਰਤ ਅਤੇ ਚੀਨ ਦੇ ਵਿਦੇਸ਼ ਮੰਤਰੀ ਇਸ ਮੁੱਦੇ ਨੂੰ ਲੈ ਕੇ ਮੀਟਿੰਗ ਕਰ ਰਹੇ ਹਨ। ਇਸ ਤੋਂ ਇਲਾਵਾ ਦੇਸ਼ ਦੀ ਆਰਥਕਤਾ ਪੂਰੀ ਤਰ੍ਹਾਂ ਡਾਵਾਂਡੋਲ ਹੈ। ਸਰਕਾਰੀ ਅੰਕੜਿਆਂ ਅਨੁਸਾਰ ਦੇਸ਼ ਦੀ ਸਾਲਾਨਾ ਵਿਕਾਸ ਦਰ ਇਸ ਸਾਲ ਦੀ ਪਹਿਲੀ ਤਿਮਾਹੀ ਵਿਚ -23.9 ਫੀਸਦੀ ਥੱਲੇ ਚਲੇ ਗਈ ਹੈ। ਇਸ ਦੇ ਫਲਸਰੂਪ ਪੇਸ਼ ਕੀਤਾ ਗਿਆ ਬਜਟ ਅਸਥ-ਵਿਅਸਥ ਹੋ ਕੇ ਰਹਿ ਗਿਆ ਹੈ। ਆਰਥਕ ਮਾਹਿਰਾਂ ਦਾ ਮੰਨਣਾ ਹੈ ਕਿ ਅਗਲੇ ਬਜਟ ਤੱਕ ਜੀ. ਡੀ. ਪੀ. ਵਿਚ ਸੁਧਾਰ ਦੀ ਕੋਈ ਸੰਭਾਵਨਾ ਨਹੀਂ ਦਿਸਦੀ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਅੰਕੜਾ ਸਿਰਫ ਸੰਗਠਿਤ ਖੇਤਰ ਦਾ ਹੈ, ਜਦੋਂ ਕਿ ਗੈਰ-ਸੰਗਠਿਤ ਖੇਤਰ ਦੇ ਅੰਕੜੇ ਅਜੇ ਨਹੀਂ ਆਏ। ਗੈਰ-ਸੰਗਠਿਤ ਖੇਤਰ ਦੇ ਅੰਕੜੇ ਇਸ ਤੋਂ ਵੀ ਬਦਤਰ ਰਹਿਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਕੇਂਦਰ ਸਰਕਾਰ ਨੂੰ ਹਰ ਮੁੱਦੇ 'ਤੇ ਰਾਜਨੀਤੀ ਕਰਨ ਦੀ ਥਾਂ ਸਾਰੀਆਂ ਰਾਜਸੀ ਪਾਰਟੀਆਂ ਨੂੰ ਭਰੋਸੇ ਵਿਚ ਲੈ ਕੇ ਉਪਰੋਕਤ ਸਮੱਸਿਆਵਾਂ ਦੇ ਹੱਲ ਲਈ ਜਰੂਰੀ ਕਦਮ ਪੁੱਟਣੇ ਚਾਹੀਦੇ ਹਨ।

ਪੰਜਾਬ ਟਾਈਮਜ਼

ਸਨਿਚਰਵਾਰ, 12 ਸਤੰਬਰ 2020

## ਕਰੋਨਾ ਅਤੇ ਸਰਕਾਰਾਂ

ਕਰੋਨਾ ਵਾਇਰਸ ਵਾਲਾ ਸੰਕਟ ਅਜੇ ਰੁਕਣ ਦਾ ਨਾਂ ਨਹੀਂ ਲੈ ਰਿਹਾ। ਭਾਰਤ ਵਿਚ ਇਹ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਪੰਜਾਬ ਵਿਚ ਵੀ ਮਾਰ ਵਧ ਰਹੀ ਹੈ, ਜਿਥੇ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ, ਉਥੇ ਮੌਤਾਂ ਦੀ ਗਿਣਤੀ ਵੀ ਫਿਲਹਾਲ ਕੰਟਰੋਲ ਨਹੀਂ ਹੋ ਰਹੀ। ਸੰਸਾਰ ਪੱਧਰ ਉਤੇ ਭਾਰਤ ਅਮਰੀਕਾ ਤੋਂ ਬਾਅਦ ਦੂਜਾ ਅਜਿਹਾ ਦੇਸ਼ ਬਣ ਗਿਆ ਹੈ, ਜਿਥੇ ਮਰੀਜ਼ਾਂ ਦੀ ਗਿਣਤੀ ਸਭ ਤੋਂ ਵੱਧ ਹੈ। ਅਮਰੀਕਾ ਵਿਚ ਹੁਣ ਤਕ 65 ਲੱਖ ਤੋਂ ਉਪਰ ਮਰੀਜ਼ ਸਾਹਮਣੇ ਆ ਚੁੱਕੇ ਹਨ ਹਾਲਾਂਕਿ ਇਨ੍ਹਾਂ ਵਿਚੋਂ 38 ਲੱਖ ਦੇ ਕਰੀਬ ਠੀਕ ਵੀ ਹੋਏ ਹਨ। ਕਰੋਨਾ ਨਾਲ ਅਮਰੀਕਾ ਵਿਚ ਮੌਤਾਂ ਦੀ ਗਿਣਤੀ ਦੋ ਲੱਖ ਨੂੰ ਢੁੱਕਣ ਵਾਲੀ ਹੈ। ਇਸੇ ਤਰ੍ਹਾਂ ਭਾਰਤ ਵਿਚ 43 ਲੱਖ ਤੋਂ ਉਪਰ ਮਰੀਜ਼ ਸਾਹਮਣੇ ਆਏ ਹਨ ਅਤੇ ਇਨ੍ਹਾਂ ਵਿਚੋਂ 34 ਲੱਖ ਠੀਕ ਹੋ ਚੁੱਕੇ ਹਨ। ਭਾਰਤ ਵਿਚ ਠੀਕ ਹੋਣ ਵਾਲੇ ਮਰੀਜ਼ਾਂ ਦੀ ਫੀਸਦ ਮੁਕਾਬਲਤਨ ਵਧੇਰੇ ਹੈ। ਭਾਰਤ ਵਿਚ ਹੁਣ ਤਕ 73 ਹਜ਼ਾਰ ਤੋਂ ਉਪਰ ਮੌਤਾਂ ਹੋ ਚੁੱਕੀਆਂ ਹਨ। ਅਸਲ ਵਿਚ ਨਾ ਅਮਰੀਕਾ ਅਤੇ ਨਾ ਹੀ ਭਾਰਤ ਦੀਆਂ ਸਰਕਾਰਾਂ ਨੇ ਇਸ ਮਹਾਮਾਰੀ ਨੂੰ ਗੰਭੀਰਤਾ ਨਾਲ ਲਿਆ। ਅਮਰੀਕਾ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਨੇ ਤਾਂ ਪਹਿਲਾਂ-ਪਹਿਲ ਇਸ ਮਹਾਮਾਰੀ ਨੂੰ ਗੌਲਿਆ ਤਕ ਨਹੀਂ ਸੀ, ਪਰ ਜਦੋਂ ਮਰੀਜ਼ਾਂ ਅਤੇ ਮੌਤਾਂ ਦੀ ਗਿਣਤੀ ਤੇਜ਼ੀ ਨਾਲ ਵਧਣ ਲੱਗੀ ਤਾਂ ਕਿਤੇ ਜਾ ਕੇ ਪ੍ਰਸ਼ਾਸਨ ਅੰਦਰ ਹਿਲਜੁਲ ਹੋਈ। ਇਸੇ ਤਰ੍ਹਾਂ ਭਾਰਤ ਸਰਕਾਰ ਦਾ ਰਵੱਈਆ ਰਿਹਾ। ਇਹ ਮਹਾਮਾਰੀ ਦੇ ਟਾਕਰੇ ਲਈ ਪ੍ਰਬੰਧ ਕਰਨ ਦੀ ਥਾਂ ਮੋਦੀ ਸਰਕਾਰ ਆਪਣੀ ਪਿਛਾਂਹਖਿੱਚੂ ਸੋਚ ਮੁਤਾਬਿਕ ਲੋਕਾਂ ਨੂੰ ਤਾਲੀਆਂ, ਥਾਲੀਆਂ, ਦੀਵੇ ਜਗਾਉਣ ਲਈ ਹੀ ਕਹਿੰਦੀ ਰਹੀ, ਜਿਸ ਦਾ ਕੋਈ ਅਸਰ ਨਾ ਹੋਣਾ ਸੀ ਅਤੇ ਨਾ ਹੀ ਹੋਇਆ। ਸਾਰੇ ਕਾਰੋਬਾਰ ਬੰਦ ਹੋਣ ਕਰ ਕੇ ਜਦੋਂ ਹੇਠਲੇ ਤਬਕੇ ਨਾਲ ਜੁੜੇ ਮਜ਼ਦੂਰ ਆਪੋ-ਆਪਣੇ ਘਰਾਂ ਨੂੰ ਪੈਦਲ ਹੀ ਜਾਣ ਲੱਗ ਪਏ, ਉਦੋਂ ਵੀ ਕੋਈ ਪ੍ਰਬੰਧ ਨਾ ਕੀਤਾ ਗਿਆ। ਜਦੋਂ ਇਹ ਮਹਾਮਾਰੀ ਕੰਟਰੋਲ ਤੋਂ ਬਾਹਰ ਹੋ ਗਈ ਤਾਂ ਸਾਰਾ ਭਾਰ ਰਾਜਾਂ ਉਤੇ ਸੁੱਟ ਦਿੱਤਾ ਗਿਆ, ਹਾਲਾਂਕਿ ਪਹਿਲਾਂ ਲੌਕਡਾਊਨ ਅਤੇ ਹੋਰ ਮੁਢਲੇ ਪ੍ਰਬੰਧ ਕਰਨ ਵੇਲੇ ਰਾਜਾਂ ਦੀ ਵਾਤ ਵੀ ਨਹੀਂ ਸੀ ਪੁੱਛੀ ਗਈ।

ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਦਾ ਹਾਲ ਵੀ ਇਸ ਤੋਂ ਕੋਈ ਬਹੁਤਾ ਚੰਗਾ ਨਹੀਂ ਰਿਹਾ। ਸਰਕਾਰ ਨੇ ਪਹਿਲਾਂ-ਪਹਿਲ ਇਕ ਤਰ੍ਹਾਂ ਨਾਲ ਸਾਰਾ ਪ੍ਰਬੰਧ ਪੁਲਿਸ ਦੇ ਹਵਾਲੇ ਕਰ ਦਿੱਤਾ, ਜਿਸ ਕਾਰਨ ਆਮ ਲੋਕਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਸਰਕਾਰੀ ਹਸਪਤਾਲ ਜੋ ਪ੍ਰਬੰਧ ਪੱਖੋਂ ਪਹਿਲਾਂ ਹੀ ਕਿਸੇ ਗਿਣਤੀ ਵਿਚ ਨਹੀਂ ਸਨ, ਵਿਚ ਜਦੋਂ ਮਰੀਜ਼ਾਂ ਦੀ ਗਿਣਤੀ ਵਧਣ ਲੱਗੀ ਤਾਂ ਉਨ੍ਹਾਂ ਦੇ ਇਲਾਜ ਲਈ ਲੋੜੀਂਦੇ ਪ੍ਰਬੰਧ ਹੀ ਨਹੀਂ ਸਨ। ਉਪਰੋਂ ਪ੍ਰਾਈਵੇਟ ਹਸਪਤਾਲਾਂ ਵਾਲਿਆਂ ਨੇ ਆਮ ਮਰੀਜ਼ਾਂ ਦੇ ਇਲਾਜ ਤੋਂ ਵੀ ਪੈਰ ਪਿਛਾਂਹ ਖਿੱਚ ਲਏ। ਮੁੱਖ ਮੰਤਰੀ ਨੇ ਭਾਵੇਂ ਕੋਤਾਹੀ ਕਰਨ ਵਾਲੇ ਪ੍ਰਾਈਵੇਟ ਹਸਪਤਾਲਾਂ ਦੇ ਲਾਇਸੈਂਸ ਰੱਦ ਕਰਨ ਦੀ ਚਿਤਾਵਨੀ ਦਿੱਤੀ, ਪਰ ਕੋਈ ਫਰਕ ਨਹੀਂ ਪਿਆ। ਸਿੱਟੇ ਵਜੋਂ ਆਮ ਇਲਾਜ ਦੀ ਸਹੂਲਤ ਨਾ ਮਿਲਣ ਕਾਰਨ ਬਹੁਤ ਸਾਰੇ ਮਰੀਜ਼ਾਂ ਦੀ ਹਾਲਤ ਗੰਭੀਰ ਹੋ ਗਈ ਅਤੇ ਪਹਿਲਾਂ ਹੀ ਹੋਰ ਰੋਗਾਂ ਨਾਲ ਜੂਝ ਰਹੇ ਮਰੀਜ਼ਾਂ ਦੀ ਮੌਤ ਦੀਆਂ ਖਬਰਾਂ ਆਉਣ ਲੱਗ ਪਈਆਂ। ਮੈਡੀਕਲ ਸਹੂਲਤਾਂ ਬਾਝੋਂ ਹੋ ਰਹੀਆਂ ਇਨ੍ਹਾਂ ਮੌਤਾਂ ਬਾਰੇ ਕਿਸੇ ਵੀ ਪੱਧਰ 'ਤੇ ਕੋਈ ਵਿਚਾਰ ਨਹੀਂ ਕੀਤਾ ਗਿਆ, ਸਗੋਂ ਸਰਕਾਰ ਨੇ ਇਸ ਮਹਾਮਰੀ ਤੋਂ ਸਹਿਮੇ ਹੋਏ ਲੋਕਾਂ ਨੂੰ ਹੋਰ ਡਰਾਉਣ ਅਤੇ ਉਨ੍ਹਾਂ ਦੇ ਹੱਕਾਂ ਨੂੰ ਕੁਚਲਣ ਦਾ ਰਾਹ ਫੜ ਲਿਆ। ਕੇਂਦਰ ਸਰਕਾਰ ਨੇ ਲੋਕਾਂ ਦੇ ਹੱਕਾਂ ਉਤੇ ਡਾਕਾ ਮਾਰਿਦਆਂ ਜਦੋਂ ਆਰਡੀਨੈਂਸ ਵਗੈਰਾ ਲਾਗੂ ਕਰਨ ਦਾ ਐਲਾਨ ਕੀਤਾ ਤਾਂ ਲੋਕ ਸੜਕਾਂ ਉਤੇ ਵੀ ਨਿਕਲ ਆਏ। ਹੁਣ ਪੰਜਾਬ ਦੇ ਕਿਸਾਨ ਇਨ੍ਹਾਂ ਆਰਡੀਨੈਂਸਾਂ ਖਿਲਾਫ ਨਿਤ ਦਿਨ ਸਰਗਰਮੀ ਕਰ ਰਹੇ ਹਨ।

ਯਾਦ ਰਹੇ, ਕੈਪਟਨ ਦੀ ਅਗਵਾਈ ਹੇਠ ਸਰਕਾਰ ਬਣੀ ਨੂੰ ਸਾਢੇ ਤਿੰਨ ਸਾਲ ਹੋ ਗਏ ਹਨ। ਇਨ੍ਹਾਂ ਸਾਲਾਂ ਦੌਰਾਨ ਸਰਕਾਰ ਨੇ ਇਕ ਵੀ ਲੋਕਪੱਖੀ ਫੈਸਲਾ ਨਹੀਂ ਕੀਤਾ। ਹੁਣ ਜਦੋਂ ਵਿਧਾਨ ਸਭਾ ਚੋਣਾਂ ਨੂੰ ਡੇਢ ਕੁ ਸਾਲ ਰਹਿ ਗਿਆ ਹੈ ਤਾਂ ਇਸ ਸਿਆਸਤ ਮੁਤਾਬਕ ਸਰਗਰਮੀ ਸ਼ੁਰੂ ਕਰ ਦਿੱਤੀ ਹੈ। ਉਂਜ ਵੀ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਚੋਣ ਭਾਸ਼ਣਾਂ ਵਿਚ ਵਾਰ-ਵਾਰ ਐਲਾਨ ਕੀਤਾ ਸੀ ਕਿ ਇਹ ਉਨ੍ਹਾਂ ਦੀ ਆਖਰੀ ਚੋਣ ਹੈ, ਪਰ ਮਗਰੋਂ ਉਨ੍ਹਾਂ ਨੂੰ ਲੱਗਿਆ ਕਿ ਲੋਕਾਂ ਦਾ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵਲ ਰਵੱਈਆ ਬਹੁਤਾ ਬਦਲਿਆ ਨਹੀਂ ਹੈ ਤਾਂ ਉਨ੍ਹਾਂ 2022 ਵਾਲੀਆਂ ਚੋਣਾਂ ਜਿੱਤਣ ਦੀ ਆਸ ਲਾ ਕੇ ਮੁੜ ਇਹ ਐਲਾਨ ਕਰ ਦਿੱਤਾ ਕਿ ਉਹ ਅਗਲੀਆਂ ਵਿਧਾਨ ਸਭਾ ਚੋਣਾਂ ਵੀ ਲੜਨਗੇ। ਦਰਅਸਲ, ਜਿਸ ਤਰ੍ਹਾਂ ਨਰਿੰਦਰ ਮੋਦੀ ਕੇਂਦਰ ਵਿਚ ਕਮਜ਼ੋਰ ਵਿਰੋਧੀ ਧਿਰ ਦਾ ਲਾਹਾ ਲੈ ਕੇ ਆਪਣੀ ਮਨਮਰਜ਼ੀ ਕਰ ਰਿਹਾ ਹੈ, ਪੰਜਾਬ ਵਿਚ ਉਹੀ ਕੁਝ ਕੈਪਟਨ ਅਮਰਿੰਦਰ ਸਿੰਘ ਵਲੋਂ ਕੀਤਾ ਜਾ ਰਿਹਾ ਹੈ। ਅਕਾਲੀ ਦਲ ਦੀਆਂ ਗਲਤੀਆਂ-ਦਰ-ਗਲਤੀਆਂ ਕਾਰਨ ਲੋਕ ਇਸ ਪਾਰਟੀ ਨੂੰ ਮੂੰਹ ਨਹੀਂ ਲਾ ਰਹੇ ਅਤੇ ਆਮ ਆਦਮੀ ਪਾਰਟੀ ਦਾ ਹਾਲ ਵੀ ਕੋਈ ਬਹੁਤਾ ਚੰਗਾ ਨਹੀਂ। ਇਸ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਜਾਪਦਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਤਾਂ ਬੱਸ ਜਿੱਤੀਆਂ ਹੀ ਪਈਆਂ ਹਨ ਪਰ ਸਿਰਫ ਇਕ, ਵਜ਼ੀਫਾ ਘੁਟਾਲੇ ਨੇ ਹੀ ਉਨ੍ਹਾਂ ਦੀਆਂ ਗਿਣਤੀਆਂ-ਮਿਣਤੀਆਂ ਉਲਟਾ ਦਿੱਤੀਆਂ ਹਨ ਅਤੇ ਇਸ ਮਸਲੇ 'ਤੇ ਉਨ੍ਹਾਂ ਨੂੰ ਜਵਾਬ ਦੇਣਾ ਔਖਾ ਹੋ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਕਿਸ ਧਿਰ ਦਾ ਹੱਥ ਉਪਰ ਹੋਵੇਗਾ, ਇਹ ਤਾਂ ਸਮਾਂ ਹੀ ਦੱਸੇਗਾ ਪਰ ਇਕ ਗੱਲ ਐਨ ਸਪਸ਼ਟ ਹੋ ਗਈ ਹੈ ਕਿ ਲੋਕਾਂ ਦੇ ਹੱਕ ਵਿਚ ਗੱਲ ਕਰਨ ਲਈ ਕੋਈ ਵੀ ਪਾਰਟੀ ਤਿਆਰ ਨਹੀਂ। ਸਾਰੀਆਂ ਪਾਰਟੀਆਂ ਨੂੰ ਆਪੋ-ਆਪਣੀ ਸਿਆਸਤ ਚਮਕਾਉਣ ਦੀ ਪਈ ਹੋਈ ਹੈ। ਇਸੇ ਕਰ ਕੇ ਹੁਣ ਲੋਕਾਂ, ਖਾਸ ਕਰ ਕੇ ਵੋਟਰਾਂ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਅਗਲੀ ਸਰਕਾਰ ਕਿਸ ਤਰ੍ਹਾਂ ਦੀ ਬਣਨੀ ਚਾਹੀਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਰਾਖਸ ਮੰਗੇ ਜ਼ਮਾਨਤ?

ਅਤਿਵਾਦ ਮੁਕਾਉਣ ਦੇ ਨਾਮ ਹੇਠਾਂ, ਕਦੇ ਕਹਿਰ ਦਾ ਜ਼ੁਲਮ ਕਮਾਇਆ ਸੀ।
ਛਿੱਕੇ ਟੰਗ ਕੇ ਸਭ ਕਾਨੂੰਨ ਕਾਇਦੇ, ਹੱਥ ਆਇਆ ਜੋ, ਮਾਰ ਖਪਾਇਆ ਸੀ।
ਜਿਹਦੇ ਉਤੇ ਕੋਈ ਭੋਰਾ ਵੀ ਸ਼ੱਕ ਹੋਈ, ਥਾਣੇ ਸੱਦ ਕੇ ਮਾਰ ਖਪਾਇਆ ਸੀ।
ਜ਼ਬਰ ਸਹਿੰਦਿਆਂ ਹੋ ਗਈ ਮੌਤ ਜਿਸ ਦੀ, ਵਿਚ ਕਾਗਜ਼ਾਂ ਉਹਨੂੰ 'ਭਜਾਇਆ' ਸੀ।
ਦਿਸੇ ਬੰਦਾ, ਪਰ ਕਾਰੇ ਸੀ ਰਾਖਸ਼ਾਂ ਦੇ, ਸਮਝੋ ਨੌਕਰੀ ਕਰੀ ਐ ਲਾਹਨਤਾਂ ਲਈ।
ਦਿੰਦਾ ਰਿਹਾ ਸੀ ਧਮਕੀਆਂ ਕੋਰਟਾਂ ਨੂੰ, ਤਰਲੇ ਕਰ ਰਿਹਾ ਦੇਖੋ ਜ਼ਮਾਨਤਾਂ ਲਈ!

# ਕਰੋਨਾ ਦੌਰ 'ਚ ਜੇਲ੍ਹ ਨਿਜ਼ਾਮ ਅਤੇ ਕੈਦੀਆਂ ਦੇ ਹਾਲਾਤ

***ਕਰੋਨਾ ਨਾਲ ਜੁੜੇ ਮੁੱਦਿਆਂ ਬਾਰੇ ਅੱਜ ਕੱਲ੍ਹ ਹਰ ਪਾਸੇ ਬਹੁਤ ਚਰਚਾ ਹੋ ਰਹੀ ਹੈ, ਫਿਰ ਵੀ ਜੇਲ੍ਹਾਂ ਦੇ ਖਤਰਨਾਕ ਹਾਲਾਤ ਬਾਰੇ ਕੋਈ ਚਰਚਾ ਨਹੀਂ ਹੋ ਰਹੀ। ਅਸੀਂ ਸਾਰੇ ਜੇਲ੍ਹ ਅਤੇ ਕੈਦੀਆਂ ਬਾਰੇ ਆਮ ਤੌਰ 'ਤੇ ਬਹੁਤ ਘੱਟ ਸੋਚਦੇ ਹਾਂ। ਇਹ ਮੁੱਦੇ ਕਦੇ ਚੋਣਾਂ ਦਾ ਹਿੱਸਾ ਵੀ ਨਹੀਂ ਬਣਦੇ। ਅਸੀਂ ਸਿਰਫ਼ ਅਪਰਾਧੀ ਦੇ ਫੜੇ ਜਾਣ ਅਤੇ ਉਸ ਨੂੰ ਸਖਤ ਸਜ਼ਾ ਮਿਲਣ ਤਕ ਹੀ ਦਿਲਚਸਪੀ ਰੱਖਦੇ ਹਾਂ।***

ਬੰਬੇ ਹਾਈ ਕੋਰਟ ਨੇ ਕੁਝ ਮਹੀਨੇ ਪਹਿਲਾਂ ਕੈਦੀਆਂ ਦੇ ਕਰੋਨਾ ਤੋਂ ਬਚਾਓ ਲਈ ਜਨਹਿਤ ਪਟੀਸ਼ਨ ਉਤੇ ਸੁਣਵਾਈ ਕੀਤੀ। ਬਹਿਸ ਦੌਰਾਨ ਸਰਕਾਰੀ ਵਕੀਲ ਨੇ ਵਿਰੋਧ ਕਰਦਿਆਂ ਟਿੱਪਣੀ ਕੀਤੀ ਕਿ ਪਟੀਸ਼ਨ ਤਾਂ ਪੂਰੇ ਜੇਲ੍ਹ ਸਿਸਟਮ ਨੂੰ ਹੀ ਬਦਲਣ ਦੀ ਮੰਗ ਕਰ ਰਹੀ ਹੈ। ਉਨ੍ਹਾਂ ਇਹ ਟਿੱਪਣੀ ਭਾਵੇਂ ਪਟੀਸ਼ਨ ਕਰਨ ਵਾਲਿਆਂ ਦੀਆਂ ਦਲੀਲਾਂ ਨੂੰ ਸੀਮਤ ਕਰਵਾਉਣ ਲਈ ਕੀਤੀ ਸੀ ਪਰ ਅਸਲ ਵਿਚ ਇਹ ਟਿੱਪਣੀ ਸਾਡੇ ਮੁਲਕ ਦੀਆਂ ਜੇਲ੍ਹਾਂ ਦੀ ਹਕੀਕੀ ਅਤੇ ਬੇਹੱਦ ਦੁਖਦ ਕਹਾਣੀ ਦੱਸ ਗਈ। ਕਰੋਨਾ ਸੰਕਟ ਨੇ ਉਜਾਗਰ ਕਰ ਦਿੱਤਾ ਹੈ ਕਿ ਕਿਵੇਂ ਸਾਡੀਆਂ ਜੇਲ੍ਹਾਂ ਅੰਦਰ ਕੈਦੀਆਂ ਨੂੰ ਅਣਮਨੁੱਖੀ ਹਾਲਾਤ ਵਿਚ ਰੱਖਿਆ ਜਾਂਦਾ ਹੈ। ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਕੋਸ਼ਿਸ਼ਾਂ ਹੋ ਰਹੀਆਂ ਹਨ ਤਾਂ ਕਿ ਜੇਲ੍ਹਾਂ ਵਿਚ ਕਰੋਨਾ ਤੋਂ ਬਚਾਓ ਲਈ ਖਾਸ ਇੰਤਜ਼ਾਮ ਹੋ ਸਕਣ; ਇਸ ਦੇ ਬਾਵਜੂਦ ਕੈਦੀਆਂ ਦੇ ਕਰੋਨਾ ਦੀ ਮਾਰ ਹੇਠ ਆਉਣ ਦੀਆਂ ਖਬਰਾਂ ਲਗਾਤਾਰ ਆ ਰਹੀਆਂ ਹਨ।



ਬਲਜੀਤ ਕੌਰ
ਫੋਨ: +91-90155-37352

ਸੁਪਰੀਮ ਕੋਰਟ ਨੇ ਲੌਕਡਾਊਨ ਤੋਂ ਪਹਿਲਾਂ, ਮਾਰਚ ਵਿਚ ਹੀ ਜੇਲ੍ਹਾਂ ਦੇ ਪ੍ਰਬੰਧਾਂ ਉਤੇ ਗੰਭੀਰ ਚਿੰਤਾ ਜ਼ਾਹਿਰ ਕੀਤੀ ਸੀ। ਅਦਾਲਤ ਨੇ ਇਹ ਨੋਟ ਕੀਤਾ ਕਿ ਜੇਲ੍ਹਾਂ ਦੇ ਹਾਲਾਤ ਕੈਦੀਆਂ ਅਤੇ ਜੇਲ੍ਹ ਪ੍ਰਸ਼ਾਸਨ ਦੇ ਮੁਲਾਜ਼ਮਾਂ ਨੂੰ ਕਰੋਨਾ ਦੇ ਸ਼ਿਕਾਰ ਹੋਣ ਦੇ ਵੱਡੇ ਜੋਖਮ ਵਿਚ ਪਾ ਸਕਦੇ ਹਨ। ਸੁਪਰੀਮ ਕੋਰਟ ਨੇ ਸਾਰੇ ਰਾਜਾਂ ਦੀਆਂ ਸਰਕਾਰਾਂ ਨੂੰ ਖਾਸ ਯੋਜਨਾ ਉਲੀਕਣ ਲਈ ਆਖਿਆ। ਨਾਲ ਹੀ ਜੇਲ੍ਹਾਂ ਵਿਚ ਸਮਰੱਥਾ ਤੋਂ ਵੱਧ ਕੈਦੀਆਂ ਦੀ ਤਾਦਾਦ ਘੱਟ ਕਰਨ ਲਈ ਉੱਚ ਤਾਕਤੀ ਕਮੇਟੀ ਬਣਾਉਣ ਦਾ ਆਦੇਸ਼ ਦਿੱਤਾ ਜੋ ਕੈਦੀਆਂ ਦੀ ਰਿਹਾਈ ਦੇ ਨਿਯਮ ਬਣਾ ਸਕੇ। ਅਗਲੀ ਸੁਣਵਾਈ ਵਿਚ ਇਹ ਆਦੇਸ਼ ਵੀ ਜਾਰੀ ਕੀਤੇ ਕਿ ਰਿਹਾਅ ਕੀਤੇ ਕੈਦੀਆਂ ਦੇ ਘਰ ਜਾਣ ਦੀ ਵਿਵਸਥਾ ਕੀਤੀ ਜਾਏ, ਜਾਂ ਉਨ੍ਹਾਂ ਨੂੰ ਕਿਸੇ ਸਰਕਾਰੀ ਸੰਸਥਾ ਵਿਚ ਰਿਹਾਇਸ਼ ਦਾ ਬਦਲ ਦਿੱਤਾ ਜਾਏ ਤਾਂ ਕਿ ਲੌਕਡਾਊਨ ਦੇ ਮਾਹੌਲ ਵਿਚ ਉਹ ਸੜਕਾਂ ਉੱਤੇ ਹੀ ਨਾ ਫਸੇ ਰਹਿਣ। ਇਸ ਤੋਂ ਬਾਅਦ ਅਪਰੈਲ ਮਈ ਦੌਰਾਨ ਮਹਾਰਾਸ਼ਟਰ ਤੋਂ ਇਲਾਵਾ ਆਂਧਰਾ, ਦਿੱਲੀ, ਗੁਹਾਟੀ, ਕੇਰਲ ਅਤੇ ਰਾਜਸਥਾਨ ਦੇ ਹਾਈ ਕੋਰਟਾਂ ਵਿਚ ਵੀ ਇਸ ਮੁੱਦੇ ਤੇ ਖਾਸ ਸੁਣਵਾਈ ਕੀਤੀ ਗਈ।

ਇਹੀ ਨਹੀਂ, ਸੰਯੁਕਤ ਰਾਸ਼ਟਰ ਅਤੇ ਕਈ ਹੋਰ ਕੌਮਾਂਤਰੀ ਸੰਸਥਾਵਾਂ ਨੇ ਵੀ ਜੇਲ੍ਹਾਂ ਨੂੰ ਕਰੋਨਾ ਤੋਂ ਬਚਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਭਾਰਤ ਦੇ ਗ੍ਰਹਿ ਮੰਤਰਾਲੇ ਅਤੇ ਕੁਝ ਰਾਜ ਸਰਕਾਰਾਂ ਨੇ ਵੀ ਜੇਲ੍ਹਾਂ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਪਰ ਕਿਹੜੀ ਜੇਲ੍ਹ ਵਿਚ ਕਿਹੜੇ ਦਿਸ਼ਾ-ਨਿਰਦੇਸ਼ ਅਮਲ ਵਿਚ ਲਿਆਂਦੇ, ਇਸ ਗੱਲ ਦਾ ਪਤਾ ਲਗਾਉਣ ਲਈ ਕੋਈ ਪ੍ਰਣਾਲੀ ਨਹੀਂ ਬਣਾਈ। ਅਦਾਲਤ ਨੇ ਲਾਜ਼ਮੀ ਹੁਕਮ ਵੀ ਨਹੀਂ ਦਿੱਤੇ ਅਤੇ ਨਾ ਹੀ ਰਾਜ ਸਰਕਾਰਾਂ ਤੋਂ ਮੁੜ ਪੁੱਛਿਆ ਕਿ ਜੇਲ੍ਹਾਂ ਦੇ ਹਾਲਾਤ ਕੀ ਹਨ।

ਇਸ ਸਮੱਸਿਆ ਦੀ ਗੰਭੀਰਤਾ ਉਦੋਂ ਪਤਾ ਲੱਗਦੀ ਹੈ ਜਦੋਂ ਅਸੀਂ ਜੇਲ੍ਹਾਂ ਵਿਚ ਕੈਦੀਆਂ ਦੀ ਬਾਹਰਲੀ ਦੁਨੀਆ ਨਾਲ ਰਾਬਤਾ ਰੱਖਣ ਦੀਆਂ ਸਹੂਲਤਾਂ ਬਾਰੇ ਸੋਚੀਏ। ਆਮ ਤੌਰ ਤੇ ਕੈਦੀ ਦੇ ਪਰਿਵਾਰ ਵਾਲੇ, ਦੋਸਤ ਅਤੇ ਵਕੀਲ ਜੇਲ੍ਹ ਵਿਚ ਮੁਲਾਕਾਤ ਲਈ ਆ ਸਕਦੇ ਹਨ। ਇਸ ਤੋਂ ਇਲਾਵਾ ਚਿੱਠੀ-ਪੱਤਰ ਅਤੇ ਟੈਲੀਫੋਨ ਜ਼ਰੀਏ ਵੀ ਗੱਲਬਾਤ ਹੋ ਸਕਦੀ ਹੈ ਪਰ ਕਰੋਨਾ ਤੋਂ ਪਰਹੇਜ਼ ਰੱਖਣ ਲਈ ਜੇਲ੍ਹਾਂ ਵਿਚ ਮੁਲਾਕਾਤ ਦੀ ਸਹੂਲਤ ਬੰਦ ਕਰ ਦਿੱਤੀ ਗਈ। ਟੈਲੀਫੋਨ ਦੀ ਸਹੂਲਤ ਤੇ ਵੀ ਫਰਕ ਪਿਆ। ਇਸ ਦਾ ਇਹ ਮਤਲਬ ਹੋਇਆ ਕਿ ਕੈਦੀ ਆਪਣਿਆਂ ਨਾਲ ਗੱਲਬਾਤ ਤੋਂ ਵਾਂਝੇ ਹੋ ਗਏ; ਤੇ ਨਾਲ ਹੀ ਜੇਲ੍ਹ ਵਿਚ ਉਨ੍ਹਾਂ ਨੂੰ ਕਿਸ ਹਾਲਤ ਵਿਚ ਰੱਖਿਆ ਜਾ ਰਿਹਾ ਹੈ, ਉਸ ਬਾਰੇ ਵੀ ਕੁਝ ਪਤਾ ਨਹੀਂ ਲਗਦਾ। ਮੁੰਬਈ ਦੀ ਤਲੋਜਾ ਜੇਲ੍ਹ ਵਿਚ ਭੀਮਾ ਕੋਰੇਗਾਉਂ ਕੇਸ ਵਿਚ ਮੁਲਜ਼ਮ ਬਣਾਏ ਉਘੇ ਕਾਰਕੁਨ ਗੌਤਮ ਨਵਲਖਾ ਦੇ ਪਰਿਵਾਰ ਨੂੰ ਉਨ੍ਹਾਂ ਨਾਲ ਫੋਨ ਤੇ ਗੱਲ ਕਰਨ ਲਈ ਅਦਾਲਤ ਤੋਂ ਖਾਸ ਆਦੇਸ਼ ਲੈਣਾ ਪਿਆ। ਇਸ ਤੋਂ ਬਾਅਦ ਇਹ ਪਤਾ ਲੱਗਾ ਕਿ ਕਿਵੇਂ ਸਕੂਲ ਦੀ ਬਿਲਡਿੰਗ ਵਿਚ ਅਸਥਾਈ ਜੇਲ੍ਹ ਬਣਾਈ ਗਈ ਪਰ ਉਥੇ ਇੱਕ ਕਮਰੇ ਵਿਚ ਸੌ ਤੋਂ ਵੀ ਜ਼ਿਆਦਾ ਕੈਦੀ ਰੱਖੇ ਹੋਏ ਹਨ ਜਿਨ੍ਹਾਂ ਲਈ ਸਿਰਫ਼ ਇੱਕ ਬਾਥਰੂਮ ਹੈ। ਮਹਾਰਾਸ਼ਟਰ ਦੀਆਂ ਜੇਲ੍ਹਾਂ ਵਿਚ 6 ਕੈਦੀਆਂ ਦੀ ਕਰੋਨਾ ਕਾਰਨ ਮੌਤ ਹੋ ਚੁੱਕੀ ਹੈ ਪਰ ਇਸ ਦੀ ਖਬਰ ਸਭ ਤੋਂ ਪਹਿਲਾਂ ਉਦੋਂ ਹੀ ਬਾਹਰ ਨਿਕਲੀ ਜਦੋਂ ਜੇਲ੍ਹ ਨੂੰ ਬੰਬੇ ਹਾਈ ਕੋਰਟ ਦੇ ਆਖਣ ਅਨੁਸਾਰ ਰਿਪੋਰਟ ਦੇਣੀ ਪਈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਮੌਤਾਂ ਬਾਰੇ ਸੁਣਨ ਤੋਂ ਬਾਅਦ ਵੀ ਬੰਬੇ ਹਾਈ ਕੋਰਟ ਨੇ ਆਪਣੇ ਹੁਕਮ ਵਿਚ ਜੇਲ੍ਹ ਵਿਭਾਗ ਲਈ ਕੋਈ ਲਾਜ਼ਮੀ ਕਾਰਵਾਈ ਕਰਨ ਲਈ ਨਹੀਂ ਕਿਹਾ ਬਲਕਿ ਸਿਰਫ਼ ਸੁਝਾਅ ਰੂਪੀ ਨਿਰਦੇਸ਼ ਦਿੱਤੇ। ਇਹ ਵੀ ਨਹੀਂ ਆਖਿਆ ਕਿ ਜੇਲ੍ਹ ਵਿਭਾਗ ਜੇਲ੍ਹ ਦੇ ਹਾਲਾਤ ਅਤੇ ਕੈਦੀਆਂ ਦੀ ਸਿਹਤ ਬਾਰੇ ਸਮੇਂ ਸਮੇਂ ਖਬਰ ਕਰਦਾ ਰਹੇ ਤਾਂ ਕਿ ਜਵਾਬਦੇਹੀ ਬਣੀ ਰਹੇ। ਇਸ ਢਿੱਲੇ ਰਵੱਈਏ ਦਾ ਨਤੀਜਾ ਇਹ ਹੋਇਆ ਕਿ ਬੰਬੇ ਹਾਈ ਕੋਰਟ ਵਿਚ ਇਹ ਸੁਣਵਾਈ ਖਤਮ ਹੋਣ ਦੇ ਇੱਕ ਮਹੀਨੇ ਦੇ ਅੰਦਰ ਹੀ ਮਹਾਰਾਸ਼ਟਰ ਦੀ ਸੋਲਾਪੁਰ, ਔਰੰਗਾਬਾਦ, ਨਾਗਪੁਰ ਅਤੇ ਅਕੋਲਾ ਜੇਲ੍ਹਾਂ ਵਿਚ ਦੋ ਸੌ ਤੋਂ ਵੀ ਜ਼ਿਆਦਾ ਕੈਦੀ ਅਤੇ ਜੇਲ੍ਹ ਮੁਲਾਜ਼ਮ ਕਰੋਨਾ ਦੇ ਸ਼ਿਕਾਰ ਹੋ ਗਏ।

ਜੇਲ੍ਹ ਪ੍ਰਸ਼ਾਸਨ ਤੋਂ ਕਿਸੇ ਵੀ ਲਾਜ਼ਮੀ ਕਾਰਵਾਈ ਲਈ ਜਵਾਬਦੇਹੀ ਅਤੇ ਪਾਰਦਰਸ਼ਤਾ ਨਾ ਹੋਣ ਕਰ ਕੇ ਦੇਸ਼ ਵਿਚ ਘੱਟੋ-ਘੱਟ 6300 ਕੈਦੀਆਂ ਅਤੇ ਜੇਲ੍ਹ ਮੁਲਾਜ਼ਮਾਂ ਨੂੰ ਕਰੋਨਾ ਹੋਣ ਦੀ ਖਬਰ ਮੀਡੀਆ ਵਿਚ ਛਪ ਚੁੱਕੀ ਹੈ। ਜੇ ਇਨ੍ਹਾਂ ਖਬਰਾਂ ਦਾ ਧਿਆਨ ਨਾਲ ਵਿਸ਼ਲੇਸ਼ਣ ਕਰੀਏ ਤਾਂ ਦੋ ਗੱਲਾਂ ਸਾਫ ਹੋ ਜਾਂਦੀਆਂ ਹਨ। ਪਹਿਲੀ, ਖਬਰਾਂ ਵਾਲੇ ਅੰਕੜਿਆ ਤੋਂ ਕਿਤੇ ਜ਼ਿਆਦਾ ਕੈਦੀ ਕਰੋਨਾ ਦੇ ਸ਼ਿਕਾਰ ਹੋਏ ਹਨ; ਦੂਜਾ, ਜੇਲ੍ਹ ਵਿਭਾਗ ਨੇ ਮੀਡੀਆ ਵਿਚ ਵੱਡੀ ਤਾਦਾਦ ਵਿਚ ਕੈਦੀਆਂ ਦੇ ਕਰੋਨਾ ਤੋਂ ਸ਼ਿਕਾਰ ਹੋਣ ਦੀ ਖਬਰ ਛਪਣ ਤੋਂ ਬਚਣ ਲਈ ਸਾਰੇ ਕੈਦੀਆਂ ਦਾ ਕਰੋਨਾ ਟੈਸਟ ਹੀ ਨਹੀਂ ਕਰਾਇਆ। ਵਿਭਾਗ ਦੇ ਇਸ ਰਵੱਈਏ ਦਾ ਪ੍ਰਭਾਵ ਕੈਦੀਆਂ ਦੀ ਸਰੀਰਕ ਸਿਹਤ ਤੋਂ ਇਲਾਵਾ ਉਨ੍ਹਾਂ ਦੀ ਮਾਨਸਿਕ ਹਾਲਤ ਉੱਤੇ ਵੀ ਪਿਆ ਹੋਣਾ ਹੈ। ਜੇਲ੍ਹ ਦੀ ਚਾਰਦੀਵਾਰੀ ਤੋਂ ਬਾਹਰ ਅਸੀਂ ਸਾਰੇ ਕਰੋਨਾ ਅਤੇ ਲੌਕਡਾਊਨ ਦੀ ਮਾਰ ਤੋਂ ਬਹੁਤ ਤਣਾਅ ਵਿਚ ਰਹੇ ਹਾਂ। ਫਿਰ ਕੈਦੀਆਂ ਲਈ ਆਪਣਿਆ ਤੋਂ ਦੂਰ, ਬਿਨਾ ਕਿਸੇ ਜਾਣਕਾਰੀ ਦੇ, ਘੱਟ ਤੋਂ ਘੱਟ ਸਹੂਲਤਾਂ ਨਾਲ ਰਹਿਣਾ ਬਹੁਤ ਮੁਸ਼ਕਿਲ ਹੋਇਆ ਹੋਵੇਗਾ!

ਅੱਜ ਕਰੋਨਾ ਨਾਲ ਜੁੜੇ ਮੁੱਦਿਆਂ ਬਾਰੇ ਬਹੁਤ ਚਰਚਾ ਹੋ ਰਹੀ ਹੈ, ਫਿਰ ਵੀ ਜੇਲ੍ਹਾਂ ਦੇ ਖਤਰਨਾਕ ਹਾਲਾਤ ਬਾਰੇ ਕੋਈ ਚਰਚਾ ਨਹੀਂ ਹੋ ਰਹੀ। ਅਸੀਂ ਸਾਰੇ ਜੇਲ੍ਹ ਅਤੇ ਕੈਦੀਆਂ ਬਾਰੇ ਆਮ ਤੌਰ ਤੇ ਬਹੁਤ ਘੱਟ ਸੋਚਦੇ ਹਾਂ। ਇਹ ਮੁੱਦੇ ਕਦੇ ਚੋਣਾਂ ਦਾ ਹਿੱਸਾ ਵੀ ਨਹੀਂ ਬਣਦੇ। ਅਸੀਂ ਸਿਰਫ਼ ਅਪਰਾਧੀ ਦੇ ਫੜੇ ਜਾਣ ਅਤੇ ਉਸ ਨੂੰ ਸਖਤ ਸਜ਼ਾ ਮਿਲਣ ਤਕ ਹੀ ਦਿਲਚਸਪੀ ਰੱਖਦੇ ਹਾਂ। ਕੀ ਸਹੀ ਅਪਰਾਧੀ ਫੜਿਆ ਗਿਆ? ਕੀ ਪੁਲੀਸ ਅਦਾਲਤ ਵਿਚ ਇਹ ਸਾਬਿਤ ਕਰ ਸਕੀ ਕਿ ਫੜੇ ਬੰਦੇ ਨੇ ਹੀ ਜੁਰਮ ਕੀਤਾ? ਕੀ ਪੁਲੀਸ ਕੋਲ ਸੱਚ ਦੀ ਪੜਤਾਲ ਲਈ ਸਹੀ ਸਿਖਲਾਈ ਤੇ ਵਸੀਲੇ ਹਨ? ਕੀ ਮੁਲਜ਼ਮ ਦੇ ਇਲਜ਼ਾਮ ਸਿੱਧ ਹੋਣ ਤਕ ਉਸ ਨੂੰ ਕੈਦ ਵਿਚੋਂ ਰਿਹਾਅ ਕੀਤਾ ਜਾ ਸਕਦਾ ਹੈ? ਅਸੀਂ ਅਪਰਾਧੀਆਂ ਨੂੰ ਸਜ਼ਾ ਦੇ ਰੂਪ ਵਿਚ ਜੇਲ੍ਹ ਵਿਚ ਹੀ ਕਿਉਂ ਘੱਲਦੇ ਹਾਂ? ਜਿਨ੍ਹਾਂ ਜੇਲ੍ਹਾਂ ਵਿਚ ਅਪਰਾਧੀ ਨੂੰ ਸਜ਼ਾ ਕੱਟਣ ਲਈ ਭੇਜਿਆ ਜਾਵੇਗਾ, ਉੱਥੇ ਕਿਸ ਤਰ੍ਹਾਂ ਦਾ ਪ੍ਰਬੰਧ ਹੈ? ਕੀ ਜੇਲ੍ਹ ਪ੍ਰਬੰਧ ਕੈਦ ਦਾ ਮਕਸਦ ਪੂਰਾ ਕਰਨ ਦੇ ਯੋਗ ਹੈ? ਅਜਿਹੇ ਅਹਿਮ ਸਵਾਲਾਂ ਨੂੰ ਅਸੀਂ ਅਕਸਰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਅਸੀਂ ਆਪਣੇ ਸਮਾਜ ਦੀ ਪ੍ਰਗਤੀ ਤਾਂ ਚਾਹੁੰਦੇ ਹਾਂ ਅਤੇ ਇਸ ਤੋਂ ਵੀ ਵੱਧ ਆਪਣੀ ਸੁਰੱਖਿਆ ਦੀ ਫਿਕਰ ਕਰਦੇ ਹਾਂ ਪਰ ਅਪਰਾਧਿਕ ਨਿਆਂ ਪ੍ਰਣਾਲੀ ਜੋ ਸੁਰੱਖਿਆ ਤੇ ਨਿਆਂ ਦੀ ਬੁਨਿਆਦ ਹੈ, ਉਸ ਬਾਰੇ ਬਿਲਕੁੱਲ ਨਹੀਂ ਸੋਚਦੇ।

ਇੱਕ ਵੱਡੇ ਲੇਖਕ ਨੇ ਆਖਿਆ ਸੀ ਕਿ ਕਿਸੇ ਵੀ ਸਮਾਜ ਦੀ ਪਰਖ ਇਸ ਗੱਲ ਤੋਂ ਨਹੀਂ ਹੁੰਦੀ ਕਿ ਉਹ ਆਪਣੇ ਸਭ ਤੋਂ ਉੱਚੇ ਦਰਜੇ ਦੇ ਲੋਕਾਂ ਨਾਲ ਕਿਵੇਂ ਸਲੂਕ ਕਰਦਾ ਹੈ ਬਲਕਿ ਇਸ ਗੱਲ ਤੋਂ ਹੁੰਦੀ ਹੈ ਕਿ ਉਹ ਕੈਦੀਆਂ ਨਾਲ ਕਿਵੇਂ ਵਰਤਦਾ ਹੈ। ਦੁਨੀਆ ਭਰ ਵਿਚ ਕੁਝ ਅਜਿਹੇ ਸਿਧਾਂਤ ਮੰਨੇ ਗਏ ਹਨ ਜਿਨ੍ਹਾਂ ਨੂੰ ਕੁਦਰਤੀ ਨਿਆਂ ਦਾ ਦਰਜਾ ਦਿੱਤਾ ਗਿਆ ਹੈ। ਇਸ ਦਾ ਮਤਲਬ ਹੈ ਕਿ ਇਨ੍ਹਾਂ ਸਿਧਾਂਤਾਂ ਦਾ ਲਾਭ ਸਾਰੇ ਮਨੁੱਖਾਂ ਦਾ ਅਧਿਕਾਰ ਹੈ, ਇਨ੍ਹਾਂ ਸਿਧਾਂਤਾਂ ਦਾ ਪਾਲਣ ਕਰਨਾ ਮਨੁੱਖ ਜਾਤ ਦੇ ਪ੍ਰਗਤੀਸ਼ੀਲ ਹੋਣ ਦੀ ਨਿਸ਼ਾਨੀ ਹੈ। ਇਸ ਪ੍ਰਸੰਗ ਵਿਚ ਮੰਨਿਆ ਗਿਆ ਹੈ ਕਿ ਅਪਰਾਧਿਕ ਨਿਆਂ ਪ੍ਰਣਾਲੀ ਦੀ ਇਹ ਉੱਤਮ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਕਿਸੇ ਵੀ ਨਿਰਦੋਸ਼ ਬੰਦੇ ਨੂੰ ਕਦੇ ਸਜ਼ਾ ਨਾ ਹੋਵੇ, ਅਪਰਾਧੀ ਨੂੰ ਸਜ਼ਾ ਪਹਿਲਾਂ ਤੋਂ ਬਣੇ ਕਾਨੂੰਨ ਮੁਤਾਬਿਕ ਹੀ ਹੋਵੇ ਅਤੇ ਇੱਕ ਅਪਰਾਧ ਲਈ ਇੱਕ ਤੋਂ ਵੱਧ ਸਜ਼ਾ ਨਾ ਹੋਵੇ। ਇਸ ਦੇ ਨਾਲ ਹੀ ਕੈਦ ਦੌਰਾਨ ਉਸ ਦੇ ਸੁਧਾਰ ਅਤੇ ਲਾਭਕਾਰੀ ਰੁਝੇਵੇਂ ਲਈ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ।

ਇਸ ਨਜ਼ਰੀਏ ਦੇ ਮੱਦੇਨਜ਼ਰ ਸਾਡੇ ਮੁਲਕ ਦੀ ਸੁਪਰੀਮ ਕੋਰਟ ਨੇ ਮੰਨਿਆ ਹੈ ਕਿ ਜੇਲ੍ਹ ਵਿਚ ਕੈਦੀ ਦੇ ਬੁਨਿਆਦੀ ਹੱਕ ਬਰਕਾਰ ਰਹਿੰਦੇ ਹਨ, ਜੇ ਬੁਨਿਆਦੀ ਹੱਕਾਂ ਦਾ ਘਾਣ ਹੁੰਦਾ ਹੈ ਤਾਂ ਰਾਜ ਸਰਕਾਰ ਦੀ ਦੇਖ ਰੇਖ ਵਿਚ ਕੰਮ ਕਰਨ ਵਾਲੇ ਜੇਲ੍ਹ ਪ੍ਰਸ਼ਾਸਨ ਦੀ ਇਹ ਜਵਾਬਦੇਹੀ ਬਣੇਗੀ। ਇਸੇ ਲਈ ਆਮ ਦਿਨਾਂ ਵਿਚ ਵੀ ਕੈਦੀ ਦੀ ਸਿਹਤ ਅਤੇ ਇਲਾਜ ਦੀ ਜ਼ਿੰਮੇਦਾਰੀ ਜੇਲ੍ਹ ਪ੍ਰਸ਼ਾਸਨ ਦੀ ਹੁੰਦੀ ਹੈ, ਤੇ ਇਸ ਸਮੇਂ ਕਰੋਨਾ ਮਹਾਮਾਰੀ ਵਿਚ ਜੇ ਕਿਸੇ ਕੈਦੀ ਦੀ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ ਜਾਂ ਕੈਦੀ ਦੀ ਮੌਤ ਹੋ ਜਾਂਦੀ ਹੈ ਤਾਂ ਜੇਲ੍ਹ ਪ੍ਰਸ਼ਾਸਨ ਦੀ ਹੀ ਜਵਾਬਦੇਹੀ ਬਣਦੀ ਹੈ।

ਵੱਖ ਵੱਖ ਜ਼ਿੰਮੇਵਾਰ ਸੰਸਥਾਵਾਂ ਦੇ ਦਿਸ਼ਾ-ਨਿਰਦੇਸ਼ਾਂ ਵਿਚ ਕੁਝ ਮੁੱਦੇ ਸਾਫ ਹਨ ਕਿ ਇਸ ਮਹਾਮਾਰੀ ਤੋਂ ਬਚਣ ਲਈ ਜੇਲ੍ਹ ਵਿਚ ਭੀੜ ਨਹੀਂ ਹੋਣੀ ਚਾਹੀਦੀ, ਕਰੋਨਾ ਦੀ ਟੈਸਟਿੰਗ ਵੱਡੀ ਤਾਦਾਦ ਵਿਚ ਹੋਣੀ ਚਾਹੀਦੀ ਹੈ ਅਤੇ ਜੇਲ੍ਹ ਵਿਚ ਡਾਕਟਰਾਂ ਤੇ ਹੋਰ ਸਿਹਤ ਅਮਲੇ ਦੀ ਮੌਜੂਦਗੀ ਹੋਣੀ ਚਾਹੀਦੀ ਹੈ ਪਰ ਭਾਰਤ ਦੀਆਂ ਜੇਲ੍ਹਾਂ ਵਿਚ ਸਾਡੇ ਚਾਰ ਲੱਖ ਕੈਦੀ, 117% ਭੀੜ ਵਿਚ ਰਹਿੰਦੇ ਹਨ। ਕੁਝ ਰਾਜਾਂ ਵਿਚ ਇਹ ਰੇਟ 150% ਤੋਂ ਉਤੇ ਹੈ। ਇਨ੍ਹਾਂ ਵਿਚੋਂ 70% ਉਹ ਕੈਦੀ ਹਨ ਜਿਨ੍ਹਾਂ ਉਤੇ ਅਜੇ ਦੋਸ਼ ਸਿੱਧ ਨਹੀਂ ਹੋਏ। ਜੇਲ੍ਹਾਂ ਵਿਚ ਡਾਕਟਰਾਂ ਅਤੇ ਹੋਰ ਸਿਹਤ ਅਮਲੇ ਦੀਆਂ 50% ਅਸਾਮੀਆਂ ਖਾਲੀ ਹਨ। ਜੇਲ੍ਹਾਂ ਵਿਚ ਤਾਂ ਸਾਬਣ ਵੀ ਖਰੀਦਣਾ ਪੈਂਦਾ ਹੈ! ਜੇ ਇਹ ਅਹਿਮ ਤੱਥ ਸਾਡੇ ਸਮਾਜ ਦੇ ਧਿਆਨ ਵਿਚ ਹੁੰਦੇ ਅਤੇ ਜੇਲ੍ਹ ਸੁਧਾਰ ਤੇ ਕੈਦੀਆਂ ਦੇ ਹੱਕਾਂ ਬਾਰੇ ਸਰਕਾਰਾਂ ਦੀ ਨੀਅਤ ਸਾਫ ਹੁੰਦੀ ਤਾਂ ਜੇਲ੍ਹ ਵਿਚ ਬੰਦ ਕੈਦੀਆਂ ਲਈ ਕਰੋਨਾ ਦਾ ਖਤਰਾ ਬਹੁਤ ਘੱਟ ਹੁੰਦਾ।

# ਜ਼ੁਕਰਬਰਗ ਦੀ ਜੈ!

***ਦਿੱਲੀ ਆਧਾਰਿਤ ਬਲੌਗਰ ਅਤੇ ਤਬਸਰਾਕਾਰ ਪ੍ਰਕਾਸ਼ ਕੇ. ਰੇਅ ਦਾ ਇਹ ਲੇਖ ਧੜਵੈਲ ਕਾਰੋਬਾਰ ਬਣ ਚੁੱਕੇ ਸੋਸ਼ਲ ਮੀਡੀਆ ਪਲੈਟਫਾਰਮਾਂ ਦੀ ਘਿਨਾਉਣੀ ਭੂਮਿਕਾ ਦੀਆਂ ਗੁੱਝੀਆਂ ਪਰਤਾਂ ਫਰੋਲਦਾ ਹੈ। ਇਸ ਅਹਿਮ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

**ਪ੍ਰਕਾਸ਼ ਕੇ. ਰੇਅ**
**ਅਨੁਵਾਦ: ਬੂਟਾ ਸਿੰਘ**

ਜੇ ਕੋਈ ਇਹ ਕਹੇ ਕਿ ਸੋਸ਼ਲ ਮੀਡੀਆ ਲੋਕਤੰਤਰੀ ਮੰਚ ਜਾਂ ਸਾਧਨ ਹੈ ਤਾਂ ਉਹ ਜਾਂ ਤਾਂ ਅਣਜਾਣ ਜਾਂ ਭੋਲਾ ਹੈ, ਜਾਂ ਫਿਰ ਉਹ ਇਸ ਮੰਚ ਤੋਂ ਕੁਝ ਵੇਚਣ ਦੀ ਜੁਗਤ ਲੜਾ ਰਿਹਾ ਹੈ। ਅਮਰੀਕਾ ਦੀ ਨੈਸ਼ਨਲ ਸਕਿਓਰਿਟੀ ਏਜੰਸੀ ਅਤੇ ਸੀ.ਆਈ.ਏ. ਵਲੋਂ ਕੀਤੀ ਜਾ ਰਹੀ ਵਿਆਪਕ ਸਰਵੇਲੈਂਸ (ਨਿਗਰਾਨੀ) ਦਾ ਪਰਦਾਫਾਸ਼ ਕਰ ਕੇ ਜਲਾਵਤਨ ਜ਼ਿੰਦਗੀ ਗੁਜ਼ਾਰ ਰਹੇ ਐਡਵਰਡ ਸਨੋਡਨ ਨੇ ਢਾਈ ਸਾਲ ਪਹਿਲਾਂ ਆਪਣੇ ਇਕ ਟਵੀਟ ਵਿਚ ਲਿਖਿਆ ਸੀ ਕਿ ਲੋਕਾਂ ਦੀਆਂ ਨਿੱਜੀ ਜਾਣਕਾਰੀਆਂ ਇਕੱਠੀਆਂ ਕਰਨ ਅਤੇ ਵੇਚਣ ਦਾ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਨੂੰ ਕਿਸੇ ਹੋਰ ਦੌਰ ਵਿਚ ਸਰਵੇਲੈਂਸ ਕੰਪਨੀਆਂ ਕਿਹਾ ਜਾਂਦਾ ਸੀ; ਹੁਣ ਉਹ ਸੋਸ਼ਲ ਮੀਡੀਆ ਬਣ ਗਈਆਂ ਹਨ। ਜੋ ਕਦੇ ਯੁੱਧ ਵਿਭਾਗ ਹੁੰਦਾ ਸੀ, ਉਸੇ ਦਾ ਨਾਂ ਬਦਲ ਕੇ ਰੱਖਿਆ ਵਿਭਾਗ ਕਰਨ ਦੇ ਧੋਖੇ ਤੋਂ ਬਾਅਦ ਇਹ ਸਭ ਤੋਂ ਕਾਮਯਾਬ ਧੋਖਾ ਹੈ।

ਉਦੋਂ ਹੀ ਫੇਸਬੁੱਕ ਤੋਂ ਜੁਟਾਏ ਡੇਟਾ ਦੇ ਕੈਂਬਰਿਜ ਐਨਾਲਾਈਟਿਕਾ ਵਲੋਂ ਅਮਰੀਕੀ ਚੋਣਾਂ ਅਤੇ ਬ੍ਰੈਗਜ਼ਿਟ ਜਨਮਤ ਸੰਗ੍ਰਹਿ ਵਿਚ ਹੋਈ ਦੁਰਵਰਤੋਂ ਦਾ ਮਾਮਲਾ ਚਰਚਾ ਵਿਚ ਸੀ। ਸਨੋਡਨ ਨੇ ਸਾਫ ਕਿਹਾ ਸੀ ਕਿ ਫੇਸਬੁੱਕ ਚਾਹੇ ਕੋਈ ਵੀ ਬਹਾਨਾ ਲਾਵੇ, ਸੱਚ ਇਹੀ ਹੈ ਕਿ ਉਸ ਦੀ ਇਸ ਵਿਚ ਮਿਲੀਭੁਗਤ ਹੈ। ਪਿਛਲੇ ਸਾਲ ਸਨੋਡਨ ਨੇ ਅਫਸੋਸ ਜ਼ਾਹਿਰ ਕੀਤਾ ਸੀ ਕਿ ਸਾਡੇ ਵਕਤ ਦੀ ਸਭ ਤੋਂ ਤਾਕਤਵਰ ਸੰਸਥਾਵਾਂ ਦੀ ਜਵਾਬਦੇਹੀ ਸਭ ਤੋਂ ਘੱਟ ਹੈ।

ਸੋਸ਼ਲ ਮੀਡੀਆ ਦੀਆਂ ਬਿੱਗ ਟੈਕ ਕੰਪਨੀਆਂ ਵਲੋਂ ਡੇਟਾ ਦੀ ਚੋਰੀ ਸਰਵੇਲੈਂਸ ਮਸਲੇ ਦਾ ਇਕ ਹਿੱਸਾ ਹੈ। ਇਸ ਦਾ ਇਕ ਮਹੱਤਵਪੂਰਨ ਹਿੱਸਾ ਹੈ ਲੋਕਾਂ ਦੀ ਨਾਰਾਜ਼ਗੀ, ਨਫਰਤ ਅਤੇ ਨਿਖੇਧ ਨੂੰ ਹਵਾ ਦੇ ਕੇ ਆਪਣਾ ਧੰਦਾ ਚਮਕਾਉਣਾ। ਹਿਸਾਬ ਸਿੱਧਾ ਹੈ। ਲੋਕਾਂ ਵਿਚ ਜਿੰਨੀ ਨਕਾਰਾਮਤਕਤਾ ਹੋਵੇਗੀ ਅਤੇ ਉਹ ਜਿੰਨਾ ਇਕ ਦੂਜੇ ਉਪਰ ਚੀਕਣਗੇ, ਉਸ ਮੰਚ ਉਪਰ ਉਹਨਾਂ ਦੀ ਸ਼ਮੂਲੀਅਤ ਵਧਦੀ ਜਾਵੇਗੀ ਅਤੇ ਉਸ ਮੰਚ ਨੂੰ ਓਨਾ ਹੀ ਵਧੇਰੇ ਡੇਟਾ ਮਿਲੇਗਾ ਅਤੇ ਉਹ ਵਧੇਰੇ ਉਹ ਇਸ਼ਤਿਹਾਰ, ਖਾਸ ਕਰ ਕੇ ਟਾਰਗੈਟਿਡ ਇਸ਼ਤਿਹਾਰਬਾਜ਼ੀ ਚਲਾਏਗਾ। ਅਕਸਰ ਇਹ ਕੰਪਨੀਆਂ ਆਪਣੀ ਚਮੜੀ ਬਚਾਉਣ ਲਈ ਕਹਿੰਦੀਆਂ ਹਨ ਕਿ ਉਹਨਾਂ ਲਈ ਤਮਾਮ ਵਿਵਾਦਪੂਰਨ ਜਾਂ ਖਤਰਨਾਕ ਸਰਗਰਮੀਆਂ ਉਪਰ ਨਜ਼ਰ ਰੱਖ ਸਕਣਾ ਤਾਂ ਸੰਭਵ ਨਹੀਂ ਹੈ। ਫਿਰ ਵੀ ਉਹਨਾਂ ਨੇ ਨੇਮ ਤੈਅ ਕੀਤੇ ਹਨ ਅਤੇ ਉਸ ਅਨੁਸਾਰ ਉਹ ਕਾਰਵਾਈ ਵੀ ਕਰਦੇ ਹਨ। ਇਸ ਪ੍ਰਸੰਗ ਵਿਚ ਸਾਨੂੰ ਕਿਸੇ ਗਲਤਫਹਿਮੀ ਵਿਚ ਨਹੀਂ ਰਹਿਣਾ ਚਾਹੀਦਾ ਕਿ ਇਹ ਸੋਸ਼ਲ ਮੀਡੀਆ ਕੰਪਨੀਆਂ ਦਾ ਝੂਠ ਹੈ।

ਮਿਸਾਲ ਵਜੋਂ ਅਮਰੀਕੀ ਚੋਣਾਂ ਦੀ ਮਿਸਾਲ ਲੈਂਦੇ ਹਾਂ। ਪਿਛਲੇ ਸਾਲ ਸਤੰਬਰ-ਅਕਤੂਬਰ ਵਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਚੋਣ ਮੁਹਿੰਮ ਦੀ ਤਰਫੋਂ ਰਾਸ਼ਟਰਪਤੀ ਅਹੁਦੇ ਲਈ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਅਤੇ ਸਾਬਕਾ ਉਪ-ਰਾਸ਼ਟਰਪਤੀ ਜੋਏ ਬਾਇਡਨ ਬਾਰੇ ਇਕ ਜਾਅਲੀ ਇਸ਼ਤਿਹਾਰ ਫੇਸਬੁੱਕ, ਟਵਿੱਟਰ ਅਤੇ ਗੂਗਲ ਉਪਰ ਚਲਾਇਆ ਗਿਆ। ਜਦ ਬਾਇਡਨ ਦੀ ਟੀਮ ਨੇ ਸ਼ਿਕਾਇਤ ਕੀਤੀ ਤਾਂ ਫੇਸਬੁੱਕ ਨੇ ਕਹਿ ਦਿੱਤਾ ਕਿ ਇਹ ਇਸ਼ਤਿਹਾਰਬਾਜ਼ੀ ਕੰਪਨੀ ਦੀਆਂ ਨੀਤੀਆਂ ਦੇ ਖਿਲਾਫ ਨਹੀਂ ਹੈ। ਇਹੀ ਨਹੀਂ, ਫੇਸਬੁੱਕ ਦੀ ਗਲੋਬਲ ਇਲੈਕਸ਼ਨਜ਼ ਪਾਲਿਸੀ ਦੀ ਮੁਖੀ ਕੇਟੀ ਹਰਬਥ ਨੇ 'ਬਾਇਡਨ ਮੁਹਿੰਮ' ਨੂੰ ਚਿੱਠੀ ਲਿਖ ਕੇ ਕਿਹਾ ਕਿ ਫੇਸਬੁੱਕ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਵਿਚ ਬੁਨਿਆਦੀ ਯਕੀਨ ਰੱਖਦਾ ਹੈ, ਉਹ ਲੋਕਤੰਤਰੀ ਅਮਲ ਦਾ ਆਦਰ ਕਰਦਾ ਹੈ।

ਉਦੋਂ ਰਾਸ਼ਟਰਪਤੀ ਦੀ ਉਮੀਦਵਾਰੀ ਲਈ ਸੈਨੇਟਰ ਐਲਿਜ਼ਾਬੈੱਥ ਵਾਰੇਨ ਵੀ ਮੈਦਾਨ ਵਿਚ ਸੀ ਅਤੇ ਉਸ ਦਾ ਇਕ ਚੋਣ ਵਾਅਦਾ ਇਹ ਵੀ ਸੀ ਕਿ ਫੇਸਬੁੱਕ ਅਤੇ ਗੂਗਲ ਵਰਗੀਆਂ ਧੜਵੈਲ ਟੈਕ ਕੰਪਨੀਆਂ ਨੂੰ ਵੰਡ ਦੇਣਾ ਚਾਹੀਦਾ ਹੈ, ਕਿਉਂਕਿ ਉਹਨਾਂ ਦਾ ਆਕਾਰ ਅਤੇ ਰਸੂਖ ਬਹੁਤ ਜ਼ਿਆਦਾ ਵਧ ਗਿਆ ਹੈ। ਵਾਰੇਨ ਫੇਸਬੁੱਕ ਨੂੰ ਲਗਾਤਾਰ ਚਿਤਾਵਨੀ ਦਿੰਦੀ ਰਹੀ ਕਿ ਉਹ ਆਪਣੀ ਇਸ਼ਤਿਹਾਰਬਾਜ਼ੀ ਨੀਤੀ ਦੀਆਂ ਕਮੀਆਂ ਨੂੰ ਦਰੁਸਤ ਕਰੇ; ਲੇਕਿਨ ਇਸ ਕੰਪਨੀ ਨੇ ਉਸ ਵਲ ਕੋਈ ਧਿਆਨ ਨਹੀਂ ਦਿੱਤਾ।

ਪਿਛਲੀ ਚੋਣ ਵਿਚ ਸੋਸ਼ਲ ਮੀਡੀਆ ਦੇ ਮਾਧਿਅਮ ਜ਼ਰੀਏ ਜਾਅਲੀ ਖਬਰਾਂ ਫੈਲਾਉਣ ਅਤੇ ਕਥਿਤ ਤੌਰ 'ਤੇ ਰੂਸੀ ਦਖਲ ਲਈ ਮੌਕਾ ਦੇਣ ਕਾਰਨ ਫੇਸਬੁੱਕ ਚਰਚਾ 'ਚ ਆਈ ਸੀ ਅਤੇ ਉਸ ਨੇ ਇਹ ਭਰੋਸਾ ਵੀ ਦਿੱਤਾ ਸੀ ਕਿ ਕੰਪਨੀ ਅੱਗੇ ਤੋਂ ਚੌਕਸ ਰਹੇਗੀ। ਇਸ ਦੇ ਮੱਦੇਨਜ਼ਰ ਫੇਸਬੁੱਕ ਦੀ ਤਿਆਰੀ ਦੀ ਪਰਖ ਲਈ 'ਵਾਰੇਨ ਦੀ ਮੁਹਿੰਮ' ਨੇ ਕਮਾਲ ਦਾ ਆਈਡੀਆ ਈਜਾਦ ਕੀਤਾ। ਉਸ ਨੇ ਇਕ ਇਸ਼ਤਿਹਾਰ ਬਣਾਇਆ ਜਿਸ ਵਿਚ ਇਹ ਝੂਠੀ ਗੱਲ ਕਹੀ ਗਈ ਸੀ ਕਿ ਫੇਸਬੁੱਕ ਦੇ



ਸੀ.ਈ.ਓ. ਮਾਰਕ ਜ਼ੁਕਰਬਰਗ ਨੇ ਰਾਸ਼ਟਰਪਤੀ ਚੋਣ ਵਿਚ ਡੋਨਲਡ ਟਰੰਪ ਨੂੰ ਆਪਣੀ ਹਮਾਇਤ ਦਿੱਤੀ ਹੈ। ਇਸ ਨੂੰ ਖਬਰ ਦੀ ਸ਼ਕਲ ਵਿਚ ਬਣਾ ਕੇ ਅਤੇ ਟਰੰਪ ਤੇ ਜ਼ੁਕਰਬਰਗ ਦੀਆਂ ਤਸਵੀਰਾਂ ਨਾਲ ਫੇਸਬੁੱਕ ਉਪਰ ਬਤੌਰ ਇਸ਼ਤਿਹਾਰ ਪੋਸਟ ਕਰ ਦਿੱਤਾ ਗਿਆ।

ਇਸ ਇਸ਼ਤਿਹਾਰ ਵਿਚ ਇਹ ਵੀ ਲਿਖਿਆ ਗਿਆ ਸੀ ਕਿ ਜ਼ੁਕਰਬਰਗ ਨੇ ਆਪਣੇ ਮੰਚ ਉਪਰ ਟਰੰਪ ਨੂੰ ਝੂਠ ਫੈਲਾਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਸੀ ਅਤੇ ਇਸ ਦੇ ਬਦਲੇ ਵਿਚ ਪੈਸਾ ਲੈ ਕੇ ਫੇਸਬੁੱਕ ਇਸ ਝੂਠ ਨੂੰ ਅਮਰੀਕਨ ਵੋਟਰਾਂ ਨੂੰ ਪਰੋਸ ਰਿਹਾ ਹੈ। ਮਜ਼ੇ ਦੀ ਗੱਲ ਇਹ ਹੈ ਕਿ ਫੇਸਬੁੱਕ ਨੇ ਇਸ ਝੂਠੇ ਇਸ਼ਤਿਹਾਰ ਨੂੰ ਵੀ ਚੱਲਣ ਦਿੱਤਾ। ਇਉਂ ਕਰ ਕੇ ਵਾਰੇਨ ਨੇ ਸਾਫ ਦਿਖਾ ਦਿੱਤਾ ਕਿ ਫੇਸਬੁੱਕ ਲਈ ਕਮਾਈ ਪਹਿਲਾਂ ਹੈ।

ਆਪਣਾ ਧੰਦਾ ਚਮਕਾਉਣ ਲਈ ਸੋਸ਼ਲ ਮੀਡੀਆ ਜਿਸ ਮਨੁੱਖੀ ਭਾਵਨਾ ਦਾ ਸੋਸ਼ਣ ਕਰਦਾ ਹੈ, ਉਹ ਹੈ ਨਾਰਾਜ਼ਗੀ ਅਤੇ ਨਫਰਤ। ਇਸ ਬਾਰੇ ਖੋਜਾਂ ਹੋ ਚੁੱਕੀਆਂ ਹਨ। ਇਹੀ ਭਾਵਨਾ ਪੋਸਟ ਜਾਂ ਟਵੀਟ ਦੇ ਵਾਇਰਲ ਹੋਣ ਨੂੰ ਸੰਭਵ ਬਣਾਉਂਦੀ ਹੈ। ਖਿਡਾਰੀ ਇਸ ਨੂੰ ਨੰਬਰ ਕਹਿੰਦੇ ਹਨ। ਮਸ਼ਵਰੇ ਦੇ ਤੌਰ 'ਤੇ ਕਿਹਾ ਜਾਂਦਾ ਹੈ ਕਿ ਲੋਕ ਉਤੇਜਨਾ ਜਾਂ ਕਰੋਧ ਤੋਂ ਗੁਰੇਜ਼ ਕਰਨ; ਲੇਕਿਨ ਨਾਬਰਾਬਰੀ ਵਾਲੀ ਅਤੇ ਵੰਡੀ ਹੋਈ ਦੁਨੀਆ ਵਿਚ ਐਸਾ ਸੰਜਮ ਸੰਭਵ ਨਹੀਂ। ਉਤੇਜਨਾ ਛੂਤ ਦੇ ਰੋਗ ਵਾਂਗ ਹੁੰਦੀ ਹੈ। ਇਹ ਸ਼ਾਮਲ ਲੋਕਾਂ ਵਿਚ ਤਾਕਤਵਰ ਹੋਣ ਦਾ ਭਰਮ ਪੈਦਾ ਕਰ ਦਿੰਦੀ ਹੈ। ਉਹਨਾਂ ਨੂੰ ਲੱਗਦਾ ਹੈ ਕਿ ਉਹ ਵਿਆਪਕ ਅੰਦੋਲਨ ਜਾਂ ਕਾਰਵਾਈ ਦਾ ਹਿੱਸਾ ਹਨ ਅਤੇ ਆਪਣੇ ਹਿਸਾਬ ਨਾਲ ਦੁਨੀਆ ਬਦਲਣ ਜਾਂ ਬਣਾਉਣ ਦਾ ਕੰਮ ਕਰ ਰਹੇ ਹਨ।

ਤਿੰਨ ਸਾਲ ਪਹਿਲਾਂ 'ਦਿ ਗਾਰਡੀਅਨ' ਵਿਚ ਛਪੇ ਲੇਖ ਵਿਚ ਵਿਲੀਅਮਜ਼ ਨੇ ਜੋ ਮਾਅਰਕੇ ਦੀ ਗੱਲ ਕੀਤੀ ਸੀ, ਉਹ ਇਹ ਸੀ ਕਿ ਜਿਸ ਕਾਰੋਬਾਰੀ ਮਾਡਲ ਦੀ ਮੁੱਖ ਟੇਕ ਹੀ ਧਿਆਨ ਖਿੱਚਣ ਅਤੇ ਉਸ ਨੂੰ ਬਰਕਰਾਰ ਰੱਖਣ ਉਪਰ ਹੋਵੇ, ਉਸ ਕੋਲ ਨਿਰਪੱਖਤਾ, ਬਾਰੀਕੀ ਅਤੇ ਵਿਸ਼ੇਸ਼ਗਤਾ ਲਈ ਨਾ ਤਾਂ ਵਕਤ ਹੁੰਦਾ ਹੈ ਅਤੇ ਨਾ ਹੀ ਇਹਨਾਂ ਚੀਜ਼ਾਂ ਦਾ ਉਸ ਨੂੰ ਕੋਈ ਲਾਭ ਹੁੰਦਾ ਹੈ। ਵਿਲੀਅਮਜ਼ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਉਪਰ ਅਸੀਂ ਸਾਰੇ ਗੁੱਸੇ ਵਿਚ ਹਾਂ, ਲੇਕਿਨ ਅਸੀਂ ਦੂਜਿਆਂ ਦੀ ਨਾਰਾਜ਼ਗੀ ਨੂੰ ਸੁਣਨ ਦੀ ਕੋਸ਼ਿਸ਼ ਤਾਂ ਕਰ ਹੀ ਸਕਦੇ ਹਾਂ।

ਸਲਾਹ ਤਾਂ ਠੀਕ ਹੈ, ਲੇਕਿਨ ਮੁਸ਼ਕਿਲ ਇਹ ਹੈ ਕਿ ਨਾਰਾਜ਼ਗੀ ਦੀ ਭਾਸ਼ਾ ਐਨੀ ਕਠੋਰ ਅਤੇ ਹਮਲਾਵਾਰ ਹੈ ਕਿ ਸੁਣਨ ਦੀ ਸ਼ੁਰੂਆਤੀ ਕੋਸ਼ਿਸ਼ ਹੀ ਬੰਦੇ ਨੂੰ ਜਾਂ ਤਾਂ ਭੜਕਾ ਸਕਦੀ ਹੈ, ਜਾਂ ਨਿਰਾਸ਼ ਕਰ ਸਕਦੀ ਹੈ, ਜਾਂ ਫਿਰ ਰੋਗੀ ਬਣਾ ਸਕਦੀ ਹੈ। ਇਹ ਸੁਣਨਾ ਵੀ ਫੰਧਾ ਹੋ ਸਕਦਾ ਹੈ। ਇਸ ਬਾਰੇ ਨਿਊ ਯਾਰਕ ਯੂਨੀਵਰਸਿਟੀ ਦੇ ਪ੍ਰੋਫੈਸਰ ਸਕਾਟ ਗੈਲੋਵੇ ਦਾ ਮੀਡੀਅਮ ਉਪਰ ਦੋ ਸਾਲ ਪਹਿਲਾਂ ਆਇਆ ਲੇਖ ਜ਼ਿਆਦਾ ਸਹਾਈ ਹੋ ਸਕਦਾ ਹੈ। ਉਹ ਸਾਫ ਸਾਫ ਇਹ ਸੱਚ ਬਿਆਨ ਕਰਦੇ ਹਨ ਕਿ ਸੋਸ਼ਲ ਮੀਡੀਆ ਨਾਰਾਜ਼ਗੀ ਨਾਲ ਚਲਦਾ ਹੈ ਅਤੇ ਤੁਸੀਂ ਚਾਹੋ ਕੁਝ ਵੀ ਕਰ ਲਓ, ਤੁਸੀਂ ਆਪਣੇ ਬੱਚਿਆਂ ਨੂੰ ਇਸ ਤੋਂ ਬਚਾ ਨਹੀਂ ਸਕਦੇ। ਸੋਸ਼ਲ ਮੀਡੀਆ ਕੰਪਨੀਆਂ ਕਿਉਂਕਿ ਵਪਾਰੀ ਹਨ, ਲਿਹਾਜ਼ਾ ਉਹ ਆਪਣਾ ਕਾਰੋਬਾਰ ਬਚਾਉਣ ਲਈ ਕਦੇ-ਕਦੇ ਨਫਰਤ ਜਾਂ ਝੂਠ ਖਿਲਾਫ ਕਾਰਵਾਈ ਕਰਨ ਲਈ ਮਜਬੂਰ ਹਨ। ਪ੍ਰੋਫਾਈਲ ਹੈਂਡਲ, ਪੋਸਟ, ਚੈਨਲ ਅਤੇ ਵੀਡੀਓ ਨੂੰ ਹਟਾਉਣ ਦੇ ਜੋ ਮਾਮਲੇ ਆਉਂਦੇ ਹਨ, ਉਹ ਇਸੇ ਤਰ੍ਹਾਂ ਦੀ ਕਾਰਵਾਈ ਹੁੰਦੇ ਹਨ। ਇਸ ਲਈ ਕੁਝ ਘੋਰ ਸੱਜੇਪੱਖੀ ਜਾਂ ਇਕ ਭਾਜਪਾ ਵਿਧਾਇਕ ਦਾ ਪੇਜ ਹਟਾਉਣ ਨਾਲ ਸੰਤੁਸ਼ਟ ਹੋਣਾ ਠੀਕ ਨਹੀਂ ਹੈ। ਤੁਸੀਂ ਕਿਸੇ ਵੀ ਮੰਚ ਉਪਰ ਚਲੇ ਜਾਓ, ਐਸੀ ਸਮੱਗਰੀ ਦੀ ਭਰਮਾਰ ਮਿਲ ਜਾਵੇਗੀ। ਇਸ ਦਾ ਤਰਕ ਵੀ ਉਹੀ ਹੈ ਕਿ ਘੋਰ ਸੱਜੇਪੱਖੀ ਜਾਂ ਭਿਆਨਕ ਰੂਪ 'ਚ ਇੰਤਹਾਪਸੰਦ ਜਾਂ ਨਹਾਇਤ ਪੁਰਾਤਨਪੰਥੀ ਵਿਸ਼ੇ ਪੱਖ ਅਤੇ ਵਿਰੋਧੀ-ਪੱਖ ਵਿਚ ਲਾਮਬੰਦੀ ਨੂੰ ਯਕੀਨੀਂ ਬਣਾਉਂਦੇ ਹੈ।

ਸੋਸ਼ਲ ਮੀਡੀਆ ਦਾ ਇਹ ਸੁਭਾਅ ਅਤੇ ਖਾਸਾ ਇੰਟਰਨੈੱਟ ਦੇ ਮੁੱਢ ਤੋਂ ਹੀ ਹੈ, ਜਦ ਬੇਨਾਮ ਪ੍ਰੋਫਾਈਲ ਚੈਟ ਬੋਰਡ ਉਪਰ ਆਪਣੀ ਮਾਯੂਸੀ ਉਗਲਦੇ ਸਨ ਜਾਂ ਝੂਠ ਫੈਲਾਉਂਦੇ ਸਨ। ਵੈਬਸਾਈਟਾਂ ਦੇ ਕੁਮੈਂਟ ਸੈਕਸ਼ਨ ਵਿਚ ਉਸ ਦੀ ਵੰਨਗੀ ਦੀ ਭਰਮਾਰ ਅੱਜ ਵੀ ਦੇਖੀ ਜਾ ਸਕਦੀ ਹੈ। ਅੱਜ ਜ਼ਰੂਰਤ ਹੈ ਕਿ ਕੁਝ ਪੋਸਟਾਂ ਦੇ ਵਿਰੋਧ ਅਤੇ ਸੋਸ਼ਲ ਮੀਡੀਆ ਦੀ ਨੇਮਾਵਲੀ ਵਿਚ ਸੁਧਾਰ ਉਪਰ ਤਾਕਤ ਅਜਾਈਂ ਲਗਾਉਣ ਦੀ ਬਜਾਏ ਇਸ ਭਿਆਨਕ ਮਸਲੇ ਦੇ ਵੱਖ-ਵੱਖ ਸਿਰਿਆਂ ਨੂੰ ਸਮਝਿਆ ਜਾਵੇ।

ਤਕਨੀਕੀ ਮਾਹਿਰ ਮਾਇਲੋ ਗਵੇਟ ਨੇ ਆਪਣੇ ਤਾਜ਼ਾ ਲੇਖ ਵਿਚ ਦੱਸਿਆ ਹੈ ਕਿ ਸੋਸ਼ਲ ਮੀਡੀਆ ਸਾਨੂੰ ਕਿਸ ਤਰ੍ਹਾਂ ਉਸ ਹਾਲਤ ਵਿਚ ਧੱਕ ਰਿਹਾ ਹੈ ਜਿਸ ਦੀ ਕਲਪਨਾ ਜਾਰਜ ਔਰਵੈੱਲ ਦੇ ਨਾਵਲ '1984' ਵਿਚ ਮਿਲਦੀ ਹੈ। ਉਸ ਨਾਵਲ ਵਿਚ ਇਕ ਕਰਮਕਾਂਡ ਵਾਪਰਦਾ ਹੈ - ਦੋ ਮਿੰਟ ਦੀ ਨਫਰਤ। ਉਸ ਵਿਚ ਸਾਰੇ ਲੋਕ ਕੰਮ-ਧੰਦਾ ਛੱਡ ਕੇ ਸਕਰੀਨ ਸਾਹਮਣੇ ਖੜ੍ਹੇ ਹੋ ਕੇ ਦੁਸ਼ਮਣਾਂ ਨੂੰ ਲਾਹਣਤ ਪਾਉਂਦੇ ਸਨ ਅਤੇ ਵੱਡੇ ਭਰਾ ਦੀ ਜੈ-ਜੈਕਾਰ ਕਰਦੇ ਸਨ। ਦੁਸ਼ਮਣ ਬਦਲਦੇ ਰਹਿੰਦੇ ਸਨ ਪਰ ਕਰਮਕਾਂਡ ਉਹੀ ਰਹਿੰਦਾ ਸੀ। ਸਕਰੀਨ ਸਾਹਮਣੇ ਜੁੜੇ ਲੋਕ ਹਤਿਆਰਿਆਂ ਦਾ ਵਹਿਸ਼ੀ ਹਜੂਮ ਬਣ ਜਾਂਦੇ ਸਨ। ਸੋਸ਼ਲ ਮੀਡੀਆ ਅਤੇ ਡਿਜੀਟਲ ਤਕਨੀਕ ਦੇ ਸਾਡੇ ਜ਼ਮਾਨੇ ਵਿਚ ਇਹ ਦੋ ਮਿੰਟ ਦਾ ਕਰਮਕਾਂਡ ਚੌਵੀ ਘੰਟੇ ਦਾ ਕੰਮਕਾਜ ਬਣ ਚੁੱਕਾ ਹੈ। ਜ਼ੁਕਰਬਰਗ ਦੀ ਜੈ!

# ਅਦਾਲਤੀ ਫੈਸਲੇ ਅਤੇ ਸਤਿਕਾਰ

***ਸੁਪਰੀਮ ਕੋਰਟ ਦੇ ਵਕੀਲ ਪ੍ਰਸ਼ਾਂਤ ਭੂਸ਼ਣ ਵਾਲੇ ਮਾਮਲੇ 'ਚ ਉਘੀ ਲਿਖਾਰੀ ਅਰੁੰਧਤੀ ਰਾਏ ਵਲੋਂ 3 ਸਤੰਬਰ ਨੂੰ ਦਿੱਲੀ ਵਿਚ 'ਵਿਦੇਸ਼ੀ ਪੱਤਰਕਾਰ ਕਲੱਬ' ਵਿਖੇ ਕੀਤੀ ਤਕਰੀਰ***

ਅਫਸੋਸ ਦੀ ਗੱਲ ਹੈ ਕਿ 2020 ਦੇ ਭਾਰਤ ਦੇ 23.9 ਫੀਸਦੀ ਨਾਂਹਪੱਖੀ ਵਿਕਾਸ ਦਰ ਦੇ ਜ਼ਮਾਨੇ ਵਿਚ ਸਾਨੂੰ 'ਬੋਲਣ ਦੀ ਆਜ਼ਾਦੀ ਦੇ ਹੱਕ' ਵਰਗੇ ਅਸਲੋਂ ਮੁੱਢਲੇ ਮਸਲੇ ਉਪਰ ਚਰਚਾ ਲਈ ਜੁੜਨਾ ਪਵੇ - ਜੋ ਨਿਸ਼ਚੇ ਹੀ ਐਸਾ ਹੱਕ ਹੈ ਜੋ ਕਿਸੇ ਵੀ ਵਿਹਾਰਕ ਲੋਕਤੰਤਰ ਦੀ ਨੀਂਹ ਦੀ ਇੱਟ ਹੁੰਦਾ ਹੈ।

ਦੂਜੇ ਪਾਸੇ ਅਸੀਂ, ਜੋ ਸ਼ਾਇਦ ਖੁਦ ਨੂੰ ਇੱਕੋ ਮੁਲਕ ਦੇ ਬਾਸ਼ਿੰਦੇ ਅਖਵਾਉਣ ਦਾ ਹੱਕ ਵੀ ਗੁਆ ਚੁੱਕੇ ਹਾਂ, ਆਰਥਕ ਅਤੇ ਸਮਾਜੀ ਤੌਰ 'ਤੇ ਸਾਡੀਆਂ ਗੋਡਣੀਆਂ ਲਗਾ ਦਿੱਤੀਆਂ ਹਨ। ਇਨ੍ਹਾਂ ਸਾਲਾਂ 'ਚ ਹੀ ਸਾਡੇ ਮੁਲਕ ਨੂੰ ਦਿਲ ਦੇ ਦੌਰਿਆਂ ਦੀ ਤਰਜ਼ ਦੇ ਬਨਾਉਟੀ ਸਦਮੇ ਝੱਲਣੇ ਪਏ ਹਨ। ਬਿਨਾ ਕੋਈ ਵਾਜਬੀਅਤ ਦੱਸੇ ਅਚਾਨਕ ਨੋਟਬੰਦੀ, ਸੱਤਾ ਦੇ ਜ਼ੋਰ ਥੋਪਿਆ ਜੀ.ਐਸ.ਟੀ. ਢਾਂਚਾ, ਜੰਮੂ ਕਸ਼ਮੀਰ ਦੇ ਵਿਸ਼ੇਸ਼ ਦਰਜੇ ਧਾਰਾ 370 ਦਾ ਖਾਤਮਾ, ਨਾਗਰਿਕਤਾ ਸੋਧ ਕਾਨੂੰਨ ਥੋਪਣ ਦੀ ਕਾਹਲ, ਨਾਕਾਮ ਲੌਕਡਾਊਨ ਅਤੇ ਫਿਰ ਕੋਵਿਡ-19 ਨੂੰ ਰੋਕਣ 'ਚ ਨਾਕਾਮੀ।

ਜਿਵੇਂ ਸ਼ੂਗਰ ਦੇ ਮਰੀਜ਼ਾਂ ਨਾਲ ਅਕਸਰ ਵਾਪਰਦਾ ਹੈ, ਆਰਥਕ ਝਟਕਿਆਂ ਦੇ ਇਹ ਦੌਰੇ, ਦਿਲ ਦੇ ਖਾਮੋਸ਼ ਦੌਰਿਆਂ ਵਰਗੇ ਸਨ ਜਿਨ੍ਹਾਂ ਨੇ ਪਹਿਲੀਆਂ ਬਿਮਾਰੀਆਂ ਦੇ ਭੇਖ 'ਚ ਹੱਲਾ ਬੋਲਿਆ। ਇਹ ਮਰਜ਼ ਭਾਰਤ ਵਿਚ ਸਰਕਾਰ ਪੱਖੀ ਬੇਤਹਾਸ਼ਾ ਪ੍ਰਚਾਰ ਦੀ ਕਾਵਾਂਰੌਲੀ ਅਤੇ ਸਰਕਾਰੀ ਅਦਾਰਿਆਂ ਦੀ ਆਪਣੇ ਫਰਜ਼ ਨਿਭਾਉਣ ਤੋਂ ਕੋਤਾਹੀ, ਜਿਨ੍ਹਾਂ ਨੇ ਇਸ ਨਿਘਾਰ ਨੂੰ ਰੋਕਣ ਲਈ ਕੱਖ ਨਹੀਂ ਕੀਤਾ, ਦੇ ਰੂਪ 'ਚ ਦੇਖੀ ਜਾ ਰਹੀ ਹੈ। ਇਨ੍ਹਾਂ ਅਦਾਰਿਆਂ ਵਿਚ ਨਿਆਂਪਾਲਿਕਾ ਵੀ ਸ਼ਾਮਲ ਹੈ। ਸਾਡਾ ਲੋਕਤੰਤਰ, ਸਾਡਾ ਦਿਲ ਫੇਲ੍ਹ ਹੋ ਰਿਹਾ ਹੈ। ਐਸਾ ਹੀ ਇਕ ਡਾਕਟਰ ਪ੍ਰਸ਼ਾਂਤ ਭੂਸ਼ਨ ਹੈ ਜੋ ਜੇਲ੍ਹਾਂ ਵਿਚ ਡੱਕੇ ਸਿੱਖਿਆ ਵਿਗਿਆਨੀਆਂ, ਕਾਰਕੁਨਾਂ, ਵਕੀਲਾਂ ਅਤੇ ਵਿਦਵਾਨਾਂ ਵਾਂਗ ਲੰਮੇ ਸਮੇਂ ਤੋਂ ਸਾਨੂੰ ਲਗਾਤਾਰ, ਸਾਡੇ ਮੁਲਕ ਦੇ ਖਤਰਨਾਕ ਹਾਲਾਤ ਬਾਰੇ ਖਬਰਦਾਰ ਕਰਦਾ ਆ ਰਿਹਾ ਹੈ। ਆਪਣੇ ਇਨ੍ਹਾਂ ਯਤਨਾਂ ਦਾ ਖਮਿਆਜ਼ਾ ਉਸ ਨੂੰ ਹੁਣ ਸਜ਼ਾਯਾਫਤਾ ਮੁਜਰਿਮ ਕਰਾਰ ਦਿੱਤੇ ਜਾਣ ਦੇ ਰੂਪ 'ਚ ਭੁਗਤਣਾ ਪਿਆ ਹੈ।

ਅਦਾਲਤੀ ਮਾਣਹਾਨੀ ਬਾਰੇ ਸੁਪਰੀਮ ਕੋਰਟ ਦੀ ਸੰਨ 2020 ਦੀ ਚਾਰਜਸ਼ੀਟ ਦਾ ਵਿਸਥਾਰ 'ਚ ਜਵਾਬ ਦਿੰਦਿਆਂ ਪ੍ਰਸ਼ਾਂਤ ਭੂਸ਼ਣ ਨੇ ਆਪਣੇ ਵਿਰੁਧ ਲਾਏ ਗਏ ਦੋਸ਼ਾਂ ਦਾ ਕਾਨੂੰਨੀ ਦਲੀਲਾਂ ਰਾਹੀਂ ਜਵਾਬ ਦੇਣ ਦੇ ਨਾਲ-ਨਾਲ ਐਸੇ ਬਹੁਤ ਸਾਰੇ ਹੋਰ ਨੁਕਤੇ ਉਠਾਏ ਜਿਨ੍ਹਾਂ ਰਾਹੀਂ ਉਸ ਨੇ ਜ਼ੋਰ ਦੇ ਕੇ ਕਿਹਾ ਕਿ ਸੁਪਰੀਮ ਕੋਰਟ, ਕੋਈ ਕਾਰਵਾਈ ਕਰਨ ਅਤੇ ਨਾ ਕਰਨ ਦੇ ਦੋਨੋਂ ਤਰ੍ਹਾਂ ਦੇ ਅਮਲ ਰਾਹੀਂ, ਭਾਰਤੀ ਸੰਵਿਧਾਨ ਦੇ ਰਖਵਾਲੇ ਵਜੋਂ ਫਰਜ਼ ਨਿਭਾਉਣ, ਲੋਕਾਂ ਦੀ ਜ਼ਿੰਦਗੀ ਅਤੇ ਆਜ਼ਾਦੀ ਸੰਬੰਧੀ ਬੁਨਿਆਦੀ ਹੱਕਾਂ ਦੀ ਰਾਖੀ ਕਰਨ ਅਤੇ ਸਾਡੇ ਮੁਲਕ ਦੇ ਸੰਕੀਰਣ ਬਹੁਗਿਣਤੀਵਾਦ ਵਿਚ ਗਰਕਣ ਨੂੰ ਰੋਕਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ।

ਉਸ ਵਲੋਂ ਉਠਾਏ ਕੁਝ ਮਹੱਤਵਪੂਰਨ ਨੁਕਤੇ ਇਹ ਸਨ: ਪਿਛਲੇ ਸਾਲ ਪੰਜ ਅਗਸਤ ਨੂੰ ਜੇਲ੍ਹੀਂ ਡੱਕੇ ਗਏ ਹਜ਼ਾਰਾਂ ਕਸ਼ਮੀਰੀਆਂ ਵਿਚੋਂ ਕੁਝ ਦੇ ਸਕੇ-ਸੰਬੰਧੀਆਂ ਵਲੋਂ ਦਾਇਰ ਕੀਤੀਆਂ ਹੈਬੀਅਸ ਕਾਰਪਸ ਪਟੀਸ਼ਨਾਂ (ਗ੍ਰਿਫਤਾਰ ਕੀਤੇ ਵਿਅਕਤੀ ਨੂੰ ਮੈਜਿਸਟ੍ਰੇਟ ਸਾਹਮਣੇ ਪੇਸ਼ ਕੀਤੇ ਜਾਣ ਦਾ ਹੱਕ), ਉਸ ਖੇਤਰ ਵਿਚ ਇੰਟਰਨੈੱਟ ਦੀ ਬੰਦੀ (ਜੋ ਮੇਰੇ ਖਿਆਲ ਅਨੁਸਾਰ ਇਨਸਾਨੀਅਤ ਵਿਰੁਧ ਘਿਨਾਉਣਾ ਜੁਰਮ ਹੈ), ਅਸਾਮ ਵਿਚ ਨਾਗਰਿਕਾਂ ਦਾ ਕੌਮੀ ਰਜਿਸਟਰ ਬਣਾਏ ਜਾਣ ਦੇ ਅਮਲ ਵਿਚ ਸੁਪਰੀਮ ਕੋਰਟ ਦੀ ਭੂਮਿਕਾ (ਜਿਸ ਕਰ ਕੇ ਲੋਕਾਂ ਨੂੰ ਅਕਹਿ ਮੁਸੀਬਤਾਂ ਝੱਲਣੀਆਂ ਪਈਆਂ ਅਤੇ ਕਰੋੜਾਂ ਲੋਕ ਇਸ ਸੂਚੀ 'ਚੋਂ ਬਾਹਰ ਕਰ ਦਿੱਤੇ ਗਏ) ਜਾਮੀਆ ਮਿਲੀਆ ਇਸਲਾਮੀਆ ਅਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਕੈਂਪਸਾਂ ਵਿਚ ਪੁਲਿਸ ਤੇ ਸੱਜੇਪੱਖੀ ਬਦਮਾਸ਼ਾਂ ਵਲੋਂ ਹਮਲੇ, ਜਸਟਿਸ ਲੋਇਆ ਦੀ ਰਹੱਸਮਈ ਮੌਤ, ਸਰਕਾਰ ਵਲੋਂ ਖਰੀਦੇ ਰਾਫਾਲ ਹਵਾਈ ਜਹਾਜ਼ਾਂ ਦਾ ਘੁਟਾਲਾ, ਲੌਕਡਾਊਨ ਦੌਰਾਨ ਮਜ਼ਦੂਰਾਂ ਦੀ ਸੁਰੱਖਿਆ ਲਈ ਦਖਲ ਦੇਣ ਤੋਂ ਸੁਪਰੀਮ ਕੋਰਟ ਦਾ ਸਾਫ ਇਨਕਾਰ। ਜਿਸ ਕਾਰਨ ਦਹਿ-ਲੱਖਾਂ ਮਜ਼ਦੂਰਾਂ ਨੂੰ ਖੌਫਨਾਕ ਹਿਜ਼ਰਤ ਕਰਨੀ ਪਈ ਅਤੇ ਸੈਂਕੜੇ, ਹਜ਼ਾਰਾਂ ਕਿਰਤੀਆਂ ਨੂੰ ਆਪਣੇ ਪਿੰਡ ਜਾਂ ਘਰ ਪਹੁੰਚਣ ਲਈ ਪੈਦਲ ਹੀ ਹਜ਼ਾਰਾਂ ਕਿਲੋਮੀਟਰ ਤੁਰਨਾ ਪਿਆ।

ਜਵਾਬ-ਦਾਅਵੇ ਵਜੋਂ ਪੇਸ਼ ਕੀਤੇ ਪ੍ਰਸ਼ਾਂਤ ਭੂਸ਼ਣ ਦੇ ਹਲਫਨਾਮੇ ਵਿਚ ਕਈ ਨਿਹਾਇਤ ਘਿਨਾਉਣੇ ਰਿਸ਼ਵਤ ਘੁਟਾਲਿਆਂ ਦੇ ਵੇਰਵੇ ਦਿੱਤੇ ਗਏ ਹਨ ਅਤੇ ਘੁਟਾਲਿਆਂ ਵਿਚ ਸ਼ਾਮਲ ਸੁਪਰੀਮ ਕੋਰਟ ਦੇ ਜੱਜਾਂ ਦੇ ਨਾਂਵਾਂ ਦਾ ਖੁਲਾਸਾ ਵੀ ਕੀਤਾ ਗਿਆ ਹੈ। ਇਹ ਐਸਾ ਯਾਦਗਾਰੀ ਦਸਤਾਵੇਜ਼ ਹੈ ਜੋ ਅਜੋਕੇ ਭਾਰਤ ਨੂੰ ਸਮਝਣ ਲਈ ਯਤਨਸ਼ੀਲ ਹਰ ਬੰਦੇ ਨੂੰ ਲਾਜ਼ਮੀ ਪੜ੍ਹਨਾ ਚਾਹੀਦਾ ਹੈ ਕਿ ਇਹ ਕਿਵੇਂ ਕੰਮ ਕਰਦਾ ਹੈ - ਜਾਂ ਕਿਵੇਂ ਕੰਮ ਨਹੀਂ ਕਰਦਾ ਹੈ।

ਲੇਕਿਨ ਹੁਣ ਜਦ ਪ੍ਰਸ਼ਾਂਤ ਭੂਸ਼ਣ ਨੂੰ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ ਅਤੇ ਸਜ਼ਾ ਵੀ ਐਲਾਨ ਦਿੱਤੀ ਗਈ ਹੈ ਤਾਂ ਅਸੀਂ ਇਨ੍ਹਾਂ ਤਮਾਮ ਨੁਕਤਿਆਂ ਦੀ ਪੈਰਵਾਈ ਕਰਨਾ, ਇਨ੍ਹਾਂ ਤਮਾਮ ਚੀਜ਼ਾਂ ਬਾਰੇ ਸਵਾਲ ਕਰਨਾ ਤੇ ਲਿਖਣਾ ਬੰਦ ਨਹੀਂ ਕਰ ਸਕਦੇ। ਸਾਨੂੰ ਪ੍ਰਸ਼ਾਂਤ ਭੂਸ਼ਣ ਵਲੋਂ ਦਰਸਾਏ ਰਾਹ ਉਪਰ ਚੱਲਣਾ ਚਾਹੀਦਾ ਹੈ ਅਤੇ ਉਸ ਵਲੋਂ ਦਿਖਾਏ ਹੌਸਲੇ ਨੂੰ ਹੋਰ ਬੁਲੰਦੀ 'ਤੇ ਲਿਜਾਣਾ ਚਾਹੀਦਾ ਹੈ।

ਇੱਥੇ ਮੈਂ ਇਕ ਹੋਰ ਮਹੱਤਵਪੂਰਨ ਨੁਕਤਾ ਉਠਾਉਣਾ ਚਾਹਾਂਗੀ। ਪ੍ਰਸ਼ਾਂਤ ਭੂਸ਼ਣ ਨੂੰ ਸੁਪਰੀਮ ਕੋਰਟ ਦਾ 'ਅਕਸ ਵਿਗਾੜਨ' ਅਤੇ ਇਸ ਦੇ 'ਮਾਣ-ਸਨਮਾਨ ਨੂੰ ਢਾਹ ਲਾਉਣ' ਦਾ ਦੋਸ਼ੀ ਕਰਾਰ ਦਿੱਤੇ ਜਾਣ ਅਤੇ ਉਸ ਨੂੰ ਸਜ਼ਾ ਸੁਣਾਏ ਜਾਣ ਦਾ ਅਦਾਲਤੀ ਫੈਸਲਾ - ਇਕ ਰੁਪਏ ਦਾ ਸੰਕੇਤਕ ਜੁਰਮਾਨਾ- ਇਹ ਪੂਰਾ ਘਾਲਾ-ਮਾਲਾ ਹੈ। ਮੈਨੂੰ ਖੁਸ਼ੀ ਹੈ ਕਿ ਪ੍ਰਸ਼ਾਂਤ ਭੂਸ਼ਣ ਨੇ ਇਸ ਫੈਸਲੇ ਨੂੰ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ।

ਇਨ੍ਹਾਂ ਸਾਲਾਂ 'ਚ, ਹੋਰ ਕਈਆਂ ਨੂੰ ਵੀ ਅਦਾਲਤੀ ਮਾਣ-ਸਨਮਾਨ ਨੂੰ ਢਾਹ ਲਾਉਣ ਦੇ ਇਲਜ਼ਾਮ ਤਹਿਤ ਸਜ਼ਾ ਦਿੱਤੀ ਗਈ ਹੈ। ਉਨ੍ਹਾਂ ਵਿਚ ਕਲਕੱਤਾ ਹਾਈ ਕੋਰਟ ਦੇ ਦਲਿਤ ਜੱਜ, ਜਸਟਿਸ ਕਰਨਣ ਵੀ ਸ਼ਾਮਲ ਹਨ। ਉਸ ਨੂੰ ਮਾਣਹਾਨੀ ਕਾਨੂੰਨ ਦੀ ਇਕ ਹੋਰ ਧਾਰਾ ਅਧੀਨ ਸਜ਼ਾ ਦਿੱਤੀ ਗਈ ਸੀ - ਨਿਆਂ ਦੇ ਅਮਲ ਵਿਚ ਅੜਿੱਕਾ ਪਾਉਣ ਦੀ ਧਾਰਾ ਤਹਿਤ - ਅਤੇ ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। 2019 ਵਿਚ ਸੁਪਰੀਮ ਕੋਰਟ ਦੇ ਵਕੀਲ ਮੈਥਿਊ ਨੇਦੁਮਪਾਰਾ ਨੂੰ 'ਅਪਮਾਨਜਨਕ ਦੋਸ਼ ਲਾਉਣ ਅਤੇ ਅਦਾਲਤ ਨੂੰ ਧਮਕਾਉਣ ਦਾ ਯਤਨ ਕਰਨ' ਦੇ ਦੋਸ਼ਾਂ ਤਹਿਤ ਸਜ਼ਾ ਸੁਣਾਈ ਗਈ ਸੀ। ਉਸ ਨੂੰ ਮੁਅੱਤਲ ਕੀਤੇ ਜਾ ਸਕਣ ਵਾਲੀ ਤਿੰਨ ਮਹੀਨੇ ਦੀ ਕੈਦ ਅਤੇ ਇਕ ਸਾਲ ਤੱਕ ਅਦਾਲਤ ਵਿਚ ਵਕਾਲਤ ਕਰਨ ਉਪਰ ਪਾਬੰਦੀ ਦੀ ਸਜ਼ਾ ਸੁਣਾਈ ਗਈ ਸੀ। ਇਨ੍ਹਾਂ ਨੂੰ ਕਿਸੇ ਨੂੰ ਵੀ ਸੰਕੇਤਕ ਸਜ਼ਾ ਦੀ ਆਪਸ਼ਨ ਚੁਣਨ ਦਾ ਬਦਲ ਨਹੀਂ ਦਿੱਤਾ ਗਿਆ ਸੀ।

ਜੇ ਮੈਂ ਆਪਣੀ ਗੱਲ ਕਰਾਂ ਤਾਂ 2002 ਵਿਚ ਅਦਾਲਤ ਨੇ ਮੈਨੂੰ ਮਾਣਹਾਨੀ ਦੇ ਮਾਮਲੇ 'ਚ ਦੋਸ਼ੀ ਕਰਾਰ ਦੇ ਕੇ ਜੋ ਸਜ਼ਾ ਸੁਣਾਈ ਸੀ, ਉਸ ਫੈਸਲੇ ਦੀ ਇਬਾਰਤ ਬੇਹੱਦ ਅਸੰਜਮੀ, ਲਿੰਗਕ ਅਤੇ ਨਿਖੇਧੀਜਨਕ ਸੀ। ਨਿਸ਼ਚੇ ਹੀ ਸਾਡੇ ਦੋਨਾਂ ਵਲੋਂ ਕੀਤੇ ਗਏ 'ਜੁਰਮਾਂ' ਬਾਰੇ ਜਿਵੇਂ ਸਮਝਿਆ ਜਾਂਦਾ ਹੈ, ਇਹ 'ਜੁਰਮ' ਕਿਸੇ ਪੱਖੋਂ ਵੀ ਇਕੋ ਜਿਹੇ ਨਹੀਂ ਹਨ ਅਤੇ ਪ੍ਰਸ਼ਾਂਤ ਭੂਸ਼ਣ ਦਾ ਜਨਤਕ ਸੇਵਾ ਦਾ ਜੋ ਸ਼ਾਨਦਾਰ ਰਿਕਾਰਡ ਰਿਹਾ ਹੈ, ਹੁਣ ਵਾਲੇ ਘਟਨਾਕ੍ਰਮ ਵਿਚ ਉਸ ਦੀ ਵੀ ਮਹੱਤਵਪੂਰਨ ਭੂਮਿਕਾ ਰਹੀ ਹੈ।

ਫਿਰ ਵੀ, ਪੂਰੇ ਮਾਹੌਲ ਵਿਚ ਉਚ-ਜਾਤੀ ਪਿਤਰਸੱਤਾ ਦੀ ਫੁੰਕਾਰ ਵੀ ਸਪਸ਼ਟ ਨਜ਼ਰ ਆ ਰਹੀ ਹੈ ਜਿਸ ਨੂੰ ਕਿਸੇ ਵੀ ਸੂਰਤ 'ਚ ਅੱਖੋਂ ਪਰੋਖੇ ਨਹੀਂ ਕੀਤਾ ਜਾਣਾ ਚਾਹੀਦਾ। ਜਿਸ ਤਰ੍ਹਾਂ ਦਾ ਨਾਬਰਾਬਰੀ ਵਾਲਾ, ਜਾਤਪਾਤੀ ਅਤੇ ਸ਼ਰੇਆਮ ਲਿੰਗ-ਵਿਤਕਰੇ ਵਾਲਾ ਸਾਡਾ ਸਮਾਜ ਹੈ, ਇਸ ਵਿਚ ਇਨ੍ਹਾਂ ਹਰ ਤਰ੍ਹਾਂ ਦੇ ਵਿਤਕਰਿਆਂ ਤੋਂ ਖਬਰਦਾਰ ਰਹਿਣਾ ਅਦਾਲਤਾਂ ਦੇ ਨਾਲ-ਨਾਲ ਹਰ ਇਨਸਾਨ ਦਾ ਬਰਾਬਰ ਫਰਜ਼ ਹੈ।

ਅਸੀਂ ਅਦਾਲਤੀ ਪ੍ਰਬੰਧ ਤੋਂ ਇਹ ਉਮੀਦ ਨਹੀਂ ਕਰ ਸਕਦੇ ਕਿ ਇਹ 'ਅਦਾਲਤ ਦੀ ਬਦਨਾਮੀ ਕਰਨ' ਅਤੇ 'ਇਸ ਦੇ ਮਾਣ-ਸਨਮਾਨ ਨੂੰ ਢਾਹ ਲਾਉਣ' ਵਾਲੀ ਆਪਣੀ ਮਲਕਾ ਵਿਕਟੋਰੀਆ ਯੁਗ ਵਾਲੀ ਜ਼ਿਹਨੀਅਤ ਕਾਰਨ ਮਾਣਹਾਨੀ ਕਾਨੂੰਨ ਦੀਆਂ ਧਾਰਾਵਾਂ ਖਤਮ ਕਰਕੇ ਆਪਣੀਆਂ ਤਾਕਤਾਂ ਨੂੰ ਸੀਮਤ ਕਰਨ ਲਈ ਆਪੇ ਕੋਈ ਪਹਿਲ ਕਰੇਗਾ; ਇਸ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਅਦਾਲਤੀ ਪ੍ਰਬੰਧ ਸਿਰਫ ਆਪਣੇ ਫੈਸਲਿਆਂ ਰਾਹੀਂ ਹੀ ਲੋਕਾਂ ਦੇ ਦਿਲ ਜਿੱਤ ਸਕਦਾ ਹੈ, ਮਾਣਹਾਨੀ ਵਾਲੇ ਇਸ ਬੇਹੂਦਾ ਕਾਨੂੰਨ ਦੇ ਜ਼ੋਰ ਲੋਕ ਇਸ ਦਾ ਸਤਿਕਾਰ ਨਹੀਂ ਕਰਨਗੇ।

ਕਿਉਂਕਿ ਇਹ ਕਾਨੂੰਨ ਰੱਦ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ, ਲਿਹਾਜ਼ਾ ਸਾਨੂੰ ਇਸ ਨੂੰ ਰੱਦ ਕਰਾਉਣ ਲਈ ਲਾਜ਼ਮੀ ਸੰਘਰਸ਼ ਕਰਨਾ ਪਵੇਗਾ। ਜਾਣ-ਬੁਝ ਕੇ ਜਾਂ ਅਕਾਰਨ ਹੀ ਅਦਾਲਤਾਂ ਦੀ ਤੌਹੀਨ ਕਰਨਾ ਸਾਡਾ ਮਨੋਰਥ ਨਹੀਂ ਹੋਣਾ ਚਾਹੀਦਾ। ਇਸ ਲਈ ਸਾਨੂੰ ਪ੍ਰਸ਼ਾਂਤ ਭੂਸ਼ਣ ਦੀ ਤਰ੍ਹਾਂ ਅਦਾਲਤਾਂ, ਜੱਜਾਂ ਤੇ ਉਨ੍ਹਾਂ ਦੇ ਫੈਸਲਿਆਂ ਬਾਰੇ ਪੂਰੀ ਜ਼ਿੰਮੇਵਾਰੀ ਤੇ ਇਮਾਨਦਾਰੀ ਨਾਲ ਆਪਣੇ ਮਨ ਦੀ ਗੱਲ ਠੋਕ-ਵਜਾ ਕੇ ਕਹਿੰਦੇ ਰਹਿਣਾ ਚਾਹੀਦਾ ਹੈ।

***(ਪੇਸ਼ਕਸ਼: ਬੂਟਾ ਸਿੰਘ)***

# ਚੇਤਿਆਂ ਵਿਚ ਲਿਸ਼ਕ ਉਠਿਆ ਪਾਸ਼

*ਪੰਜਾਬੀ ਕਾਵਿ-ਜਗਤ ਵਿਚ ਪਾਸ਼ (9 ਸਤੰਬਰ 1950-23 ਮਾਰਚ 1988) ਦਾ ਖਾਸ ਮੁਕਾਮ ਹੈ। ਉਂਜ, ਹੁਣ ਤਾਂ ਉਹ ਹੋਰ ਕਈ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਸੰਸਾਰ ਦੇ ਵੱਖ-ਵੱਖ ਹਿੱਸਿਆਂ ਨਾਲ ਆਪਣੀ ਸਾਂਝ ਪੁਆ ਚੁਕਾ ਹੈ। ਇਸ ਲੇਖ ਵਿਚ ਪਾਸ਼ ਦੇ ਸਮਕਾਲੀ, ਦੋਸਤ ਅਤੇ ਉੱਘੇ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਉਸ ਦੀ ਕਵਿਤਾ, ਸਾਹਿਤ ਬਾਰੇ ਉਸ ਦੀ ਬਾਰੀਕ ਸਮਝ ਅਤੇ ਜ਼ਿੰਦਗੀ ਦੀਆਂ ਕੁਝ ਤਲਖ ਹਕੀਕਤਾਂ ਬਾਰੇ ਗੱਲਾਂ ਛੋਹੀਆਂ ਹਨ। -ਸੰਪਾਦਕ*





**ਵਰਿਆਮ ਸਿੰਘ ਸੰਧੂ**

ਦੇਸ਼ ਵਿਚ ਨਕਸਲੀ ਲਹਿਰ ਦੀ ਤੇਜ਼ ਹਨੇਰੀ ਝੁੱਲੀ ਤਾਂ ਪੰਜਾਬ ਦੇ ਨੌਜਵਾਨ ਵਰਗ ਦੇ ਚਿੰਤਕਾਂ ਅਤੇ ਲੇਖਕਾਂ ਦਾ ਵੱਡਾ ਹਿੱਸਾ, ਇਸ ਹਨੇਰੀ ਦੇ ਵੇਗ ਵਿਚ ਵਹਿ ਤੁਰਿਆ। ਪੰਜਾਬੀ ਕਵਿਤਾ ਵਿਚ ਪਾਸ਼ ਦਾ ਨਾਂ ਧਮਾਕੇ ਵਾਂਗ ਫਟਿਆ ਅਤੇ ਚਾਰੇ ਪਾਸੇ ਲਿਸ਼ਕਣ ਤੇ ਗੂੰਜਣ ਲੱਗਾ। ਇਸ ਸਮੇਂ ਪੁਲਿਸ ਨੇ ਉਹਨੂੰ ਝੂਠੇ ਕਤਲ ਕੇਸ ਵਿਚ ਅੜੁੰਗ ਲਿਆ।

ਉਹਦੀਆਂ ਜਲੰਧਰ ਜੇਲ੍ਹ ਵਿਚੋਂ ਭੇਜੀਆਂ ਤੇ ਛਪੀਆਂ ਕਵਿਤਾਵਾਂ ਲੋਕ ਉਡ ਕੇ ਪੜ੍ਹਦੇ। ਲੁਧਿਆਣਾ ਤੋਂ ਛਪਦਾ ਮਾਸਿਕ ਪੱਤਰ 'ਹੇਮ ਜਯੋਤੀ' ਤੱਤੇ ਲੇਖਕਾਂ ਦੇ ਵਿਚਾਰਾਂ ਅਤੇ ਰਚਨਾਵਾਂ ਨੂੰ ਛਾਪਣ ਦਾ ਮੁੱਖ ਪਰਚਾ ਬਣ ਗਿਆ।

ਮੈਂ ਇਸ ਢਾਣੀ ਦਾ ਸਰਗਰਮ ਮੈਂਬਰ ਸਾਂ। ਮੈਂ ਜੁਝਾਰੂ ਰੁਝਾਨ ਦੀਆਂ ਕਵਿਤਾਵਾਂ ਵੀ ਲਿਖਦਾ ਪਰ ਮੇਰੀ ਚਿੰਤਾ ਸੀ ਕਿ ਕਵੀਆਂ ਵਾਂਗ ਕਹਾਣੀ ਦੇ ਖੇਤਰ ਵਿਚ ਅਜਿਹੀ ਰਾਜਸੀ ਤੇ ਸਮਾਜੀ ਜ਼ਿੰਮੇਵਾਰੀ ਨਿਭਾਉਣ ਵਾਲੀ ਕਹਾਣੀ ਕਿਉਂ ਨਹੀਂ ਲਿਖੀ ਜਾ ਰਹੀ? ਮੈਨੂੰ ਭਾਵੇਂ ਪਤਾ ਸੀ ਕਿ ਸਿਆਸੀ ਸਮਾਜੀ ਤਬਦੀਲੀ ਦੀ ਤੇਜ਼ ਤੀਬਰ ਭਾਵਨਾ ਦੇ ਤੁਰਤ-ਫੁਰਤ ਪ੍ਰਗਟਾਓ ਲਈ ਕਵਿਤਾ ਹੀ ਸਭ ਤੋਂ ਢੁਕਵਾਂ ਮਾਧਿਅਮ ਹੁੰਦਾ ਹੈ ਅਤੇ ਗਲਪ ਸਮੇਂ ਦੀ ਵਿੱਥ ਤੋਂ ਸਮੁੱਚੇ ਵਰਤਾਰੇ ਨੂੰ ਜੋਖ-ਜਾਚ ਕੇ ਹੀ ਰਚੀ ਜਾ ਸਕਦੀ ਹੈ। ਤਦ ਵੀ ਮੈਂ ਮਿਥੇ ਹੋਏ ਮਕਸਦ ਦੀ ਪ੍ਰਾਪਤੀ ਲਈ ਸਾਹਿਤ ਤੋਂ ਫੌਰੀ ਸੇਵਾ ਲੈਣ ਲਈ ਅਜਿਹੀ ਕਹਾਣੀ ਲਿਖਣੀ ਸ਼ੁਰੂ ਕੀਤੀ। 'ਲੋਹੇ ਦੇ ਹੱਥ' ਅਤੇ 'ਜੇਬ ਕਤਰੇ' ਵਰਗੀਆਂ ਮੇਰੀਆਂ ਕਹਾਣੀਆਂ 'ਹੇਮ ਜਯੋਤੀ' ਵਿਚ ਛਪੀਆਂ ਤਾਂ ਪਾਠਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ। ਮੈਨੂੰ ਇਸ ਲਹਿਰ ਦਾ ਜ਼ਿਕਰਯੋਗ ਕਹਾਣੀਕਾਰ ਮੰਨ ਲਿਆ ਗਿਆ।

'ਹੇਮ ਜਯੋਤੀ' ਦੇ ਜਨਵਰੀ 1971 ਦੇ ਅੰਕ ਦੀ ਸੰਪਾਦਕੀ ਵਿਚ 'ਪਾਸ਼, ਲਾਲ ਸਿੰਘ ਦਿਲ, ਦਰਸ਼ਨ ਖਟਕੜ ਤੇ ਵਰਿਆਮ ਸੰਧੂ ਨੂੰ 1971 ਦਾ ਇਕਰਾਰ' ਆਖਿਆ ਗਿਆ। ਸੰਪਾਦਕ ਦੀ ਨਜ਼ਰ ਵਿਚ ਇਹ ਲੇਖਕ ਇਸ ਲਹਿਰ ਨਾਲ ਜੁੜੀ ਵਿਚਾਰਧਾਰਾ ਨੂੰ ਪੇਸ਼ ਕਰਨ ਵਾਲੇ 'ਪ੍ਰਮਾਣਿਕ ਲੇਖਕ' ਸਨ। ਪਾਸ਼ ਦੀ 'ਲੋਹ ਕਥਾ' ਤੇ ਮੇਰੀ ਕਹਾਣੀਆਂ ਦਾ ਪਹਿਲਾ ਸੰਗ੍ਰਹਿ 'ਲੋਹੇ ਦੇ ਹੱਥ' ਅੱਗੜ-ਪਿੱਛੜ ਛਪੇ।

ਪਾਸ਼ ਜੇਲ੍ਹ ਤੋਂ ਬਾਹਰ ਆਇਆ ਤਾਂ ਮੇਰਾ ਉਹਦੇ ਨਾਲ ਸੰਪਰਕ ਹੋਇਆ। ਅਸੀਂ ਇਕ ਦੂਜੇ ਦੇ ਨੇੜੇ ਹੋਏ। ਪਾਰਟੀ ਦੇ ਸਾਹਿਤਕ ਸੈਲ ਦੇ ਮੈਂਬਰ ਹੋਣ ਦੇ ਨਾਤੇ ਅਸੀਂ ਵੱਖ-ਵੱਖ ਸ਼ਹਿਰਾਂ ਵਿਚ ਹੁੰਦੀਆਂ ਮੀਟਿੰਗਾਂ ਵਿਚ ਮਿਲਦੇ, ਵਿਚਾਰ-ਵਟਾਂਦਰਾ ਕਰਦੇ।

ਹੋਰ ਲੋਕਾਂ ਵਾਂਗ ਮੈਂ ਵੀ ਪਾਸ਼ ਦੀਆਂ ਕਵਿਤਾਵਾਂ ਦਾ ਦਿਲ-ਦਾਦਾ ਸਾਂ। ਉਹਦੀਆਂ ਕਈ ਕਵਿਤਾਵਾਂ ਮੈਨੂੰ ਜ਼ਬਾਨੀ ਯਾਦ ਹੋ ਗਈਆਂ। ਉਹ ਮੈਨੂੰ ਬਤੌਰ ਕਹਾਣੀਕਾਰ ਪਸੰਦ ਕਰਦਾ ਸੀ। ਕਦੀ-ਕਦੀ ਸਾਡੇ ਵਿਚਕਾਰ ਕਵਿਤਾ ਅਤੇ ਕਹਾਣੀ ਦੇ ਮਹੱਤਵ ਨੂੰ ਲੈ ਕੇ ਨੋਕ-ਝੋਕ ਤੇ ਚੁੰਝ-ਚਰਚਾ ਵੀ ਹੋ ਜਾਂਦੀ। ਉਹ ਕਵਿਤਾ ਨੂੰ ਮਹਾਨ ਆਖਦਾ, ਜਦ ਕਿ ਮੈਂ ਜ਼ਿਦ ਕਰਦਾ ਕਿ ਨਹੀਂ, ਗਲਪ ਦਾ ਮਹੱਤਵ ਕਵਿਤਾ ਨਾਲੋਂ ਵੱਧ ਹੈ। ਜ਼ਿਦ ਪੁਗਾਉਣ ਲਈ ਮੈਂ ਆਖਦਾ, "ਕਵਿਤਾ ਦਾ ਪ੍ਰਭਾਵ ਪਾਠਕ ਜਾਂ ਸਰੋਤੇ 'ਤੇ ਓਨਾ ਚਿਰ ਰਹਿੰਦਾ ਹੈ ਜਿੰਨਾ ਚਿਰ ਉਹ ਕਵਿਤਾ ਪੜ੍ਹ ਜਾਂ ਸੁਣ ਰਿਹਾ ਹੈ ਪਰ ਗਲਪ ਵਿਚਲੇ ਪਾਤਰਾਂ ਜਾਂ ਹਾਲਾਤ ਦਾ ਅਸਰ ਮਹੀਨਿਆਂ ਤੇ ਸਾਲਾਂ ਤੱਕ ਪਾਠਕ ਕੇ ਮਨ ਮਸਤਕ ਵਿਚ ਗੂੰਜਦਾ ਰਹਿੰਦਾ ਹੈ।"

ਹਾਲਾਂ ਕਿ ਮੈਂ ਵੀ ਜਾਣਦਾ ਸਾਂ ਕਿ ਸਾਡਾ ਮੱਧਕਾਲੀ ਗੁਰਮਤਿ, ਸੂਫੀ ਤੇ ਕਿੱਸਾ ਸਾਹਿਤ ਕਵਿਤਾ ਵਿਚ ਹੀ ਹੈ; ਤੇ ਸਮੁੱਚੀ ਪੰਜਾਬੀ ਕੌਮ ਸਦੀਆਂ ਤੋਂ ਇਸ ਕਵਿਤਾ ਦੇ ਅਸਰ ਹੇਠ ਹੈ। ਮੈਂ ਇਹ ਵੀ ਜਾਣਦਾ ਸਾਂ ਕਿ 'ਪਗੜੀ ਸੰਭਾਲ ਜੱਟਾ' ਲਹਿਰ ਦਾ ਤਾਂ ਨਾਮਕਰਨ ਹੀ ਕਵਿਤਾ ਤੋਂ ਹੋਇਆ ਤੇ ਗਦਰ ਲਹਿਰ ਨੂੰ ਪ੍ਰਚਾਰਨ ਤੇ ਪ੍ਰਸਾਰਨ ਵਿਚ 'ਗਦਰ ਦੀਆਂ ਗੂੰਜਾਂ' ਦਾ ਬੇਮਿਸਾਲ ਅਸਰ ਕਿਸੇ ਤੋਂ ਗੁੱਝਾ ਨਹੀਂ।

ਸਾਡੀ ਬਹਿਸ ਐਵੇਂ ਸਿੰਗ ਫਸਾਈ ਸੀ। ਹਰ ਸਾਹਿਤ ਰੂਪ ਦਾ ਆਪਣੀ ਥਾਵੇਂ ਮਹੱਤਵ ਬਣਦਾ ਹੈ।

---

ਜਦੋਂ ਮੈਨੂੰ 'ਪਾਸ਼ ਪੁਰਸਕਾਰ' ਦਿੱਤੇ ਜਾਣ ਦਾ ਐਲਾਨ ਹੋਇਆ ਤਾਂ ਮੈਨੂੰ ਪਾਸ਼ ਨਾਲ ਜੁੜੀਆਂ ਕਈ ਗੱਲਾਂ ਚੇਤੇ ਆਈਆਂ। ਮੈਂ ਪੁਰਾਣੀਆਂ ਚਿੱਠੀਆਂ ਫੋਲੀਆਂ ਤਾਂ ਪਾਸ਼ ਦੀਆਂ ਕੁਝ ਚਿੱਠੀਆਂ ਲੱਭ ਗਈਆਂ। ਇਹ ਚਿੱਠੀਆਂ ਉਹਨੇ ਮੇਰੀਆਂ ਕਹਾਣੀਆਂ ਪੜ੍ਹਨ ਤੋਂ ਬਾਅਦ ਲਿਖੀਆਂ ਸਨ। ਇਨ੍ਹਾਂ ਚਿੱਠੀਆਂ ਵਿਚ ਜਿੱਥੇ ਸਮਕਾਲੀ ਮਿੱਤਰ ਦੀ ਪ੍ਰਸ਼ੰਸਾ ਦੇ ਸ਼ਬਦ ਕਹਿ ਸਕਣ ਦੀ ਖੁੱਲ੍ਹਦਿਲੀ ਵਡਿਆਈ ਦੀ ਝਲਕ ਪੈਂਦੀ ਹੈ, ਉਥੇ ਕਹਾਣੀਕਾਰ ਦੇ ਤੌਰ 'ਤੇ ਦਿੱਤੀ ਮਾਨਤਾ ਨਾਲ ਮੈਨੂੰ ਡੂੰਘੀ ਤਸੱਲੀ ਵੀ ਹੋਈ।

ਇਨ੍ਹਾਂ ਦੋਵਾਂ ਚਿੱਠੀਆਂ ਦਾ ਪਾਠ ਪੰਜਾਬੀ ਪਾਠਕਾਂ ਨੂੰ ਵੀ ਦਿਲਚਸਪ ਲੱਗ ਸਕਦਾ ਹੈ, ਇਹ ਸੋਚ ਕੇ ਮੈਂ ਇਹ ਚਿੱਠੀਆਂ 'ਦੇਸ਼ ਸੇਵਕ' ਦੇ ਹਫਤਾਵਾਰੀ ਐਡੀਸ਼ਨ ਵਿਚ ਛਪਣ ਲਈ ਭੇਜ ਦਿੱਤੀਆਂ।

ਪਹਿਲੀ ਚਿੱਠੀ ਜੋ ਤੁਸੀਂ ਅੱਗੇ ਪੜ੍ਹੋਗੇ, ਇਹ ਪਾਸ਼ ਨੇ ਮੇਰੀ ਕਹਾਣੀ 'ਵਾਪਸੀ' ਦੇ ਛਪਣ 'ਤੇ ਲਿਖੀ ਸੀ। ਇਸ ਲੰਮੀ ਕਹਾਣੀ ਵਿਚ ਜ਼ਿੰਦਗੀ ਨਾਲ ਟੁੱਟਣ, ਜੁੜਨ ਦੀ ਪ੍ਰਕਿਰਿਆ ਦੇ ਅਨੇਕਾਂ ਸਮਾਜਿਕ, ਮਾਨਿਸਕ ਅਤੇ ਰਾਜਨੀਤਕ ਪਹਿਲੂ ਜੁੜੇ ਹੋਏ ਸਨ। ਨਕਸਲੀ ਲਹਿਰ ਦੀ ਸਿਆਸਤ ਉਤੇ ਵੀ ਵਿੱਥ ਤੋਂ ਪੁਨਰ-ਝਾਤ ਪਾਈ ਗਈ ਸੀ। ਇਹ ਮੇਰੀ ਆਪਣੀ ਪਸੰਦ ਦੀਆਂ ਪਹਿਲੀਆਂ ਇਕ ਦੋ ਕਹਾਣੀਆਂ ਵਿਚ ਸ਼ਾਮਲ ਹੈ। ਹੋਰ ਅਨੇਕਾਂ ਪਾਠਕਾਂ ਤੇ ਵਿਦਵਾਨਾਂ ਨੇ ਵੀ ਇਸ ਕਹਾਣੀ ਨੂੰ ਰੱਜ ਕੇ ਸਲਾਹਿਆ ਪਰ ਪਾਸ਼ ਵਰਗੇ 'ਡੁੱਲ੍ਹ ਡੁੱਲ੍ਹ ਪੈਂਦੇ ਆਸ਼ਕ' ਦਾ ਹੁੰਗਾਰਾ ਮੇਰੇ ਲਈ ਵੱਖਰੇ ਹੀ ਅਰਥ ਰੱਖਦਾ ਸੀ। ਚਿੱਠੀ ਵਿਚ 'ਸੰਗਤਾਂ' ਤੋਂ ਭਾਵ ਨਕਸਲੀ ਲਹਿਰ ਤੇ ਉਹਦੇ ਆਗੂਆਂ ਤੋਂ ਹੈ।

ਮੇਰੇ ਪਿਆਰੇ ਵਰਿਆਮ

ਯਾਰ 'ਸਿਰਜਣਾ' ਵਿਚ ਐਤਕੀਂ ਤੇਰੀ ਕਹਾਣੀ ਕੀ ਪੜ੍ਹੀ ਹੈ, ਬੱਸ ਤਰਥੱਲੀ ਪਈ ਹੋਈ ਹੈ, ਅੰਦਰ ਵੀ ਤੇ ਬਾਹਰ ਵੀ। ਬੜੇ ਈ ਨਿਹਾਲ ਤੇ ਪਰੇਸ਼ਾਨ ਹੋਏ ਪਏ ਆਂ। ਜਿੰਨਾ ਕੁਝ ਤੂੰ ਜੀਵਨ ਦੇ ਖਲਾਰੇ ਵਿਚੋਂ ਫੜ ਕੇ ਐਨੀ ਸਹਿਜ ਨਾਲ ਵਿਉਂਤ ਵਿਚਾਰ ਲੈਨਾ ਏਂ, ਬਈ ਧੰਨ ਹੈਂ ਪਿਆਰੇ। ਊਂ ਤਾਂ ਤੂੰ ਹਮੇਸ਼ਾ ਈ ਬੜਾ ਘੈਂਟ ਬੰਦਾ ਰਿਹਾ ਏਂ ਪਰ ਹੁਣ ਤਾਂ ਸੰਗਤਾਂ ਦੀਆਂ ਈ ਘੰਟੀਆਂ ਛਣਕਾ ਛੱਡੀਆਂ ਨੇ। ਤੈਨੂੰ ਬੜੇ-ਬੜੇ ਵਿਦਵਾਨਾਂ ਦੀਆਂ ਵੀ ਦਿਲਬਰੀਆਂ ਮਿਲ ਰਹੀਆਂ ਹੋਣਗੀਆਂ ਪਰ ਅਹਿ ਨਾਲ ਹੀ ਆਪਣੇ ਇਕ ਡੁੱਲ੍ਹੇ ਹੋਏ ਆਸ਼ਕ ਦਾ ਹੁੰਗਾਰਾ ਵੀ ਕਬੂਲ ਕਰ,

ਤੇਰਾ ਪਾਠਕ<br>
ਪਾਸ਼<br>
ਪਿੰਡ ਤੇ ਡਾ: ਤਲਵੰਡੀ ਸਲੇਮ<br>
ਰਾਹੀਂ: ਕਾਲਾ ਸੰਘਿਆ, ਜ਼ਿਲ੍ਹਾ: ਜਲੰਧਰ

ਦੂਜੀ ਕਹਾਣੀ ਸੀ 'ਭੱਜੀਆਂ ਬਾਹੀਂ'। ਇਹਨੂੰ ਪੜ੍ਹ ਕੇ ਉਹਨੇ ਆਪਣੀ ਪੂਰੀ ਢਾਣੀ ਦੀ ਤਰਫੋਂ ਜਿਹੜੀ ਹੁਲਾਰਵੀਂ ਚਿੱਠੀ ਲਿਖੀ, ਉਹ ਹੇਠਾਂ ਦਰਜ ਹੈ:

ਉਗੀ ਤੋਂ ਪਾਸ਼ ਤੇ ਉਹਨਾਂ ਦੇ ਸਾਥੀ<br>
24-06-86<br>
ਬਹੁਤ ਪਿਆਰੇ ਵਰਿਆਮ

ਤੇਰੀ ਐਨੀ ਮਹਾਨ ਕਹਾਣੀ ਪੜ੍ਹ ਕੇ ਸਾਹਿਤ ਦੀ ਸਮਰੱਥਾ ਦਾ ਸਹੀ ਅਰਥਾਂ ਵਿਚ ਚਾਨਣ ਹੋ ਗਿਆ ਹੈ। ਸੱਚੀ ਗੱਲ ਦੱਸਾਂ? ਤੂੰ ਕਈ ਵਾਰ ਆਪਣੇ ਸੁਭਾਅ ਮੁਤਾਬਕ ਹੱਸਦਾ-ਹੱਸਦਾ ਕਹਿੰਦਾ ਹੁੰਦਾ ਸੈਂ ਕਿ ਕਵਿਤਾ ਕੁਝ ਵੀ ਹੋਵੇ, ਇਸ ਨੂੰ ਕਹਾਣੀ ਦੇ ਬਰਾਬਰ ਨਹੀਂ ਰੱਖਿਆ ਜਾ ਸਕਦਾ। ਉਦੋਂ ਤੇਰੀ ਇਸ ਗੱਲ ਨੂੰ ਮੈਂ ਐਦਾਂ ਲੈਂਦਾ ਸੀ ਕਿ ਤੇਰੀ ਆਪਣੀ ਜਾਨ ਮੁਤਾਬਕ ਤਾਂ ਤੂੰ ਇਹ ਕਹਿੰਦਾ ਚੰਗਾ ਵੀ ਲੱਗਦਾ ਏਂ ਤੇ ਕਹਿਣ ਦਾ ਹੱਕਦਾਰ ਵੀ ਏਂ ਪਰ ਅਸਲ ਵਿਚ ਨਾ ਇਸ ਗੱਲ ਨੂੰ ਜਨਰਲਾਈਜ਼ ਕੀਤਾ ਜਾ ਸਕਦਾ ਹੈ ਤੇ ਇਹ ਤਦ ਹੀ ਕਾਫੀ ਸੱਚੀ ਜਾਪਦੀ ਏ ਕਿਉਂਕਿ ਪੰਜਾਬੀ ਵਿਚ ਕੋਈ ਬਹੁਤੀ ਉਚੀ ਕਵਿਤਾ ਹੈ ਵੀ ਨਹੀਂ। ਪਰ 'ਭੱਜੀਆਂ ਬਾਹੀਂ' ਪੜ੍ਹ ਕੇ ਮੈਂ ਲਗਭਗ ਹੱਥ ਖੜ੍ਹੇ ਕਰਨ ਵਰਗੀ ਸਥਿਤੀ 'ਚ ਹੋ ਗਿਆਂ।

ਯਾਰ ਸੱਚ ਮੰਨੀ, ਮੈਂ ਏਥੇ ਆਪਣੀ ਢਾਣੀ ਦੇ ਅੰਦਰ ਅਤੇ ਬਾਹਰ ਵੀ ਕਦੇ ਏਨੀ ਜਨਤਾ ਨੂੰ ਏਨੀ ਵਾਰ ਕਿਸੇ ਸਾਹਿਤਕ ਰਚਨਾ ਦਾ ਪਾਠ ਕਰਦਿਆਂ ਨਹੀਂ ਵੇਖਿਆ ਤੇ ਉਸ 'ਸਿਰਜਣਾ' ਦੀ ਕਾਪੀ ਦਾ ਏਨਾ ਬੁਰਾ ਹਾਲ ਹੋ ਗਿਆ ਹੈ ਕਿ ਤੇਰੀ ਕਹਾਣੀ ਤੋਂ ਬਿਨਾ ਬਾਕੀ ਦੇ ਵਰਕੇ ਮਾਸਿਜ ਦੇ ਬੇਰਹਿਮ ਹੱਥਾਂ ਨੇ ਤੂੰਬਿਆਂ ਵਾਂਗ ਉਡਾ ਕੇ ਪਤਾ ਨਹੀਂ ਕਦੋਂ ਤੇ ਕਿੱਥੇ ਗੁੰਮ ਕਰ ਦਿੱਤੇ ਨੇ। ਬਈ ਸਾਡੇ ਏਥੋਂ ਦੀ ਸਮੂਹ ਸੰਗਤ ਵੱਲੋਂ ਐਡੀ ਉਚਪਾਏ ਦੀ ਰਚਨਾ ਲਈ ਤੇਰਾ ਕੋਟ-ਕੋਟ ਧੰਨਵਾਦ ਹੈ।

ਇਸ ਚਿੱਠੀ ਨੂੰ ਭੋਰਾ ਵੀ ਰਸਮੀ ਨਾ ਸਮਝੀਂ। ਤੇਰਾ ਮੇਰੇ ਬਾਰੇ, ਪਤਾ ਨਹੀਂ ਕਿਉਂ ਘੱਟ ਗੰਭੀਰ ਜਿਹੇ ਵਿਅਕਤੀ ਦਾ ਪ੍ਰਭਾਵ ਬਣਿਆ ਹੋਇਆ ਹੈ (ਵਧਾ ਚੜ੍ਹਾ ਕੇ ਗੱਲ ਕਰਨ ਵਾਲੇ ਦਾ) ਤੇ ਸ਼ਾਇਦ ਮੈਂ ਕਈ ਸਾਲ ਇੰਜ ਦਾ ਰਿਹਾ ਵੀ ਹੋਵਾਂ ਪਰ...

ਹਾਂ ਸੱਚ, ਆਉਣ ਵਾਲੇ ਸਾਲਾਂ ਵਿਚ ਯਤਨ ਕਰਾਂਗਾ ਕਿ ਕਵਿਤਾ ਬਾਰੇ ਤੇਰੀ ਰਾਇ ਕੁਝ ਚੰਗੀ ਬਣਾ ਸਕਾਂ ਜਾਂ ਘੱਟੋ-ਘੱਟ ਏਨਾ ਕਿ ਛੋਟੀ ਨਹੀਂ ਤਾਂ ਬਰਾਬਰ ਦੀ ਭੈਣ ਤਾਂ ਕਿਹਾ ਕਰੇਂ। ਉਂ ਤਦ ਤਾਈਂ ਤੇਰੀ ਸਮਰੱਥਾ ਹੋਰ ਵਧ ਗਈ ਤਾਂ ਮੈਂ ਕੁਝ ਨਹੀਂ ਕਰ ਸਕਾਂਗਾ। ਪਰ ਰੱਬ ਕਰੇ, ਇੰਜ ਹੀ ਹੋਵੇ। ਕਿਉਂਕਿ ਕਵਿਤਾ ਰਾਹੀਂ ਸ਼ਾਇਦ ਕੋਈ ਵੀ ਏਡੀ ਵੱਡੀ ਤੇ ਵਿਸ਼ਾਲ ਗੱਲ ਨੂੰ ਨਾ ਕਹਿ ਸਕੇ ਜਿੰਨੀ ਤੂੰ ਇਸ ਕਹਾਣੀ ਰਾਹੀਂ ਕਹਿ ਦਿੱਤੀ ਹੈ। ਮੈਂ ਤੇ ਸਾਰੇ ਪਾਠਕ ਬੜੇ ਨਿਹਾਲ ਹਾਂ।

ਰਾਜਵੰਤ ਤੇ ਬੱਚਿਆਂ ਨੂੰ ਪਿਆਰ

ਤੇਰਾ<br>
ਪਾਸ਼ ਸੰਧੂ

(ਇਹ ਖਤ ਮੈਂ ਘੱਟੋ-ਘੱਟ 17 (ਸਤਾਰਾਂ) ਜਣਿਆਂ ਦੇ ਕਹਿਣ 'ਤੇ ਦੂਜੀ ਵਾਰ ਲਿਖ ਰਿਹਾ ਹਾਂ। ਪਹਿਲਾ ਖਤ-ਲਿਖਿਆ ਹੀ ਗਵਾਚ ਗਿਆ ਸੀ)

---

ਮੈਂ ਨਹੀਂ ਸਮਝਦਾ ਕਿ ਉਸ ਸਾਲ ਦੇ ਪਾਸ਼ ਪੁਰਸਕਾਰ ਦਾ ਮੈਂ ਹੀ ਠੀਕ ਹੱਕਦਾਰ ਸਾਂ, ਪਰ ਇਹ ਚਿੱਠੀਆਂ ਪੜ੍ਹ ਕੇ ਮੈਨੂੰ ਇਸ ਗੱਲ ਦੀ ਡੂੰਘੀ ਤਸੱਲੀ ਹੈ ਕਿ ਪਾਸ਼ ਜਿਹੀ ਅਜ਼ੀਮ ਹਸਤੀ ਮੈਨੂੰ ਕਹਾਣੀਕਾਰ ਮੰਨਦੀ ਸੀ। ਇਹ ਚਿੱਠੀਆਂ ਮੇਰੇ ਲਈ 'ਕਹਾਣੀਕਾਰ ਹੋਣ ਦਾ' ਪ੍ਰਮਾਣ-ਪੱਤਰ ਹਨ।

ਇੰਜ ਹੀ ਇਕ ਹੋਰ ਤਿੰਨ ਸਤਰਾਂ ਦਾ ਖਤ ਵੀ ਲੱਭਾ। ਇਸ ਖਤ ਵਿਚ ਪਾਸ਼ ਨੇ ਮੇਰੇ ਵਿਆਹ ਦੀ ਵਧਾਈ ਦਿੰਦਿਆਂ ਲਿਖਿਆ ਸੀ:

ਰਜਵੰਤ ਤੇ ਵਰਿਆਮ<br>
ਸਾਡੇ ਵੀ ਹਿੱਸੇ ਦਾ ਜੀਅ ਲੈਣਾ।<br>
ਤੁਹਾਡਾ ਆਪਣਾ<br>
ਪਾਸ਼

ਉਦੋਂ ਅਜੇ ਪਾਸ਼ ਨੇ ਆਪਣੀ ਬਹੁ-ਚਰਚਿਤ ਕਵਿਤਾ 'ਵਿਦਾ ਹੋਣ ਤੋਂ ਪਹਿਲਾਂ' ਨਹੀਂ ਸੀ ਲਿਖੀ ਜਿਸ ਦੀਆਂ ਅੰਤਲੀਆਂ ਸਤਰਾਂ ਇਸ ਤਰ੍ਹਾਂ ਸਨ:

ਤੂੰ ਇਹ ਸਾਰਾ ਈ ਕੁਝ<br>
ਭੁੱਲ ਜਾਵੀਂ ਮੇਰੀ ਦੋਸਤ<br>
ਸਿਵਾ ਇਸ ਦੇ<br>
ਕਿ ਮੈਨੂੰ ਜੀਣ ਦੀ ਬਹੁਤ ਲੋਚਾ ਸੀ<br>
ਕਿ ਮੈਂ ਗਲ ਤੀਕਰ ਜ਼ਿੰਦਗੀ<br>
ਡੁੱਬਣਾ ਚਾਹੁੰਦਾ ਸਾਂ<br>
ਮੇਰੇ ਵੀ ਹਿੱਸੇ ਦਾ ਜੀਅ ਲੈਣਾ ਮੇਰੀ ਦੋਸਤ<br>
ਮੇਰੇ ਵੀ ਹਿੱਸੇ ਦਾ ਜੀਅ ਲੈਣਾ।

ਆਪਣੀ ਦੋਸਤ ਨੂੰ ਇਹ ਗੱਲ ਕਹਿਣ ਤੋਂ ਪਹਿਲਾਂ ਸਾਨੂੰ ਦੋਵਾਂ ਜੀਆਂ ਨੂੰ 'ਆਪਣੇ ਹਿੱਸੇ ਦਾ ਜੀਅ ਲੈਣਾ' ਆਖਣ ਵਾਲਾ ਪਾਸ਼ ਸ਼ਾਇਦ ਸਾਨੂੰ ਵੀ ਕਿੰਨਾ ਆਪਣਾ ਪਿਆਰਾ ਦੋਸਤ ਸਮਝਦਾ ਹੋਵੇ!

ਅੱਜ ਇਹ ਖਤ ਉਸ ਦੇ ਮੇਰੇ ਵਰਗੇ ਸਾਰੇ 'ਆਪਣੇ ਦੋਸਤਾਂ' ਨੂੰ ਪੁੱਛ ਰਿਹਾ ਲੱਗਦਾ ਹੈ ਕਿ ਕੀ ਅਸੀਂ ਵਾਕਿਆ ਹੀ ਪਾਸ਼ ਵਾਂਗ 'ਉਸ ਦੇ ਹਿੱਸੇ ਦਾ' ਉਸ ਵਰਗਾ ਸ਼ਾਨਾ-ਮੱਤਾ ਜੀਵਨ 'ਜੀਅ' ਰਹੇ ਹਾਂ ਕਿ ਆਪਣੇ ਹਿੱਸੇ ਦਾ ਜੀਵਨ 'ਢੋ' ਰਹੇ ਹਾਂ!!!

---

ਚੇਤਿਆਂ ਵਿਚ ਲਿਸ਼ਕ ਉਠੇ ਪਾਸ਼ ਨਾਲ ਜੁੜਿਆਂ ਇਕ ਯਾਦਗਾਰੀ ਬਿਰਤਾਂਤ ਵੀ ਸਾਂਝਾ ਕਰਨ ਨੂੰ ਜੀ ਕਰ ਆਇਆ ਹੈ।

1971-72 ਦਾ ਸਾਲ ਸੀ ਸ਼ਾਇਦ। ਨਕੋਦਰ ਵਿਚ 'ਕ੍ਰਾਂਤੀਕਾਰੀ ਲੇਖਕਾਂ' ਨੇ ਕਾਨਫਰੰਸ ਕੀਤੀ। ਪਰਚੇ ਪੜ੍ਹੇ ਗਏ, ਗਰਮਾ-ਗਰਮ ਤਕਰੀਰਾਂ ਹੋਈਆਂ। ਸਰਕਾਰ ਦੀਆਂ ਨੀਤੀਆਂ ਤੇ ਪੁਲਿਸ ਦੀਆਂ ਵਧੀਕੀਆਂ ਖਿਲਾਫ ਰੋਹਦਾਰ ਆਵਾਜ਼ ਬੁਲੰਦ ਹੋਈ। ਫਿਰ ਨਕੋਦਰ ਦੇ ਬਾਜ਼ਾਰਾਂ ਵਿਚ ਜੋਸ਼ੀਲੇ ਨਾਅਰੇ ਲਾਉਂਦਾ ਲੇਖਕਾਂ ਦਾ ਜਲੂਸ ਨਿਕਲਿਆ। ਰਾਤ ਨੂੰ ਕਵੀ ਦਰਬਾਰ ਸੀ। ਸਵੇਰ ਵਾਲੀ ਕਾਨਫਰੰਸ ਤੇ ਰਾਤ ਵਾਲੇ ਕਵੀ ਦਰਬਾਰ ਦੀ ਸਟੇਜ ਨਕੋਦਰ ਦੇ ਥਾਣੇ ਨਾਲ ਲੱਗਵੀਂ ਕੰਧ ਨਾਲ ਬਣੀ ਹੋਈ ਸੀ। ਕਵੀਆਂ ਦੀਆਂ ਕਵਿਤਾਵਾਂ ਵੀ ਰੋਹ ਤੇ ਰੰਜ ਨਾਲ ਭਰੀਆਂ ਹੋਈਆਂ ਸਨ। ਮੈਂ ਪਹਿਲੀ ਵਾਰ ਕਿਸੇ ਕਵੀ ਦਰਬਾਰ ਵਿਚ ਆਪਣਾ ਗੀਤ ਗਾ ਕੇ ਪੜ੍ਹਿਆ।

ਇਸ ਕਾਨਫਰੰਸ ਦੇ ਮੁੱਖ ਕਰਨਧਾਰਾਂ ਵਿਚ ਪਾਸ਼ ਵੀ ਸੀ। ਉਹ ਕੁਝ ਚਿਰ ਹੋਇਆ ਜੇਲ੍ਹ ਵਿਚੋਂ ਰਿਹਾ ਹੋ ਕੇ ਆਇਆ ਸੀ। ਉਨ੍ਹੀਂ ਦਿਨੀਂ ਉਹਦੀ ਬੜੀ ਚੜ੍ਹਤ ਸੀ। ਕਈ ਲੇਖਕਾਂ ਨੇ ਤਾਂ ਉਹਨੂੰ ਪਹਿਲੀ ਵਾਰ ਵੇਖਿਆ ਸੀ। ਉਹ ਸਵੇਰ ਦੇ ਪ੍ਰੋਗਰਾਮ ਵਿਚ ਬੋਲਿਆ ਨਹੀਂ ਸੀ। ਸਾਰੇ ਸਮਝਦੇ ਸਨ ਕਿ ਰਾਤ ਦੇ ਕਵੀ ਦਰਬਾਰ ਵਿਚ ਉਹ ਆਪਣੀ ਕਵਿਤਾ ਸੁਣਾਏਗਾ; ਆਪਣੇ ਅਨੁਭਵ ਸਾਂਝੇ ਕਰੇਗਾ। ਕਵੀ ਦਰਬਾਰ ਸਮਾਪਤੀ 'ਤੇ ਪੁੱਜਾ ਤਾਂ ਸਟੇਜ ਸਕੱਤਰ ਨੇ ਪਾਸ਼ ਦਾ ਨਾਂ ਲਿਆ। ਪਾਸ਼ ਥਾਣੇ ਦੀ ਕੰਧ ਨਾਲ ਲੱਗੀ ਸਟੇਜ 'ਤੇ ਖੜ੍ਹਾ ਹੋਇਆ। ਇਹੋ ਥਾਣਾ ਸੀ ਜਿਸ ਵਿਚ ਉਹਨੂੰ ਕਦੀ ਗ੍ਰਿਫਤਾਰ ਕਰ ਕੇ ਲਿਆਂਦਾ ਗਿਆ ਸੀ। ਉਸ ਨਾਲ ਜ਼ਿਆਦਤੀ ਕੀਤੀ ਗਈ ਸੀ। ਝੂਠਾ ਕਤਲ ਕੇਸ ਉਹਦੇ ਨਾਂ ਮੜ੍ਹਿਆ ਗਿਆ ਸੀ। ਸਪੀਕਰ ਦਾ ਮੂੰਹ ਵੀ ਥਾਣੇ ਵੱਲ ਸੀ। ਜ਼ਾਹਿਰ ਹੈ ਸਵੇਰ ਤੋਂ ਹੁਣ ਤੱਕ ਥਾਣੇ ਵਾਲੇ ਸਭ ਕੁਝ ਸੁਣਦੇ ਰਹੇ ਸਨ।

ਹੁਣ ਸਰੋਤੇ ਸੁਣਨਾ ਤੇ ਜਾਨਣਾ ਚਾਹੁੰਦੇ ਸਨ ਕਿ ਪਾਸ਼ ਕੀ ਬੋਲਦਾ ਹੈ। ਪਾਸ਼ ਨੇ ਕੋਈ ਭਾਸ਼ਨ ਨਹੀਂ ਕੀਤਾ। ਕੋਈ ਕਵਿਤਾ ਨਹੀਂ ਸੁਣਾਈ। ਉਸ ਨੇ ਅਸਮਾਨ ਵੱਲ ਬਾਂਹ ਉਚੀ ਚੁੱਕੀ ਤੇ ਗਰਜਵੀਂ ਆਵਾਜ਼ ਵਿਚ ਪੁਲਿਸ ਵਾਲਿਆਂ ਨੂੰ ਸੁਣਾ ਕੇ ਸਿਰਫ ਏਨਾ ਹੀ ਕਿਹਾ:

"ਗਾਲ੍ਹਾਂ ਕੱਢੀਆਂ ਗਲੀ ਵਿਚ ਖੜ੍ਹ ਕੇ, ਮਾਣ ਭਰਾਵਾਂ ਦੇ"।

ਏਨੀ ਆਖ ਕੇ ਉਹ ਸਟੇਜ ਤੋਂ ਉਤਰ ਆਇਆ। ਤਾੜੀਆਂ ਦੀ ਗੜਗੜਾਹਟ ਨਾਲ ਮੈਦਾਨ ਤੇ ਅਸਮਾਨ ਗੂੰਜ ਉਠਿਆ। ਇੱਕੋ ਗੱਲ ਵਿਚ ਸਾਰੀ ਗੱਲ ਆਖੀ ਗਈ ਸੀ। ਭਰਾਵਾਂ ਦਾ ਮਾਣ ਤੇ ਲੋਕਾਂ ਦੀ ਤਾਕਤ ਪਿੱਠ ਪਿੱਛੇ ਹੋਵੇ ਤਾਂ ਬੰਦਾ ਆਪਣੇ ਹਿੱਸੇ ਦੀ ਲੜਾਈ ਬੁਲੰਦ ਇਰਾਦਿਆਂ ਨਾਲ ਲੜ ਸਕਦਾ ਹੈ। ਦੁਸ਼ਮਣ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਲਲਕਾਰ ਸਕਦਾ ਹੈ। ਭਰਾ ਨਾਲ ਨਾ ਹੋਣ ਤਾਂ ਮਿਰਜ਼ੇ ਵਰਗੇ ਜਵਾਨ ਦੀ ਵੀ ਦੁਸ਼ਮਣਾਂ ਦੇ ਵਾਰ ਸਹਿੰਦਿਆਂ ਧਾਹ ਨਿਕਲ ਜਾਂਦੀ ਹੈ, "ਜੱਟ ਬਾਂਝ ਭਰਾਵਾਂ ਮਾਰਿਆ, ਕੋਈ ਨਾ ਮਿਰਜ਼ੇ ਦੇ ਸੰਗ।"

---

ਇਹ 1972 ਦੀ ਗੱਲ ਹੈ। ਪਾਰਟੀ ਦੇ ਸਾਹਿਤਕ ਸੈੱਲ ਦੀ ਮੀਟਿੰਗ ਵਿਚ ਮੈਂ ਹੇਠਲੀ ਕਵਿਤਾ ਸੁਣਾਈ। ਅਸੀਂ ਅਜਿਹੀਆਂ ਮੀਟਿੰਗਾਂ ਵਿਚ ਆਪਣੀਆਂ ਨਵੀਆਂ ਲਿਖਤਾਂ ਵੀ ਸੁਣਾਉਂਦੇ ਤੇ ਨਵੇਂ ਸਾਹਿਤਕ ਰੁਝਾਨਾਂ ਬਾਰੇ ਗੱਲਬਾਤ ਵੀ ਕਰਦੇ। ਮੀਟਿੰਗ ਪਿਛੋਂ ਪਾਸ਼ ਨੇ ਮੇਰੇ ਇਕ ਸ਼ਿਅਰ ਦੀ ਤਾਰੀਫ ਤੇ ਅਜਿਹੀ ਵਿਆਖਿਆ ਕੀਤੀ ਜੋ ਮੇਰੇ ਸੋਚੇ ਤੋਂ ਵੱਖਰੀ ਸੀ। ਦੋਵਾਂ ਦੀ ਵਿਆਖਿਆ ਸੁਣਨ ਤੋਂ ਪਹਿਲਾਂ ਨਜ਼ਮ ਪੜ੍ਹ ਲਵੋ:

ਡਿੱਗਾ ਟੁੱਟ ਕੇ ਜੋ<br>
ਧਰਤੀ 'ਤੇ ਟਾਹਣ ਹਾਣੀਆਂ।<br>
ਉਹਦਾ ਰੁੱਖ 'ਤੇ ਰਿਹਾ ਨ<br>
ਕੋਈ ਮਾਣ ਹਾਣੀਆਂ।<br>
ਅਸੀਂ ਗੱਡੇ ਗਏ ਚੌਰਾਹੇ ਵਿਚ<br>
ਬੁੱਤ ਬਣ ਕੇ,<br>
ਜਦੋਂ ਆਪਣੇ ਹੀ ਭੁੱਲ ਗਏ<br>
ਪਛਾਣ ਹਾਣੀਆਂ।<br>
ਸੂਲੀ ਮਰ ਗਈ ਸ਼ਰਮ ਨਾਲ

*(ਬਾਕੀ ਅਗਲੇ ਸਫੇ 'ਤੇ)*

# ਭਾਰਤ ਦਾ ਸੁਤੰਤਰਤਾ ਸੰਗਰਾਮ ਅਤੇ ਗਦਰੀ ਲਹਿਰਾਂ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਹਿੰਦੁਸਤਾਨ ਨੂੰ ਗੋਰਿਆਂ ਦੀ ਗੁਲਾਮੀ ਤੋਂ ਨਿਜਾਤ ਮਿਲਿਆਂ 73 ਸਾਲ ਹੋ ਗਏ ਹਨ ਅਤੇ ਸੁਤੰਤਰਤਾ ਸੰਗਰਾਮ ਨਾਲ ਸਬੰਧਤ ਜਲ੍ਹਿਆਂਵਾਲਾ ਬਾਗ ਦੇ ਸਾਕੇ ਨੂੰ ਪੂਰੀ ਇੱਕ ਸਦੀ। ਪਿਛਲੇ ਸੱਤ ਦਹਾਕਿਆਂ ਵਿਚ ਏਨਾ ਵੱਡਾ ਦੇਸ਼ ਤਾਂ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ ਨਾਂਵਾਂ ਥੱਲੇ ਟੁਕੜੇ ਟੁਕੜੇ ਹੋ ਗਿਆ, ਪਰ ਹਾਲੇ ਤੱਕ ਇਨ੍ਹਾਂ ਤਿੰਨਾ ਹੀ ਦੇਸ਼ਾਂ ਵਿਚ ਕਿਸੇ ਇਤਿਹਾਸਕਾਰ ਨੇ ਸੁਤੰਤਰਤਾ ਪ੍ਰਾਪਤੀ ਲਈ ਕੀਤੇ ਸੰਘਰਸ਼ ਬਾਰੇ ਕੋਈ ਅਜਿਹੀ ਰਚਨਾ ਨਹੀਂ ਤਿਆਰ ਕੀਤੀ ਜਾਪਦੀ, ਜਿਸ ਵਿਚ ਸੁਤੰਤਰਤਾ ਪ੍ਰਾਪਤੀ ਲਈ ਜੂਝੇ



ਡਾ. ਗੁਰੂਮੇਲ ਸਿੱਧੂ

ਮਹਾਰਥੀਆਂ ਤੇ ਲਹਿਰਾਂ ਨੂੰ ਇਕ ਜਿਲਦ ਵਿਚ ਕਲਮਬੰਦ ਕੀਤਾ ਗਿਆ। ਅਮਰੀਕਾ ਨਿਵਾਸੀ ਗੁਰੂਮੇਲ ਸਿੱਧੂ ਨੇ ਇਹ ਕੰਮ ਹਾਲ ਵਿਚ ਹੀ ਨੇਪਰੇ ਚਾੜ੍ਹਿਆ ਹੈ। 2020 ਦੇ ਸੁਤੰਤਰਤਾ ਦਿਵਸ ਨੇੜੇ ਪ੍ਰਕਾਸ਼ਿਤ ਹੋਈ ਉਸ ਦੀ ਵੱਡ-ਆਕਾਰੀ ਪੁਸਤਕ 'ਹਿੰਦੁਸਤਾਨ ਦਾ ਆਜ਼ਾਦੀ ਸੰਗਰਾਮ: ਗਦਰੀ ਲਹਿਰਾਂ ਦੀ ਹਿੱਸੇਦਾਰੀ' (ਲੋਕਗੀਤ ਪ੍ਰਕਾਸ਼ਨ, ਪੰਨੇ 880, ਮੁੱਲ 1195) ਸਿੱਧੂ ਦੀ ਵਿਗਿਆਨਕ ਧਾਰਨਾ ਤੇ ਜੁਟ ਕੇ ਕੀਤੇ ਕੰਮ ਦਾ ਨਤੀਜਾ ਹੈ।

ਪਿਛਲੇ ਸਾਲ ਜਦੋਂ 1919 ਦੀ ਵਿਸਾਖੀ ਵਾਲੇ ਦਿਨ ਵਾਪਰੀ ਘਟਨਾ ਦੇ ਸੌ ਸਾਲਾ ਯਾਦਗਾਰੀ ਸਮਾਗਮ ਰਚਾਏ ਗਏ ਤਾਂ ਬਰਤਾਨਵੀ ਹਾਕਮਾਂ ਵਲੋਂ ਹਿੰਦੁਸਤਾਨੀਆਂ ਦੇ ਖੂਨ ਨੂੰ ਪਾਣੀ ਵਾਂਗ ਵਹਾਏ ਜਾਣ ਦੀ ਗੱਲ ਹੀ ਨਹੀਂ ਹੋਈ, ਇਸ ਖੂਨ ਨਾਲ ਰੰਗੇ ਦੇਸ਼ ਭਗਤਾਂ ਦੇ ਗੇਰੂਏ ਰੰਗੇ ਚੋਲੇ ਵੀ ਚੇਤੇ ਕੀਤੇ ਗਏ। ਇਹ ਸੱਚ ਵੀ ਨਿੱਤਰ ਕੇ ਸਾਹਮਣੇ ਆਇਆ ਕਿ ਵਿਸਾਖੀ ਵਾਲਾ ਖੂਨ ਅਜਾਈਂ ਨਹੀਂ ਗਿਆ, ਗੋਰੀ ਸਰਕਾਰ ਦੇ ਪਤਨ ਦਾ ਸਬੱਬ ਬਣਿਆ। ਇਹ ਵੀ ਕਿ ਜ਼ਾਲਮ ਸਰਕਾਰ ਦੀ ਕਬਰ ਪੁੱਟਣ ਲਈ ਟੱਕ ਲਾਉਣ ਵਾਲੀ ਕੂਕਾ ਲਹਿਰ ਸੀ। ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੇ ਤਾਬੂਤ ਤਿਆਰ ਕੀਤਾ, ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਤਾਬੂਤ ਵਿਚ ਕਿੱਲ ਠੋਕੇ ਤੇ ਆਜ਼ਾਦ ਹਿੰਦ ਫੌਜ ਨੇ ਇਸ ਨੂੰ ਸਪੁਰਦਾ-ਏ-ਖਾਕ ਕੀਤਾ।

ਗੁਰੂਮੇਲ ਸਿੱਧੂ ਆਪਣੀ ਰਚਨਾ ਵਿਚ ਕੇਵਲ ਇਨ੍ਹਾਂ ਦਾ ਹੀ ਗੁਣ ਗਾਇਨ ਨਹੀਂ ਕਰਦਾ, ਉਹ ਇਸ ਗਾਥਾ ਨੂੰ ਈਸਟ ਇੰਡੀਆ ਕੰਪਨੀ ਨਾਲ ਆਢਾ ਲੈਣ ਵਾਲੇ ਸਿਰਾਜ-ਉਲ-ਦੀਨ ਦੌਲਾ, ਟੀਪੂ ਸੁਲਤਾਨ ਤੇ ਉਨ੍ਹਾਂ ਦੇ ਵਾਰਸਾਂ ਨਾਲ ਸ਼ੁਰੂ ਕਰਕੇ ਬਹਾਦਰ ਸ਼ਾਹ ਜ਼ਫਰ ਦੀ ਰੰਗੂਨ ਵਿਚ ਜਲਾਵਤਨੀ ਅਤੇ ਮੁਹੰਮਦ ਅਬਦੁੱਲਾ ਤੇ ਸ਼ੇਰ ਅਲੀ ਖਾਂ ਵਹਾਬੀ ਦੀ ਕੁਰਬਾਨੀ 'ਤੇ ਫੁੱਲ ਚੜ੍ਹਾਉਂਦਾ ਹੋਇਆ (ਅਬਦੁੱਲਾ ਨੇ ਕਲੱਕਤਾ ਕੋਰਟ ਦੇ ਚੀਫ ਜਸਟਿਸ ਦਾ ਕਤਲ ਕੀਤਾ ਸੀ ਤੇ ਸ਼ੇਰ ਅਲੀ ਨੇ ਹਿੰਦੁਸਤਾਨ ਦੇ ਵਾਇਸਰਾਏ ਲਾਰਡ ਮਾਇਉ ਦਾ) ਕਿਸਾਨੀ ਬਗਾਵਤਾਂ ਵੱਲ ਪਰਤਦਾ ਹੈ।

ਇਨ੍ਹਾਂ ਵਿਚ ਹਿੰਸਾ ਲੈਣ ਵਾਲੇ ਬਾਗੀ ਫਕਰੀ ਤੇ ਸਨਿਆਸੀ ਹੀ ਨਹੀਂ, ਬਿਹਾਰ, ਉੜੀਸਾ ਤੇ ਬੰਗਾਲ ਦੇ ਸੰਥਲ, ਝਾਰਖੰਡ, ਉੜੀਸਾ ਤੇ ਪਛਮੀ ਬੰਗਾਲ ਦੀਆਂ ਪਹਾੜੀਆਂ ਵਿਚ ਰਹਿੰਦੇ ਮੁੰਡਾ, ਜੈਂਤੀਆ ਤੇ ਗਾਰੋ; ਮਹਾਰਾਸ਼ਟਰ, ਗੁਜਰਾਤ ਤੇ ਰਾਜਸਥਾਨ ਦੇ ਪਰਬਤੀ ਲਾਂਘਿਆ ਵਿਚ ਵੱਸੇ ਹੋਏ ਭੀਲ, ਛੋਟਾ ਨਾਗਪੁਰ ਨੇੜਲੇ ਸਿੰਘਭੂਮ ਕਬੀਲੇ ਦੇ ਕੁਝ ਲੋਕ ਵੀ ਸ਼ਾਮਲ ਸਨ।

ਰਾਜਨੀਤਕ ਤੇ ਸਮਾਜਕ ਲਹਿਰਾਂ ਵਿਚੋਂ ਇੰਡੀਅਨ-ਮੁਸਲਮਾਨਾਂ ਦੀ ਖਿਲਾਫਤ ਲਹਿਰ ਵਲੋਂ ਮਹਾਤਮਾ ਗਾਂਧੀ ਨਾਲ ਮਿਲ ਕੇ ਬਰਤਾਨਵੀ ਸਰਕਾਰ ਵਿਰੁੱਧ ਚਲਾਈ ਲਹਿਰ ਦਾ ਯੋਗਦਾਨ ਵਿਸ਼ੇਸ਼ ਧਿਆਨ ਮੰਗਦਾ ਹੈ, ਭਾਵੇਂ ਮਾਲਾਬਾਰ ਕਿੱਤੇ ਦੇ ਪੱਟੇਦਾਰ ਤੇ ਭੂਮੀਹੀਣ ਮੁਸਲਮਾਨਾਂ ਦੀ ਮਾਪਲਾ ਲਹਿਰ, ਦਿਓਬੰਦ ਵਿਖੇ ਮਜ਼ਬੀ ਸਿਖਿਆ ਦੇਣ ਵਾਲੇ ਹਾਜੀ ਮੁਹੰਮਦ ਆਬਿਦ ਦੇ ਚੇਲਿਆਂ ਦੀ ਵਿੱਢੀ ਦਿਓਬੰਦੀ ਲਹਿਰ ਤੇ ਰੇਸ਼ਮੀ ਰੁਮਾਲ ਲਹਿਰ ਨੇ ਨੌਜਵਾਨ ਵਰਗ ਵਿਚ ਆਜ਼ਾਦੀ ਦੀ ਰੂਹ ਫੂਕੀ। ਰੇਸ਼ਮੀ ਰੁਮਾਲ ਲਹਿਰ ਦੀ ਨੀਂਹ ਉਬੈਦਉਲ੍ਹਾ ਸਿੰਧੀ ਨੇ ਰੱਖੀ, ਜੋ ਆਪਣੇ ਸੰਦੇਸ਼ ਰੇਸ਼ਮੀ ਰੁਮਾਲਾਂ ਉਤੇ ਲਿਖ ਕੇ ਇਰਾਨ ਦੇ ਮੌਲਾਨਾ ਮਹਿਮੂਦ ਅਲਹਸਨ ਨੂੰ ਭੇਜਦਾ ਹੁੰਦਾ ਸੀ। ਸੁਤੰਤਰਤਾ ਵਿਚ ਇਸ ਲਹਿਰ ਦੇ ਯੋਗਦਾਨ ਨੂੰ ਮੁੱਖ ਰੱਖਦਿਆਂ ਭਾਰਤ ਦੇ ਸਵਰਗੀ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ 20 ਜਨਵਰੀ 2013 ਨੂੰ ਇਸ ਲਹਿਰ ਦਾ ਡਾਕ ਟਿਕਟ ਜਾਰੀ ਕੀਤਾ ਸੀ।

ਹਿੰਦੁਸਤਾਨ ਦੀ ਆਜ਼ਾਦੀ ਦੇ ਸੰਗਰਾਮ ਵਿਚ ਹਿੰਦੁਸਤਾਨ ਦੀਆਂ ਸਾਰੀ ਰਿਆਸਤਾਂ ਦੇ ਵਿਰੁੱਧ ਵਿੱਢੇ ਪਰਜਾ ਮੰਡਲ ਅੰਦੋਲਨ ਦਾ ਯੋਗਦਾਨ ਵੀ ਇਸ ਪੁਸਤਕ ਦੀ ਸ਼ਾਨ ਹੈ। ਖਾਸ ਕਰਕੇ ਜੂਨ 1947 ਵਿਚ ਆਲ ਇੰਡੀਆ ਕਾਂਗਰਸ ਵੱਲੋਂ ਇਹ ਮਤਾ ਪਾਸ ਕਰਨ ਪਿਛੋਂ ਕਿ ਹਿੰਦੁਸਤਾਨ ਦੀਆਂ 565 ਰਿਆਸਤਾਂ ਵਿਚੋਂ ਕਿਸੇ ਨੂੰ ਵੀ ਖੁਦਮੁਖਤਿਆਰੀ ਦਾ ਦਰਜਾ ਨਹੀਂ ਦਿੱਤਾ ਜਾਵੇਗਾ। ਪੁਸਤਕ ਵਿਚ ਪਰਜਾ ਮੰਡਲ, ਨਾਮਧਾਰੀ ਲਹਿਰ, ਗਦਰ ਪਾਰਟੀ ਲਹਿਰ, ਸਾਰਾਗੜ੍ਹੀ ਦੀ ਜੰਗ, ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ, ਜਰਮਨੀ ਦਾ ਹਾਫ ਮੂਨ ਕੈਂਪ, ਲਾਹੌਰ ਸਾਜ਼ਿਸ਼ ਕੇਸ, ਜਲ੍ਹਿਆਂਵਾਲਾ ਬਾਗ, ਭਗਤ ਸਿੰਘ ਦਾ ਮੁੱਕਦਮਾ, ਗੁਰਦੁਆਰਾ ਸੁਧਾਰ ਤੇ ਅਕਾਲੀ ਲਹਿਰ, ਨਨਕਾਣਾ ਸਾਹਿਬ ਤੇ ਜੈਤੋ ਦੇ ਮੋਰਚੇ, ਬੱਬਰ ਅਕਾਲੀ ਲਹਿਰ, ਭਾਰਤੀ ਕਿਸਾਨ ਪਾਰਟੀ, ਆਜ਼ਾਦ ਹਿੰਦ ਫੌਜ, ਆਦਿ ਅਨੇਕਾਂ ਕਾਂਡ ਹਨ, ਜਿਹੜੇ ਉਪਰੋਕਤ, ਲਹਿਰਾਂ, ਮੋਰਚਿਆਂ ਤੇ ਬਗਾਵਤਾਂ ਬਾਰੇ ਭਰਪੂਰ ਜਾਣਕਾਰੀ ਦਿੰਦੇ ਹਨ।




ਇਨ੍ਹਾਂ ਲਹਿਰਾਂ ਤੇ ਮੋਰਚਿਆਂ ਵਿਚ ਹਿੱਸਾ ਲੈਣ ਵਾਲੀਆਂ ਹਸਤੀਆਂ ਦੇ ਨਾਂ ਪਤੇ ਤੇ ਪਿੰਡ, ਕਸਬੇ ਤੇ ਜਿਲੇ ਵੀ ਦਿੱਤੇ ਗਏ ਹਨ ਤਾਂ ਕਿ ਉਨ੍ਹਾਂ ਥਾਂਵਾਂ ਦੇ ਵਸਨੀਕ ਆਪਣੇ ਪੁਰਖਿਆਂ 'ਤੇ ਮਾਣ ਕਰ ਸਕਣ। ਇਹ ਪੁਸਤਕ ਮਿਡਲ ਤੇ ਪ੍ਰਾਇਮਰੀ ਪਾਠਸ਼ਾਲਾਵਾਂ ਜਾਂ ਦਿਹਾਤੀ ਲਾਇਬਰੇਰੀਆਂ ਤੱਕ ਹੀ ਸੀਮਤ ਨਹੀਂ ਰਹਿਣੀ ਚਾਹੀਦੀ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੀਆਂ ਲਾਇਬਰੇਰੀਆਂ ਦਾ ਸ਼ਿੰਗਾਰ ਵੀ ਹੋਣੀ ਚਾਹੀਦੀ ਹੈ। ਖਾਸ ਕਰਕੇ ਲਾਹੌਰ ਵਾਲੇ ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫੋਰਮ ਦੀ ਲਾਇਬਰੇਰੀ ਦੀ। ਜੇ ਉਸ ਸੰਸਥਾ ਦਾ ਕਰਤਾ-ਧਰਤਾ ਤੇ ਮੇਰਾ ਜਾਣੂ ਜਨਾਬ ਐਸ. ਐਸ. ਨਦੀਮ ਪੜ੍ਹ-ਸੁਣ ਰਿਹਾ ਹੋਵੇ ਤਾਂ ਮੈਂ ਚਾਹਾਂਗਾ ਕਿ ਸਰਕਾਰੀ ਤੌਰ 'ਤੇ ਇਸ ਦਾ ਫਾਰਸੀ ਵਿਚ ਲਿਪੀਅੰਤਰ ਕਰਵਾ ਕੇ ਪਾਕਿਸਤਾਨ ਦੀਆਂ ਵਿਦਿਅਕ ਸੰਸਥਾਵਾਂ ਵਿਚ ਵੀ ਪਹੁੰਚਾਵੇ। ਇਹ ਦੱਸਦੀ ਹੈ ਕਿ ਹਿੰਦੁਸਤਾਨ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਹਿੰਦੁਸਤਾਨ ਨੂੰ ਗੋਰਿਆਂ ਤੋਂ ਆਜ਼ਾਦ ਕਰਵਾਉਣ ਲਈ ਕਿੰਨੀਆਂ ਕੁਰਬਾਨੀਆਂ ਦੇ ਚੁਕੇ ਹਨ, ਇੱਕ-ਦੂਜੇ ਦੇ ਮੋਢੇ ਨਾਲ ਮੋਢਾ ਡਾਹ ਕੇ।

ਇਹ ਵਾਲੀ ਰਚਨਾ ਆਦਿਵਾਸੀ ਕਬੀਲਿਆਂ ਦੀ ਨਵੀਂ ਪਨੀਰੀ ਨੂੰ ਵੀ ਦਸਦੀ ਹੈ ਕਿ ਕਿਸ ਤਰ੍ਹਾਂ ਬਰਤਾਨਵੀ ਸਰਕਾਰ ਨੇ 1871 ਵਿਚ ਕ੍ਰਿਮੀਨਲ ਟਰਾਈਬਜ਼ ਐਕਟ ਪਾਸ ਕਰਕੇ ਸਰਕਾਰੀ ਏਜੰਸੀਆਂ ਨੂੰ ਹੁਕਮ ਦਿੱਤਾ ਸੀ ਕਿ ਉਨ੍ਹਾਂ ਨੂੰ ਲੱਭ ਕੇ ਉਨ੍ਹਾਂ ਦੇ ਆਗੂਆਂ ਨੂੰ ਮੁਜ਼ਰਮ ਐਲਾਨਣ। ਉਨ੍ਹਾਂ ਨੂੰ ਇਸ ਗੱਲ ਦਾ ਗਿਆਨ ਹੋਣਾ ਜ਼ਰੂਰੀ ਹੈ ਕਿ ਉਨ੍ਹਾਂ ਦੇ ਵਡੇਰਿਆਂ ਨੇ ਬਰਤਾਨਵੀ ਸਰਕਾਰ ਨਾਲ ਲੜ ਕੇ ਕਿੰਨੀਆਂ ਤੇ ਕਿਹੋ ਜਿਹੀਆਂ ਕੁਰਬਾਨੀਆਂ ਦਿੱਤੀਆਂ ਹਨ। ਇਨ੍ਹਾਂ ਅਣਖੀ ਜੀਵਾਂ ਨੂੰ ਅਪਰਾਧੀ ਬਣਾਉਣ ਵਾਲੇ ਗੋਰੀ ਸਰਕਾਰ ਦੇ ਕਾਲੇ ਕਾਨੂੰਨ ਹੀ ਸਨ।

ਹਥਲੀ ਪੁਸਤਕ ਵਿਚਲੀ ਜਾਣਕਾਰੀ ਨੂੰ ਨਿਤਾਰ ਕੇ, ਜਿੱਥੇ-ਕਿਤੇ ਜ਼ਰੂਰੀ ਸੀ, ਨਕਸ਼ਿਆਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਤਾਂ ਕਿ ਗੱਲ ਪਾਠਕ ਦੇ ਪੱਲੇ ਪੈ ਜਾਵੇ। ਵਿਸ਼ਿਆਂ ਬਾਰੇ ਮੌਲਿਕ ਜਾਣਕਾਰੀ ਵਰਤੀ ਗਈ ਹੈ, ਦੁਜੈਲੀ ਵਾਕਫੀਅਤ ਦਾ ਆਸਰਾ ਨਾ ਸਰਦੇ ਨੂੰ ਲਿਆ ਗਿਆ ਹੈ। ਜਾਣਕਾਰੀ ਇਕੱਠੀ ਕਰਦਿਆਂ ਵਿਸ਼ੇ ਦੀ ਪ੍ਰਮਾਨਿਕਤਾ ਨੂੰ ਧਿਆਨ ਵਿਚ ਰੱਖਿਆ ਹੈ। ਲੋੜੀਂਦੀ ਸਮੱਗਰੀ ਨੂੰ ਵੱਖ-ਵੱਖ ਪੁਸਤਕਾਂ ਤੇ ਮੈਗਜ਼ੀਨਾਂ ਅਤੇ ਇੰਟਰਨੈਟ ਦੇ ਖੋਜ-ਲੇਖਾਂ 'ਚੋਂ ਕਸ਼ੀਦ ਕਰਕੇ ਵਰਤਿਆ ਗਿਆ ਹੈ। ਲਿਖਤ ਅਤੇ ਲੇਖਕ ਦੀ ਅਹਿਮੀਅਤ ਨੂੰ ਧਿਆਨ ਵਿਚ ਰੱਖਦਿਆਂ, ਉਨ੍ਹਾਂ ਦੀਆਂ ਪੁਸਤਕਾਂ, ਲੇਖਾਂ ਵਿਚੋਂ ਟੂਕਾਂ ਅੰਕਿਤ ਕੀਤੀਆਂ ਹਨ। ਗਦਰ ਲਹਿਰ ਦੇ ਤਤਕਾਲੀ ਅੰਗਰੇਜ਼ ਲੇਖਕਾਂ, ਬ੍ਰਿਟਿਸ਼ ਸਰਕਾਰ ਦੇ ਅਫਸਰਾਂ ਅਤੇ ਹਾਕਮਾਂ ਵੱਲੋਂ ਲਿਖੀਆਂ ਪੁਸਤਕਾਂ ਇੰਟਰਨੈਟ 'ਤੇ ਮਿਲਦੀਆਂ ਹਨ। ਪਰ ਇਨ੍ਹਾਂ ਦੀ ਥਾਹ ਪਾਉਣ ਲਈ ਲਾਇਬਰੇਰੀ ਆਫ ਦੀ ਕਾਂਗਰਸ ਦਾ ਮੈਂਬਰ ਹੋਣਾ ਲਾਜ਼ਮੀ ਹੈ, ਜੋ ਲੇਖਕ ਹੈ। ਸੋ ਵਿਗਿਆਨਕ ਢੰਗ ਨਾਲ ਵਿਓਂਤੀ ਗਈ ਇਸ ਰਚਨਾ ਦੀ ਸਮਗਰੀ ਸਮਾਜਕ ਵਿਗਿਆਨੀਆਂ, ਇਤਿਹਾਸਕਾਰਾਂ ਤੇ ਖੋਜੀਆਂ ਲਈ ਲਾਭਦਾਇਕ ਹੈ, ਖਾਸ ਕਰਕੇ ਅਗਲੀਆਂ-ਪਿਛਲੀਆਂ ਪੀੜ੍ਹੀਆਂ ਵਿਚਾਲੇ ਜਾਣਕਾਰੀ ਦੀ ਤੰਦ ਜੋੜਨ ਪੱਖੋਂ।

ਇਨ੍ਹਾਂ ਲਹਿਰਾਂ ਨੇ ਜੁਝਾਰੂ ਕਵਿਤਾ ਨੂੰ ਵੀ ਜਨਮ ਦਿੱਤਾ, ਨਮੂਨੇ ਵਜੋਂ ਪਹਿਲਾਂ ਕੂਕਿਆਂ ਦੀ ਕੁਰਬਾਨੀ ਬਾਰੇ ਇੰਦਰ ਸਿੰਘ ਚਕਰਵਰਤੀ ਦੀ ਕਵਿਤਾ ਦਾ ਇਕ ਬੰਦ ਹੈ,

ਸਭ ਤੋਂ ਪਹਿਲਾ ਮਾਲਵੇ
ਕਰੀ ਅਵਾਜ਼ ਬੁਲੰਦ
ਹੋਣਾ ਅਸੀਂ ਆਜ਼ਾਦ ਹੈ, ਕੱਢ ਗੁਲਮੀ ਗੰਦ।
ਇਸ ਥਾਂ ਹੋਏ ਕੁਰਬਾਨ ਨੇ,
ਹੀਰੇ ਮੋਤੀ ਲਾਲ
ਭਰਿਆ ਸੀ ਦਿਲ ਜਿਨ੍ਹਾਂ ਦਾ,
ਸੁਤੰਤਰਤਾ ਦੇ ਨਾਲ।
ਮਾਰਿਆ ਨਾਅਰਾ ਮਾਲਵੇ,
ਕੱਢਣ ਲਈ ਅੰਗਰੇਜ਼
ਕਿਹਾ ਭਰ ਕੇ ਜਹਾਜ ਇਹ,
ਲੰਡਨ ਦੇਣੇ ਭੇਜ।
ਸਾਡੀ ਧਰਤੀ, ਏਸ 'ਤੇ ਅਸੀਂ ਕਰਾਂਗੇ ਰਾਜ
ਕਰ ਗਏ ਏਹੋ ਕੂਕਦੇ,
ਤੋਪ ਅੱਗੇ ਪਰਵਾਜ਼।

ਗਦਰ ਲਹਿਰ ਬਾਰੇ ਭਗਵਾਨ ਸਿੰਘ ਪ੍ਰੀਤਮ ਦਾ ਲਿਖਿਆ ਇਕ ਬੰਦ ਹੈ,

ਤੇਜੀ ਨਾਲ ਫਰੰਗੀ ਜਿਤਨੇ
ਬਹੁਤੇ ਜ਼ੁਲਮ ਕਮਾਵਣਗੇ,
ਆਪੇ ਰਲ ਮਿਲ ਬਾਗੀ ਬਾਰੇ
ਜਲਦੀ ਗਦਰ ਮਚਾਵਣਗੇ।
ਜਿਤਨੀ ਹਾਲਤ ਵਿਗੜ ਜਾਏਗੀ
ਇਸ ਮੱਕਾਰ ਕੁਸੰਗੀ ਤੋਂ,
ਅਖਾਰ ਮਿਲਸੀ ਖੁੱਲ੍ਹ ਅਸਾਂ ਨੂੰ,
ਸਾਡੀ ਇਸ ਬਦਰੰਗੀ ਤੋਂ।
ਗਰਕ ਜਾਣਗੇ ਵਿਚ ਗੁਲਾਮੀ
ਜਾਂ ਫਿਰ ਤੇਗ ਉਠਾਵਣਗੇ,
ਆਪੇ ਰਲ ਕੇ ਬਾਗੀ ਸਾਰੇ
ਜਲਦੀ ਗਦਰ ਮਚਾਵਣਗੇ।

ਚੇਤੇ ਰਹੇ, ਅਜਿਹੀਆਂ ਕਵਿਤਾਵਾਂ ਗਦਰ ਪਾਰਟੀ ਵਲੋਂ ਅਮਰੀਕਾ ਦੇ ਪੱਛਮੀ ਤੱਟ ਤੋਂ ਜਾਰੀ ਕੀਤੇ 'ਗਦਰ' ਨਾਮੀ ਉਰਦੂ ਦੇ ਅਖਬਾਰ ਵਿਚ ਛਪਦੀਆਂ ਸਨ, ਜੋ ਪਹਿਲਾਂ ਸਾਈਕਲੋਸਟਾਈਲ ਮਸ਼ੀਨ ਅਤੇ ਫਿਰ ਪ੍ਰਿੰਟਿੰਗ ਮਸ਼ੀਨ ਉਤੇ ਛਾਪ ਕੇ ਮਨੀਲਾ, ਸ਼ਿੰਘਾਈ, ਹਾਂਗ ਕਾਂਗ, ਰੰਗੂਨ, ਸਿੰਘਾਪੁਰ, ਕੈਸਾਬਲਾਂਕਾ ਬਟਾਣੀਆ, ਮੈਡਾਗਾਸਕਰ, ਮੁਰਾਕੋ, ਰੋਡੇਸ਼ੀਆ, ਅਦਨ, ਮੈਸੋਪੋਟੇਮੀਆ ਤੇ ਇਰਾਕ ਦੇ ਰਸਤੇ ਹੀ ਨਹੀਂ, ਚੀਨ ਰਾਹੀਂ ਰੂਸ ਤੇ ਰੂਸ ਤੋਂ ਈਰਾਨ ਪੁਚਾਇਆ ਜਾਂਦਾ ਸੀ। ਇਹ ਵੀ ਕਿ ਇਸ ਦੇ ਖਾਸ ਅੰਕ ਹਿੰਦੀ, ਗੁਜਰਾਤੀ, ਬੰਗਾਲੀ, ਨੇਪਾਲੀ ਆਦਿ ਵਿਚ ਵੀ ਛਾਪੇ ਤੇ ਵੰਡੇ ਜਾਂਦੇ ਸਨ-ਸਾਰੇ ਦੇ ਸਾਰੇ ਹੱਥੀਂ ਲਿਖ ਕੇ। ਪੁਸਤਕ ਵਿਚਲੇ ਚਿੱਤਰ ਤੇ ਨਕਸ਼ੇ ਇਸ ਦਾ ਸਬੂਤ ਹਨ।

**ਅੰਤਿਕਾ: ਬਹਾਦਰ ਸ਼ਾਹ ਜ਼ਫਰ**

ਕਿਤਨਾ ਹੈ ਬਦਨਸੀਬ ਜ਼ਫਰ ਦਫਨ ਕੇ ਲੀਏ
ਦੋ ਗਜ਼ ਜ਼ਮੀਨ ਭੀ ਨਾ ਮਿਲੀ
ਕੂ-ਏ ਯਾਰ ਮੇਂ।

# ਚੇਤਿਆਂ ਵਿਚ ਲਿਸ਼ਕ ਉਠਿਆ ਪਾਸ਼

*(ਪਿਛਲੇ ਸਫੇ ਦੀ ਬਾਕੀ)*

ਜਦੋਂ ਓਸ ਤੋਂ,
ਆਇਆ ਉਤਰ
ਜਿਉਂਦਾ ਇਨਸਾਨ ਹਾਣੀਆਂ।
ਕੇਹਾ ਵਿਛੜੇ ਕਿ
ਧਰਤੀ 'ਤੇ ਰਹਿੰਦਿਆਂ ਵੀ ਤੂੰ,
ਸਾਡੇ ਲਈ ਤਾਂ ਬਣ ਗਿਓਂ
ਅਸਮਾਨ ਹਾਣੀਆਂ।
ਫੁੱਲਾਂ ਜਿਹੇ ਲੋਕ
ਡਾਂਗਾਂ ਨਾਲ ਤੋੜ-ਤੋੜ ਕੇ,
ਮਾਲੀ ਸਾਜਦਾ ਪਿਆ ਹੈ
ਗੁਲਦਾਨ ਹਾਣੀਆਂ।
ਉਹਨੂੰ ਆਖਿਆ ਕਿ ਮੂੰਹ ਤੋਂ
ਮੇਰਾ ਖੂਨ ਪੂੰਝ ਲੈ,
ਉਹਨੇ ਮੰਨ ਲਿਆ
ਇਹਨੂੰ ਅਪਮਾਨ ਹਾਣੀਆਂ।
ਸਾਡੀ ਹਿੱਕ ਨੂੰ ਲਤਾੜਦੇ ਜਹਾਜ਼ ਇਕ ਦਿਨ,
ਡੁੱਬ ਜਾਣੇ ਜਦੋਂ ਉਠਿਆ ਤੂਫਾਨ ਹਾਣੀਆਂ।

ਪਾਸ਼ ਕਹਿੰਦਾ ਤੇਰਾ ਇਹ ਸ਼ਿਅਰ ਬਹੁਤ ਵਧੀਆ ਹੈ:

ਸੂਲੀ ਮਰ ਗਈ ਸ਼ਰਮ ਨਾਲ
ਜਦੋਂ ਓਸ ਤੋਂ,
ਆਇਆ ਉਤਰ ਜਿਉਂਦਾ
ਇਨਸਾਨ ਹਾਣੀਆਂ।

ਤੂੰ ਉਨ੍ਹਾਂ ਲੋਕਾਂ 'ਤੇ ਬੜਾ ਵਧੀਆ ਵਿਅੰਗ ਕੀਤਾ ਹੈ ਜੋ ਮੌਤ ਤੋਂ ਡਰਦੇ ਮੈਦਾਨ ਛੱਡ ਜਾਂਦੇ ਨੇ।

ਮੈਂ ਉਹਦੀ ਪ੍ਰਸ਼ੰਸਾ ਸਵੀਕਾਰ ਕਰ ਲਈ ਪਰ ਇਹ ਨਾ ਦੱਸਿਆ ਕਿ ਮੈਂ ਤਾਂ ਇਹਦੇ ਅਰਥ ਇੰਜ ਕਰਦਾਂ ਕਿ ਜਦੋਂ ਕੋਈ ਆਪਣੇ ਆਦਰਸ਼ ਦੀ ਖਾਤਰ ਬੇਖੌਫ ਹੋ ਕੇ ਸੂਲੀ ਚੜ੍ਹ ਗਿਆ ਤੇ ਲੋਕ-ਚੇਤਿਆਂ ਵਿਚ ਸਦਾ ਲਈ ਅਮਰ ਹੋ ਗਿਆ ਤਾਂ ਉਹਨੂੰ ਮਾਰਨ ਦਾ ਭਰਮ ਪਾਲਣ ਵਾਲੀ ਸੂਲੀ ਜਾਂ ਸੂਲੀ ਚੜ੍ਹਾਉਣ ਦਾ ਹੁਕਮ ਦੇ ਕੇ ਉਹਨੂੰ ਮਾਰਨ ਵਾਲੇ ਖੁਦ ਸ਼ਰਮ ਨਾਲ ਮਰ ਗਏ ਜਾਂ ਉਨ੍ਹਾਂ ਨੂੰ ਸ਼ਰਮ ਨਾਲ ਮਰ ਜਾਣਾ ਚਾਹੀਦਾ ਕਿਉਂਕਿ ਉਹ ਧਿਰਾਂ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋ ਸਕੀਆਂ।

ਪਰ ਪਾਸ਼ ਦੇ ਅਰਥ ਦੱਸਦੇ ਨੇ ਕਿ ਇਕੋ ਕਵਿਤਾ ਦੇ ਇਕ ਤੋਂ ਵੱਧ ਅਰਥ ਵੀ ਹੋ ਸਕਦੇ ਨੇ।

---

ਪਾਸ਼ ਦੇ ਕਤਲ ਤੋਂ ਕੁਝ ਹੀ ਦਿਨ ਬਾਅਦ ਲਿਖਿਆ ਮਹਿਬੂਬ ਦਾ ਖਤ...

ਨਿਮਨ ਲਿਖਤ ਸਤਰਾਂ ਹਰਿੰਦਰ ਸਿੰਘ ਮਹਿਬੂਬ ਵਲੋਂ ਗੁਰਦਿਆਲ ਬੱਲ ਨੂੰ ਲਿਖੇ ਖਤ ਵਿਚੋਂ ਲਈਆਂ ਗਈਆਂ ਹਨ। ਇਹ ਖਤ 31-3-88 ਨੂੰ ਪਾਸ਼ ਦੇ ਕਤਲ ਤੋਂ ਹਫਤਾ ਕੁ ਬਾਅਦ ਦਾ ਲਿਖਿਆ ਹੋਇਆ ਹੈ। ਮੈਂ ਸਿਰਫ ਇਸ ਖਤ ਦਾ ਉਹੋ ਹਿੱਸਾ ਉਧਰਿਤ ਕੀਤਾ ਹੈ ਜੋ ਪਾਸ਼ ਦੇ ਕਤਲ ਨਾਲ, ਅਤੇ ਮਹਿਬੂਬ ਵਲੋਂ ਕੀਤੇ 'ਅਫਸੋਸ' ਨਾਲ ਸਬੰਧਿਤ ਹੈ। ਇਹ ਖਤ ਅਮਰੀਕਾ ਤੋਂ ਛਪਦੀ ਅਖਬਾਰ 'ਪੰਜਾਬ ਟਾਈਮਜ਼' ਵਿਚ ਛਪਿਆ ਹੈ:

...ਮੈਨੂੰ ਪਾਸ਼ ਦੀ ਮੌਤ ਉਤੇ ਬਹੁਤ ਤਰਸ ਆਇਆ। ਅਸੀਂ ਇਕ ਅਜੀਬ ਬੇਰਹਿਮ ਸਮੇਂ ਵਿਚੋਂ ਗੁਜ਼ਰ ਰਹੇ ਹਾਂ। ਪਾਸ਼ ਇਮਾਨਦਾਰ ਜ਼ਰੂਰ ਸੀ ਪਰ ਅਜਿਹੇ ਸੰਕਟ ਲੱਦੇ ਸਮੇਂ ਵਿਚ ਜ਼ਖਮੀ ਦਿਲਾਂ ਦੇ ਸਭ ਪਹਿਲੂਆਂ ਦਾ ਜਾਇਜ਼ਾ ਲਏ ਬਿਨਾ ਇਮਾਨਦਾਰੀ ਦਾ ਹਥਿਆਰ ਵਰਤਣਾ ਗਲਤੀ ਵੀ ਹੋ ਸਕਦੀ ਹੈ। ਹੋ ਸਕਦਾ ਹੈ, ਕਤਲ ਹੋਣ ਵਾਲੇ ਦੀ ਇਮਾਨਦਾਰੀ ਦਾ ਘੇਰਾ ਛੋਟਾ ਹੋਵੇ ਤੇ ਕਾਤਲ ਦੇ ਜ਼ਖਮੀ ਦਿਲ ਦੀ ਪੀੜ ਵੱਡੀ ਹੋਵੇ। ਫਿਰ ਵੀ ਅਸੀਂ ਇਨਸਾਨ ਹਾਂ, ਤੇ ਰਹਿਮ ਦੇ ਸਹਾਰੇ ਹੀ ਦਿਲ ਦਾ ਲਹੂ ਜ਼ਿੰਦਾ ਹੈ। ਇਮਾਨ ਦੇ ਕਿਸੇ ਵੀ ਨੁਕਤੇ ਉਤੇ ਖਲੋ ਕੇ ਰਹਿਮ ਕੀਤਾ ਜਾ ਸਕਦਾ ਹੈ। -ਹਰਿੰਦਰ ਸਿੰਘ, ਗੜ੍ਹਦੀ ਵਾਲਾ, 31-3-88

---

ਮੇਰੀ ਅਲਪ-ਬੁੱਧ ਨੂੰ ਤਾਂ ਇਹੋ ਹੀ ਲੱਗਾ ਹੈ ਕਿ ਇਹ ਖਤ ਪਾਸ਼ ਦੇ ਕਤਲ ਨੂੰ ਹੱਕ-ਬ-ਜਾਨਬ ਠਹਿਰਾਉਂਦਾ ਹੈ। ਮਹਿਬੂਬ ਪਾਸ਼ ਨੂੰ 'ਇਮਾਨਦਾਰ' ਤਾਂ ਆਖਦਾ ਹੈ ਪਰ ਉਸ ਦੀ 'ਇਮਾਨਦਾਰੀ' ਨਾਲ ਧਿਰ ਬਣ ਕੇ ਖਲੋਤਾ ਨਹੀਂ ਹੋਇਆ ਸਗੋਂ 'ਕਾਤਲ ਧਿਰ ਦੇ ਜ਼ਖਮੀ ਦਿਲ ਦੀ ਵੱਡੀ ਪੀੜ' ਨਾਲ ਖਲੋਤਾ ਨਜ਼ਰ ਆਉਂਦਾ ਹੈ। ਉਹ 'ਇਮਾਨ' ਦੇ 'ਕਿਸੇ ਹੋਰ' ਨੁਕਤੇ 'ਤੇ ਖਲੋਤਾ ਹੈ। ਇਸ ਨੁਕਤੇ ਤੋਂ ਉਸ ਦੀ 'ਇਮਾਨਦਾਰ' ਨਜ਼ਰ ਨੂੰ ਪਾਸ਼ ਦਾ ਕਤਲ ਕਰਨ ਵਾਲੀ ਧਿਰ ਦਾ 'ਐਕਸ਼ਨ' ਠੀਕ ਲੱਗਦਾ ਜਾਪਦਾ ਹੈ। ਪਾਸ਼ ਦੀ ਇਮਾਨਦਾਰੀ ਦਾ ਘੇਰਾ ਛੋਟਾ ਆਖਣ ਤੋਂ ਭਾਵ ਉਸ ਨੂੰ ਇਕ ਤਰ੍ਹਾਂ 'ਬੇਸਮਝ' ਆਖਣ ਤੋਂ ਵੀ ਹੈ ਜਿਹੜਾ 'ਸਮੇਂ ਦੀ ਨਬਜ਼' ਨਹੀਂ ਸੀ ਪਛਾਣ ਸਕਿਆ ਤੇ ਜਿਸ ਵਿਚ 'ਕਾਤਲਾਂ ਦੇ ਜ਼ਖਮੀ ਦਿਲ ਦੇ ਦਰਦ' ਨੂੰ ਸਮਝਣ ਤੇ ਮਹਿਸੂਸਣ ਦੀ ਸੋਝੀ ਨਹੀਂ ਸੀ। ਮਹਿਬੂਬ ਕਹਿੰਦਾ ਲੱਗਦਾ ਹੈ ਕਿ ਪਾਸ਼ ਨੇ 'ਜ਼ਖਮੀ ਦਿਲਾਂ ਨੂੰ ਦੁਖਾ ਕੇ ਗਲਤੀ ਕੀਤੀ ਤੇ ਉਸ ਦਾ ਫਲ ਉਸ ਨੂੰ ਭੁਗਤਣਾ ਹੀ ਪੈਣਾ ਸੀ!' ਮਹਿਬੂਬ ਸ਼ਾਇਦ ਇਹ ਕਹਿਣਾ ਚਾਹ ਰਿਹਾ ਹੈ ਕਿ 'ਪਾਸ਼ ਵਰਗੇ ਅਜਿਹੇ ਬੰਦੇ ਅਣਆਈ-ਮੌਤ ਮਰਦੇ ਹੀ ਹੁੰਦੇ ਨੇ!'

ਪਾਸ਼ ਦੀ ਮੌਤ 'ਤੇ ਉਸ ਵਲੋਂ ਕੀਤਾ 'ਅਫਸੋਸ' ਵੀ 'ਇਮਾਨ' ਦੇ ਉਸ ਨੁਕਤੇ ਤੇ ਖਲੋ ਕੇ ਹੀ ਕੀਤਾ ਗਿਆ ਹੈ ਜਿਥੋਂ 'ਪਾਸ਼ ਦੀ ਇਮਾਨਦਾਰੀ' ਨੂੰ 'ਇਮਾਨਦਾਰੀ' ਆਖਣਾ ਵੀ ਐਵੇਂ ਸ਼ਬਦਾਂ ਦਾ ਹੇਰ-ਫੇਰ ਹੀ ਹੈ। ਅਸਲ ਵਿਚ ਏਥੇ 'ਇਮਾਨਦਾਰੀ' ਦੇ ਅਰਥ 'ਮੂਰਖਤਾ' ਨਿਕਲਦੇ ਜਾਪਦੇ ਨੇ।

ਜੇ ਮੇਰੇ ਵਿਚਾਰਾਂ ਦੀ ਕੋਈ ਤੁਕ ਬਣਦੀ ਹੈ ਤਾਂ ਮੇਰੀ ਇੱਛਾ ਹੈ ਕਿ 'ਮਹਾਨ ਸਿੱਖ ਵਿਦਵਾਨ' ਕਰ ਕੇ ਜਾਣੇ ਅਤੇ ਪ੍ਰਚਾਰੇ ਜਾਂਦੇ ਮਹਿਬੂਬ ਦੀ 'ਸਿੱਖੀ' ਅਤੇ ਉਸ ਦਾ 'ਦਰਦਮੰਦ ਦਿਲ' ਵੀ ਲੋਕ ਵੇਖ ਲੈਣ।

ਉਸ ਮਹਿਬੂਬ ਦਾ ਜਿਸ ਨੇ ਸਾਹਿਤ ਅਕਾਦਮੀ ਦਾ ਇਨਾਮ ਲੈਣ ਲਈ ਆਪਣੀ ਕਿਤਾਬ ਵਿਚੋਂ ਇੰਦਰਾ ਗਾਂਧੀ ਦੇ ਖਿਲਾਫ ਲਿਖੀ ਕਵਿਤਾ ਪਾੜ ਸੁੱਟੀ ਸੀ। ਦੂਜੇ ਪਾਸੇ ਇਹ ਪਾਸ਼ ਹੀ ਸੀ ਜਿਹੜਾ ਆਪਣੀ ਕਵਿਤਾ ਦੀ ਅਜ਼ਮਤ ਦੀ ਬਹਾਲੀ ਲਈ ਕੁਰਬਾਨ ਹੋ ਗਿਆ।

# ਖੇਡਣ ਦਾ ਦਸਤੂਰ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਿਰਿਆਵਾਂ ਦੀਆਂ ਕਿਰਨਾਂ ਬਿਖੇਰਦਿਆਂ ਵਿਚਾਰਾਂ ਦੀ ਸਾਂਝ ਪਾਈ ਸੀ ਕਿ ਕਿਰਿਆ ਤੋਂ ਪਤਾ ਲਗਦਾ ਕਿ ਕਹਿਣੀ ਤੇ ਕਰਨੀ ਵਿਚ ਕੀ ਅੰਤਰ ਹੈ ਅਤੇ ਇਸ ਨੂੰ ਮਿਟਾਉਣ ਲਈ ਕਿਹੜੇ ਉਚੇਚ ਕਰਨੇ ਚਾਹੀਦੇ? ਉਨ੍ਹਾਂ ਕਿਹਾ ਸੀ, "ਸਭ ਤੋਂ ਉਤਮ ਕਿਰਿਆ ਹੈ-ਖੁਦ ਨੂੰ ਜਗਾਉਣਾ, ਅੰਤਰੀਵ 'ਚ ਝਾਤ ਪਾਉਣਾ, ਇਸ 'ਤੇ ਜੰਮੀ ਹੋਈ ਮੈਲ ਨੂੰ ਲਾਹੁਣਾ, ਆਪਣੀਆਂ ਨਾਕਾਮੀਆਂ, ਕਮੀਆਂ, ਕੁਤਾਹੀਆਂ ਜਾਂ ਕਮੀਨਗੀਆਂ ਨੂੰ ਪਛਾਣਨਾ ਅਤੇ ਇਨ੍ਹਾਂ ਨੂੰ ਦੂਰ ਕਰਕੇ ਪਰਮ ਮਨੁੱਖ ਬਣਨ ਦਾ ਸਫਰ ਜਾਰੀ ਰੱਖਣਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਖੇਡਣ ਦੇ ਦਸਤੂਰ ਦੱਸੇ ਹਨ ਕਿ ਜਿੱਤ ਕਦੇ ਵੀ ਸਿਰ ਨੂੰ ਨਾ ਚੜ੍ਹੇ ਅਤੇ ਹਾਰ ਕਦੇ ਵੀ ਨਿਰਾਸ਼ਾ ਜਾਂ ਉਦਾਸੀ ਦੇ ਆਲਮ ਨੂੰ ਤਾਰੀ ਨਾ ਹੋਣ ਦੇਵੇ। ਸਗੋਂ ਜਿੱਤ ਨਵੇਂ ਦਿਸਹੱਦਿਆਂ ਦੀ ਪ੍ਰਾਪਤੀ ਲਈ ਵੰਗਾਰਦੀ ਰਹੇ, ਜਦੋਂ ਕਿ ਹਾਰਨਾ, ਹੋਰ ਮਿਹਨਤ ਤੇ ਤਾਕਤ ਨਾਲ ਹਾਰਾਂ ਨੂੰ ਜਿੱਤਾਂ ਵਿਚ ਬਦਲਣ ਦਾ ਨਾਮ। ਉਹ ਕਹਿੰਦੇ ਹਨ, "ਖੇਡਣਾ ਸਿਰਫ ਧਨ, ਦੌਲਤ, ਸ਼ੁਹਰਤ ਅਤੇ ਰੁਤਬਿਆਂ ਤੋਂ ਇਲਾਵਾ ਅੰਦਰਲੀ ਖੁਸ਼ੀ ਤੇ ਸਕੂਨ ਲਈ ਵੀ ਹੁੰਦਾ, ਕਿਉਂਕਿ ਸਭ ਤੋਂ ਵੱਡਾ ਖਜਾਨਾ ਤਾਂ ਅੰਤਰੀਵੀ ਖੁਸ਼ੀ ਹੀ ਹੁੰਦੀ। ਇਹ ਅਤੋਲਵੀਂ ਤੇ ਅਮੁੱਲ ਹੁੰਦੀ।" ਡਾ. ਭੰਡਾਲ ਅਨੁਸਾਰ, "ਖੇਡਿਆ ਸਿਰਫ ਖੇਡ ਮੈਦਾਨ ਵਿਚ ਹੀ ਨਹੀਂ ਜਾਂਦਾ, ਜਦ ਕੋਈ ਆਮ ਮਨੁੱਖ ਦਾ ਸ਼ੋਸ਼ਣ ਕਰਦਾ, ਧਾਰਮਿਕ ਭਾਵਨਾਵਾਂ ਨਾਲ ਖੇਡਦਾ ਜਾਂ ਜਾਤੀ-ਮੂਲਕ ਧਾਰਨਾਵਾਂ ਨੂੰ ਭੜਕਾ ਕੇ ਨਿੱਜੀ ਮੁਫਾਦ ਦੀ ਪੂਰਤੀ ਕਰਦਾ ਤਾਂ ਖੇਡ ਵਿਚੋਂ ਕੋਫਤ ਆਉਂਦੀ।" ਉਨ੍ਹਾਂ ਦੀ ਨਸੀਹਤ ਹੈ ਕਿ ਕਦੇ ਵੀ ਕਿਸੇ ਹਾਮੀ ਭਰਨ ਵਾਲੇ ਹਮਦਰਦ ਦੀਆਂ ਭਾਵਨਾਵਾਂ ਨਾਲ ਨਾ ਖੇਡੋ, ਕਿਉਂਕਿ ਭਲੇ ਹੀ ਤੁਸੀਂ ਜਿੱਤ ਜਾਵੋ, ਪਰ ਤੁਸੀਂ ਇਕ ਹਮਦਰਦ ਨੂੰ ਸਦਾ ਲਈ ਗਵਾ ਲੈਂਦੇ ਹੋ। ਇਹ ਜਿੱਤਣਾ, ਹਾਰਨ ਨਾਲੋਂ ਮਾੜਾ ਹੁੰਦਾ। -ਸੰਪਾਦਕ*

ਖੇਡਣਾ, ਸਰੀਰਕ ਤੇ ਮਾਨਸਿਕ ਕਿਰਿਆ। ਅੰਦਰੂਨੀ ਵੀ ਹੁੰਦੀ ਤੇ ਬਾਹਰੀ ਵੀ। 'ਕੱਲਿਆਂ ਵੀ ਖੇਡਣਾ ਹੁੰਦਾ ਤੇ ਸਾਥੀਆਂ ਨਾਲ ਵੀ। ਇਕਹਿਰੀ ਗੇਮ ਦੇ ਰੂਪ ਵਿਚ ਵੀ ਤੇ ਬਹੁਤਾਤ ਵਿਚ ਵੀ।

ਖੇਡਣਾ ਹਾਂ-ਪੱਖੀ-ਕਿਰਿਆ। ਮਨੁੱਖੀ ਊਰਜਾ ਨੂੰ ਸਹੀ ਪਾਸੇ ਲਾਉਣਾ। ਆਪਣੀਆਂ ਤਰਜੀਹਾਂ ਦੀ ਸੁਨਿਸ਼ਚਤਾ ਵਿਚ ਸੁੰਦਰ ਅਰਥ ਉਪਜਾਉਣਾ ਅਤੇ ਇਸ ਨੂੰ ਜੀਵਨ ਦੀ ਸਾਰਥਕਤਾ ਬਣਾਉਣਾ।

ਖੇਡਣਾ, ਸਰੀਰਕ ਤੰਦਰੁਸਤੀ ਤੇ ਅੰਗਾਂ ਦੀ ਚੁਸਤੀ ਦਾ ਰਾਜ਼। ਸਰਬ-ਮੁਖੀ ਵਿਕਸਣੀ ਦਾ ਆਧਾਰ ਅਤੇ ਸਰੀਰਕ ਦਿੱਖ ਨੂੰ ਚਾਰ ਚੰਨ ਲਾਉਣ ਦਾ ਆਹਰ।

ਖੇਡਣਾ, ਬਿਮਾਰੀਆਂ ਤੋਂ ਨਿਜ਼ਾਤ, ਸਰੀਰਕ ਤੇ ਮਾਨਸਿਕ ਅਲਾਮਤਾਂ ਤੋਂ ਰਾਹਤ ਅਤੇ ਅਣਚਾਹੀਆਂ ਪੀੜਾਂ ਤੇ ਦਰਦਾਂ ਤੋਂ ਸੁਖਨ-ਸਕੂਨ ਦੀ ਚਾਹਤ। ਖੇਡਣਾ, ਅੰਦਰਲੀ ਸੋਚ-ਪ੍ਰਵਾਹ, ਕੁਝ ਕਰਨ ਦਾ ਚਾਅ ਅਤੇ ਅਜਿਹਾ ਜੀਵਨ-ਰਾਹ ਕਿ ਜੀਵਨੀ ਭਟਕਣਾਂ 'ਚ ਭੁੱਲਿਆਂ ਨੂੰ ਮਿਲਦਾ ਏ ਕੁਝ ਸਾਹ।

ਖੇਡਣਾ, ਨਰੋਏ ਅੰਗਾਂ ਦੀ ਪਛਾਣ, ਮੁੱਖ 'ਤੇ ਸੁੰਦਰ ਆਭਾ ਭਕੁੰਨੀ ਸ਼ਾਨ, ਫੁਰਤੀਲੇਪਣ ਦਾ ਬਿੰਬ, ਉਮਰ ਦੀ ਪੜਾਅ ਨੂੰ ਪਿੱਛੇ ਛੱਡ ਆਉਣ ਦਾ ਸੰਦੇਸ਼। ਖੇਡਣਾ ਦਰਅਸਲ ਸਾਲਾਂ ਦੀ ਗਿਣਤੀ ਨੂੰ ਪੁੱਠਾ ਗੇੜ ਦੇਣ ਵਾਲਾ ਕਾਰਜ ਹੈ, ਜਿਸ ਨਾਲ ਬੀਤੇ ਪਲਾਂ ਦੀ ਉਮਰ ਲੰਮੇਰੀ ਕੀਤੀ ਜਾ ਸਕਦੀ ਅਤੇ ਆਪਣੇ ਵਿਚੋਂ ਹੀ ਇਕ ਨਵੇਂ ਮਨੁੱਖ ਨੂੰ ਜਨਮ ਦਿੱਤਾ ਜਾ ਸਕਦਾ।

ਖੇਡਣ ਤੋਂ ਨਾਬਰੀ, ਮਨੁੱਖ ਦੀ ਖੁਦ ਤੋਂ ਆਨਾ-ਕਾਨੀ। ਖੇਡਣ ਵਾਲੇ ਤਾਂ ਸਰੀਰਕ ਕਮਜ਼ੋਰੀਆਂ ਜਾਂ ਘਾਟਾਂ ਨੂੰ ਵੀ ਅਣਗੌਲਿਆ ਕਰ, ਖੇਡ-ਖੇਤਰ ਵਿਚ ਅਹਿਮ ਪ੍ਰਾਪਤੀਆਂ ਦਾ ਸਿਰਨਾਵਾਂ ਬਣਦੇ। ਇਸੇ ਲਈ ਸੰਸਾਰਕ ਪੱਧਰ 'ਤੇ ਪੈਰਾ ਓਲੰਪਿਕ ਖੇਡਾਂ ਕਰਵਾਈਆਂ ਜਾਂਦੀਆਂ, ਜਿਸ ਵਿਚ ਸਰੀਰਕ ਅਪੰਗਤਾ ਨੂੰ ਦੁਰਕਾਰ ਕੇ ਨਵੇਂ ਕੀਰਤੀਮਾਨ ਸਥਾਪਤ ਹੁੰਦੇ।

ਖੇਡਣਾ, ਸਵੈ-ਵਿਸ਼ਵਾਸ ਦੀ ਨੀਂਹ, ਮਿਲਵਰਤਣ ਦਾ ਸਬਕ ਅਤੇ ਇਕ ਦੂਜੇ 'ਤੇ ਨਿਰਭਰਤਾ ਨੂੰ ਅਪਨਾਉਣ ਤੇ ਨਿਭਾਉਣ ਲਈ ਸੂਖਮ ਵਿਧੀ ਨੂੰ ਸਿਰਜਣ ਦੀ ਅਜਿਹੀ ਪ੍ਰੀਕ੍ਰਿਆ ਹੈ ਕਿ ਮਨੁੱਖ ਅਚੇਤ ਰੂਪ ਵਿਚ ਇਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਦਾ ਹੈ।

ਖੇਡਣ ਵਿਚੋਂ ਹੀ ਸਿਰਜੀ ਜਾਂਦੀ ਏ ਸੰਪੂਰਨ ਮਨੁੱਖ ਦੀ ਕਾਮਨਾ, ਜੋ ਕੀਰਤੀ ਰਾਹੀਂ ਆਪਣੀ ਮੰਜ਼ਿਲ ਪ੍ਰਾਪਤ ਕਰਦੀ। ਖੇਡਣਾ, ਸਿਰਫ ਨਿੱਜ ਲਈ ਹੀ ਨਹੀਂ ਹੁੰਦਾ। ਇਹ ਪਰਿਵਾਰ, ਸਮਾਜ, ਦੇਸ਼ ਜਾਂ ਕੌਮ ਲਈ ਵੀ ਹੁੰਦਾ ਤਾਂ ਹੀ ਵਧੀਆ ਖਿਡਾਰੀ ਕਿਸੇ ਵੀ ਦੇਸ਼ ਦਾ ਸੱਭ ਤੋਂ ਵੱਡਾ ਸਰਮਾਇਆ ਹੁੰਦੇ।

ਖੇਡਣ ਦੀ ਆਦਤ ਖੇਡ ਨੂੰ ਦੇਖ ਹੀ ਪੈਦਾ ਹੁੰਦੀ ਤਾਂ ਹੀ ਖਿਡਾਰੀ ਜਦ ਰੋਲ-ਮਾਡਲ ਬਣ ਕੇ ਕਿਸੇ ਜਵਾਨ ਮਨ ਵਿਚ ਆਪਣੀ ਥਾਂ ਨਿਸ਼ਚਿਤ ਕਰਦੇ ਤਾਂ ਉਹ ਵੀ ਖੇਡਣ ਵੰਨੀਂ ਰੁਚਿਤ ਹੁੰਦੇ ਅਤੇ ਨਵੀਆਂ ਬੁਲੰਦੀਆਂ ਪ੍ਰਾਪਤ ਕਰਦੇ।

ਖੇਡਣਾ ਸਿਰਫ ਧਨ, ਦੌਲਤ, ਸ਼ੁਹਰਤ ਅਤੇ ਰੁਤਬਿਆਂ ਤੋਂ ਇਲਾਵਾ ਅੰਦਰਲੀ ਖੁਸ਼ੀ ਤੇ ਸਕੂਨ ਲਈ ਵੀ ਹੁੰਦਾ, ਕਿਉਂਕਿ ਸਭ ਤੋਂ ਵੱਡਾ ਖਜਾਨਾ ਤਾਂ ਅੰਤਰੀਵੀ ਖੁਸ਼ੀ ਹੀ ਹੁੰਦੀ। ਇਹ ਅਤੋਲਵੀਂ ਤੇ ਅਮੁੱਲ ਹੁੰਦੀ।

ਖੇਡਣਾ ਕਈ ਵਾਰ ਖੁਦ ਲਈ ਹੁੰਦਾ, ਪਰ ਕਈ ਵਾਰ ਸਾਡੇ ਮਾਪੇ ਆਪਣੇ ਅਪੂਰਨ ਸੁਪਨਿਆਂ ਦੀ ਪੂਰਤੀ ਆਪਣੀ ਔਲਾਦ ਵਿਚੋਂ ਭਾਲਦਿਆਂ, ਖੇਡਾਂ ਲਈ ਪ੍ਰੇਰਿਤ ਕਰਦੇ ਅਤੇ ਫਿਰ ਬੱਚੇ, ਖੇਡ-ਅੰਬਰ ਦਾ ਤਾਰਾ ਬਣ ਕੇ ਮਾਪਿਆਂ ਦਾ ਨਾਮ ਚਮਕਾਉਂਦੇ।

ਖੇਡਣਾ ਇਕ ਕਲਾ। ਸਰੀਰਕ ਤਾਕਤ ਦੀ ਅਜਮਾਇਸ਼। ਮਨੁੱਖੀ ਸੋਚ ਵਿਚਲੀ ਸੰਤੁਲਤਾ ਦਾ ਸਫਲ ਪ੍ਰਦਰਸ਼ਨ। ਮਨੁੱਖੀ ਸਰੋਕਾਰਾਂ ਨੂੰ ਜੀਵਨ ਸ਼ੈਲੀ ਦਾ ਹਿੱਸਾ ਬਣਾਉਣ ਦਾ ਸੂਖਮ ਕਾਰਜ।

ਖੇਡਣਾ ਹੀ ਸਿਖਾਉਂਦਾ ਕਿ ਕਿਵੇਂ ਹਾਰ ਕੇ ਵੀ ਮਨ ਵਿਚ ਜਿੱਤ ਦਾ ਅਹਿਸਾਸ ਉਪਜਾਉਣਾ? ਕਿਵੇਂ ਕਮੀਆਂ ਨੂੰ ਦੇਖਣਾ ਅਤੇ ਕਮਜ਼ੋਰੀਆਂ ਤੇ ਘਾਟਾਂ 'ਤੇ ਧਿਆਨ ਕੇਂਦ੍ਰਿਤ ਕਰਕੇ ਖੁਦ ਨੂੰ ਨਵੀਆਂ ਚੁਣੌਤੀਆਂ ਦੇ ਰੂਬਰੂ ਕਰਨਾ? ਕਿੰਜ ਜਿੱਤ ਕੇ ਵੀ ਨਿਮਰ ਰਹਿਣਾ ਅਤੇ ਹਾਰਿਆਂ ਨੂੰ ਗਲ ਨਾਲ ਲਾਉਣਾ?

ਖੇਡਣ ਦੀ ਸਭ ਤੋਂ ਵੱਡੀ ਨਸੀਹਤ ਹੈ ਕਿ ਜਿੱਤ ਕਦੇ ਵੀ ਸਿਰ ਨੂੰ ਨਾ ਚੜ੍ਹੇ ਅਤੇ ਹਾਰ ਕਦੇ ਵੀ ਨਿਰਾਸ਼ਾ ਜਾਂ ਉਦਾਸੀ ਦੇ ਆਲਮ ਨੂੰ ਤਾਰੀ ਨਾ ਹੋਣ ਦੇਵੇ। ਸਗੋਂ ਜਿੱਤ ਨਵੇਂ ਦਿਸਹੱਦਿਆਂ ਦੀ ਪ੍ਰਾਪਤੀ ਲਈ ਵੰਗਾਰਦੀ ਰਹੇ, ਜਦੋਂ ਕਿ ਹਾਰਨਾ, ਹੋਰ ਮਿਹਨਤ ਤੇ ਤਾਕਤ ਨਾਲ ਹਾਰਾਂ ਨੂੰ ਜਿੱਤਾਂ ਵਿਚ ਬਦਲਣ ਦਾ ਨਾਮ। ਹਾਰ, ਹਾਰ ਨਹੀਂ ਹੁੰਦੀ। ਮਨੁੱਖ ਸਿਰਫ ਉਦੋਂ ਹੀ ਹਾਰਦਾ, ਜਦ ਉਸ ਦਾ ਹੌਸਲਾ ਤੇ ਸਿਰੜ, ਮੁਕਾਬਲੇ ਦੇ ਹਾਣੀ ਨਹੀਂ ਹੁੰਦੇ। ਮਨੁੱਖ ਦੀ ਹੀ ਕੋਈ ਨਾ ਕੋਈ ਕਮਜ਼ੋਰੀ ਉਸ ਨੂੰ ਹਰਾਉਂਦੀ, ਜਦੋਂ ਕਿ ਕੋਈ ਨਾ ਕੋਈ ਗੁਣ ਉਸ ਨੂੰ ਜਿਤਾਉਂਦਾ।

ਖੇਡ ਵਿਚ ਬਹੁਤ ਕੁਝ ਅਣਕਿਆਸਿਆ ਵਾਪਰਦਾ, ਜਦੋਂ ਕੋਈ ਜਿੱਤਦੀ ਧਿਰ ਸਵੈ-ਗੁਮਾਨ ਕਾਰਨ ਹਾਰ ਜਾਂਦੀ ਅਤੇ ਹਾਰਨ ਵਾਲੀ ਧਿਰ ਸਬਰ ਅਤੇ ਸਿਦਕਦਿਲੀ ਨਾਲ ਜਿੱਤ ਨੂੰ ਆਪਣੇ ਨਾਮ ਕਰਦੀ।

ਖੇਡ ਨਾਲ ਬੰਦਾ ਖੁਦ ਨੂੰ ਅਨੁਸ਼ਾਸਤ ਕਰਦਾ। ਸਮੇਂ ਦਾ ਪਾਬੰਦ, ਸਾਥੀ ਖਿਡਾਰੀਆਂ/ਵਿਰੋਧੀਆਂ ਨਾਲ ਪੁਰ-ਸੁਖਾਵੇਂ ਸਬੰਧ, ਹਰੇਕ ਦਾ ਆਦਰ ਕਰਨਾ ਅਤੇ ਕਿਸੇ ਦੇ ਮਾਣ ਵਿਚੋਂ ਖੁਦ ਦੇ ਸਨਮਾਨ ਦਾ ਸ਼ਰਫ ਬਣਨਾ। ਇਹ ਮਾਣ-ਸਨਮਾਨ ਜਦੋਂ ਕੋਈ ਆਪਣੇ ਬਜੁਰਗ ਜਾਂ ਵਡੇਰੇ ਨੂੰ ਅਰਪਿੱਤ ਕਰਦਾ ਤਾਂ ਇਸ ਵਿਚੋਂ ਖਿਡਾਰੀ ਵਿਚਲੀ ਬੰਦਿਆਈ ਦੇ ਦਰਸ਼-ਦੀਦਾਰੇ ਹੁੰਦੇ।

ਖੇਡਣ ਨੂੰ ਖਬਤ ਬਣਾਉਣ ਵਾਲੇ ਲੋਕ ਹੀ ਗੁਰਜਾਂ, ਮੈਡਲਾਂ ਜਾਂ ਉਪਲਬਧੀਆਂ ਨੂੰ ਆਪਣੇ ਨਾਮ ਕਰਦੇ, ਜਿਨ੍ਹਾਂ ਦਾ ਤਸੱਵਰ ਉਨ੍ਹਾਂ ਦੀ ਚੇਤਨਾ ਵਿਚ ਕਿਸੇ ਨੇ ਗਾਹੇ-ਬਗਾਹੇ ਧਰਿਆ ਹੁੰਦਾ।

ਖੇਡਣਾ ਖਿਆਲ, ਖਚਤ ਅਤੇ ਖਬਤ ਹੁੰਦਾ, ਪਰ ਕਦੇ ਵੀ ਖਹਿਬੜਬਾਜ਼ੀ, ਖਿਲਵਾੜ ਜਾਂ ਖੇਹ ਉਡਾਉਣਾ ਨਹੀਂ ਹੁੰਦਾ। ਖੇਡਣ ਦੀ ਬਹੁਤ ਸਾਰੀਆਂ ਪਰਤਾਂ, ਰੂਪ ਜੋ ਦਿਸਦੇ ਜਾਂ ਅਦਿੱਖ। ਇਨ੍ਹਾਂ ਵਿਚੋਂ ਹੀ ਖੇਡਣ ਦੀ ਪ੍ਰੀਕ੍ਰਿਆ ਨੂੰ ਸਮਝਿਆ ਤੇ ਪਰਿਭਾਸ਼ਤ ਕੀਤਾ ਜਾ ਸਕਦਾ।

ਖੇਡਣਾ ਜਦ ਰੂਹ ਦੀ ਤਾਸੀਰ ਵਿਚ ਹੁੰਦਾ ਤਾਂ ਮਨੁੱਖ ਖੁਦ ਨੂੰ ਧਿਆਉਂਦਾ, ਸੋਚ-ਅੰਬਰਾਂ ਨੂੰ ਗਾਹੁੰਦਾ, ਸਰਬ-ਗੁਣੀ ਸ਼ਖਸੀ ਧਾਰਨਾ ਨੂੰ ਅੰਤਰ-ਆਤਮਾ ਵਿਚ ਟਿਕਾਉਂਦਾ, ਖੁਦ ਵਿਚੋਂ ਹੀ ਖੁਦ ਦੀ ਖੋਜ ਕਰ, ਖੁਦ ਨੂੰ ਨਵੇਂ ਰੂਪ ਵਿਚ ਸਮਾਜ ਤੇ ਪਰਿਵਾਰ ਸਾਹਵੇਂ ਪ੍ਰਗਟਾਉਂਦਾ।

ਖੇਡ ਜਦ ਕਿਸੇ ਘਿਨਾਉਣੀ ਚਾਲ ਦਾ ਸ਼ਿਕਾਰ ਹੋ ਜਾਵੇ ਤਾਂ ਅਲਾਮਤਾਂ ਵੀ ਪੈਦਾ ਕਰਦਾ। ਜਾਤੀ ਰੰਜਿਸ਼, ਮਿੱਥ ਕੇ ਹਾਰਨਾ/ਜਿੱਤਣਾ ਜਾਂ ਕਿਸੇ ਦੀ ਸਰੀਰਕ ਸੱਟ ਵਿਚੋਂ ਆਪਣੀ ਪ੍ਰਾਪਤੀ ਨੂੰ ਕਿਆਸਣਾ, ਸਭ ਤੋਂ ਵੱਡਾ ਗੁਨਾਹ।

ਖੇਡਿਆ ਸਿਰਫ ਖੇਡ-ਮੈਦਾਨ ਵਿਚ ਹੀ ਨਹੀਂ ਜਾਂਦਾ, ਜਦ ਕੋਈ ਆਮ ਮਨੁੱਖ ਦਾ ਸ਼ੋਸ਼ਣ ਕਰਦਾ, ਧਾਰਮਿਕ ਭਾਵਨਾਵਾਂ ਨਾਲ ਖੇਡਦਾ ਜਾਂ ਜਾਤੀ-ਮੂਲਕ ਧਾਰਨਾਵਾਂ ਨੂੰ ਭੜਕਾ ਕੇ ਨਿੱਜੀ ਮੁਫਾਦ ਦੀ ਪੂਰਤੀ ਕਰਦਾ ਤਾਂ ਖੇਡ ਵਿਚੋਂ ਕੋਫਤ ਆਉਂਦੀ।

ਜਦ ਬੱਚੇ ਦੀ ਮਾਸੂਮੀਅਤ ਤੇ ਕੋਮਲ ਅਹਿਸਾਸਾਂ ਨਾਲ ਖੇਡਦਿਆਂ ਉਸ ਦਾ ਮਾਨਸਿਕ, ਸਰੀਰਕ ਤੇ ਭਾਵਨਾਤਮਕ ਸ਼ੋਸ਼ਣ ਕੀਤਾ ਜਾਂਦਾ ਤਾਂ ਰੋਂਦੇ ਬਚਪਨੇ ਨੂੰ ਵਰਾਉਣਾ ਬਹੁਤ ਔਖਾ ਹੁੰਦਾ। ਬਚਪਨੇ ਦੇ ਅੰਤਰੀਵ 'ਚ ਪਈਆਂ ਝਰੀਟਾਂ ਦੇ ਦਾਗ ਕਦੇ ਨਹੀਂ ਮਿੱਟਦੇ।

ਉਪਜਦੀਆਂ ਨੇ ਕਲਾ-ਕਿਰਤਾਂ। ਮਿਹਨਤ ਨੂੰ ਪ੍ਰਾਪਤੀਆਂ 'ਤੇ ਨਾਜ਼ ਹੁੰਦਾ। ਕਲਾ-ਕਿਰਤਾਂ ਦਰਸ਼ਕਾਂ ਲਈ ਸੁਖਨ, ਸਹਿਜ ਅਤੇ ਕਲਾ-ਬਿਰਤੀ ਦੇ ਰੱਜ ਦਾ ਪ੍ਰਤੀਕ ਹੁੰਦਾ।

ਖੇਡਣਾ ਹੈ ਤਾਂ ਖੇਡੋ ਹਰਫਾਂ ਨਾਲ। ਇਨ੍ਹਾਂ ਵਿਚ ਸਮੋਏ ਹੋਏ ਅਰਥਾਂ ਨਾਲ ਅਤੇ ਅਰਥਾਂ ਵਿਚੋਂ ਫੁੱਟਦੀਆਂ ਕਿਰਨਾਂ ਨਾਲ ਖੇਡੋ ਤਾਂ ਕਿ ਇਹ ਕਿਰਨਾਂ ਆਪਣੀ ਬੇਨਿਆਜ਼ੀ ਰਾਹੀਂ ਮਾਨਵ ਨੂੰ ਤਰਜੀਹਾਂ ਨਿਸ਼ਚਿਤ ਕਰਨ ਅਤੇ ਉਚਤਮ ਤਦਬੀਰਾਂ ਰਾਹੀਂ ਤਕਦੀਰ ਨੂੰ ਰੌਸ਼ਨ-ਰੰਗੀ ਬਣਾ ਸਕਣ। ਖੇਡਣਾ ਹੈ ਤਾਂ ਉਨ੍ਹਾਂ ਕਿਤਾਬਾਂ ਨੂੰ ਆਪਣੇ ਖੇਡ-ਆੜੀ ਬਣਾਓ, ਜਿਨ੍ਹਾਂ ਵਿਚੋਂ ਨਿਕਲਦੀ ਸ਼ਬਦ-ਜੋਤ ਆਲੇ-ਦੁਆਲੇ ਵਿਚ ਚਾਨਣ ਦਾ ਛਿੜਕਾਅ ਕਰੇ ਅਤੇ ਇਨ੍ਹਾਂ ਕਿਰਨਈ ਕ੍ਰਿਸ਼ਮਿਆਂ ਨੂੰ ਰੂਹ-ਰੇਜ਼ਤਾ ਦੇ ਨਾਮ ਕਰ, ਸਮਿਆਂ ਨੂੰ ਨਵੀਂ ਦਿੱਖ ਤੇ ਦ੍ਰਿਸ਼ਟੀ ਪ੍ਰਦਾਨ ਕਰੇ।



ਜਦ ਕਿਸੇ ਅਬਲਾ ਦੀ ਚੁੰਨੀ ਨੂੰ ਹਵਾ 'ਚ ਉਛਾਲ ਕੇ, ਜਿਸਮ ਨਾਲ ਖੇਡਿਆ ਜਾਂਦਾ, ਅਜ਼ਮਤ ਨੂੰ ਲੀਰੋ-ਲੀਰ ਕੀਤਾ ਜਾਂਦਾ, ਸਿਰ ਦੇ ਸੰਧੂਰ ਨੂੰ ਮਿਟਾਇਆ ਜਾਂਦਾ ਜਾਂ ਟੁੱਟੇ ਕਲੀਰਿਆਂ 'ਤੇ ਹਿੱਚਕੀ ਦੀ ਮਹਿੰਦੀ ਲਾਈ ਜਾਂਦੀ ਤਾਂ ਫਿਜ਼ਾ ਵਿਚ ਪੈਦਾ ਹੋਇਆ ਕਚਿਆਣ ਤੇ ਕਰੋਧ ਸਮੁੱਚੀ ਮਨੁੱਖੀ ਜਾਤੀ ਲਈ ਕਲੰਕ ਬਣਦਾ।

ਜਦ ਕੋਈ ਪਾਖੰਡੀ ਆਪਣੇ ਸ਼ਰਧਾਲੂਆਂ ਨੂੰ ਮਾਨਸਿਕ ਤੌਰ 'ਤੇ ਅਗਵਾ ਕਰ, ਉਨ੍ਹਾਂ ਦੀ ਆਸਥਾ ਨਾਲ ਖੇਡਦਾ, ਸੱਚੀਆਂ-ਸੁੱਚੀਆਂ ਭਾਵਨਾਵਾਂ ਨਾਲ ਖਿਲਵਾੜ ਕਰਦਾ ਅਤੇ ਅਕੀਦਤ ਨੂੰ ਅਡੰਬਰਤਾ ਬਣਾਉਂਦਾ ਤਾਂ ਮਨੁੱਖਤਾ ਜ਼ਾਰੋ-ਜ਼ਾਰ ਰੋਂਦੀ। ਅਜਿਹੀ ਕਰਤੂਤੀ ਖੇਡ ਨੂੰ ਕਿਹੜੀ ਖੇਡ ਕਹੋਗੇ, ਜਦ ਕੋਈ ਕਿਸੇ ਦੀ ਜਿਸਮਾਨੀ, ਮਾਨਸਿਕ ਅਤੇ ਆਤਮਕ ਕੰਗਾਲੀ ਦੀ ਕੁਲਹਿਣੀ ਰੰਗਤ ਨੂੰ, ਫਿੱਕੜੇ ਚੋਲੇ ਦਾ ਮਜੀਠੀ ਰੰਗ ਬਣਾਉਣ ਲਈ ਰੁਚਿਤ ਹੋ ਜਾਵੇ।

ਖੇਡ ਜਦ ਖਿਲਵਾੜ ਬਣਦੀ ਤਾਂ ਕਹਿਰ ਢਾਹੁੰਦੀ। ਅਜਿਹਾ ਹੀ ਪਾਲਣਹਾਰੀ ਕੁਦਰਤ ਦੀਆਂ ਨਿਹਮਤਾਂ ਨਾਲ ਖੇਡਣ ਵਾਲਿਆਂ ਨੇ ਕਾਇਨਾਤ ਵਿਚ ਅਸੰਤੁਲਨ ਪੈਦਾ ਕਰਕੇ ਕੀਤਾ ਹੈ, ਜਿਸ ਦਾ ਹਰਜਾਨਾ ਮਨੁੱਖ ਭੁਗਤ ਰਿਹਾ ਹੈ।

ਖੇਡਣਾ ਹੈ ਤਾਂ ਰੰਗਾਂ ਨਾਲ ਖੇਡੋ, ਜਿਸ ਵਿਚੋਂ

ਧਨ-ਦੌਲਤ ਵਿਚ ਖੇਡਣ ਵਾਲੇ ਜ਼ਿਆਦਾਤਰ ਲੋਕ ਮਾਨਵਤਾ ਦਾ ਮਰਸੀਆ ਪੜ੍ਹਦੇ। ਉਨ੍ਹਾਂ ਦੇ ਮਨਾਂ ਵਿਚ ਨਹੀਂ ਹੁੰਦਾ ਲੋਕਾਈ ਦਾ ਦਰਦ, ਸਿੰਮਦੀ ਨਹੀਂ ਅੱਖ ਕਿਸੇ ਦੀ ਪੀੜ 'ਚ, ਪਸੀਜਦਾ ਨਹੀਂ ਮਨ ਕਿਸੇ ਦੀ ਅਣਿਆਈ ਮੌਤ 'ਤੇ ਅਤੇ ਪੰਛੀ ਦੀ ਵਿਲਕਦੀ ਆਂਦਰ ਦਾ ਦੁੱਖ ਸਮਝਣ ਤੋਂ ਬੇਲਾਗ ਤੇ ਬੇਦਰਦ। ਲਾਹਨਤ ਹੈ ਅਜਿਹੀ ਖੇਡ-ਮਸਤੀ 'ਤੇ ਜਾਂ ਜਦ ਤੁਹਾਡੇ ਵਿਚੋਂ ਮਨੁੱਖੀ ਭਾਵਨਾਵਾਂ ਦਾ ਮਾਤਮ ਹੁਆਂਕਦਾ ਹੋਵੇ।

ਖੇਡਣਾ ਸਿਰਫ ਖੇਡਣ ਲਈ ਹੀ ਨਹੀਂ ਹੁੰਦਾ। ਇਹ ਤਾਂ ਸਮੁੱਚ ਦਾ ਪ੍ਰਗਟਾਵਾ, ਸ਼ਖਸੀ ਬਿੰਬ, ਵਿਅਕਤੀਤਵ ਦਾ ਪ੍ਰਦਰਸ਼ਨ, ਵਿਰਾਸਤੀ ਦਿੱਖ ਅਤੇ ਜੜ੍ਹਾਂ ਦਾ ਝਲਕਾਰਾ। ਸੋ ਖੇਡਣ ਦੌਰਾਨ ਜਰੂਰੀ ਹੈ ਕਿ ਮਨੁੱਖ ਪਾਰਦਰਸ਼ੀ ਹੋਵੇ। ਉਸ ਵਿਚੋਂ ਉਹ ਮਨੁੱਖ ਹੀ ਨਜ਼ਰ ਆਵੇ, ਜੋ ਉਸ ਦੇ ਅੰਦਰ ਰੁਕਦਾ, ਦੌੜਦਾ, ਸੌਂਦਾ, ਜਾਗਦਾ, ਹੱਸਦਾ ਅਤੇ ਰੋਂਦਾ ਹੈ। ਖਾਂਦਾ, ਪੀਂਦਾ, ਥੀਂਦਾ ਤੇ ਜੀਂਦਾ ਹੈ। ਸਰਬਮੁਖੀ ਸੁੱਚਤਾ ਬਹੁਤ ਅਹਿਮ ਹੁੰਦੀ ਹੈ ਖੇਡ ਵਿਚ। ਭਾਵੇਂ ਉਹ ਆਪਣੇ ਬੱਚਿਆਂ ਨਾਲ ਬਚਪਨੀ ਖੇਡ ਹੋਵੇ, ਨਵ-ਵਿਆਹੇ ਜੋੜੇ ਦਾ ਕੰਗਣਾ ਖੇਡਣਾ ਹੋਵੇ, ਸਖੀਆਂ ਨਾਲ ਖੇਡਣਾ ਹੋਵੇ ਜਾਂ ਆਪਣੇ ਆਪ ਨਾਲ ਖੇਡਣਾ ਹੋਵੇ। ਕਿਸੇ ਵੀ ਖੇਡ ਵਿਚ ਜਰੂਰੀ ਹੁੰਦੀ ਹੈ-ਸਮਰਪਣ ਭਾਵਨਾ, ਸਿਦਕ-ਸਬੂਰੀ, ਸਿਰੜ-ਸਾਧਨਾ ਅਤੇ ਸਾਂਝੀਵਾਲਤਾ।

ਖੇਡਣਾ, ਮਨ ਦਾ ਅਭਿਆਸ। ਖੁੱਲ੍ਹੀ ਹਵਾ ਨੂੰ ਫੇਫੜਿਆਂ 'ਚ ਭਰਨ ਦਾ ਰਿਆਜ਼। ਦਿਲ ਦੀਆਂ ਗੱਲਾਂ ਹਮਜੋਲੀਆਂ ਨਾਲ ਫਰੋਲਣਾ। ਕੁਝ ਸੋਚਣਾ, ਕੁਝ ਹੱਸਣਾ, ਕੁਝ ਯੋਜਨਾਬੰਦੀ। ਕਦੇ ਹਮਲਾਵਰ ਰੁੱਖ ਤੇ ਕਦੇ ਸੁਰੱਖਿਆ ਨੀਤੀ। ਕਦੇ ਕਾਹਲ ਤੇ ਕਦੇ ਠਹਿਰਾਅ। ਬਹੁਤ ਗੁਣ ਹੁੰਦੇ ਨੇ ਖਿਡਾਰੀ ਵਿਚ। ਸੁੱਚੇ-ਸੁੱਚੇ, ਨਿਮਰ ਤੇ ਮਾਸੂਮ ਅਤੇ ਪਾਕੀਜ਼ਗੀ ਵਿਚ ਰਮੇ। ਖੇਡ ਨੂੰ ਆਪਣਾ ਇਸ਼ਟ ਮੰਨਣ ਵਾਲੇ ਹੁੰਦੇ ਨੇ ਇਹ ਲੋਕ।

ਖੇਡਣ ਦੀ ਆਦਤ ਬਹੁਤ ਸਾਜ਼ਗਾਰ ਉਦਮ ਅਤੇ ਸਾਰਥਕ ਹੰਭਲਾ। ਇਸ ਵਿਚੋਂ ਹੀ ਅਸੀਮ ਸੰਭਾਵਨਾਵਾਂ, ਅਦਿੱਖ ਸਫਲਤਾਵਾਂ ਅਤੇ ਅਣਦੇਖੀਆਂ ਸਰੀਰਕ ਕਿਰਿਆਵਾਂ ਨੂੰ ਜੀਵਨ ਦਾ ਹਿੱਸਾ ਬਣਾ ਸਕਦੇ ਹਾਂ।

ਖੇਡਣਾ, ਜਰੂਰੀ ਅੰਗ ਹੈ ਸਰੀਰਕ ਕਿਰਿਆਵਾਂ ਦਾ। ਸਰੀਰ ਦੀ ਹੋਂਦ ਤੇ ਹਸਤੀ ਲਈ, ਨਿੰਗਰਤਾ ਤੇ ਨਰੋਏਪਣ ਲਈ, ਸਥਿਰ ਅਤੇ ਸਦੀਵੀ ਅਰੋਗਤਾ ਲਈ। ਜਵਾਨ ਰਹਿਣ ਲਈ ਉਮਰ ਨਹੀਂ, ਸਗੋਂ ਦਿਲ ਤੇ ਮਨ ਦਾ ਜਵਾਨ ਰਹਿਣਾ ਅਤੇ ਚੜ੍ਹਦੀ ਕਲਾ ਵਿਚ ਰਹਿਣਾ ਬਹੁਤ ਜਰੂਰੀ।

ਖੇਡਣਾ, ਉਮਰ ਦਾ ਮੁਥਾਜ਼ ਨਹੀਂ। ਕਿਸੇ ਵੀ ਉਮਰ ਵਿਚ ਕੋਈ ਵੀ ਖੇਡ ਸ਼ੁਰੂ ਕੀਤੀ ਜਾ ਸਕਦੀ, ਜੋ ਵਿਅਕਤੀ ਦੀ ਸਰੀਰਕ, ਮਾਨਸਿਕ ਅਤੇ ਆਤਮਿਕ ਲੋੜ ਅਨੁਸਾਰ ਹੋਵੇ। ਸਿਰਫ ਮਨ ਦੀਆਂ ਮੁਹਾਰਾਂ ਮੋੜਨ ਅਤੇ ਖਾਸ ਦਿਸ਼ਾ ਵੰਨੀਂ ਸੇਧਤ ਕਰਨ ਦੀ ਲੋੜ। ਕਿਸੇ ਵੀ ਸਮੇਂ ਵਿਚ ਕੁਝ ਪ੍ਰਾਪਤ ਕੀਤਾ ਜਾ ਸਕਦਾ ਅਤੇ ਅਪਹੁੰਚ ਪ੍ਰਾਪਤੀਆਂ ਨੂੰ ਆਪਣਾ ਹਾਸਲ ਬਣਾਇਆ ਜਾ ਸਕਦਾ। ਖੇਡਣ ਦੇ ਖਬਤ ਵਿਚੋਂ ਹੀ ਭਾਈ ਫੌਜਾ ਸਿੰਘ ਨੇ ਸੌ ਸਾਲ ਦੀ ਉਮਰ ਤੀਕ ਮੈਰਾਥਨ ਦੌੜ ਵਿਚ ਇਤਿਹਾਸ ਸਿਰਜਿਆ। ਉਸ ਨੇ ਦੌੜਨਾ ਹੀ 80 ਸਾਲ ਤੋਂ ਬਾਅਦ ਸ਼ੁਰੂ ਕੀਤਾ ਸੀ। ਬੀਬੀ ਮਾਨ ਕੌਰ ਨੂੰ ਵੀ ਇਸ ਸ਼੍ਰੇਣੀ ਵਿਚ ਸ਼ਾਮਲ ਹੈ। ਇਹ ਤਾਂ ਮਨ ਦੀ ਪਕਿਆਈ, ਇਰਾਦੇ ਵਿਚਲਾ ਹੱਠ ਅਤੇ ਕੁਝ ਕਰਨ ਦਾ ਜਨੂਨ ਹੁੰਦਾ, ਜੋ ਸਫਲਤਾ ਦਾ ਮੂਲ ਆਧਾਰ ਬਣਦਾ। ਹਿੰਮਤ ਸਾਹਵੇਂ ਸਭ ਫਿੱਕੀਆਂ ਪੈ ਜਾਂਦੀਆਂ ਨੇ ਮਸਨੂਈ ਦਲੀਲਾਂ, ਅਪੀਲਾਂ ਅਤੇ ਥੋਥੀਆਂ ਹਦਾਇਤਾਂ।

ਖੇਡੋ, ਖੁਦ ਦੀ ਸਮਰੱਥਾ, ਸਾਧਨਾ ਅਤੇ ਸਿਦਕ ਨਾਲ ਤਾਂ ਕਿ ਤੁਸੀਂ ਮਨ ਦੀ ਦ੍ਰਿੜਤਾ ਦੀਆਂ ਅਸੀਮਤ ਪਰਤਾਂ ਵਿਚੋਂ ਉਹ ਪਰਤ ਨੂੰ ਦਿਖਲਾ ਸਕੋ, ਜੋ ਅਜੇ ਤੀਕ ਸਮਾਜ ਦੇ ਸਾਹਮਣੇ ਨਹੀਂ ਆਈ। ਸਾਹਿਤਕ, ਖੋਜ, ਵਿਦਿਆ-ਪ੍ਰਾਪਤੀ, ਕਲਾ ਸਿੱਖਣ ਅਤੇ ਰਾਜਸੀ ਖੇਤਰ ਵਿਚ ਬਹੁਤ ਸਾਰੀਆਂ ਸ਼ਖਸੀਅਤਾਂ ਨੇ ਉਮਰ ਦੇ ਆਖਰੀ ਪੜਾਅ 'ਤੇ ਨਵੀਂ ਬੁਲੰਦੀ ਹਾਸਲ ਕੀਤੀ।

ਖੇਡਣਾ ਜਦ ਸਵਾਂਗ ਬਣ ਕੇ ਭਗਤਾਂ ਨੂੰ ਆਪਣੇ ਇਸ਼ਾਰਿਆਂ 'ਤੇ ਨਚਾਵੇ ਤਾਂ ਕਈ ਵਾਰ ਅਜਿਹੇ ਬਾਬਿਆਂ ਨੂੰ ਸਲਾਖਾਂ ਦੀ ਮਹਿਮਾਨ-ਨਿਵਾਜ਼ੀ ਵੀ ਨਸੀਬ ਹੁੰਦੀ।

ਖੇਡਣਾ ਬੱਚਿਆਂ ਲਈ ਸਭ ਤੋਂ ਵੱਡੀ ਇਨਾਇਤ ਤੇ ਪਾਠਸ਼ਾਲਾ। ਬਹੁਤ ਕੁਝ ਸਿੱਖਣ ਤੇ ਸਮਝਣ ਦਾ ਆਧਾਰ, ਜੋ ਦਿੰਦਾ ਏ ਉਨ੍ਹਾਂ ਦੇ ਵਿਅਕਤੀਤਵ ਨੂੰ ਵਿਸਥਾਰ। ਵਧੀਆ ਮਨੁੱਖ ਬਣਨ ਲਈ ਪਹਿਲੀ ਪੌੜੀ ਹੈ ਖੇਡਣਾ।

ਖੇਡ ਦਾ ਲੁਤਫ ਉਠਾਓ। ਜਿੱਤਣ ਜਾਂ ਹਾਰਨ ਦੀ ਪ੍ਰਵਾਹ ਨਾ ਕਰੋ, ਕਿਉਂਕਿ ਖੇਡਣਾ ਸਿਰਫ ਜਿੱਤਣਾ ਜਾਂ ਹਾਰਨਾ ਹੀ ਨਹੀਂ ਹੁੰਦਾ। ਇਸ ਤੋਂ ਇਲਾਵਾ ਵੀ ਬਹੁਤ ਕੁਝ ਝੋਲੀ ਵਿਚ ਪੈਂਦਾ ਹੈ, ਖੇਡਣ ਸਦਕਾ।

ਖੇਡ ਦੌਰਾਨ ਅਚੇਤ/ਸੁਚੇਤ ਰੂਪ ਵਿਚ ਬਹੁਤ ਸਾਰੀਆਂ ਘਤਿੱਤਾਂ, ਘਾੜਤਾਂ ਤੇ ਘੁਣਤਰਾਂ ਵੀ ਘੜੀਆਂ ਜਾਂਦੀਆਂ, ਜਿੱਤ ਨੂੰ ਸੁਨਿਸ਼ਚਿਤ ਕਰਨ

(ਬਾਕੀ ਅਗਲੇ ਸਫੇ 'ਤੇ)

# ਮਧਾਣੀ ਮੇਰੀ ਰੰਗਲੀ...



ਪਹਿਲੇ ਸਮਿਆਂ ਵਿਚ ਘਰਾਂ 'ਚ ਦੁੱਧ ਨੂੰ ਹੱਥਾਂ ਨਾਲ ਰਿੜਕ ਕੇ ਮੱਖਣ ਕੱਢਿਆ ਜਾਂਦਾ ਸੀ। ਹੁਣ ਵੀ ਪੰਜਾਬ ਵਿਚ ਪਰੰਪਰਾਗਤ ਜਾਂ ਕਿਸੇ ਬਦਲਵੇਂ ਰੂਪ ਵਿਚ ਦਹੀਂ ਰਿੜਕਿਆ ਜਾਂਦਾ ਹੈ ਤੇ ਉਸ ਵਿਚੋਂ ਮੱਖਣ ਕੱਢਿਆ ਜਾਂਦਾ ਹੈ। ਪਹਿਲੇ ਸਮਿਆਂ ਵਿਚ ਔਰਤਾਂ ਤੜਕਸਾਰ ਉਠ ਕੇ ਨੇਮ ਨਾਲ ਦੁੱਧ-ਦਹੀਂ ਰਿੜਕਦੀਆਂ ਸਨ ਤੇ ਨਾਲ ਹੀ ਨਾਮ ਜਪਦੀਆਂ ਜਾਂਦੀਆਂ ਸਨ। ਦਹੀਂ ਰਿੜਕਣ ਦੀ ਪ੍ਰਕ੍ਰਿਆ ਲੱਸੀ ਵਿਚੋਂ ਮੱਖਣ ਕੱਢਣ ਨਾਲ ਸਿਰੇ ਚੜ੍ਹਦੀ ਸੀ ਤੇ ਫਿਰ ਔਰਤਾਂ ਲੱਸੀ ਵਗੈਰਾ ਨੂੰ ਸਾਂਭਣ ਦੇ ਆਹਰ ਵਿਚ ਜੁਟ ਜਾਂਦੀਆਂ ਸਨ। ਦਹੀਂ ਰਿੜਕਣ ਦਾ ਕੰਮ ਅਕਸਰ ਤੜਕਸਾਰ ਕਰ



**ਡਾ. ਪ੍ਰਿਤਪਾਲ ਸਿੰਘ ਮਹਿਰੋਕ**
**ਫੋਨ: 91-98885-10185**

ਲਿਆ ਜਾਂਦਾ ਸੀ। ਉਹ ਵੀ ਸਮੇਂ ਸਨ, ਜਦੋਂ ਸਵੇਰ ਸਾਰ ਚਾਟੀ ਵਿਚ ਮਧਾਣੀ ਪੈ ਜਾਂਦੀ ਸੀ ਅਤੇ ਮਧਾਣੀਆਂ ਦੇ ਘੁੰਮਣ ਦੀ ਘੂੰਅ ਘੂੰਅ ਦੀ ਅਵਾਜ਼ ਨਾਲ ਘਰ ਤੇ ਚੌਗਿਰਦਾ ਝੂਮ ਉਠਦਾ ਸੀ।

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ, "ਮਧਾਣੀ ਦਹੀਂ ਨੂੰ ਰਿੜਕਣ ਵਾਲਾ ਇਕ ਡੰਡਾ ਹੁੰਦਾ ਹੈ, ਜਿਸ ਦੇ ਹੇਠਾਂ ਫੁੱਲ ਦੀ ਸ਼ਕਲ ਦਾ ਚੱਕਰ ਬਣਿਆ ਹੁੰਦਾ ਹੈ। ਇਸ ਨਾਲ ਨੇਤਰਾ ਬੰਨ੍ਹ ਕੇ ਦਹੀਂ ਨੂੰ ਚਾਟੀ ਵਿਚ ਪਾ ਕੇ ਮਥਿਆ (ਰਿੜਕਿਆ) ਜਾਂਦਾ ਹੈ। ਦਹੀਂ ਨੂੰ ਮੱਥਣ ਦੀ ਪਰੰਪਰਾ ਬਹੁਤ ਪੁਰਾਣੀ ਹੈ।" (ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 1877)। ਵਾਰਿਸ ਸ਼ਾਹ ਨੇ ਉਨ੍ਹਾਂ ਸਮਿਆਂ ਦੇ ਦ੍ਰਿਸ਼ਾਂ ਨੂੰ ਬਾਖੂਬੀ ਚਿਤਰਿਆ ਹੈ,

ਚਿੜੀ ਚੂਕਦੀ ਨਾਲ ਜਾ ਤੁਰੇ ਪਾਂਧੀ
ਪਈਆਂ ਦੁੱਧ ਦੇ ਵਿਚ ਮਧਾਣੀਆਂ ਨੀ।
ਇਕਨਾ ਉਠ ਕੇ ਰਿੜਕਣਾ ਪਾ ਦਿੱਤਾ
ਇੱਕ ਧੋਂਦੀਆਂ ਫਿਰਨ ਮਧਾਣੀਆਂ ਨੀ।

ਮਧਾਣੀ ਦਾ ਮੁੱਖ ਧੁਰਾ ਲੱਕੜ ਦਾ ਬਣਿਆ ਕੋਈ ਤਿੰਨ ਕੁ ਫੁੱਟ ਦਾ ਗੋਲਾਕਾਰ ਡੰਡਾ ਹੁੰਦਾ ਹੈ। ਉਸ ਡੰਡੇ ਦੇ ਹੇਠਲੇ ਸਿਰੇ 'ਤੇ ਗਿੱਠ ਕੁ ਦੇ ਕਰੀਬ ਜਾਂ ਉਸ ਤੋਂ ਕੁਝ ਘੱਟ ਲੱਕੜੀ ਦੇ ਚਰਖੜੀ ਵਰਗੇ ਦੋ ਟੁਕੜੇ ਫਿੱਟ ਕੀਤੇ ਗਏ ਹੁੰਦੇ ਹਨ। ਗੋਲਾਈ ਵਾਲੇ ਮੁੱਖ ਡੰਡੇ ਉਪਰਲੇ ਹਿੱਸੇ 'ਤੇ ਗੋਲਾਈ ਵਿਚ ਹੀ ਕੁਝ ਵੱਢ੍ਹੇ (ਬਾਰੀਕ ਝਰੀਆਂ) ਹੁੰਦੇ ਹਨ। ਮਧਾਣੀ ਨਾਲ ਬੰਨ੍ਹੇ ਘੁੰਗਰੂਆਂ ਦੀ ਛਣਛਣ ਦੀਆਂ ਅਵਾਜ਼ਾਂ ਜਿਵੇਂ ਕਿਸੇ ਅਜੀਬ ਵੰਨਗੀ ਦੀ ਧੁਨ ਛੇੜ ਦਿੰਦੀਆਂ ਸਨ। ਉਹ ਅਵਾਜ਼ਾਂ ਸੰਗੀਤ ਨਾਲ ਉਪਜਦੀ ਸੁਰ-ਤਾਲ ਦੀ ਲੈਆਤਮਕ ਧੁਨ ਦਾ ਅਹਿਸਾਸ ਕਰਵਾਉਣ ਵਾਲੀਆਂ ਹੁੰਦੀਆਂ ਸਨ। ਮਧਾਣੀ ਵਿਚ ਪਈਆਂ ਝਰੀਆਂ ਦੁਆਲੇ ਵਲੇ ਨੇਤਰੇ (ਡੋਰੀ) ਨਾਲ ਮਧਾਣੀ ਨੂੰ ਘੁਮਾਇਆ ਜਾਂਦਾ ਹੈ। ਹੇਠਾਂ ਘੜਵੰਜੀ ਉਤੇ ਚਾਟੀ ਟਿਕਾਈ ਜਾਂਦੀ ਹੈ, ਜਿਸ ਵਿਚ ਰਿੜਕਣ ਵਾਲਾ ਦਹੀਂ ਪਾਇਆ ਜਾਂਦਾ ਹੈ। ਚਾਟੀ ਮਿੱਟੀ ਦਾ ਬਣਿਆ ਤੇ ਪਕਾਇਆ ਖੁੱਲ੍ਹੇ ਮੂੰਹ ਵਾਲਾ, ਖੁੱਲ੍ਹਾ ਭਾਂਡਾ ਹੁੰਦੀ ਹੈ। ਮਧਾਣੀ ਨੂੰ ਕੁੜ ਵਿਚ ਟਿਕਾ ਲਿਆ ਜਾਂਦਾ ਹੈ। ਕੁੜ ਲੱਕੜ ਦਾ ਬਣਿਆ ਯੂ ਆਕਾਰ ਦਾ ਹੋਲਡਰ ਹੁੰਦਾ ਹੈ। ਕੁੜ ਦੇ ਦੋਹਾਂ ਸਿਰਿਆਂ 'ਤੇ ਇੱਕ ਪੱਕੀ ਸੂਤੀ ਰੱਸੀ ਬੰਨ੍ਹੀ ਹੁੰਦੀ ਹੈ। ਉਸ ਨੂੰ ਚਾਟੀ 'ਤੇ ਰੱਖ ਕੇ ਵਿਚੋਂ ਮਧਾਣੀ ਦਾ ਡੰਡਾ ਲੰਘਾਇਆ ਜਾਂਦਾ ਹੈ। ਚਾਟੀ ਘੜਵੰਜੀ 'ਤੇ ਰੱਖੀ ਹੁੰਦੀ ਹੈ। ਕੁੜ ਨੂੰ ਚਾਟੀ 'ਤੇ ਰੱਖ ਕੇ ਉਸ ਵਿਚੋਂ ਮਧਾਣੀ ਦੇ ਡੰਡੇ ਨੂੰ ਲੰਘਾ ਕੇ ਘੜਵੰਜੀ 'ਤੇ ਲੱਗੇ ਡੰਡੇ ਨਾਲ ਕੱਸ ਕੇ ਬੰਨ੍ਹ ਦਿੱਤਾ ਜਾਂਦਾ ਹੈ। ਇਸ ਸਥਿਤੀ ਵਿਚ ਟਿਕਾ ਕੇ ਮਧਾਣੀ ਨੂੰ ਚਾਟੀ ਵਿਚ ਘੁੰਮਾਇਆ ਜਾਂਦਾ ਹੈ। ਮਧਾਣੀ ਨੂੰ ਨੇਤਰੇ ਨਾਲ ਘੁੰਮਾਇਆ ਜਾਂਦਾ ਹੈ। ਨੇਤਰੇ ਦੇ ਦੋਹਾਂ ਸਿਰਿਆਂ ਨੂੰ ਫੜਨ ਲਈ ਸਿਰਿਆਂ 'ਤੇ ਲੱਕੜ ਦੀ ਇੱਕ ਇੱਕ ਗੋਲ ਗੁੱਲੀ ਬੰਨ੍ਹ ਦਿੱਤੀ ਜਾਂਦੀ ਸੀ। ਉਨ੍ਹਾਂ ਗੁੱਲੀਆਂ ਵਿਚ ਉਂਗਲਾਂ ਫਸਾ ਕੇ ਮਧਾਣੀ ਨੂੰ ਆਸਾਨੀ ਨਾਲ ਘੁੰਮਾਇਆ ਜਾ ਸਕਦਾ ਹੈ। ਪਕੜ ਵੀ ਚੰਗੀ ਬਣੀ ਰਹਿੰਦੀ।

ਪੰਜਾਬੀ ਲੋਕਧਾਰਾ ਵਿਚ ਮਧਾਣੀ ਦਾ ਜ਼ਿਕਰ ਬਹੁਤ ਥਾਂਈਂ ਬੜੀ ਸ਼ਿੱਦਤ ਨਾਲ ਕੀਤਾ ਗਿਆ ਮਿਲਦਾ ਹੈ। ਮਧਾਣੀ ਦਾ ਸੰਦ ਕਿਉਂਕਿ ਲੋਕ ਮਨ ਦੀ ਕਾਢ ਮੰਨਿਆ ਜਾਂਦਾ ਹੈ, ਇਸ ਲਈ ਲੋਕਧਾਰਾ ਵਿਚ ਉਸ ਦਾ ਵਰਣਨ ਕੀਤਾ ਜਾਣਾ ਮਹਿਜ ਸੁਭਾਵਿਕ ਵਰਤਾਰਾ ਬਣ ਜਾਂਦਾ ਹੈ ਤੇ ਮਧਾਣੀ ਨਾਲ ਸਬੰਧਤ ਕਈ ਗੀਤ ਵੀ ਲੋਕ ਗੀਤ ਦਾ ਦਰਜਾ ਹਾਸਲ ਕਰ ਲੈਂਦੇ ਹਨ,

ਮਧਾਣੀਆਂ...
ਹਾਏ ਉਇ ਡਾਢਿਆ ਰੱਬਾ
ਕਿਨ੍ਹਾਂ ਜੰਮੀਆਂ, ਕਿਨ੍ਹਾਂ ਨੇ ਲੈ ਜਾਣੀਆਂ।

ਮਧਾਣੀਆਂ, ਮਧਾਣੀਆਂ, ਮਧਾਣੀਆਂ
ਪੇਕੇ ਦੋਵੇਂ ਭੈਣਾਂ ਨੱਚੀਆਂ
ਸਹੁਰੇ ਨੱਚੀਆਂ ਦਰਾਣੀਆਂ ਜਠਾਣੀਆਂ।

ਇਕ ਪੰਜਾਬੀ ਲੋਕ ਗੀਤ ਦੀ ਇੱਕ ਹੋਰ ਤੁਕ ਵਿਚ ਧਾਰ ਕੱਢਣ ਤੇ ਦੁੱਧ ਰਿੜਕਣ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ,

ਦੁੱਧ ਰਿੜਕੇ ਝਾਂਜਰਾਂ ਵਾਲੀ
ਕੈਂਠੇ ਵਾਲਾ ਧਾਰ ਕੱਢਦਾ।

ਮਧਾਣੀ ਮੇਰੀ ਰੰਗਲੀ
ਤੇ ਚਾਟੀ ਮੇਰੀ ਕੋਰੀ,
ਅੱਧ ਰਿੜਕੇ ਦਾ ਛੰਨਾ ਪੀ ਜਾ
ਸੱਸ ਚੰਦਰੀ ਤੋਂ ਚੋਰੀ।

ਦੁੱਧ-ਦਹੀਂ ਨੂੰ ਰਿੜਕਣਾ ਤੇ ਚਾਟੀਆਂ ਨੂੰ ਮਾਂਜਣਾ, ਕੂਚਣਾ, ਧੋਣਾ, ਸੰਵਾਰਨਾ, ਸੁਕਾਉਣਾ ਆਦਿ ਬਹੁਤ ਕਠਿਨ ਕੰਮ ਸਮਝੇ ਜਾਂਦੇ ਸਨ। ਅਜਿਹਾ ਕੰਮ ਕਰਦੀ ਕਰਦੀ ਥੱਕ ਹਾਰ ਗਈ ਇੱਕ ਸੁਆਣੀ ਆਪਣੇ ਮਨ ਦਾ ਦਰਦ ਇੰਜ ਪ੍ਰਗਟਾਉਂਦੀ ਹੈ,

ਕੂਚ ਕੂਚ ਚਾਟੀਆਂ ਮੈਂ ਹੇਠਾਂ ਉਤੇ ਰੱਖੀਆਂ
ਉਤਲੀ ਚਾਟੀ ਵਿਚ ਲੱਸੀ ਮਾਏ ਮੇਰੀਏ
ਸੌਂਕਣ ਬੜੀ ਕੁਪੱਤੀ ਮਾਏ ਮੇਰੀਏ।

ਸੱਸੂ ਨੇ ਤਾਂ ਪਾ ਲੀ ਮਧਾਣੀ
ਉਠ ਕੇ ਵੱਡੇ ਤੜਕੇ,
ਮੈਨੂੰ ਕਹਿੰਦੀ ਚੱਕੀ ਝੋਅ ਲੈ
ਕੰਮ ਮੁਕਾਈਏ ਰਲ ਕੇ,
ਉਠਿਆ ਨਾ ਜਾਏ ਸੱਸੀਏ
ਨੀਂਦ ਅੱਖਾਂ ਵਿਚ ਰੜਕੇ।

ਦਹੀਂ ਰਿੜਕਣ ਵਾਲੀਆਂ ਔਰਤਾਂ ਦੀ ਇਸ ਪ੍ਰਕ੍ਰਿਆ ਦੌਰਾਨ ਸਰੀਰਕ ਕਸਰਤ ਵੀ ਹੋ ਜਾਂਦੀ ਸੀ। ਉਹ ਤੰਦਰੁਸਤ ਰਹਿੰਦੀਆਂ ਸਨ। ਉਹ ਹੱਥੀਂ ਕੰਮ ਕਰਨ ਵਿਚ ਵਿਸ਼ਵਾਸ ਰੱਖਦੀਆਂ ਸਨ। ਹੱਥੀਂ ਕੰਮ ਕਰਕੇ ਉਹ ਤਸੱਲੀ ਮਹਿਸੂਸ ਕਰਦੀਆਂ ਸਨ। ਚਾਟੀ ਦੀ ਲੱਸੀ ਨੂੰ ਘਰ ਦੀ ਬਰਕਤ ਸਮਝਿਆ ਜਾਂਦਾ ਸੀ। ਗਰਮੀਆਂ ਦੇ ਦਿਨੀਂ ਵਰਦਾਨ ਸਮਝੀ ਜਾਣ ਵਾਲੀ ਲੱਸੀ ਨੂੰ ਆਂਢ-ਗੁਆਂਢ ਵਿਚ ਵੀ ਭੇਜ ਦਿੱਤਾ ਜਾਂਦਾ ਸੀ ਜਾਂ ਆਂਢੀ-ਗੁਆਂਢੀ ਆਪ ਆ ਕੇ ਲੱਸੀ ਲੈ ਜਾਂਦੇ ਸਨ। ਕੱਚੇ ਕੋਰੇ ਘੜੇ ਜਾਂ ਮਟਕੀ ਵਿਚ ਸਾਂਭ ਕੇ ਰੱਖੀ ਲੱਸੀ ਨੂੰ ਦਿਨ ਭਰ ਲਈ ਪੀਣ ਵਾਸਤੇ ਵਰਤ ਲਿਆ ਜਾਂਦਾ ਸੀ।

ਖੂਹ ਵਿਚ ਪਾਣੀ, ਮਾਂ ਮੇਰੀ ਰਾਣੀ
ਕੱਢੇਗੀ ਕਸੀਦੜਾ, ਪਾਏਗੀ ਮਧਾਣੀ।

ਮਧਾਣੀ ਦੇ ਨਾਲ-ਨਾਲ ਕਈ ਲੋਕ ਗੀਤਾਂ 'ਚ ਚਾਟੀ ਦਾ ਜ਼ਿਕਰ ਵੀ ਆਉਂਦਾ ਹੈ। ਇਨ੍ਹਾਂ ਦੋਹਾਂ ਦੀ ਸਾਂਝ ਕਿਉਂਕਿ ਸਦੀਵੀ ਹੈ, ਇਸ ਲਈ ਚਾਟੀ ਦੀ ਗੱਲ ਕਰਨ ਵਾਲੇ ਲੋਕ ਗੀਤ ਵੀ ਵੇਖਦੇ ਹਾਂ,

ਬੀਕਾਨੇਰ 'ਚੋਂ ਊਠ ਲਿਆਂਦਾ,
ਦੇ ਕੇ ਰੋਕ ਪਚਾਸੀ
ਸ਼ਹਿਣੇ ਦੇ ਵਿਚ ਝਾਂਜਰ ਬਣਦੀ
ਮੁਕਤਸਰ ਬਣਦੀ ਕਾਠੀ
ਰਉਂਤੇ ਦੇ ਵਿਚ ਬਣਦੇ ਖੂੰਡੇ
ਧੁਰ ਭਦੌੜ ਦੀ ਚਾਟੀ।

ਮਧਾਣੀ ਨਾਲ ਰਿੜਕੇ ਦੁੱਧ ਵਿਚੋਂ ਮੱਖਣ ਕੱਢ ਲਿਆ ਜਾਂਦਾ ਹੈ ਤੇ ਉਸ ਨੂੰ ਉਬਾਲ ਕੇ ਘਿਓ ਬਣਾਇਆ ਜਾਂਦਾ ਹੈ। ਉਪਰੋਂ ਉਪਰੋਂ ਘਿਓ ਵੱਖ ਕਰ ਲਿਆ ਜਾਂਦਾ ਹੈ। ਭਾਂਡੇ ਵਿਚ ਲੱਸੀ ਰਲਿਆ ਤਿਰਮਿਰਾ ਜਿਹਾ ਪਦਾਰਥ ਥੱਲੇ ਲੱਗਿਆ ਰਹਿ ਜਾਂਦਾ ਹੈ। ਉਸ ਵਿਚ ਘਿਓ ਦੀ ਵੀ ਮਾਮੂਲੀ ਮਾਤਰਾ ਰਹਿ ਜਾਂਦੀ ਹੈ। ਉਸ ਪਦਾਰਥ ਨੂੰ ਝਹੇੜੂ ਕਹਿ ਲਿਆ ਜਾਂਦਾ ਹੈ। ਕਈ ਜੁਗਤੀ ਔਰਤਾਂ ਝਹੇੜੂ ਨੂੰ ਰੋਟੀਆਂ ਚੋਪੜਣ ਲਈ ਵਰਤ ਲੈਂਦੀਆਂ ਹਨ। ਮੱਖਣ, ਘਿਓ, ਲੱਸੀ, ਝਹੇੜੂ ਆਦਿ ਦੀਆਂ ਬਰਕਤਾਂ ਪ੍ਰਦਾਨ ਕਰਨ ਪਿੱਛੇ ਮਧਾਣੀ ਇੱਕ ਅਹਿਮ ਸੰਦ ਵਜੋਂ ਕੰਮ ਕਰਦੀ ਆਈ ਹੈ। ਹੁਣ ਦੁੱਧ, ਦਹੀਂ, ਮੱਖਣ, ਘਿਓ, ਪਨੀਰ, ਲੱਸੀ, ਖੀਰ ਆਦਿ ਪਦਾਰਥਾਂ ਦਾ ਉਤਪਾਦਨ ਵੱਡੀਆਂ ਵੱਡੀਆਂ ਕੰਪਨੀਆਂ ਕਰਨ ਲੱਗ ਪਈਆਂ ਹਨ ਤੇ ਇਹ ਸਾਰਾ ਕੁਝ ਵੱਡੇ ਵੱਡੇ ਬਰਾਂਡਾਂ ਦੇ ਨਾਂ ਹੇਠ ਡੱਬਾ ਬੰਦ, ਲਿਫਾਫੇ ਬੰਦ ਤੇ ਬੰਦ ਪੈਕ ਦੇ ਵੰਨ-ਸੁਵੰਨੇ ਰੂਪਾਂ ਵਿਚ ਉਪਲੱਬਧ ਹੋ ਜਾਂਦਾ ਹੈ।

ਕਈ ਵਾਰ ਬਿਨਾ ਕਿਸੇ ਗੱਲ ਤੋਂ ਐਵੇਂ ਹੀ ਵਧ ਗਏ ਝਗੜੇ ਜਾਂ ਫਜ਼ੂਲ ਦੀ ਬਹਿਸ ਲਈ 'ਪਾਣੀ ਵਿਚ ਮਧਾਣੀ ਪਾਉਣਾ' ਮੁਹਾਵਰਾ ਆਮ ਵਰਤ ਲਿਆ ਜਾਂਦਾ ਹੈ। ਮਧਾਣੀ ਪੰਜਾਬੀ ਲੋਕ ਜੀਵਨ ਤੇ ਪੰਜਾਬੀ ਲੋਕ ਸਾਹਿਤ ਦੇ ਬਹੁਤ ਕਰੀਬ ਰਹੀ ਹੈ। ਹੁਣ ਕੁਝ ਦਿਨਾਂ ਦੀ ਇਕੱਠੀ ਕੀਤੀ ਮਲਾਈ, ਦੁੱਧ ਦੀ ਕਰੀਮ ਤੇ ਦਹੀਂ ਆਦਿ ਨੂੰ ਬਿਜਲੀ ਨਾਲ ਚੱਲਣ ਵਾਲੀਆਂ ਮਧਾਣੀਆਂ, ਮਿਕਸਚਰ, ਗਰਾਈਂਡਰ, ਬਲੈਂਡਰ ਆਦਿ ਨਾਲ ਰਿੜਕ ਕੇ ਮੱਖਣ ਬਣਾ ਲਿਆ ਜਾਂਦਾ ਹੈ। ਵੱਡੀ ਤਬਦੀਲੀ ਆ ਜਾਣ ਦੇ ਬਾਵਜੂਦ ਦਹੀਂ ਰਿੜਕਣ ਵਾਲੀ ਪੁਰਾਣੀ ਮਧਾਣੀ ਦੇ ਮਹੱਤਵ ਨੂੰ ਛੁਟਿਆਇਆ ਨਹੀਂ ਜਾ ਸਕਦਾ। ਮਧਾਣੀ ਕਿਸੇ ਨਾ ਕਿਸੇ ਬਦਲੇ ਰੂਪ ਵਿਚ ਹੁਣ ਵੀ ਲੋਕ ਜੀਵਨ ਵਿਚ ਇਕ ਅਹਿਮ ਸੰਦ ਦਾ ਦਰਜਾ ਰੱਖਦੀ ਹੈ।

# ਖੇਡਣ ਦਾ ਦਸਤੂਰ

*(ਪਿਛਲੇ ਸਫੇ ਦੀ ਬਾਕੀ)*

ਲਈ; ਪਰ ਇਹ ਖੇਡ ਭਾਵਨਾ ਦੇ ਉਲਟ।

ਖੇਡਣਾ, ਖੁਦ ਨੂੰ ਭੁੱਲਣਾ, ਸਰੀਰਕ ਚੋਟਾਂ ਤੋਂ ਲਾਪ੍ਰਵਾਹੀ, ਬਿਹਤਰੀਨ ਪ੍ਰਦਰਸ਼ਨ ਲਈ ਹਰ ਸੰਭਵ ਕੋਸ਼ਿਸ਼ ਅਤੇ ਸਾਰੀ ਤਾਕਤ ਨੂੰ ਖੇਡ ਦੇ ਨਾਮ ਕਰਨਾ। ਕਿਸੇ ਸੰਕੋਚ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ।

ਸਮਾਂ ਜਰੂਰ ਕੱਢਣਾ ਪਾਲਤੂ ਜਾਨਵਰਾਂ ਜਾਂ ਪਰਿੰਦਿਆਂ ਨਾਲ ਖੇਡਣ ਲਈ, ਰਾਹਤ ਮਿਲੇਗੀ। ਸਾਰੇ ਦਿਨ ਦੀ ਥਕਾਵਟ ਲੱਥ ਜਾਵੇਗੀ ਅਤੇ ਤਰੋਤਾਜ਼ਾ ਹੋ ਨਵੀਂ ਅਰੰਭਤਾ ਕਰ ਸਕੋਗੇ। ਬੱਚਿਆਂ ਨਾਲ ਖੇਡ ਕੇ ਵਕਤ ਨੂੰ ਸਾਰਥਕ ਕਰੋ। ਬੱਚਿਆਂ ਨਾਲ ਮੋਹ ਦੀਆਂ ਤੰਦਾਂ ਮਜ਼ਬੂਤ ਹੋਣਗੀਆਂ। ਬੱਚਿਆਂ ਦੇ ਬਹੁਤ ਨਜ਼ਦੀਕ ਹੋ ਕੇ ਉਨ੍ਹਾਂ ਦੀ ਮਾਨਸਿਕਤਾ ਪੜ੍ਹ ਸਕੋਗੇ। ਤਿਤਲੀਆਂ ਨਾਲ ਖੇਡਦੇ ਬੱਚਿਆਂ ਨੂੰ ਦੇਖਣਾ, ਉਨ੍ਹਾਂ ਦੀ ਬਚਪਨੀ ਬੇਪ੍ਰਵਾਹੀ, ਮੁਖੜੇ 'ਤੇ ਖੇੜੇ ਤੇ ਖੁਸ਼ੀ ਦੀ ਆਭਾ, ਤੁਹਾਨੂੰ ਵੀ ਜਿਉਣ ਜੋਗਾ ਕਰ ਦੇਵੇਗੀ।

ਖੇਡਣ ਪ੍ਰਤੀ ਸੋਚਦਿਆਂ ਬਚਪਨੀ ਖਿੱਦੋਖੂੰਡੀ, ਖੁੱਤੀ, ਖੋ-ਖੋ ਨੂੰ ਯਾਦ ਕਰਨਾ। ਤੁਹਾਨੂੰ ਬਚਪਨੀ ਪਲਾਂ ਵਿਚ ਵਿਚਰ ਕੇ ਸਕੂਨ ਮਿਲੇਗਾ।

ਕਦੇ ਬੱਚਿਆਂ ਨੂੰ ਖਿਡੌਣਿਆਂ ਅਤੇ ਬੱਚੀਆਂ ਨੂੰ ਗੁੱਡੀਆਂ-ਪਟੋਲਿਆਂ ਨਾਲ ਖੇਡਦਿਆਂ, ਗੁੱਡੇ-ਗੁੱਡੀ ਦਾ ਵਿਆਹ ਰਚਾਉਂਦਿਆਂ ਦੇਖਣਾ, ਉਨ੍ਹਾਂ ਦੀ ਅਰਧ-ਚੇਤਨਾ ਵਿਚ ਆਪਣੇ ਭਵਿੱਖਤ ਜੀਵਨ ਦੀਆਂ ਬਹੁਤ ਸਾਰੀਆਂ ਤੰਦਾਂ ਦ੍ਰਿਸ਼ਟਮਾਨ ਹੋ ਜਾਣਗੀਆਂ। ਬੱਚੇ ਖਿਡੌਣਿਆਂ ਨਾਲ ਖੇਡਦਿਆਂ ਬਹੁਤ ਕੁਝ ਸਿੱਖਦੇ। ਪਿਆਰ ਦਾ ਅਨੁਭਵ, ਭਾਈਵਾਲਤਾ ਦੀ ਸੁਰ ਅਤੇ ਸੁਪਨਈ ਦੁਨੀਆਂ ਵਸਾਉਣ ਦਾ ਅਚੰਭਤ ਵਰਤਾਰਾ ਵੀ ਪੈਦਾ ਹੁੰਦਾ।

ਜੀਵਨ ਦੇ ਪੱਤੇ ਲੁਕੋ ਨੇ ਨਾ ਰੱਖੋ। ਇਨ੍ਹਾਂ ਨੂੰ ਚੰਗੀ ਤਰ੍ਹਾਂ ਨਾਲ ਖੇਡੋ। ਅੱਖਾਂ ਖੋਲ ਕੇ ਅਤੇ ਸਮਝ ਕੇ ਤਾਂ ਇਸ ਦੁਨੀਆਂ ਦੇ ਨਾਂਵੇਂ ਨਰੋਈਆਂ ਪੈੜਾਂ ਦੇ ਹਸਤਾਖਰ ਕਰ ਸਕੋ।

ਕਦੇ ਵੀ ਕਿਸੇ ਹਾਮੀ ਭਰਨ ਵਾਲੇ ਹਮਦਰਦ ਦੀਆਂ ਭਾਵਨਾਵਾਂ ਨਾਲ ਨਾ ਖੇਡੋ, ਕਿਉਂਕਿ ਭਲੇ ਹੀ ਤੁਸੀਂ ਜਿੱਤ ਜਾਵੋ, ਪਰ ਤੁਸੀਂ ਇਕ ਹਮਦਰਦ ਨੂੰ ਸਦਾ ਲਈ ਗਵਾ ਲੈਂਦੇ ਹੋ। ਇਹ ਜਿੱਤਣਾ, ਹਾਰਨ ਨਾਲੋਂ ਮਾੜਾ ਹੁੰਦਾ।

ਖੇਡਣਾ, ਜੀਵਨ ਵਿਚ ਖਲਲ ਨਹੀਂ, ਸਗੋਂ ਖਾਸੀਅਤ ਹੁੰਦਾ। ਜੀਵਨ ਦੀ ਰੰਗ-ਬਿਰੰਗਤਾ ਨੂੰ ਨਵੀਂ ਨੁਹਾਰ ਬਖਸ਼ਦਾ।

ਖੇਡਣ ਦੀ ਖੂਬਸੂਰਤੀ ਹੀ ਇਸ ਵਿਚ ਹੈ ਕਿ ਉਸ ਵਕਤ ਵੀ ਰੂਹਦਾਰੀ ਨਾਲ ਖੇਡਦੇ ਰਹੋ, ਜਦੋਂ ਤੁਹਾਨੂੰ ਕੋਈ ਨਹੀਂ ਦੇਖਦਾ, ਪਰ ਤੁਸੀਂ ਖੁਦ ਨੂੰ ਦੇਖ ਰਹੇ ਹੁੰਦੇ ਹੋ। ਖੁਦ ਨਾਲ ਖੇਡਣ ਵਾਲੇ ਹੀ ਖੇੜਿਆਂ ਤੇ ਖੁਸ਼ੀਆਂ ਦਾ ਖਲਿਆਣ ਇਕੱਠਾ ਕਰਦੇ।

ਉਮਰ ਦੇ ਵਧਣ ਨਾਲ ਅਸੀਂ ਇਸ ਲਈ ਨਹੀਂ ਖੇਡਦੇ ਕਿ ਅਸੀਂ ਬੁੱਢੇ ਹੋ ਗਏ ਹਾਂ, ਸਗੋਂ ਅਸੀਂ ਬੁੱਢੇ ਹੀ ਇਸ ਕਰਕੇ ਹੁੰਦੇ ਹਾਂ ਕਿ ਅਸੀਂ ਕੋਈ ਖੇਡ ਨਹੀਂ ਖੇਡਦੇ।

ਅੱਗ ਦਾ ਸੁਰੱਖਿਅਤ ਤੇ ਸਹਿਜ ਭਰਿਆ ਸਾਥ, ਸੁਖਨਮਈ ਵਰਤਾਰਾ; ਪਰ ਅੱਗ ਨਾਲ ਖੇਡਣਾ, ਖੁਦ ਦੀ ਬਰਬਾਦੀ। ਅੱਗ, ਮਨੁੱਖ ਅਤੇ ਆਲੇ-ਦੁਆਲੇ ਨੂੰ ਸਵਾਹ ਕਰਦੀ। ਫਿਰ ਇਹ ਸਵਾਹ ਉਡ ਕੇ ਅੱਖਾਂ ਵਿਚ ਧੁੰਦਲਕਾ ਪੈਦਾ ਕਰਦੀ। ਨਫਰਤੀ ਅੱਗ ਨਾਲ ਖੇਡਣ ਵਾਲੇ ਉਜਾੜਿਆਂ ਦੀ ਦਾਸਤਾਨ ਹੁੰਦੇ।

ਖੇਡ ਦੌਰਾਨ ਕੁਝ ਪਲਾਂ ਵਿਚ ਹੀ ਵਿਅਕਤੀ ਦੀਆਂ ਉਹ ਪਰਤਾਂ ਨਸ਼ਰ ਹੁੰਦੀਆਂ, ਜਿਨ੍ਹਾਂ ਦਾ ਉਮਰ ਭਰ ਦੀਆਂ ਨਜ਼ਦੀਕੀਆਂ ਨਾਲ ਵੀ ਪਤਾ ਨਹੀਂ ਲੱਗਦਾ।

ਦੁਨੀਆਂ ਤਾਂ ਤਾਸ਼ ਵਾਂਗ ਖੇਡਦੀ ਰਹੀ ਸਾਡੀਆਂ ਹੀ ਭਾਵਨਾਵਾਂ ਨਾਲ, ਪਰ ਕਮਾਲ ਦੀ ਗੱਲ ਕਿ ਪੱਤੇ ਦੋਹਾਂ ਨੇ ਸੁੱਟੇ। ਜਿਹੜਾ ਜਿੱਤਿਆ ਉਸ ਨੇ ਵੀ ਪੱਤੇ ਸੁੱਟੇ ਅਤੇ ਜਿਹੜਾ ਹਾਰਿਆ, ਉਸ ਨੇ ਵੀ ਪੱਤੇ ਸੁੱਟੇ।

ਕੌਣ ਜਿੱਤਦਾ ਹੈ ਅਤੇ ਕੌਣ ਹਾਰਦਾ ਹੈ, ਇਹ ਬਹੁਤੇ ਮਾਅਨੇ ਨਹੀਂ ਰੱਖਦਾ, ਸਗੋਂ ਇਹ ਜ਼ਿਆਦਾ ਅਹਿਮ ਹੁੰਦਾ ਕਿ ਕੌਣ, ਕਿਸ ਤਰ੍ਹਾਂ ਅਤੇ ਕਿਸ ਨੀਅਤ ਨਾਲ ਖੇਡਦਾ ਹੈ?

ਜ਼ਿੰਦਗੀ ਇਕ ਖੇਡ-ਤਮਾਸ਼ਾ। ਜ਼ਿੰਦਗੀ ਦੀ ਆਖਰ ਮੰਜ਼ਿਲ ਪਤਾ ਹੁੰਦਿਆਂ ਵੀ ਅਸੀਂ ਖੇਡਣ ਵਿਚ ਸਦਾ ਮਸ਼ਰੂਫ। ਜ਼ਿੰਦਗੀ ਇਕ ਖੇਡ ਹੈ। ਇਹ ਤਾਂ ਮਨੁੱਖ ਨੇ ਖੁਦ ਨਿਸ਼ਚਿਤ ਕਰਨਾ ਹੈ ਕਿ ਉਸ ਨੇ ਖੇਡਣਾ ਹੈ ਜਾਂ ਖੇਡ ਬਣਨਾ ਹੈ।

ਖੇਡਣ ਦੌਰਾਨ ਕੋਈ ਤੌਖਲਾ, ਡਰ ਜਾਂ ਸਹਿਮ ਨਹੀਂ ਹੋਣਾ ਚਾਹੀਦਾ। ਜੇ ਮਨ ਵਿਚ ਹਾਰਨ ਦਾ ਡਰ ਹੋਵੇ ਤਾਂ ਸੋਚ ਵਿਚ ਜਿੱਤਣ ਦੀ ਤਮੰਨਾ ਕਦੇ ਪੈਦਾ ਹੀ ਨਹੀਂ ਹੋ ਸਕਦੀ।

ਰੰਗਾਂ ਨਾਲ ਖੇਡਦੀ ਲੋਕਾਈ ਦੇ ਚਿਹਰਿਆਂ 'ਤੇ ਗੁਲਾਲ ਖੇਡਦਾ। ਇਹ ਹੋਲੀ ਦੀ ਰੂਹਾਨੀ ਅਤੇ ਜਿਸਮਾਨੀ ਤਰਜਮਾਨੀ ਨੂੰ ਤਰੰਗਤ ਕਰਦਾ।

ਕਿਸੇ ਪਖੰਡੀ ਦੇ ਦੁਆਰੇ ਖੇਡਣਾ, ਜਦ ਮਾਨਸਿਕ ਬਿਮਾਰੀਆਂ ਦਾ ਰੂਪ ਵਟਾਵੇ ਤਾਂ ਮਾਨਸਿਕ ਗੁੰਝਲਾਂ ਨੂੰ ਜੱਗ-ਜਾਹਰ ਕਰ ਜਾਵੇ। ਸੂਖਮ ਮਨ ਦੀਆਂ ਅਜਿਹੀਆਂ ਪਰਤਾਂ ਨੂੰ ਸਾਹਮਣੇ ਲਿਆਵੇ, ਜਿਨ੍ਹਾਂ 'ਤੇ ਇਹ ਜੱਗ-ਚੰਦਰਾ ਪੜਦਾ ਪਾਵੇ। ਧੀਆਂ-ਧਿਆਣੀਆਂ ਜਾਂ ਨਵ-ਵਿਆਹੀਆਂ ਨੂੰ ਪਖੰਡੀਆਂ ਸਾਹਮਣੇ ਖੇਡਣ ਦੀ ਨੌਬਤ ਹੀ ਨਾ ਆਵੇ, ਜੇ ਸਮਾਜ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਪਾਉਣੀ ਸਿੱਖ ਜਾਵੇ।

ਖੇਡਣਾ, ਖੁਸ਼ ਰਹਿਣ, ਖਰਮਸਤੀਆਂ ਕਰਨ ਅਤੇ ਕਿਰਿਆਸ਼ੀਲਤਾ ਨੂੰ ਕਰਮਯੋਗਤਾ ਬਣਾਉਣ ਲਈ ਸਭ ਤੋਂ ਉਤਮ ਆਹਰ। ਜਦ ਇਹ ਬਣਦਾ ਜੀਵਨ ਵਿਹਾਰ ਤਾਂ ਮਨੁੱਖ ਵਿਚ ਉਪਜਦਾ ਚੱਜ-ਅਚਾਰ, ਜੋ ਬਣ ਕੇ ਸੁੰਦਰ ਕਿਰਦਾਰ, ਸਮਾਜ ਦਾ ਮੁਹਾਂਦਰਾ ਦਿੰਦਾ ਏ ਨਿਖਾਰ।

ਅਜਿਹਾ ਖੇਡਣ ਲਈ ਖੇਡ ਨੂੰ ਆਪਣੀ ਖਾਬ-ਖਿਆਲੀ ਬਣਾਉਣਾ, ਮਨੁੱਖ ਦਾ ਸਭ ਤੋਂ ਪ੍ਰਮੁੱਖ ਕਾਰਜ। ਇਸ ਦੀ ਸ਼ੁਰੂਆਤ ਕਰਨ ਵਿਚ ਕਾਹਦੀ ਦੇਰ?

# ਮਿਨੀ ਕਹਾਣੀਆਂ

## ਵਰਦੀ

"ਸਰ, ਵਰਦੀ ਦਿਖਾਉਣ ਆਇਆਂ। ਤੁਸੀਂ ਕਿਹਾ ਸੀ ਕਿ ਤੁਹਾਨੂੰ ਬਹੁਤ ਖੁਸ਼ੀ ਹੋਵੇਗੀ ਜਦੋਂ...।" ਪੈਰੀਂ ਹੱਥ ਲਾਉਂਦਿਆਂ ਉਸ ਨੇ ਕਿਹਾ।

"ਬੇਟਾ ਮੈਂ ਪਛਾਣਿਆ ਨਹੀਂ!" ਹੈਰਾਨ ਜਿਹਾ ਹੁੰਦਿਆਂ ਮੈਂ ਕਿਹਾ।

"ਸਰ ਮੈਂ ਜੱਗੀ ਹਾਂ, ਜਗਪ੍ਰੀਤ ਸਿੰਘ। ਕਈ ਸਾਲ ਪਹਿਲਾਂ ਤੁਹਾਡੇ ਤੋਂ ਪੜ੍ਹਿਆ ਸਾਂ।" ਉਸ ਨੇ ਆਪਣੇ ਬਾਰੇ ਵੇਰਵੇ ਨਾਲ ਦੱਸਿਆ।

ਮੈਨੂੰ ਸਭ ਕੁਝ ਯਾਦ ਆ ਗਿਆ। ਉਹ ਮੇਰਾ ਵਿਦਿਆਰਥੀ ਸੀ। ਉਹ ਪੜ੍ਹਾਈ ਵਿਚ ਤਾਂ ਆਮ ਜਿਹਾ ਸੀ, ਪਰ ਖੇਡਾਂ ਖਾਸ ਕਰ ਦੌੜਾਂ ਵਿਚ ਉਸ ਦਾ ਕੋਈ ਮੁਕਾਬਲਾ ਨਹੀਂ ਸੀ। ਉਚਾ ਲੰਮਾ ਅਤੇ ਸਰੀਰਕ ਤੌਰ 'ਤੇ ਪੂਰੀ ਤਰ੍ਹਾਂ ਫਿੱਟ ਸੀ। ਮੇਰੀ ਕੋਸ਼ਿਸ਼ ਸੀ ਕਿ ਉਹ ਦਸ-ਬਾਰ੍ਹਾਂ ਪੜ੍ਹ ਜਾਵੇ ਤਾਂ ਫੌਜ ਜਾਂ ਪੁਲਿਸ ਵਿਚ ਭਰਤੀ ਹੋ ਜਾਵੇ। ਉਸ ਦੇ ਘਰ ਦੀ ਹਾਲਤ ਪਤਲੀ ਸੀ। ਉਸ ਨੇ ਜਦੋਂ ਵੀ ਕੋਈ ਈਵੈਂਟ ਜਿੱਤ ਕੇ ਆਉਣਾ ਜਾਂ ਕਿਸੇ ਗੱਲੋਂ ਉਦਾਸ ਹੋਣਾ ਤਾਂ ਮੈਂ ਉਸ ਨੂੰ ਹੌਸਲਾ ਦਿੰਦਿਆਂ ਕਹਿਣਾ ਕਿ ਮੈਨੂੰ ਉਸ ਦਿਨ ਬੜੀ ਖੁਸ਼ੀ ਹੋਵੇਗੀ, ਜਦੋਂ ਉਸ ਦੇ ਤਨ 'ਤੇ ਵਰਦੀ ਹੋਵੇਗੀ।

ਰੰਗ ਤਾਂ ਭਾਵੇਂ ਉਸ ਦਾ ਕਣਕ ਵੰਨ੍ਹਾਂ ਸੀ, ਪਰ ਅੱਜ ਮੇਰੇ ਸਾਹਮਣੇ ਖੜ੍ਹਾ ਉਹ ਬਿਲਕੁਲ ਸ਼ਾਹ ਕਾਲਾ ਤੇ ਬੜਾ ਕਮਜੋਰ ਜਿਹਾ ਸੀ। ਉਸ ਨੇ ਦੱਸਿਆ ਕਿ ਬੜੀਆਂ ਕੋਸ਼ਿਸ਼ਾਂ ਪਿਛੋਂ ਵੀ ਉਸ ਨੂੰ ਕੋਈ ਨੌਕਰੀ ਨਹੀਂ ਸੀ ਮਿਲੀ; ਕਦੇ ਕੱਦ ਘੱਟ, ਕਦੇ ਛਾਤੀ ਥੋੜ੍ਹੀ-ਕੋਈ ਨਾ ਕੋਈ ਘਾਟ ਕਹਿ ਉਸ ਨੂੰ ਮੋੜ ਦਿੱਤਾ ਜਾਂਦਾ। ਉਸ ਦਾ ਪਿਉ ਵੀ ਉਸ ਦੇ ਦੁੱਖ ਨੂੰ ਵੇਖ ਪੂਰਾ ਹੋ ਗਿਆ ਸੀ। ਮਜਦੂਰੀ ਕਰਦਿਆਂ ਅਖੀਰ ਉਸ ਨੇ ਇਹ ਵਰਦੀ ਪਾ ਲਈ ਸੀ।

"ਨਾਲ ਦੇ ਪਿੰਡ ਵਿਆਹ ਦਾ ਪ੍ਰੋਗਰਾਮ ਸੀ, ਸਕੂਲ ਕੋਲੋਂ ਲੰਘਦਿਆਂ ਸੋਚਿਆ ਤੁਹਾਨੂੰ ਵਰਦੀ ਵਿਖਾ ਜਾਵਾਂ। ਜਿਹੜੀ ਵਰਦੀ ਤੁਸੀਂ ਕਹਿੰਦੇ ਸੀ, ਉਹ ਤਾਂ ਨਹੀਂ ਮਿਲੀ, ਆਖਿਰ ਵੇਟਰ ਦੀ...।" ਕਹਿੰਦਿਆਂ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ।

"ਬੇਟਾ...।" ਮੇਰਾ ਹੱਥ ਉਸ ਦੇ ਮੋਢੇ 'ਤੇ ਚਲਾ ਗਿਆ, ਪਰ ਜ਼ੁਬਾਨ ਵਿਚੋਂ ਕੋਈ ਸ਼ਬਦ ਨਾ ਨਿਕਲ ਸਕਿਆ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

---

## ਮਾੜੀ ਕਿਸਮਤ

ਧੀ ਦੇ ਵਿਆਹ ਪਿੱਛੋਂ ਜਰਨੈਲ ਸਿਉਂ ਦੇ ਸਿਰ ਕਾਫੀ ਕਰਜ਼ਾ ਸੀ, ਜਿਸ ਵਿਚੋਂ ਕੁਝ ਕਰਜ਼ਾ ਉਸ ਨੇ ਫਸਲ ਵੇਚ ਕੇ ਚੁਕਾ ਦਿੱਤਾ ਤੇ ਕੁਝ ਉਸ ਨੂੰ ਆਸ ਸੀ ਕਿ ਜੋ ਬੂਰੀ ਕੁੰਢੀ ਮੱਝ ਸੂਣ ਵਾਲੀ ਹੈ, ਉਸ ਨੂੰ ਵੇਚ ਚੁਕਾ ਦੇਵੇਗਾ। ਹਾਲੇ ਇਹ ਵਿਉਂਤਬੰਦੀਆਂ ਉਹ ਮਨ ਵਿਚ ਘੜ੍ਹਦਾ ਹੀ ਸੀ ਕਿ ਇੱਕ ਸ਼ਾਮ ਝੋਟੇ ਨੇ ਉਸ ਦੀ ਉਸੇ ਮੱਝ ਦਾ ਸਿੰਗ ਜੜ੍ਹੋਂ ਤੋੜ ਦਿੱਤਾ। ਲਹੂ ਬੰਦ ਨਹੀਂ ਸੀ ਹੋ ਰਿਹਾ, ਦੋ-ਤਿੰਨ ਡਾਕਟਰ ਦੇ ਓਹੜ-ਪੋਹੜ ਨਾਲ ਉਸ ਦਾ ਖੂਨ ਬੰਦ ਹੋਇਆ। ਸਿੰਗ ਟੁੱਟਣ ਨਾਲ ਮੱਝ ਜਿੱਥੇ ਬੇਹਾਲ ਹੋਈ ਦਰਦ ਸਹਾਰ ਰਹੀ ਸੀ, ਉਥੇ ਉਸ ਦੀ ਕੀਮਤ ਵਿਚ ਵੀ ਬਹੁਤ ਫਰਕ ਪੈਂਦਾ ਹੈ, ਇਹ ਗੱਲ ਜਰਨੈਲ ਸਿਉਂ ਭਲੀਭਾਂਤ ਜਾਣਦਾ ਸੀ।

ਅਗਲੀ ਸ਼ਾਮ ਜਰਨੈਲ ਸਿਉਂ ਤੇ ਉਸ ਦਾ ਮੁੰਡਾ ਮੱਝਾਂ ਕੋਲ ਬੈਠੇ ਗੱਲਾਂ ਕਰ ਰਹੇ ਸਨ ਤਾਂ ਜਰਨੈਲ ਸਿਉਂ ਦਾ ਮੁੰਡਾ ਆਖਣ ਲੱਗਾ, "ਬਾਪੂ, ਮੱਝ ਦੀ ਕਿਸਮਤ ਕਿੰਨੀ ਮਾੜੀ ਹੈ!"

ਜਰਨੈਲ ਸਿੰਘ ਆਖਣ ਲੱਗਾ, "ਪੁੱਤ ਮੱਝ ਦੀ ਕਿਸਮਤ ਨਹੀਂ ਮਾੜੀ, ਕਿਸਮਤ ਤਾਂ ਸਾਡੀ ਮਾੜੀ ਹੈ!"

"ਉਹ ਕਿਵੇਂ ਬਾਪੂ?" ਮੁੰਡੇ ਨੇ ਆਖਿਆ।

ਇਸ ਪਿਛੋਂ ਜਰਨੈਲ ਸਿੰਘ ਨੇ ਬੱਚੇ 'ਤੇ ਇਹ ਵਜ਼ਨ ਪਾਉਣਾ ਸਹੀ ਨਹੀਂ ਸਮਝਿਆ ਅਤੇ ਉਸ ਨੇ ਗੱਲ ਕਿਸੇ ਹੋਰ ਗੱਲ ਨਾਲ ਟਾਲ ਦਿੱਤੀ।


*-ਰਵਿੰਦਰ ਸਿੰਘ ਲਾਲਪੁਰੀ*
*ਫੋਨ: 91-94634-52261*

# ਬੇਜ਼ੁਬਾਨਾਂ ਦੀ ਜ਼ੁਬਾਨ: ਮੀਰ ਸੁਹੇਲ ਦੇ ਕਾਰਟੂਨ

ਕਲਾ ਪਰਿਕਰਮਾ





ਮੀਰ ਸੁਹੇਲ ਜੰਮੂ ਕਸ਼ਮੀਰ ਦਾ ਕਾਰਟੂਨਿਸਟ ਹੈ। ਤਕਰੀਬਨ ਹਰ ਘਟਨਾ ਜਾਂ ਵਾਕਿਆ ਬਾਰੇ ਉਹ ਤੁਰੰਤ ਆਪਣੇ ਕਾਰਟੂਨਾਂ ਰਾਹੀਂ ਹਾਜ਼ਰੀ ਲਵਾਉਂਦਾ ਹੈ। ਅੱਜ ਕੱਲ੍ਹ ਉਹ ਸ੍ਰੀਨਗਰ ਵਿਚ ਵੱਸਦਾ ਹੈ। ਉਸ ਦਾ ਸਾਰਾ ਟੱਬਰ ਕਲਾ ਨਾਲ ਜੁੜਿਆ ਹੋਇਆ ਹੈ। ਸੰਗੀਤ ਇਸ ਟੱਬਰ ਦੀ ਰਗ ਰਗ ਵਿਚ ਹੈ। ਮੀਰ ਸੁਹੇਲ ਨੇ ਵੀ ਕਲਾ ਦਾ ਰਾਹ ਫੜਿਆ ਪਰ ਰਤਾ ਕੁ ਵੱਖਰਾ। ਉਹ ਹੱਥ ਵਿਚ ਬੁਰਸ਼ ਫੜ, ਰੰਗਾਂ 'ਚ ਡੋਬੇ ਲਾਉਣ ਲੱਗਾ ਅਤੇ ਕਾਗਜ਼ 'ਤੇ ਚਿੱਤਰ ਵਾਹੁਣ ਲੱਗਾ। ਉਂਜ, ਕਸ਼ਮੀਰ ਬਾਰੇ ਉਸ ਦੇ ਕਾਰਟੂਨ ਸੁਧੇ ਸਿਆਸੀ ਹਨ।




ਹਾਲ-ਏ-ਕਸ਼ਮੀਰ...




ਕਸ਼ਮੀਰ: ਜ਼ਬਰਦਸਤੀ...




ਟਰੰਪ ਦੇ ਟੂੱਲ...



ਕਸ਼ਮੀਰ ਦੀ ਕਹਾਣੀ...





ਪੱਤਰਕਾਰੀ ਲਈ ਹਾਅ ਦਾ ਨਾਰਾ...



ਕਸ਼ਮੀਰ: ਹਕੀਕਤਾਂ ਦੇ ਰੂ-ਬਰੂ



ਕਸ਼ਮੀਰ ਦੀ ਘੁੰਮਣਘੇਰੀ




ਦਰਬਾਰੀ ਪੱਤਰਕਾਰੀ ਦੀ ਦਾਸਤਾਨ...

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਸਤੰਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-447



ਕਿੱਥੇ ਨਹੀਂ ਦੁਨੀਆਂ 'ਚ ਪੁੱਜਾ, ਬਚਿਆ ਕਿਹੜਾ ਕੋਨਾ?
ਬਚ ਲਓ ਰੱਬ ਕਰਕੇ, ਇਹ ਜਾਲਮ ਬੜਾ ਹੈ ਕਰੋਨਾ।

## ਕੈਪਸ਼ਨ ਮੁਕਾਬਲਾ-445




ਵਿਹਲ ਦੇ ਵੇਲੇ 'ਕੱਠੇ ਹੋਈਏ
ਕੋਲੋ ਕੋਲੀ ਮੰਜੇ ਡਾਹੀਏ।
ਨਾਲ ਕਿਤਾਬਾਂ ਸਾਡੀ ਆੜੀ
ਆੜੀ ਅਸੀਂ ਪੁਗਾਈ ਜਾਈਏ।
**-ਜਗਮੀਤ ਸਿੰਘ ਪੰਧੇਰ**
---
ਜੀਵਨ ਜਾਚ ਸਿਖਾਉਣ ਕਿਤਾਬਾਂ,
ਰਿਸ਼ਤਿਆਂ ਦੇ ਵਿਚ ਰੰਗ ਲਿਆਉਣ।
ਹਰ ਔਕੜ ਦਾ ਹੱਲ ਦੱਸਦੀਆਂ,
ਭਰਮ-ਭਰਮ ਨੂੰ ਜੜ੍ਹੋਂ ਮਿਟਾਉਣ।
ਇੱਕ ਵਾਰ ਸਾਂਝ ਪਾ ਕੇ ਤਾਂ ਵੇਖੋ,
ਜ਼ਿੰਦਗੀ ਭਰ ਇਹ ਸਾਥ ਨਿਭਾਉਣ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**
---
ਦੀਦੇ ਦਿੰਦੇ ਸਾਥ ਜਦੋਂ ਤੱਕ,
ਸ਼ੌਕ ਪੜ੍ਹਨ ਦਾ ਰੱਖਿਆ ਪਾਲ।
ਵਿੱਦਿਆ ਦਾ ਚਾਨਣ ਫੈਲੇ,
ਗਿਆਨ ਭੰਡਾਰ ਰੱਖੋ ਸੰਭਾਲ।
ਤਾਲੀਮ ਵੰਡੀਏ ਦੂਣੀ ਹੋਵੇ,
ਉਮਰਾਂ ਦਾ ਨਾ ਕੋਈ ਖਿਆਲ।
ਕਿਤਾਬ ਤੋਂ ਨਾ ਚੰਗਾ ਦੋਸਤ,
ਦਿਮਾਗ ਨੂੰ ਨਾ ਲੱਗੇ ਜੰਗਾਲ।
**-ਸੇਵਾ ਸਿੰਘ ਨੂਰਪੁਰੀ**
---
ਮੰਜਿਆਂ ਉਪਰ ਬੈਠੇ ਬਾਬੇ
ਆਪਸ ਵਿਚ ਇਹ ਕਰਨ ਵਾਰਤਾ।
ਕਦੇ ਕੋਸਣ ਇਹ ਸਿਸਟਮ ਤਾਈਂ
ਜੱਟ ਮਜ਼ਦੂਰ ਤਾਂ ਜਮਾਂ ਮਾਰ'ਤਾ।
ਉਪਰ ਵਾਲਾ ਸੁਣੂ ਕਦੇ ਤਾਂ
ਲੰਬਾ ਸਾਹ ਲੈ ਹਰਖ ਮਾਰ'ਤਾ।
**-ਕੇਵਲ ਸਿੰਘ ਪੰਧੇਰ, ਕਲਾਹੜ**
---
ਭਾਵੇਂ ਅਸੀਂ ਬਜ਼ੁਰਗ ਹੋ ਗਏ
ਪਰ ਪੜ੍ਹਨਾ ਰੱਖਿਆ ਜਾਰੀ।
ਉਮਰ ਦੇ ਨਾਲ ਹੋਰ ਮਜ਼ਬੂਤ ਹੋਈ
ਸਾਡੀ ਕਿਤਾਬ ਦੇ ਨਾਲ ਯਾਰੀ।
ਕਿਤਾਬਾਂ ਤੋਂ ਬਹੁਤ ਕੁਝ ਸਿੱਖਿਆ
ਹੁਣ ਦੂਜਿਆਂ ਨੂੰ ਸਿਖਾਉਣ ਦੀ ਵਾਰੀ।
**-ਇੰਦਰਜੀਤ ਮੰਗਾ, ਪਿਟਸਬਰਗ**
---
ਗੇਟ ਕੋਲ ਮੰਜੇ ਇੱਕ ਪਾਸੇ ਡਾਹ ਕੇ,
ਬਹਿ ਗਏ ਬਾਬੇ ਹਾਣੋ-ਹਾਣੀ।
ਪੜ੍ਹ ਇਤਿਹਾਸ ਸੁਣਾਈ ਜਾਵੇ,
ਕਿਤਾਬਾਂ ਨਾਲ ਹੈ ਪ੍ਰੀਤ ਪੁਰਾਣੀ।
ਘਰ ਦੀ ਬਿੜਕ ਵੀ ਪੂਰੀ ਰੱਖਦੇ,
ਕਰ ਜਾਵੇ ਨਾ ਕੋਈ ਸ਼ੈਤਾਨੀ।
**-ਦਵਿੰਦਰ ਕੌਰ**
---
ਬੇ-ਹਿਸਾਬ, ਦਿੰਦੇ ਨੇ ਦੁਆਵਾਂ
ਬਜ਼ੁਰਗ ਹੁੰਦੇ ਖੁੱਲ੍ਹੀਆਂ ਕਿਤਾਬਾਂ ਵਰਗੇ।
ਘਰ ਵਿਚ ਬੈਠੇ ਬਜ਼ੁਰਗ ਜਾਪਦੇ ਨੇ
ਮੈਨੂੰ ਜਿੱਤੇ ਹੋਏ ਖਿਤਾਬਾਂ ਵਰਗੇ।
ਇੰਨੇ ਜ਼ਿੰਦਗੀ 'ਤੇ ਅਹਿਸਾਨ ਇਨ੍ਹਾਂ ਦੇ,
ਕਿਵੇਂ ਅਹਿਸਾਨਾਂ ਦਾ ਹਿਸਾਬ ਲਿਖ ਦੇਵਾਂ।
ਬਜ਼ੁਰਗਾਂ ਦੇ ਦਿੱਤੇ ਗਿਆਨ ਉਤੇ
ਚਿੱਤ ਕਰੇ ਮੈਂ ਕਿਤਾਬ ਲਿਖ ਦੇਵਾਂ।
**-ਵਿਨੋਦ ਗਰਗ, ਬਰਨਾਲਾ**
---
ਬਾਬੇ ਬੋਹੜ ਦੇਸ਼ ਮੇਰੇ ਦੇ
ਕਿਤੇ ਕਿਤੇ ਅੱਜ ਵੀ ਮਿਲ ਬਹਿੰਦੇ।
ਸਾਂਝੀਵਾਲਤਾ ਦਾ ਮਾਹੌਲ ਬਣਾ ਕੇ
ਵਧੀਆ ਸਮਾਂ ਪਾਸ ਕਰ ਲੈਂਦੇ।
ਰਿਸ਼ਤੇ ਨਿਭਾਉਣ ਦੇ ਨਿਪੁੰਨ
ਬੱਚਿਆਂ ਵਾਂਗ ਰਲ-ਮਿਲ ਕਰਦੇ ਗੱਲਾਂ।
ਵਰਕੇ ਫਰੋਲ, ਜਜ਼ਬਾਤ ਕਰਨ ਸਾਂਝੇ
ਕਿਵੇਂ ਮਾਰੀਆਂ ਜ਼ਿੰਦਗੀ 'ਚ ਮੱਲਾਂ।
**-ਅਮਰਜੀਤ ਸਿੰਘ ਤੂਰ**
---
ਉਮਰ ਵਡੇਰੀ ਪੜ੍ਹਨ ਤੋਂ ਨਹੀਂ ਰੋਕਦੀ
ਉਤਸੁਕਤਾ ਅੰਤ ਤੱਕ ਬਣੀ ਰਹਿੰਦੀ।
ਸ਼ੁਰੂ ਕਰ ਲਈ ਕਿਤਾਬ ਦਣ ਵੱਟ ਕੇ
ਅੱਗੇ ਕੀ ਹੋਣਾ, ਕਿਤਾਬ ਕੀ ਕਹਿੰਦੀ।
ਸ਼ਾਬਾਸ਼ ਹੌਸਲ ਬੁਲੰਦ ਰੱਖਦੀ ਪੂਰਾ,
"ਵਾਹ ਬਈ ਵਾਹ, ਚੱਲਿਆ ਚੱਲ।"
**-ਦਰਸ਼ਨਪਾਲ ਦੋਸਾਂਝ**
---
ਵੱਡਾ ਭਾਈ ਪੜ੍ਹ ਕੇ ਸੁਣਾਉਂਦਾ
ਕੋਲ ਬੈਠਾ ਸੁਣੇ ਛੋਟਾ ਭਾਈ ਧੀਰ ਜੀ।
ਪੜ੍ਹਨਾ ਇਤਿਹਾਸ ਜਾਂ ਪੜ੍ਹੀਏ ਗੁਰਬਾਣੀ
ਦੋਵੇਂ ਵੀਰ ਚੰਗੇ ਸਮਿਆਂ ਦੇ ਹਨ ਹਾਣੀ।
ਨਾ ਰਹੇ ਉਹ ਪੜ੍ਹਾਉਣ ਵਾਲੇ
ਨਾ ਰਹੀ ਉਹ ਪੜ੍ਹਾਈ ਜੀ।
ਆਉਣ ਵਾਲੇ ਸਮੇਂ ਵਿਚ
ਇਸ ਗੱਲ ਦੀ ਇਹਿਤਾਸ ਦੇਊਗਾ ਗਵਾਹੀ।
**-ਗੌਰਾ ਪ੍ਰਜਾਪਤ, ਨਿਊ ਯਾਰਕ**

# ਤਾਇਆ ਦਿੱਲੀ ਵਾਲਾ

*ਹਥਲੀ ਲਿਖਤ ਵਿਚ ਅਵਤਾਰ ਗੋਂਦਾਰਾ ਨੇ 'ਤਾਇਆ ਦਿੱਲੀ ਵਾਲਾ' ਦੇ ਬਹਾਨੇ ਗੁਰ ਚੇਤੇ ਰੱਖਣ ਦਾ ਪਾਠ ਪੜ੍ਹਾਇਆ ਹੈ ਕਿ ਇਕੱਲੀ ਜ਼ੋਰ-ਅਜ਼ਮਾਈ ਨਾਲ ਹੀ ਨਹੀਂ ਕੁਝ ਸੌਰਦਾ, ਸਗੋਂ ਗੁਰ ਸਿੱਖ ਕੇ ਉਨ੍ਹਾਂ 'ਤੇ ਅਮਲ ਕਰਨ ਨਾਲ ਜਿਉਣਾ ਹੋਰ ਵੀ ਸਹਿਜ ਹੋ ਜਾਂਦਾ ਹੈ। ਕਈ ਵਾਰ ਤੱਤੇ ਸੁਭਾਅ ਚੱਲਦੇ ਮਨੁੱਖ ਲਾਲਚ ਤੇ ਲਾਲਸਾ ਵੱਸ ਛੇਤੀ ਛੇਤੀ ਫਲ ਪਾਉਣ ਦੀ ਝਾਕ ਵਿਚ ਖੱਜਲ ਹੋਏ ਤੀਂਘੜਦੇ ਰਹਿੰਦੇ ਹਨ। ਲੇਖਕ ਨੇ 'ਤਾਏ' ਦੇ ਮੂੰਹੋਂ ਨਿਕਲੇ ਸ਼ਬਦਾਂ ਰਾਹੀਂ ਨਸੀਹਤ ਕੀਤੀ ਹੈ ਕਿ ਅਸੀਂ ਘਟਨਾਵਾਂ ਅਤੇ ਵਰਤਾਰਿਆਂ ਦੇ ਹਲ ਦੀ ਹੱਥੀ ਨੂੰ, ਜਿੰਨਾ ਹੋ ਸਕੇ ਸਿੱਧੇ ਰੱਖਣਾ ਹੈ, ਡੋਲਣ ਨ੍ਹੀਂ ਦੇਣਾ। ਜੋ ਹਲ ਨੂੰ ਧੱਕਣ ਦੀ ਕੋਸ਼ਿਸ਼ ਕਰਦੇ ਹਨ, ਦੁਖੀ ਹੁੰਦੇ ਹਨ; ਜੋ ਹੱਥੀ ਨੂੰ ਸਾਂਵਾਂ ਤੇ ਨਜ਼ਰ ਨੂੰ ਸਿੱਧੀ ਰੱਖਣ ਦਾ ਗੁਰ ਸਿੱਖ ਲੈਂਦੇ ਹਨ, ਉਹ ਸੌਖੇ ਰਹਿੰਦੇ ਹਨ। -ਸੰਪਾਦਕ*

ਤਾਏ ਦੇ ਮਰਨ ਦਾ ਸੁਨੇਹਾ ਆਇਆ, ਖਬਰ ਸੁਣ ਕੇ ਮਨ ਉਦਾਸ ਹੋਇਆ। ਉਹ ਲਾਗਲੇ ਪਿੰਡ ਦੇ ਮੇਰੇ ਜਮਾਤੀ ਦਾ ਤਾਇਆ ਸੀ, ਅਸੀਂ ਸਾਰੇ ਹੀ ਉਸ ਨੂੰ ਤਾਇਆ ਕਹਿੰਦੇ। ਹੱਦ ਨਾਲ ਲਗਦੇ ਸਾਡੇ ਖੇਤਾਂ ਦੀ ਵੱਟ ਸਾਂਝੀ ਸੀ, ਸਾਡਾ ਆਮੋ-ਸਾਹਮਣਾ ਅਕਸਰ ਹੁੰਦਾ ਰਹਿੰਦਾ। ਤਾਇਆ ਸਦਾ ਕੁਝ ਨਾ ਕੁਝ ਕਰਦਾ ਜਾਂ ਕਰਾਉਂਦਾ ਰਹਿੰਦਾ। ਕੋਈ ਨਾ ਕੋਈ ਤਰਕੀਬ ਜਾਂ ਵਿਉਂਤ ਉਸ ਦੇ ਮਨ ਵਿਚ ਉਸਲਵੱਟੇ ਲੈਂਦੀ ਰਹਿੰਦੀ।

ਰਾਹ ਵਿਚ ਜਾਂਦਿਆਂ ਉਸ ਦੀਆਂ ਗੱਲਾਂ ਦੀ ਰੀਲ ਮਨ ਵਿਚ ਘੁੰਮਦੀ ਰਹੀ। ਜਦੋਂ ਉਸ ਨੂੰ ਕਹਿਣਾ, ਕੋਈ ਸਿਆਣੀ ਜਿਹੀ ਗੱਲ ਸੁਣਾ, ਤਾਂ ਉਹ ਕਹਿੰਦਾ, 'ਇੱਕ ਗੁਰੂ, ਇੱਕ ਚੇਲੇ' ਵਾਲਾ ਸਮਾਂ ਵਿਹਾ ਚੁਕਾ ਹੈ। ਪੁਰਾਣੇ ਵੇਲਿਆਂ 'ਚ ਇੱਕ ਅੱਧਾ ਕੰਮ ਸਿੱਖਣਾ ਹੁੰਦਾ ਸੀ, ਬੰਦਾ ਸਿੱਖ ਕੇ ਸਾਰੀ ਉਮਰ ਕਰਦਾ ਰਹਿੰਦਾ। ਨਾਲੇ ਸਿਖਾਉਣ ਵਾਲੇ ਵਿਰਲੇ ਟਾਂਵੇਂ ਸਨ ਤੇ ਸਿਖਣ-ਸਿਖਾਉਣ ਵਾਲਾ ਸਾਰਾ ਕੰਮ ਜ਼ੁਬਾਨੀ-ਕਲਾਮੀ ਹੁੰਦਾ ਸੀ। ਹੁਣ



**ਅਵਤਾਰ ਗੋਂਦਾਰਾ**
ਫੋਨ: 559-375-2589

ਸਮਾਂ ਬਦਲ ਗਿਆ ਹੈ। ਬੰਦੇ ਨੂੰ ਜ਼ਿੰਦਗੀ 'ਚ ਕਈ ਹੂਲੇ ਫੱਕਣੇ ਪੈਂਦੇ ਹਨ। ਉਹ ਆਪਣਾ ਪਿੰਡ ਛੱਡ ਕੇ ਪਤਾ ਨਹੀਂ ਕਿੱਥੇ ਜਾ ਵਸੇ, ਜਾ ਕੇ ਕੀ ਕਰੇ! ਇਸ ਲਈ ਜਗਿਆਸੂ ਨੂੰ ਆਵਦੇ ਮਨ ਦੀਆਂ ਬਾਰੀਆਂ ਖੁੱਲ੍ਹੀਆਂ ਰੱਖਣੀਆਂ ਪੈਣਗੀਆਂ। ਹੁਣ 'ਗੁਰੂਆਂ' ਦੇ ਲੜ ਲੱਗਣ ਦੀ ਨਹੀਂ, 'ਗੁਰ' ਸਿੱਖਣ ਦੀ ਲੋੜ ਹੈ।

ਦੇਸੀ ਤੇ ਵਿਦੇਸ਼ੀ ਵਿਸ਼ਵਵਿਦਿਆਲਿਆਂ ਵਿਚ ਪੜ੍ਹੇ ਭਾਈਬੰਦਾਂ ਨਾਲ ਜੇ ਤਾਏ ਦੀ ਗੱਲ ਕਰੀਏ ਤਾਂ ਉਨ੍ਹਾਂ ਦਾ ਮੂੰਹ ਕੁਸੈਲਾ ਜਿਹਾ ਹੋ ਜਾਂਦਾ ਹੈ। ਉਨ੍ਹਾਂ ਦਾ ਉਜ਼ਰ ਹੁੰਦਾ ਹੈ ਕਿ ਦੁਨਿਆਵੀ ਉਸਤਾਦਾਂ ਨੂੰ ਰੂਹਾਨੀ ਗੁਰੂਆਂ ਨਾਲ ਨਹੀਂ ਮੇਲਿਆ ਜਾ ਸਕਦਾ। ਗਲੋਬਲੀ ਅਮਲ ਹੇਠ ਦੁਨੀਆਂ ਰਲ-ਮਿਲ ਰਹੀ ਹੈ। ਕੋਈ ਲੱਖ ਆਪਣੇ ਰਿਸ਼ੀਆਂ, ਵਲੀਆਂ ਅਤੇ ਗੁਰੂਆਂ ਦੀ ਵਿਲੱਖਣਤਾ ਦਾ ਦਾਅਵਾ ਕਰਦਾ ਫਿਰੇ, ਉਸ ਨੂੰ ਰੁਜਗਾਰ ਤੇ ਜ਼ਿੰਦਗੀ ਜਿਉਣ ਲਈ ਕਈਆਂ ਤੋਂ ਗੁਰ ਸਿੱਖਣੇ ਪੈਂਦੇ ਹਨ। ਆਪਣੇ ਸ਼ੋਧ ਪ੍ਰਬੰਧਾਂ ਲਈ ਕਈਆਂ ਨੂੰ ਗੁਰੂ ਮੰਨਣਾ ਪੈਂਦਾ ਹੈ। ਉਂਜ ਵੀ 'ਗੁਰੂ' ਸ਼ਬਦ ਦਾ ਅਰਥ ਹੀ 'ਪ੍ਰਕਾਸ਼ ਕਰਨ' ਵਾਲਾ ਹੈ। ਜੋ ਰਾਹ ਦਿਖਾਉਂਦਾ ਹੈ, ਤੁਰਨਾ ਹਰ ਇੱਕ ਨੇ ਆਪ ਹੈ। ਸਾਰੇ ਭਾਈਚਾਰਿਆਂ ਦੇ ਲੇਖਕਾਂ-ਪ੍ਰਚਾਰਕਾਂ ਨੇ ਆਪੋ ਆਪਣੇ ਗੁਰੂਆਂ ਨੂੰ 'ਰਾਹ ਦਰਸਾਵਾ' ਹੋਣ ਦੀ ਥਾਂ, ਮੱਥਾ ਟੇਕਣ ਵਾਲੀ ਸੱਤਾ ਬਣਾ ਧਰਿਆ ਹੈ।

ਸਿੱਖਣ ਵਾਲਾ ਤਾਂ ਬੱਚੇ ਤੋਂ ਵੀ ਕਈ ਕੁਝ ਸਿੱਖ ਲੈਂਦਾ ਹੈ। ਤਾਏ ਨੇ ਤਾਂ ਫੇਰ ਸੱਤ-ਅੱਠ ਦਹਾਕੇ ਜ਼ਿੰਦਗੀ ਜੀਵੀ ਸੀ। ਤਾਇਆ ਪੜ੍ਹਿਆ ਲਿਖਿਆ ਨਹੀਂ ਸੀ, ਪਰ ਉਸ ਵਿਚ ਉਸਤਾਦਾਂ ਵਾਲੇ ਕਈ ਗੁਣ ਸਨ। ਮੈਂ ਸੋਚਦਾ ਜਾ ਰਿਹਾ ਸੀ ਕਿ ਕਿਵੇਂ ਇੱਕ ਧੜਕਦੀ ਹੋਈ ਜ਼ਿੰਦਗੀ, ਸਦਾ ਲਈ ਸੁੰਨ ਹੋ ਜਾਂਦੀ ਹੈ। ਉਨ੍ਹਾਂ ਦੇ ਪਿੰਡ ਪਹੁੰਚਿਆ ਤਾਂ ਤਾਏ ਦੀ ਦੇਹ ਮੰਜੇ 'ਤੇ ਅਡੋਲ ਪਈ ਸੀ। ਉਸ ਦੀਆਂ ਅੱਖਾਂ ਬੰਦ ਸਨ ਤੇ ਬੁੱਲਾਂ ਉਤੇ ਮੱਖਣੀ ਰੱਖੀ ਹੋਈ ਸੀ। ਕੋਈ ਵੈਣ ਨਹੀਂ ਸੀ ਪਾ ਰਿਹਾ। ਅਸਲ ਵਿਚ ਨਾ ਕੋਈ ਤੀਵੀਂ ਰੰਡੀ ਹੋਈ ਸੀ, ਨਾ ਕੋਈ ਬੱਚਾ ਅਨਾਥ। ਤਾਏ ਦੀ ਦੇਹ ਨੂੰ ਸਮੇਟਣ ਲਈ ਸਾਰੇ ਵਗੇ ਫਿਰਦੇ ਸਨ।

ਮੈਂ ਸੱਥਰ ਦੀ ਇੱਕ ਨੁੱਕਰੇ ਬੈਠ ਗਿਆ, ਜਿੱਥੇ ਹੋਰ ਭਾਈਬੰਦ ਬੈਠੇ ਗੱਲੀਂ ਰੁੱਝੇ ਹੋਏ ਸਨ। ਮੇਰੀਆਂ ਅੱਖਾਂ ਬੰਦ ਹੋ ਗਈਆਂ। ਤਾਏ ਦੀ ਤੋਰ, ਆਦਤਾਂ, ਟੋਟਕੇ ਅਤੇ ਵਰਜਣਾਂ-ਇੱਕ ਇੱਕ ਕਰਕੇ ਯਾਦ ਆਉਣ ਲੱਗੀਆਂ। ਗੱਠਿਆ ਹੋਇਆ ਜਿਸਮ, ਦੋਧਾ ਛੱਲੀ ਦੇ ਵਾਲਾਂ ਜਿਹੀ ਸਫੈਦ ਦਾੜ੍ਹੀ, ਗੋਰਾ ਰੰਗ ਤੇ ਚੁੰਨੀਆਂ ਤੇਜ ਅੱਖਾਂ, ਜਿਵੇਂ ਝੀਥਾਂ ਥਾਣੀ ਰੌਸ਼ਨੀ ਛਣਦੀ ਹੋਵੇ। ਉਸ ਦੀਆਂ ਲੱਤਾਂ ਸਧਵਾਈ ਜਿਹੀਆਂ ਸਨ। ਉਹ ਛੋਹਲਾ ਸੀ, ਪਰ ਕਾਹਲ ਕਦੇ ਨਹੀਂ ਸੀ ਕਰਦਾ। ਸਾਬਤ ਕਦਮੀਂ ਤੁਰਦਾ, ਸਰ੍ਹੋਂ ਦੇ ਤੇਲ ਨਾਲ ਚੋਪੜੀ ਧੌੜੀ ਦੀ ਜੁੱਤੀ ਪਾਉਂਦਾ। ਉਸ ਦੀ ਪੈੜ ਦੇਖ ਕੇ ਪਤਾ ਲੱਗ ਜਾਂਦਾ ਸੀ ਕਿ ਤਾਇਆ ਇਸ ਰਾਹੋਂ ਲੰਘਿਆ ਹੋਊ; ਪੈੜਾਂ ਰੇਲ ਦੀ ਪੱਟੜੀ ਵਾਂਗ ਬਰਾਬਰ ਹੁੰਦੀਆਂ, ਬਹੁਤਿਆਂ ਵਾਂਗ ਵੀ-ਸ਼ੇਪ ਨਹੀਂ।

ਕਹਿੰਦੇ ਚੜ੍ਹਦੀ ਉਮਰੇ ਉਹ ਦਿੱਲੀ ਚਲਾ ਗਿਆ ਸੀ, ਉਸ ਨੇ ਅੰਗਰੇਜ਼ਾਂ ਹੇਠ ਕੰਮ ਕੀਤਾ। ਉਸ ਦੇ ਬਹਿਣ-ਉਠਣ, ਖਾਣ-ਪੀਣ, ਵਰਤ-ਵਿਹਾਰ ਵਿਚ, ਬਾਕੀ ਪੇਂਡੂਆਂ ਨਾਲੋਂ ਰੜਕਵਾਂ ਫਰਕ ਸੀ। ਵੱਢਾਂ-ਟੁੱਕੀ ਵੇਲੇ ਅੰਗਰੇਜ਼ ਮੁਲਕ ਛੱਡ ਗਏ ਅਤੇ ਉਹ ਦਿੱਲੀ ਛੱਡ ਕੇ ਵਾਪਸ ਪਿੰਡ ਮੁੜ ਆਇਆ। ਉਹ ਅਕਸਰ ਕਹਿੰਦਾ, ਅੰਗਰੇਜ਼ਾਂ ਜਿਹਾ ਕੋਈ ਰਾਜ ਨਹੀਂ ਕਰ ਸਕਦਾ। ਉਦੋਂ ਤੋਂ ਉਸ ਨੂੰ 'ਦਿੱਲੀ ਵਾਲੇ' ਦੀ ਅੱਲ ਪੈ ਗਈ।

ਉਹ ਕਦੇ ਨਿਚੱਲਾ ਹੋ ਕੇ ਨਹੀਂ ਸੀ ਬਹਿੰਦਾ। ਜਦੋਂ ਵੀ ਵੇਖੋ, ਉਹ ਕੁਝ ਨਾ ਕੁਝ ਕਰ ਰਿਹਾ ਹੁੰਦਾ। ਆਮ ਕੰਮ ਵੀ ਉਹ ਖਾਸ ਅੰਦਾਜ਼ ਵਿਚ ਕਰਦਾ ਸੀ। ਉਸ ਦਾ ਖਾਣ-ਪੀਣ ਵੀ ਬਾਕੀਆਂ ਨਾਲੋਂ ਵੱਖਰਾ ਸੀ। ਉਹ ਮੰਜੇ 'ਤੇ ਚੌਕੜੀ ਮਾਰ, ਦੋਹਾਂ ਹੱਥਾਂ ਵਿਚ ਬਾਟੀ ਫੜੀ, ਬਿਨਾ ਅਵਾਜ਼ ਕੀਤਿਆਂ, ਅਨੰਦ ਨਾਲ ਚਾਹ ਪੀਂਦਾ, ਜਿਵੇਂ ਪਾਠ ਕਰ ਰਿਹਾ ਹੋਵੇ। ਜੇ ਕੋਲ ਬੈਠਿਆਂ, ਕਦੇ ਕੋਈ ਸੁੜ੍ਹਾਕਾ ਮਾਰਦਾ, ਉਹ ਖਿਝਦਾ, 'ਹੇਖਾਂ, ਵੱਡੇ ਪੜ੍ਹਾਕੂ, ਚਾਹ ਪੀਣੀ ਨ੍ਹੀਂ ਆਉਂਦੀ।' ਅਸੀਂ ਤਾਏ ਦੀ ਰੀਸ ਨਾਲ ਬਿਨਾ ਸੁੜ੍ਹਾਕਾ ਮਾਰਿਆਂ ਚਾਹ ਪੀਣ ਦੀ ਰੀਸ ਕਰਦੇ। ਤਾਇਆ ਪਚਾਕੇ ਮਾਰ ਕੇ ਖਾਣ ਵਾਲਿਆਂ ਦਾ ਮਖੌਲ ਉਡਾਉਂਦਾ। ਜੇ ਕੋਈ ਡੱਕਾਰ ਮਾਰਦਾ ਤਾਂ ਕੈਰੀ ਅੱਖ ਨਾਲ ਵੇਖਦਾ। ਡਕਾਰ ਉਸ ਨੂੰ ਵੀ ਆਉਂਦਾ, ਪਰ ਉਹ ਪਤਾ ਨਹੀਂ ਸੀ ਲੱਗਣ ਦਿੰਦਾ। ਉਸ ਦੀਆਂ ਗੱਲਾਂ ਕਈਆਂ ਨੂੰ ਜਿੱਚ ਕਰਦੀਆਂ ਤੇ ਉਹ ਅੱਕ ਕੇ ਕਹਿੰਦੇ, "ਵੱਡਾ ਅੰਗਰੇਜ਼ਾਂ ਦੀ ਰੀਸ ਕਰਦੈ।"

ਪੰਜਾਬੀਆਂ ਨੂੰ ਅਜਿਹੀਆਂ ਚੱਜ-ਆਚਾਰ ਦੀਆਂ ਗੱਲਾਂ ਕਰਦਿਆਂ ਕਦੇ ਨਹੀਂ ਵੇਖੋਗੇ। ਨਾ ਕਦੇ ਸਕੂਲ ਵਿਚ, ਨਾ ਕਦੇ ਕਿਸੇ ਕਾਲਜ ਵਿਚ। ਇੱਕ ਵਾਰ ਦਿੱਲੀ ਜਾਂਦਿਆਂ ਕੁਝ ਸਾਥੀਆਂ ਨਾਲ ਸੁਹਜ-ਸੁਆਦ ਦੀਆਂ ਗੱਲਾਂ ਚੱਲ ਪਈਆਂ। ਮੈਂ ਤਾਏ ਦੀਆਂ ਆਦਤਾਂ ਦਾ ਹਵਾਲਾ ਦਿੱਤਾ। ਸਾਰੇ ਉਸ ਦੀ ਚੀਰ-ਫਾੜ ਕਰਨ ਲੱਗ ਪਏ, ਕਹਿੰਦੇ, "ਉਹ ਤਾਂ ਅੰਗਰੇਜ਼-ਪ੍ਰਸਤ ਹੋਊ, ਪੈਟੀ-ਬੁਰਜੂਆ, ਅਜਿਹੇ ਬੰਦੇ ਜ਼ਿਹਨੀ ਤੌਰ 'ਤੇ ਗੁਲਾਮ ਹੁੰਦੇ ਆ।"

ਗੱਲ ਮੇਰੇ ਪੱਲੇ ਨਾ ਪਈ, ਜੇ ਗੱਲ ਚੰਗੀ ਹੈ, ਸੁਹਜ ਸੁਆਦ ਵਾਲੀ ਹੈ, ਖਰਚਾ ਵੀ ਕੋਈ ਨ੍ਹੀਂ ਆਉਂਦਾ ਤਾਂ ਇਸ ਨੂੰ ਅਪਨਾਉਣ ਜਾਂ ਸਿੱਖਣ ਵਿਚ ਕੀ ਹਰਜ ਹੈ? ਕੀ ਆਪਣੀ ਰਵਾਇਤ ਦੀਆਂ ਮਾੜੀਆਂ ਗੱਲਾਂ ਨਾਲ ਚੁੰਬੜੇ ਰਹਿਣਾ, ਮਾਨਸਿਕ ਗੁਲਾਮੀ ਨਹੀਂ? ਸ਼ਾਇਦ 'ਸੁਰ' ਤੇ 'ਸ਼ੋਰ' ਦੀ ਤਮੀਜ਼ ਕਰਨ ਵਿਚ ਸਾਡਾ ਹੱਥ ਅਜੇ ਕਾਫੀ ਤੰਗ ਹੈ। ਇਸੇ ਲਈ ਸਰੋਦ ਦੀ ਮਿੱਠੀ ਅਵਾਜ਼ ਨਾਲੋਂ, ਢੋਲ ਦੀ ਉੱਚੀ ਬੀਟ ਸਾਨੂੰ ਵੱਧ ਚੰਗੀ ਲਗਦੀ ਹੈ, ਨੱਚਣ ਲਾ ਦਿੰਦੀ ਹੈ। ਸਾਡੀ ਆਪਸੀ ਗੱਲਬਾਤ ਵੀ ਇਉਂ ਹੁੰਦੀ ਹੈ, ਜਿਵੇਂ ਸਟੇਜ 'ਤੇ ਖੜ੍ਹੇ ਹੋਈਏ।

'ਕੇਰਾਂ ਝਕਦਿਆਂ ਝਕਦਿਆਂ ਮੈਂ ਆਖਿਆ, "ਤਾਇਆ, ਤੇਰੀਆਂ ਗੱਲਾਂ ਅਵੱਲੀਆਂ ਹੁੰਦੀਆਂ, ਕਈ ਵਾਰ ਹਜ਼ਮ ਨ੍ਹੀਂ ਹੁੰਦੀਆਂ, ਜਿਵੇਂ ਡੱਕਾਰ ਮਾਰਨਾ, ਭਲਾ ਮਾੜਾ ਕਿਵੇਂ ਹੋਇਆ? 'ਛਿੱਕ' ਤੇ 'ਡੱਕਾਰ' ਦੀ ਸਿਫਤ-ਸਲਾਹ ਤਾਂ ਪਿੰਡਾਂ ਵਾਲੇ ਮੁੱਢ ਕਦੀਮ ਤੋਂ ਕਰਦੇ ਆਉਂਦੇ ਆ।"

ਉਸ ਨੇ ਮੋੜਵਾਂ ਵਾਰ ਕੀਤਾ, "ਤੈਨੂੰ ਕੌਣ ਕਹਿੰਦਾ 'ਡੱਕਾਰ ਮਾਰਨਾ' ਸਿਹਤ ਦੀ ਨਿਸ਼ਾਨੀ ਐ? ਇਹ ਤਾਂ ਕੁੱਢਰਪੁਣਾ ਹੈ, ਹਾਂ 'ਡੱਕਾਰ ਦਾ ਆਉਣਾ' ਚੰਗੀ ਗੱਲ ਹੈ।"

ਮੈਨੂੰ ਫਿਰ ਪਤਾ ਲੱਗਾ ਕਿ ਡੱਕਾਰ ਦੇ 'ਆਉਣ' ਤੇ 'ਮਾਰਨ' ਵਿਚ ਵੀ ਫਰਕ ਹੈ। ਸਹਿਜ ਭਾਅ ਹੋਣ ਵਾਲੀ ਸਰੀਰਕ ਕਿਰਿਆ ਵੀ ਅਸੀਂ ਤੀਂਘ ਕੇ ਕਰਨ ਲੱਗ ਪਏ ਹਾਂ।

ਛੜਾ ਹੋਣ ਦੇ ਬਾਵਜੂਦ ਤਾਏ ਦਾ ਘਰ ਵਿਚ ਦਬਦਬਾ ਸੀ। ਸ਼ਾਇਦ ਹਿੱਸੇ ਆਉਂਦੀ ਜਮੀਨ ਦਾ ਵੀ ਰੋਲ ਹੋਵੇ। ਤਾਏ ਨੂੰ ਦੁਨੀਆਂਦਾਰੀ ਦੇ ਸਾਰੇ ਕੰਮ ਆਉਂਦੇ ਸਨ। ਰੱਸਾ ਵੱਟਣਾ, ਛਿੱਕਲੀਆਂ ਬਣਾਉਣੀਆਂ, ਮੱਝਾਂ ਚੋਣੀਆਂ। ਖੇਤੀਬਾੜੀ ਵੀ ਉਸ



ਦੀ ਅਗਵਾਈ ਵਿਚ ਹੁੰਦੀ। ਉਸ ਨੂੰ ਵੱਤਰ ਦਾ ਵੀ ਪਤਾ ਸੀ, ਕਦੋਂ ਵਾਹੁਣੀ ਹੈ, ਕਦੋਂ ਬੀਜਣੀ ਹੈ ਅਤੇ ਕਿੰਨਾ ਬੀਅ ਪੈਣਾ ਹੈ। ਜਦੋਂ ਕਿਸੇ ਨੇ ਲਾਸ ਵੱਟਣੀ ਹੁੰਦੀ ਤਾਂ ਤਾਏ ਦੀ ਭਾਲ ਹੁੰਦੀ। ਉਹ ਸਣ ਦੀਆਂ ਇਕਸਾਰ ਧਾਈਆਂ ਲਾਉਂਦਾ ਤਾਂ ਲਾਸ ਦੀ ਮੋਟਾਈ ਵਿਚ ਝੋਲ ਨਾ ਪੈਣ ਦਿੰਦਾ। ਘਰ ਦੇ ਦਸਦੇ, ਤਾਇਆ ਸਾਝਰੇ ਉਠਦਾ ਹੈ, ਦਿਨ ਚੜ੍ਹਨ ਤੋਂ ਪਹਿਲਾਂ ਖੇਤ ਗੇੜਾ ਮਾਰ ਆਉਂਦਾ ਹੈ। ਫੇਰ ਘਰੇ ਆ ਕੇ ਕੰਮ-ਵੰਡ ਕਰਦਾ ਹੈ ਕਿ ਕਿਹੜਾ ਖੇਤ ਵਾਹੁਣ ਵਾਲਾ ਹੈ, ਕਿਥੋਂ ਪੱਠੇ ਚੋਰੀ ਹੋਏ ਹਨ?

ਹਰ ਰੋਜ ਮੂੰਹ-ਝਾਖਰੇ ਉਹ ਕੇਸੀ ਇਸ਼ਨਾਨ ਕਰਦਾ। ਵਾਲ ਖਿਲਾਰ ਕੇ ਬਾਰ ਮੂਹਰੇ ਪਏ ਖੁੰਢ 'ਤੇ ਬੈਠ ਜਾਂਦਾ। ਹਰ ਲੰਘਦੇ-ਟੱਪਦੇ ਨੂੰ ਬੁਲਾਉਂਦਾ। ਉਸ ਨੂੰ ਨਿੱਕੀ ਮੋਟੀ ਵੈਦਗੀ ਵੀ ਆਉਂਦੀ ਸੀ। ਕਿਸੇ ਦਾ ਸਿਰ ਦੁੱਖਦਾ, ਹਾਜ਼ਮਾ ਖਰਾਬ ਹੁੰਦਾ, ਜੀਅ ਕੱਚਾ ਕੱਚਾ ਹੁੰਦਾ। ਲੋਕ ਤਾਏ ਕੋਲ ਜਾਂਦੇ, ਉਹ ਤ੍ਰਿਫਲੇ ਦੀ ਫੱਕੀ ਜਾਂ ਤੁੰਮੇ ਦੀਆਂ ਗੋਲੀਆਂ ਦੇ ਦਿੰਦਾ। ਉਸ ਨੂੰ ਧਰਨ ਕੱਢਣੀ ਵੀ ਆਉਂਦੀ ਸੀ। ਹਮੇਸ਼ਾ ਪੈਰਾਂ ਭਾਰ ਬਹਿਣ ਦੀ ਆਦਤ ਸੀ। ਢੂਈ ਤਕਲੇ ਵਾਂਗ ਸਿੱਧੀ। ਠਰੰਮਾ ਵੀ ਦੇਖਣ ਵਾਲਾ ਸੀ। ਇਉਂ ਲੱਗਦਾ ਜਿਵੇਂ ਟਿਕਟਿਕੀ ਲਾਈ ਉਹ ਦੁਨੀਆਂ ਨੂੰ ਦੇਖ ਰਿਹਾ ਹੋਵੇ। ਵਿਆਹੇ ਨਾ ਹੋਣ ਦਾ ਉਸ ਨੇ ਕਦੇ ਹੇਰਵਾ ਨਹੀਂ ਸੀ ਕੀਤਾ। ਧੂਣੀ ਵਿਚ ਝੁਲਸੀ ਹੋਈ ਤੂਤ ਦੀ ਸੋਟੀ ਦੀ ਛਿੱਲ ਲਾਹ ਕੇ, ਹਮੇਸ਼ਾ ਹੱਥ ਵਿਚ ਰੱਖਦਾ ਸੀ। ਜੇ ਨਾਲ ਤੁਰਿਆ ਜਾਂਦਾ ਘਰ ਦਾ ਕੋਈ ਜੀਅ ਪੈਰ ਘਸੀਟ ਕੇ ਤੁਰਦਾ, ਸੋਟੀ ਗਿੱਟਿਆਂ 'ਤੇ ਪੈਂਦੀ। ਤਾਇਆ ਕਹਿੰਦਾ, "ਹੇਖਾਂ, ਗੱਭਰੂ ਆਂ, ਲੱਤਾਂ 'ਚ ਜਾਨ ਨ੍ਹੀਂ!" ਉਸ ਦਾ ਗੁੱਸਾ ਵੀ ਕੋਈ ਨਾ ਕਰਦਾ।

ਪਿੰਡ ਵਿਚ ਫਿਰਦਿਆਂ, ਰਾਹ ਵਿਚ ਮਿਲਦੇ, ਹਰ ਕਿਸੇ ਨੂੰ ਬੁਲਾਉਣਾ ਜਾਂ ਛੇੜਨਾ ਉਸ ਦਾ ਸ਼ੁਗਲ ਸੀ। ਇੱਕ ਵਾਰ ਤਾਏ ਨਾਲ ਤੁਰੇ ਜਾਂਦਿਆਂ ਕੋਈ ਮੁੰਡਾ ਮਿਲ ਗਿਆ। ਤਾਇਆ ਬੋਲਿਆ, "ਦਾਦੀ ਝਵਿਆ, ਮੈਨੂੰ ਤੇਰੀ ਓਹ ਗੱਲ ਦਾ ਪਤੈ।" ਉਹ ਝਿਪ ਜਿਹਾ ਗਿਆ ਤੇ ਖਿਸਕ ਗਿਆ। ਬਾਅਦ ਵਿਚ ਮੈਂ ਪੁੱਛਿਆ ਕਿ ਉਸ ਨੂੰ ਉਸ ਦੀ ਕਿਹੜੀ ਗੱਲ ਦਾ ਪਤਾ ਸੀ?

ਤਾਇਆ ਖੁੱਲ੍ਹ ਕੇ ਹੱਸਿਆ, "ਗੱਲ ਕੀ ਹੋਣੀ ਆ, ਮੈਂ ਤਾਂ ਪੈਰੋਂ ਕੱਢਿਆ ਸੀ, ਕਈ ਵਾਰ ਬੰਦਾ ਆਪ ਹੀ ਫੁੱਟ ਪੈਂਦਾ ਹੈ।" ਕਿਸੇ ਦੇ ਮੂੰਹੋਂ ਗੱਲ ਕਢਾਉਣ ਦਾ ਇਹ ਕਾਰਗਰ ਗੁਰ ਸੀ। ਘਰੇ ਬੈਠਾ ਵੀ ਉਹ ਰੌਣਕ ਲਾਈ ਰੱਖਦਾ। ਹਰ ਮਸਲੇ ਬਾਰੇ ਉਹ ਕੋਲ ਕੁਝ ਨਾ ਕੁਝ ਕਹਿਣ ਨੂੰ ਸੀ।

ਸਾਨੂੰ ਵੀ ਲੱਗਦਾ ਕਿ ਤਾਏ ਕੋਲ ਹਰ ਮਸਲੇ ਦਾ ਹੱਲ ਹੈ। ਆਂਢ-ਗੁਆਂਢ ਕੋਈ ਲੜਾਈ ਝਗੜਾ ਹੁੰਦਾ, ਉਹ ਵਿਚ-ਵਿਚਾਲਾ ਕਰਾ ਦਿੰਦਾ। ਨਿੱਕੇ ਮੋਟੇ ਵਿਆਜੂ ਪੈਸੇ ਦੇਣ ਕਰਕੇ, ਕਈ ਉਸ ਦੀ ਝੇਪ ਵੀ ਮੰਨਦੇ ਸਨ। ਇਕ ਵਾਰ ਪਾਣੀ ਦੀ ਵਾਰੀ ਸੀ। ਮੋਘੇ ਕੋਲ, ਧੋਰੀ ਖਾਲਾ ਟੁੱਟ ਗਿਆ। ਪਾਣੀ ਦਾ ਜੋਰ ਏਨਾ, ਜਿਹੜਾ ਚੇਪਾ ਲਾਈਏ, ਪਾਣੀ ਰੋੜ ਕੇ ਲੈ ਜਾਵੇ। ਮੈਂ ਤੇ ਸਾਡਾ ਪਾਲੀ ਹਫੇ ਪਏ ਸਾਂ। ਏਨੇ ਨੂੰ ਮੌਕੇ 'ਤੇ ਤਾਇਆ ਆ ਬਹੁੜਿਆ। ਸਾਨੂੰ ਖੌਝਲਦਿਆਂ ਦੇਖ ਕੇ ਬੋਲਿਆ, "ਹੇਖਾਂ, ਇਉਂ ਪਾਣੀ ਬੰਨ ਲੋਂ'ਗੇ? ਪਹਿਲਾਂ ਕੁਝ ਗਾਚੀਆਂ ਪੁੱਟ ਕੇ ਕੋਲ ਰੱਖੋ। ਫੇਰ ਇੱਕ ਜਣਾ, ਮੂੰਹੇਂ 'ਚ ਬੈਠੇ ਤੇ ਦੂਜਾ ਢੂਈ ਨਾਲ ਗਾਚੀਆਂ ਲਾਵੇ।"

ਗੁਰ ਕੰਮ ਆਇਆ। ਵਾਰੀ ਭਾਵੇਂ ਖਰਾਬ ਹੋ ਗਈ, ਪਰ ਮੂੰਹਾਂ ਬੰਨ ਲਿਆ। ਸਿਰ ਪਈ ਮੁਸੀਬਤ ਨਾਲ ਸਿੱਝਣ ਲਈ ਵੀ ਗੁਰ ਦੀ ਲੋੜ ਹੁੰਦੀ ਹੈ, 'ਕੱਲੇ ਜੋਰ ਕੰਮ ਨਾਲ ਕੰਮ ਨ੍ਹੀਂ ਚਲਦਾ।

ਜ਼ਮੀਨ ਵਾਹੁਣ ਲਈ ਅਸੀਂ ਇੱਕ ਦੁਏ ਨੂੰ ਵਗਾਰ ਪਾਈ ਰੱਖਦੇ। ਇੱਕ ਵਾਰ ਉਹ ਬਲਦਾਂ ਸਮੇਤ ਆਪਣਾ ਸੀਰੀ ਲੈ ਕੇ ਆਇਆ। ਸਾਡਾ ਸੀਰੀ ਵੀ ਹਲ ਵਾਹ ਰਿਹਾ ਸੀ। "ਤਾਇਆ, ਤੂੰ ਹੋਰ ਤਾਂ ਬਹੁਤ ਗੁਰ ਦਿੱਤੇ ਆ, ਮੈਨੂੰ ਹਲ ਵਾਹੁਣਾ ਸਿਖਾ, ਫੇਰ ਜਾਣੂੰ,' ਮੈਂ ਆਖਿਆ।

"ਲੈ ਇਹ ਕਿਹੜੀ ਕਰਾਮਾਤ ਹੈ, ਇਹ ਤਾਂ ਮੂਹੜਾਂ ਦਾ ਕੰਮ ਹੈ, ਤੇ ਤੂੰ ਤਾਂ ਪਾੜ੍ਹਾ ਐਂ।" ਤਾਏ ਨੇ ਮੇਰਾ ਹੌਸਲਾ ਵਧਾਇਆ। ਉਸ ਨੇ ਮੈਨੂੰ ਬਲਦਾਂ ਨੂੰ ਹੱਕਣ ਤੇ ਹਲ ਦੀ ਹੱਥੀ ਖੜਵੀਂ ਰੱਖਣ ਤੇ ਸਿੱਧਾ ਝਾਕਣ ਦੀ ਤਾਕੀਦ ਕੀਤੀ। ਤਾਏ ਨੇ ਦੱਸਿਆ, ਜੇ ਹਲ ਟੇਢਾ ਹੋ ਗਿਆ ਤਾਂ ਬਲਦ ਡੰਗਿਆ ਜਾਵੇਗਾ। ਉਸ ਨੇ ਹਲਾਂ ਸਿੱਧੀ ਕੱਢਣ ਲਈ ਨਜ਼ਰ ਪੰਜਾਲੀ ਉਤੋਂ ਸਿੱਧੀ ਰੱਖਣ ਲਈ ਆਖਿਆ। ਮੈਂ ਉਸ ਦੀਆਂ ਹਦਾਇਤਾਂ ਮੂਜਬ ਹੱਥ 'ਚ ਪਰਾਣੀ ਲੈ ਬਲਦਾਂ ਨੂੰ ਹੱਕਿਆ। ਚਾਅ ਚਾਅ ਵਿਚ ਹੀ ਕਈ ਘੰਟੇ ਹਲ ਵਾਹਿਆ। ਹੋਇਆ ਕੀ, ਦਿਨ ਢਲਣ ਤੱਕ ਮੇਰਾ ਖੱਬਾ ਮੋਢਾ ਸੁੱਜ ਗਿਆ ਤੇ ਟਸ ਟਸ ਕਰਨ ਲੱਗਾ। ਅਗਲੇ ਦਿਨ ਮੈਂ ਤਾਏ ਕੋਲ ਗਿਆ ਤੇ ਆਵਦੀ ਪੀੜ ਬਾਰੇ ਦੱਸਿਆ।

ਤਾਇਆ ਖੁੱਲ੍ਹ ਕੇ ਹੱਸਿਆ, "ਲਗਦੈ, ਤੂੰ ਹਲ ਬਾਂਹ ਨਾਲ ਧੱਕਿਆ ਹੋਊ! ਹਲ ਵਾਹੁੰਦਿਆਂ ਲੱਤਾਂ ਦੁੱਖਦੀਆਂ ਤਾਂ ਸੁਣੀਆਂ, ਪਰ ਮੋਢੇ ਵਾਲੀ ਗੱਲ ਨ੍ਹੀਂ ਸੁਣੀ।" ਤਾਏ ਦੀ ਗੱਲ ਠੀਕ ਸੀ। ਸਾਡੇ ਬਲਦ ਮੱਠੇ ਸਨ ਤੇ ਤਾਏ ਕੇ ਤੇਜ। ਮੈਂ ਨਾਲ ਰਲਣ ਲਈ, ਅਚੇਤ ਹੀ ਬਾਂਹ ਨਾਲ ਹਲ ਧੱਕ ਕੇ ਜਿਵੇਂ ਬਲਦਾਂ ਦੀ ਮਦਦ ਕਰ ਰਿਹਾ ਸਾਂ।

ਤਾਏ ਨੇ ਹਲ ਵਾਹੁਣ ਦੀ ਜੋ ਵਿਆਖਿਆ ਕੀਤੀ, ਉਸ ਵਿਚ ਸਾਰਾ ਵਿਰੋਧ-ਵਿਕਾਸ ਲੁਕਿਆ ਹੋਇਆ ਸੀ। ਉਸ ਦੇ ਬੋਲਾਂ ਵਿਚ ਸੁਣੋ, "ਦੇਖ! ਹਾਲੀ ਦਾ ਕੰਮ ਹੱਥੀ ਫੜ੍ਹ ਕੇ ਸਿਰਫ ਹਲ ਨੂੰ ਸਾਂਵਾਂ ਰੱਖਣਾ ਹੁੰਦੈ, ਤੇ ਹਲਾਂ ਸਿੱਧੀ ਕੱਢਣ ਲਈ ਸਾਹਵੇਂ ਝਾਕਣਾ। ਖਿੱਚਣ ਦਾ ਕੰਮ ਬਲਦ ਆਪੇ ਕਰਦੇ ਆ, ਹਾਲੀ ਨ੍ਹੀਂ ਕਰਦਾ। ਤੂੰ ਹਲ ਧੱਕੀ ਗਿਆ ਤੇ ਮੋਢਾ ਸੁਜਾ ਲਿਆ। ਭਲਿਆ ਤੇਰੇ ਜੋਰ ਲਾਉਣ ਨਾਲ ਹਲ ਥੋੜੇ ਧੱਕਿਆ ਜਾਣਾ ਸੀ।"

ਮੇਰੇ ਅੰਦਰ ਜਿਵੇਂ ਚਾਨਣ ਹੋ ਗਿਆ। ਇਹ ਗੁਰ ਤਾਂ ਹਰ ਥਾਂ ਲਾਗੂ ਹੁੰਦਾ ਹੈ। ਹਰ ਵਰਤਾਰਾ ਆਪਣੇ ਅੰਦਰੂਨੀ ਬਲ ਨਾਲ ਗਤੀਸ਼ੀਲ ਹੁੰਦਾ ਹੈ। ਆਹਰ ਅਤੇ ਸਬਰ ਕਰਨ ਦੀ ਥਾਂ ਅਸੀਂ ਤੀਂਘੜਨਾ ਸ਼ੁਰੂ ਕਰ ਦਿੰਦੇ ਹਾਂ। ਅਸੀਂ ਕਲੀ ਨੂੰ ਹੱਥ ਨਾਲ ਖੋਲ੍ਹ ਕੇ ਫੁੱਲ ਬਣਾਉਣ 'ਚ ਰੁੱਝ ਜਾਂਦੇ ਹਾਂ ਤੇ ਉਹ ਦੀਆਂ ਪੱਤੀਆਂ ਖਿਲਾਰ ਬਹਿੰਦੇ ਹਾਂ।

ਤਾਏ ਦਾ ਇਹ ਗੁਰ ਜ਼ਿੰਦਗੀ ਵਿਚ ਬੜਾ ਕੰਮ ਆਇਆ। ਘਟਨਾਵਾਂ ਦੇ ਗੇੜ ਵਿਚ ਜਦੋਂ ਵੀ ਮਨ ਉਚਾਟ ਹੁੰਦਾ, ਤਾਏ ਦੀ ਗੱਲ ਯਾਦ ਕਰਕੇ ਢਾਰਸ ਬੱਝ ਜਾਂਦਾ। ਹਰ ਮੁਸੀਬਤ, ਵਰਤਾਰੇ ਨੇ ਆਪਣਾ ਸਮਾਂ ਲੈਣਾ ਹੈ, ਵਿਗਸਣਾ ਹੈ ਤੇ ਅੰਜਾਮ ਤੱਕ ਪਹੁੰਚਣਾ ਹੈ। ਲਾਲਚ ਤੇ ਲਾਲਸਾ ਵੱਸ, ਛੇਤੀ ਛੇਤੀ ਫੱਲ ਪਾਉਣ ਦੀ ਝਾਕ ਵਿਚ, ਅਸੀਂ ਖਫਾ-ਖੂੰ ਹੋਈ ਜਾਂਦੇ ਹਾਂ, ਇੱਕ ਦੂਜੇ ਦੇ ਪੈਰ ਮਿੱਧਦੇ ਹਾਂ। ਦੁਖੀ ਹੁੰਦੇ ਹਾਂ।

ਮੈਂ ਅੱਖਾਂ ਖੋਲ੍ਹੀਆਂ। ਕਾਨ੍ਹੀ ਬਿਨਾ ਕਿਸੇ ਉਚੇਚ ਦੇ, ਤਾਏ ਦੀ ਅਰਥੀ ਚੁੱਕਣ ਦੀ ਤਿਆਰੀ ਕਰ ਰਹੇ ਸਨ। ਮੈਨੂੰ ਲੱਗਾ, ਤਾਏ ਨੇ ਉਠ ਕੇ ਬਹਿ ਜਾਣਾ ਹੈ ਤੇ ਆਪਣਾ ਆਖਰੀ ਗੁਰ ਦੱਸਣਾ ਹੈ, "ਮੁੰਡਿਓ, ਸਾਰੇ ਜਣੇ ਅਰਥੀ ਇੱਕੋ ਵੇਲੇ ਚੁੱਕਿਓ, ਨਹੀਂ ਤਾਂ ਉਲਰ ਕੇ ਏਨ੍ਹੇ ਇੱਕ ਦੇ ਗਲ ਪੈ ਜਾਣੈਂ।"

ਅੱਜ ਤਾਏ ਦੀਆਂ ਗੱਲਾਂ ਯਾਦ ਕਰਕੇ ਲਗਦੈ, ਜਿਵੇਂ ਸਾਰੇ ਜਣੇ ਜ਼ਿੰਦਗੀ ਦੇ ਖੇਤ 'ਚ ਹਲ ਵਾਹ ਰਹੇ ਹੋਈਏ। ਅਸੀਂ ਘਟਨਾਵਾਂ ਅਤੇ ਵਰਤਾਰਿਆਂ ਦੇ ਹਲ ਦੀ ਹੱਥੀ ਨੂੰ, ਜਿੰਨਾ ਹੋ ਸਕੇ ਸਿੱਧੇ ਰੱਖਣਾ ਹੈ, ਡੋਲਣ ਨ੍ਹੀਂ ਦੇਣਾ। ਜੋ ਹਲ ਨੂੰ ਧੱਕਣ ਦੀ ਕੋਸ਼ਿਸ਼ ਕਰਦੇ ਹਨ, ਦੁਖੀ ਹੁੰਦੇ ਹਨ, ਜੋ ਹੱਥੀ ਨੂੰ ਸਾਂਵਾਂ ਤੇ ਨਜ਼ਰ ਨੂੰ ਸਿੱਧੀ ਰੱਖਣ ਦਾ ਗੁਰ ਸਿੱਖ ਲੈਂਦੇ ਹਨ, ਉਨ੍ਹਾਂ ਦਾ ਜਿਉਣਾ ਸਹਿਜ ਹੋ ਜਾਂਦਾ ਹੈ। ਜਿਵੇਂ ਬੱਸ ਚਾਲਕ, ਸਿਰਫ ਸਟੇਅਰਿੰਗ ਵ੍ਹੀਲ ਨੂੰ ਸੰਭਾਲਦਾ ਹੈ, ਬਰੇਕਾਂ 'ਤੇ ਪੱਬ ਰੱਖਦਾ ਹੈ, ਉਸ ਨੂੰ ਆਪ ਨਹੀਂ ਖਿੱਚਦਾ। ਖਿੱਚਣ ਦਾ ਕੰਮ ਇੰਜਣ ਕਰੀ ਜਾਂਦਾ ਹੈ। ਅਸੀਂ ਚਾਲਕ ਬਣਨ ਦੀ ਥਾਂ, ਉਮਰ ਭਰ ਇੰਜਣ ਬਣੇ ਰਹਿੰਦੇ ਹਾਂ, ਫਿਰ ਖੜਕਦੇ ਹਾਂ, ਹਿਲਦੇ ਰਹਿੰਦੇ ਹਾਂ। ਤਬਦੀਲੀ ਲਈ ਯਤਨਸ਼ੀਲ ਕਾਮਿਆਂ ਲਈ ਇਹ ਗੁਰ ਚੇਤੇ ਰੱਖਣ ਵਾਲਾ ਹੈ।

## ਕਰੋਨਾ ਦਾ ਡਰ

ਅੱਜ ਵੀ ਬੇਬੇ ਨੇ ਸਵੇਰੇ ਉਠਦਿਆਂ ਈ ਜ਼ਿਦ ਫੜ ਲਈ, "ਵੇਖ ਜਾਗਰਾ, ਅੱਜ ਤਾਂ ਬਾਬਾ ਜੀ ਕੋਲ ਲੈ ਈ ਜਾ, ਮੈ ਤਾਂ ਰਾਤ ਨੂੰ ਵੀ ਕਰੋਨਾ ਬਾਰੇ ਚਿੰਤਾ ਕਰਦੀ ਰਹਿੰਦੀ ਆਂ। ਜਾ ਕੇ ਅਰਦਾਸ ਕਰ ਈ ਆਉਂਦੇ ਆਂ ਕਿ ਬਾਬਾ ਜੀ ਸੁੱਖ ਰੱਖਿਓ। ਆਹ ਕੋਰੋਨਾ ਜਿਆ ਕਿਤੇ ਸਾਨੂੰ ਈ ਨਾ ਹੋ ਜਾਵੇ।"

ਜਾਗਰ ਵੀ ਸੌਖਾ ਹੀ ਮੰਨ ਗਿਆ। ਦਸਾਂ ਮਿੰਟਾਂ 'ਚ ਈ ਉਨ੍ਹਾਂ ਦਾ ਸਕੂਟਰ ਡੇਰੇ ਦੇ ਰਾਹ ਪੈ ਗਿਆ।

ਅੱਜ ਡੇਰੇ 'ਚ ਪਹਿਲਾਂ ਵਰਗੀ ਰੌਣਕ ਨਹੀਂ ਸੀ। ਬਾਹਰ ਗੇਟ 'ਤੇ ਲਿਖਿਆ ਸੀ, "ਕਰੋਨਾ ਕਰਕੇ ਸੰਗਤਾਂ ਘਰੇ ਈ ਪਾਠ ਕਰਨ। ਪ੍ਰਸ਼ਾਸਨ ਦੀ ਹਦਾਇਤ ਮੁਤਾਬਿਕ ਹਾਲ ਦੀ ਘੜੀ ਦਸ਼ਮੀ, ਸੰਗਰਾਂਦ ਅਤੇ ਪੂਰਨਮਾਸ਼ੀ ਦਿਹਾੜੇ ਨਹੀਂ ਮਨਾਏ ਜਾਣਗੇ।"

"ਚੱਲ ਜਾਗਰਾ, ਇੱਥੇ ਕਿਉਂ ਖੜ੍ਹਾ ਹੋ ਗਿਆ? ਬਾਬਾ ਜੀ ਕਿਤੇ ਚਲੇ ਈ ਨਾ ਜਾਣ।"

ਅੰਦਰ ਗਏ ਤਾਂ ਦਰਬਾਰ ਸਾਹਿਬ ਦਾ ਦਰਵਾਜਾ ਬੰਦ ਸੀ। ਸੇਵਾਦਾਰ ਨੇ ਦੋਹਾਂ ਨੂੰ ਚਾਹ ਦਾ ਗਲਾਸ ਫੜਾਇਆ। ਚਾਹ ਪੀਣ ਸਾਰ ਬੇਬੇ ਨੇ ਆਪਣੇ ਗਲਾਸਾਂ ਨਾਲ ਪਹਿਲਾਂ ਤੋਂ ਰੱਖੇ ਹੋਰ ਭਾਂਡੇ ਵੀ ਚੁੱਕ ਲਏ ਅਤੇ ਟੂਟੀਆਂ ਵੱਲ ਧੋਣ ਚਲੀ ਗਈ। ਜਾਗਰ ਨੇ ਧੁੱਪ 'ਚ ਕੁਮਲਾਏ ਬੂਟਿਆਂ ਨੂੰ ਪਾਣੀ ਦਿੱਤਾ। ਉਸ ਨੂੰ ਝੜੇ ਪੱਤੇ ਅਤੇ ਇੱਧਰ ਉਧਰ ਪਿਆ ਹੋਰ ਨਿੱਕ-ਸੁੱਕ ਵੀ ਚੰਗਾ ਨਾ ਲੱਗਾ। ਉਸ ਨੇ ਜਲਦੀ ਜਲਦੀ ਝਾੜੂ ਮਾਰ ਕੇ ਸਫਾਈ ਕਰ ਦਿੱਤੀ।

ਉਸ ਨੇ ਵੇਖਿਆ ਕਿ ਇੱਕ ਖੂੰਜੇ ਵਾਲੇ ਕਮਰੇ 'ਚ ਬਾਬਾ ਜੀ ਪਿੱਛੇ ਵੱਲ ਮੂੰਹ ਕਰੀ ਫੋਨ ਕਰੀ ਜਾ ਰਹੇ ਹਨ। ਉਹ ਭੱਜ ਕੇ ਬੇਬੇ ਕੋਲ ਗਿਆ ਤੇ ਹੌਲੀ ਜਿਹੇ ਬੋਲਿਆ, "ਬੇਬੇ, ਔਹ ਵੇਖ ਬਾਬਾ ਜੀ।"

"ਚੱਲ ਪੁੱਤ, ਅਜੇ ਨਾ ਬੁਲਾਈਂ, ਉਨ੍ਹਾਂ ਨੂੰ ਗੱਲ ਕਰ ਲੈ ਦੇਣ ਦੇ ਪਹਿਲਾਂ।"

ਬਾਬਾ ਜੀ ਰੋਣਹਾਕੇ ਹੋਏ ਫੋਨ ਕਰ ਰਹੇ ਸਨ, "ਤੁਸੀਂ ਮਹਾਰਾਜ ਮੇਰੀ ਬਿਪਤਾ ਦੂਰ ਕਰੋ, ਮੈਨੂੰ ਓਦਣ ਦੀ ਨੀਂਦ ਨ੍ਹੀਂ ਆਈ, ਜਦੋਂ ਦਾ ਵਲੈਤੀਆ ਹਸਪਤਾਲ 'ਚ ਭਰਤੀ ਹੋਇਆ। ਨਾਲੇ ਮੈਂ ਈ ਉਹਤੋਂ ਪੈਸੈ ਫੜੇ ਸੀ, ਮੇਰੇ ਤਾਂ ਬੂਟ-ਜੁਰਾਬਾਂ ਵੀ ਉਹਨੇ ਈ ਪਾਏ ਸੀ।"

ਬੇਬੇ ਨੇ ਸਭ ਕੁਝ ਸੁਣ ਲਿਆ। "ਲੈ ਬਈ, ਨੀਂਦ ਨ੍ਹੀਂ ਆਉਂਦੀ ਇਹਨੂੰ, ਵੱਡੇ ਸੰਤ ਨੂੰ!" ਤੇ ਜਾਗਰ ਦੀ ਬਾਂਹ ਫੜ ਕੇ ਬੋਲੀ, "ਚੱਲ ਜਾਗਰਾ, ਘਰ ਚੱਲ! ਤੂੰ ਤਾਂ ਅੱਜ ਪੱਠੇ ਵੀ ਨ੍ਹੀਂ ਵੱਢੇ।" ਬੇਬੇ ਨੇ ਜਾਗਰ ਦੀ ਬਾਂਹ ਫੜੀ ਤੇ ਗੇਟੋਂ ਬਾਹਰ ਆ ਗਈ।


*-ਪ੍ਰਭਜੀਤ ਸਿੰਘ ਰਸੂਲਪੁਰ*
*ਫੋਨ: 91-98780-23768*

# ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ

**ਮੋਦੀ ਸਰਕਾਰ ਆਪਣੇ ਏਜੰਡੇ ਨੂੰ ਅਗਾਂਹ ਵਧਾਉਣ ਵਿਚ ਕੋਈ ਵੀ ਮੌਕਾ ਜਾਣ ਨਹੀਂ ਦਿੰਦੀ। ਅਯੁੱਧਿਆ ਵਿਚ ਰਾਮ ਮੰਦਿਰ ਦਾ ਨੀਂਹ ਪੱਥਰ ਰੱਖਿਆ ਤਾਂ ਉਥੇ ਇਤਰਾਜ਼ ਵਾਲੀਆਂ ਟਿੱਪਣੀਆਂ ਕੀਤੀਆਂ ਗਈਆਂ। ਇਨ੍ਹਾਂ ਟਿੱਪਣੀਆਂ ਵਿਚੋਂ ਕੁਝ ਇਕ ਸਿੱਖਾਂ ਨਾਲ ਵੀ ਸਬੰਧਤ ਹਨ। ਡਾ. ਗੁਰਨਾਮ ਕੌਰ ਨੇ ਆਪਣੇ ਇਸ ਲੇਖ ਵਿਚ ਬਾਕਾਇਦਾ ਹਵਾਲੇ ਦੇ ਕੇ ਇਸ ਮਸਲੇ ਦੀ ਹਕੀਕਤ ਸਭ ਦੇ ਸਾਹਮਣੇ ਲਿਆਂਦੀ ਹੈ। -ਸੰਪਾਦਕ**

ਬਾਬਰੀ ਮਸਜਿਦ ਗਿਰਾ ਕੇ ਉਥੇ ਰਾਮ ਮੰਦਿਰ ਬਣਾਉਣ ਦੀ ਨੀਂਹ ਰੱਖਣ ਦੀ ਤਿਆਰੀ ਵਿਚ ਭੂਮੀ-ਪੂਜਨ ਕੀਤਾ ਗਿਆ, ਕਿਸੇ ਨੂੰ ਕੋਈ ਇਤਰਾਜ਼ ਨਹੀਂ; ਪਰ ਉਥੇ ਕੁਝ ਬਿਆਨਬਾਜ਼ੀਆਂ, ਭਾਸ਼ਣ ਇਸ ਕਿਸਮ ਦੇ ਹੋਏ ਹਨ, ਜਿਨ੍ਹਾਂ 'ਤੇ ਇਤਰਾਜ਼ ਕਰਨਾ ਜਾਇਜ਼ ਵੀ ਹੈ ਅਤੇ ਤਰਕਸੰਗਤ ਵੀ, ਇਹ ਪੁਨਰ ਵਿਚਾਰ ਦੀ ਮੰਗ ਵੀ ਕਰਦੇ ਹਨ। ਇਸ ਤੋਂ ਪਹਿਲਾਂ ਕਿ ਇਸ 'ਤੇ ਵਿਚਾਰ-ਚਰਚਾ ਕੀਤੀ ਜਾਵੇ, ਸਿੱਖ ਧਰਮ ਬਾਰੇ ਮੈਂ ਕੁਝ ਨੁਕਤੇ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦੀ ਹਾਂ।

ਪਹਿਲਾ ਨੁਕਤਾ ਇਹ ਹੈ ਕਿ ਸਿੱਖ ਧਰਮ ਇਲਹਾਮੀ ਧਰਮ ਹੈ, ਜਿਸ ਦਾ ਇਲਹਾਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਦੇ ਰੂਪ ਵਿਚ ਲਗਾਤਾਰਤਾ ਵਿਚ ਹੋਇਆ। ਇਸ ਦਾ ਇਲਹਾਮ ਪਹਿਲੇ ਅਤੇ ਬਾਨੀ ਗੁਰੂ ਨਾਨਕ ਦੇਵ ਤੋਂ ਲੈ ਕੇ ਦਸਵੇਂ ਤੇ ਆਖਰੀ ਸਰੀਰਕ ਗੁਰੂ ਗੋਬਿੰਦ ਸਿੰਘ ਤੱਕ ਲਗਾਤਾਰ ਅਮਲ ਹੈ; ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਇੱਕੋ ਹੀ ਗੁਰੂ ਜੋਤਿ ਅਤੇ ਇੱਕੋ ਹੀ



**ਡਾ. ਗੁਰਨਾਮ ਕੌਰ, ਕੈਨੇਡਾ**

ਗੁਰੂ ਜੁਗਤਿ ਪਰਵਾਨ ਕੀਤੀ ਗਈ ਹੈ। ਇਸ ਦੇ ਪ੍ਰਮਾਣ ਸਾਨੂੰ ਸਿੱਖ ਧਰਮ ਦੇ ਮੁਢਲੇ ਸਰੋਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਅਤੇ ਸੈਕੰਡਰੀ ਸਰੋਤਾਂ ਵਿਚੋਂ ਵੀ ਮਿਲ ਜਾਂਦੇ ਹਨ। ਅਗਲਾ ਨੁਕਤਾ ਇਹ ਹੈ ਕਿ ਇਹ ਇਲਹਾਮ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤੱਕ ਲਗਾਤਾਰਤਾ ਵਿਚ ਹੈ; ਇਸ ਦੀ ਲਗਾਤਾਰਤਾ ਇਸ ਤੋਂ ਪਹਿਲਾਂ ਪ੍ਰਾਪਤ ਕਿਸੇ ਹੋਰ ਧਰਮ ਨਾਲ ਨਹੀਂ ਹੈ; ਇਸ ਲਈ ਇਹ ਸੁਤੰਤਰ ਅਮਲ ਹੈ; ਜਿਸ ਦਾ ਇਸ ਤੋਂ ਪਹਿਲਾਂ ਪ੍ਰਾਪਤ ਧਰਮਾਂ ਨਾਲ ਉਹੀ ਰਿਸ਼ਤਾ ਹੈ, ਜੋ ਕਿਸੇ ਵੀ ਸੁਤੰਤਰ ਧਰਮ ਦਾ ਕਿਸੇ ਦੂਸਰੇ ਧਰਮ ਨਾਲ ਹੁੰਦਾ ਹੈ ਜਾਂ ਹੋ ਸਕਦਾ ਹੈ।

ਸਿੱਖ ਧਰਮ ਚਿੰਤਨ ਵਿਚ ਇੱਕੋ-ਇੱਕ ਪਰਮਸਤਿ ਜਾਂ ਪਰਮਾਤਮ-ਸ਼ਕਤੀ ਨੂੰ ਮੰਨਿਆ ਗਿਆ ਹੈ, ਜੋ ਇਸ ਸੰਸਾਰ ਦਾ ਕਰਤਾ ਪੁਰਖ ਜਾਂ ਸਿਰਜਣਹਾਰ ਵੀ ਹੈ; ਇਹ ਸਾਰੀ ਕੁਦਰਤਿ ਉਸ ਦਾ ਪਰਗਟ ਰੂਪ ਹੈ ਅਤੇ ਉਹ ਜਨਮ ਤੇ ਮਰਨ ਵਿਚ ਨਹੀਂ ਆਉਂਦਾ। ਉਹ ਆਪਣੀ ਕੁਦਰਤਿ ਵਿਚ ਵਿਆਪਕ ਰੂਪ ਵਿਚ ਸਮਾਇਆ ਹੋਇਆ ਹੈ ਅਤੇ ਸਾਰੀ ਸਿਰਜਣਾ ਵਿਚ ਇੱਕ-ਰਸ ਵਿਆਪਕ ਹੈ। ਸਭ ਉਸ ਦੀ ਜੋਤਿ ਤੋਂ ਪ੍ਰਕਾਸ਼ਿਤ ਹਨ, ਇਸ ਲਈ ਸਾਰੇ ਮਨੁੱਖ ਬਰਾਬਰ ਹਨ; ਕਿਸੇ ਜਾਤਿ, ਜਨਮ ਜਾਂ ਔਰਤ-ਮਰਦ ਹੋਣ ਕਰ ਕੇ ਉਚੇ ਜਾਂ ਨੀਵੇਂ ਨਹੀਂ ਹਨ। ਇਸ ਦਾ ਆਪਣਾ ਧਰਮ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਹੈ, ਜਿਸ ਦਾ ਸੰਕਲਨ ਪੰਜਵੀਂ ਜੋਤਿ ਗੁਰੂ ਅਰਜਨ ਦੇਵ ਨੇ ਆਪ ਕੀਤਾ ਅਤੇ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ-ਨਾਲ ਉਨ੍ਹਾਂ ਸੰਤਾਂ ਅਤੇ ਭਗਤਾਂ ਦੀ ਬਾਣੀ ਵੀ ਸ਼ਾਮਲ ਆਪ ਕੀਤੀ, ਜਿਨ੍ਹਾਂ ਦੀ ਵਿਚਾਰਧਾਰਾ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨਾਲ ਇਕਸੁਰ ਸੀ ਜਾਂ ਸੁਮੇਲ ਰੱਖਦੀ ਸੀ। ਇਹ ਭਗਤ ਅਤੇ ਸੂਫੀ ਸੰਤ ਹਿੰਦੂ ਅਤੇ ਮੁਸਲਮਾਨ-ਦੋਹਾਂ ਭਾਈਚਾਰਕ ਪਿਛੋਕੜਾਂ ਨਾਲ ਸਬੰਧਤ ਹਨ। ਇਸ ਲਈ ਬਾਣੀ ਸਰਬਸਾਂਝੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਮਨੁੱਖੀ ਸਾਂਝ ਅਤੇ ਭਾਈਚਾਰਕ ਸਹਿਹੋਂਦ ਦਾ ਪ੍ਰਤੀਕ ਹੈ। ਗੁਰੂ ਗ੍ਰੰਥ ਸਾਹਿਬ ਨੂੰ ਨਾ ਸਿਰਫ ਇਸ ਦੇ ਬਾਨੀ ਗੁਰੂਆਂ ਨੇ ਆਪਣੇ ਜੀਵਨ ਸਮੇਂ 'ਚ ਆਪ ਤਿਆਰ ਕੀਤਾ, ਸਗੋਂ ਇਸ ਦੀ ਵਿਲੱਖਣਤਾ ਇਸ ਨੂੰ 'ਸ਼ਬਦ ਗੁਰੂ' ਦਾ ਦਰਜਾ ਪ੍ਰਾਪਤ ਹੋਣ 'ਚ ਵੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਲ ਕੀਤੀ ਅਤੇ ਨਾਂਦੇੜ ਵਿਚ ਬਾਕਾਇਦਾ ਪਰੰਪਰਾ ਅਨੁਸਾਰ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰਗੱਦੀ 'ਗ੍ਰੰਥ ਸਾਹਿਬ' ਨੂੰ ਸੌਂਪ ਕੇ ਪੰਥ ਨੂੰ ਭਵਿਖ ਵਿਚ ਅਗਵਾਈ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਤੋਂ ਲੈਣ ਦੀ ਆਗਿਆ ਕੀਤੀ। ਸਿੱਖ ਧਰਮ ਵਿਚ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਿਸੇ ਹੋਰ ਗ੍ਰੰਥ ਨੂੰ 'ਸ਼ਬਦ ਗੁਰੂ' ਹੋਣ ਦਾ ਇਹ ਦਰਜਾ ਪ੍ਰਾਪਤ ਨਹੀਂ। ਇੱਥੋਂ ਹੀ ਇੱਕ 'ਪੰਥ' ਅਤੇ ਇੱਕ 'ਗ੍ਰੰਥ' ਦੀ ਨੀਂਹ ਰੱਖੀ ਗਈ। ਇਸ ਲਈ ਸਿੱਖ ਧਰਮ ਦੇ ਸਿਧਾਂਤਾਂ ਦਾ ਮੂਲ ਸਰੋਤ ਗੁਰੂ ਗ੍ਰੰਥ ਸਾਹਿਬ ਬਾਣੀ ਹੈ; ਬਾਕੀ ਸਭ ਗੌਣ ਜਾਂ ਸੈਕੰਡਰੀ ਸਰੋਤ ਹਨ।

ਕਿਸੇ ਵੀ ਸਿਧਾਂਤ ਦੇ ਸਤਿ ਜਾਂ ਸਤਿਅਤਾ ਨੂੰ ਪਰਖਣ ਲਈ ਕਸਵੱਟੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ। ਇਨ੍ਹਾਂ ਹੀ ਨੁਕਤਿਆਂ ਨੂੰ ਅਗਲੇ ਲੇਖਾਂ ਵਿਚ ਵਿਚਾਰਿਆ ਜਾਣਾ ਹੈ।

ਸਿੱਖ ਧਰਮ ਦੇ ਇਲਹਾਮ ਦੀ ਲਗਾਤਾਰਤਾ ਸਮਝਣ ਲਈ ਸਾਨੂੰ ਇਹ ਸਮਝਣਾ ਪਵੇਗਾ ਕਿ ਸਾਰੇ ਗੁਰੂ ਸਾਹਿਬਾਨ ਵਿਚ ਇੱਕੋ ਗੁਰੂ ਜੋਤਿ ਵਿਆਪਕ ਹੈ ਅਤੇ ਗੁਰੂ ਜੁਗਤਿ ਵੀ ਇੱਕੋ ਹੀ ਹੈ; ਇਸ ਦਾ ਹਵਾਲਾ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਮਿਲ ਜਾਂਦਾ ਹੈ। ਭਾਈ ਗੁਰਦਾਸ ਨੇ ਆਪਣੀਆਂ ਲਿਖਤਾਂ ਵਿਚ ਵੀ ਇੱਕੋ ਗੁਰੂ ਜੋਤਿ ਅਤੇ ਇੱਕੋ ਗੁਰੂ ਜੁਗਤਿ ਦੇ ਇਸ ਸਿਧਾਂਤ ਦਾ ਜ਼ਿਕਰ ਕੀਤਾ ਹੈ; ਖਾਸ ਕਰ ਕੇ ਉਨ੍ਹਾਂ ਦੀਆਂ 'ਵਾਰਾਂ' ਵਿਚ ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ। ਭਾਈ ਗੁਰਦਾਸ, ਗੁਰੂ ਅਰਜਨ ਦੇਵ ਵਲੋਂ ਲਿਖਾਈ ਪਹਿਲੀ ਬੀੜ ਦੇ ਲਿਖਾਰੀ ਹਨ ਅਤੇ ਉਨ੍ਹਾਂ ਨੇ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਹਰਗੋਬਿੰਦ ਸਾਹਿਬ ਦੀ ਸੰਗਤਿ ਦਾ ਅਨੰਦ ਮਾਣਿਆ ਤੇ ਸਿੱਖੀ ਦਾ ਪ੍ਰਚਾਰ ਕੀਤਾ। ਇਸ ਤਰ੍ਹਾਂ ਗੌਣ ਸਰੋਤਾਂ ਵਿਚ ਸਭ ਤੋਂ ਅਹਿਮ ਸਥਾਨ ਭਾਈ ਗੁਰਦਾਸ ਦੀਆਂ ਰਚਨਾਵਾਂ ਨੂੰ ਪ੍ਰਾਪਤ ਹੈ।

ਸਿੱਖ ਗੁਰੂ ਸਾਹਿਬਾਨ ਨੇ ਗੁਰਗੱਦੀ ਸੌਂਪਣ ਦਾ ਸਿਧਾਂਤ ਯੋਗਤਾ-ਮੂਲਕ ਸਥਾਪਤ ਕੀਤਾ, ਨਾ ਕਿ ਕਿਸੇ ਖਾਨਦਾਨੀ ਰਿਸ਼ਤੇ ਸਦਕਾ। ਗੁਰੂ ਨਾਨਕ ਸਾਹਿਬ ਨੇ ਜਦੋਂ ਗੁਰਗੱਦੀ ਭਾਈ ਲਹਿਣਾ ਜੀ ਨੂੰ ਸੌਂਪੀ ਤਾਂ ਇਸ ਦਾ ਪੈਮਾਨਾ ਯੋਗਤਾ ਨੂੰ ਰੱਖਿਆ ਗਿਆ ਅਤੇ ਭਾਈ ਲਹਿਣਾ ਜੀ ਦੀ ਪਰਖ, ਯੋਗਤਾ ਰਾਹੀਂ ਕੀਤੀ ਗਈ ਅਤੇ ਪਰਖ ਦੀ ਕਸਵੱਟੀ 'ਤੇ ਖਰੇ ਉਤਰਨ 'ਤੇ ਆਪਣਾ ਉਤਰਾਧਿਕਾਰੀ ਥਾਪਿਆ। ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਰਾਮਕਲੀ ਕੀ ਵਾਰ' ਵਿਚ ਰਾਇ ਬਲਵੰਡ ਅਤੇ ਸਤੇ ਨੇ ਗੁਰੂ ਨਾਨਕ ਸਾਹਿਬ ਵਲੋਂ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਦੇਣ ਦਾ ਬਿਆਨ ਕਰਦਿਆਂ ਦੱਸਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪ ਫੈਸਲਾ ਕੀਤਾ ਅਤੇ ਭਾਈ ਲਹਿਣੇ ਨੂੰ ਆਪਣੇ ਜਿਉਂਦੇ ਜੀਅ ਗੁਰਗੱਦੀ ਦਿੱਤੀ। ਇਸੇ ਦਾ ਬਿਆਨ ਕਰਦਿਆਂ ਦੱਸਿਆ ਹੈ ਕਿ ਜਦੋਂ ਕਰਤਾ ਕਾਦਰ, ਸਮਰੱਥ ਮਾਲਕ ਆਪ ਨਾਮਣਾ ਦੇਵੇ, ਫੈਸਲਾ ਵੀ ਉਹੀ ਹੈ-ਗੁਰੂ ਨਾਨਕ ਦੇਵ ਜੀ ਦਾ ਸਿਰਫ ਸਰੀਰ ਹੀ ਬਦਲਿਆ ਹੈ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਅਨੁਸਾਰ ਵਿਰਾਸਤ ਦੀ ਨੀਂਹ ਕਿਸੇ ਕੁਲ, ਗੋਤਿ ਜਾਂ ਜਾਤਿ 'ਤੇ ਨਹੀਂ ਰੱਖੀ ਗਈ, ਵਿਰਾਸਤ ਅਧਿਆਤਮਕ ਰਿਸ਼ਤੇ, ਅਧਿਆਤਮਕ ਗੁਣਾਂ ਦੀ ਸਾਂਝ ਨਾਲ ਅੱਗੇ ਚੱਲਦੀ ਹੈ। ਗੁਰੂ ਨਾਨਕ ਦੇਵ ਜੀ ਨੇ ਜਿਵੇਂ ਗੁਰੂ ਅੰਗਦ ਦੇਵ ਜੀ ਨੂੰ ਹੁਕਮ ਕੀਤਾ, ਉਨ੍ਹਾਂ ਨੇ ਮੰਨਣ ਤੋਂ ਨਾਂਹ ਨਹੀਂ ਕੀਤੀ, ਪਰ ਗੁਰੂ ਸਾਹਿਬ ਦੇ ਪੁੱਤਰਾਂ ਨੇ ਬਚਨ ਨੂੰ ਨਹੀਂ ਮੰਨਿਆ ਅਤੇ ਗੁਰੂ ਵੱਲ ਪਿੱਠ ਦੇ ਕੇ ਹੁਕਮ ਮੋੜਦੇ ਰਹੇ। ਅੱਗੇ ਹੋਰ ਦੱਸਿਆ ਹੈ ਕਿ ਬਾਬੇ ਨਾਨਕ ਦੀ ਜੋਤਿ ਬਾਬਾ ਲਹਿਣਾ ਜੀ ਦੀ ਜੋਤਿ ਵਿਚ ਇਸ ਤਰ੍ਹਾਂ ਮਿਲ ਗਈ ਕਿ ਗੁਰੂ ਨਾਨਕ ਨੇ ਆਪਣੇ ਆਪੇ ਨੂੰ ਲਹਿਣਾ ਜੀ ਨਾਲ ਸਾਵਾਂ ਕਰ ਲਿਆ। ਗੁਰੂ ਨਾਨਕ ਸਾਹਿਬ ਨੇ ਆਪਣੇ ਸਿੱਖਾਂ ਅਤੇ ਪੁੱਤਰਾਂ ਨੂੰ ਪਰਖ ਕੇ ਭਾਈ ਲਹਿਣਾ ਜੀ ਨੂੰ ਆਪਣੇ ਥਾਂ ਚੁਣਿਆ,

ਗੁਰਿ ਚੇਲੇ ਰਹਰਾਸਿ ਕੀਈ  
ਨਾਨਕਿ ਸਲਾਮਤਿ ਥੀਵਦੈ॥  
ਸਹਿ ਟਿਕਾ ਦਿਤੋਸੁ ਜੀਵਦੈ॥੧॥  
ਲਹਣੇ ਦੀ ਫੇਰਾਈਐ  
ਨਾਨਕਾ ਦੋਹੀ ਖਟੀਐ॥  
ਜੋਤਿ ਓਹਾ ਜੁਗਤਿ ਸਾਇ ਸਹਿ  
ਕਾਇਆ ਫੇਰਿ ਪਲਟੀਐ॥ (ਪੰਨਾ 966)

ਇਹ ਇਤਿਹਾਸਕ ਤੱਥ ਹੈ ਕਿ ਗੁਰੂ ਨਾਨਕ ਸਾਹਿਬ ਨੇ ਅਧਿਆਤਮਕਤਾ ਨੂੰ ਗ੍ਰਿਹਿਸਥ ਨਾਲ ਜੋੜਿਆ, ਪਰ ਉਨ੍ਹਾਂ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਨੇ ਸੰਨਿਆਸ ਗ੍ਰਹਿਣ ਕੀਤਾ, ਜੋ ਗੁਰਮਤਿ ਸਿਧਾਂਤਾਂ ਦੇ ਅਨੁਕੂਲ ਨਹੀਂ ਹੈ। ਗੁਰੂ ਤੋਂ ਬੇਮੁੱਖਤਾ ਇਥੋਂ ਹੀ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਬਾਬਾ ਸ੍ਰੀ ਚੰਦ ਗੁਰੂ ਦੀ ਵਿਰਾਸਤ ਨੂੰ ਅੱਗੇ ਲੈ ਨਹੀਂ ਲੈ ਕੇ ਗਿਆ, ਭਾਈ ਲਹਿਣਾ ਗੁਰੂ ਅੰਗਦ ਦੇ ਰੂਪ ਵਿਚ ਗੁਰੂ ਨਾਨਕ ਦੀ ਵਿਰਾਸਤ ਨੂੰ ਅੱਗੇ ਲੈ ਕੇ ਗਏ। ਗੁਰੂ ਨਾਨਕ ਸਾਹਿਬ ਨੇ ਆਪਣੇ ਸਿੱਖਾਂ ਅਤੇ ਪੁੱਤਰਾਂ ਨੂੰ ਪਰਖ ਕੇ ਭਾਈ ਲਹਿਣਾ ਜੀ ਨੂੰ ਆਪਣੇ ਥਾਂ ਚੁਣਿਆ, ਗੁਰਗੱਦੀ ਨਾਲ ਨਿਵਾਜਿਆ। ਇਹ ਵਿਲੱਖਣ ਕਿਸਮ ਦੀ ਅਧਿਆਤਮਕ ਵਿਰਾਸਤ ਹੈ। ਗੁਰੂ ਨਾਨਕ ਸਾਹਿਬ ਨੇ ਜੋ ਵੀ ਹੁਕਮ ਕੀਤਾ, ਗੁਰੂ ਅੰਗਦ ਦੇਵ ਜੀ ਨੇ ਉਸ ਨੂੰ ਸਤਿ ਕਰ ਕੇ

**ਸਿੱਖ ਧਰਮ ਦੇ ਇਲਹਾਮ ਦੀ ਲਗਾਤਾਰਤਾ ਸਮਝਣ ਲਈ ਸਾਨੂੰ ਇਹ ਸਮਝਣਾ ਪਵੇਗਾ ਕਿ ਸਾਰੇ ਗੁਰੂ ਸਾਹਿਬਾਨ ਵਿਚ ਇੱਕੋ ਗੁਰੂ ਜੋਤਿ ਵਿਆਪਕ ਹੈ ਅਤੇ ਗੁਰੂ ਜੁਗਤਿ ਵੀ ਇੱਕੋ ਹੀ ਹੈ; ਇਸ ਦਾ ਹਵਾਲਾ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਮਿਲ ਜਾਂਦਾ ਹੈ। ਭਾਈ ਗੁਰਦਾਸ ਨੇ ਆਪਣੀਆਂ ਲਿਖਤਾਂ ਵਿਚ ਵੀ ਇੱਕੋ ਗੁਰੂ ਜੋਤਿ ਅਤੇ ਇੱਕੋ ਗੁਰੂ ਜੁਗਤਿ ਦੇ ਇਸ ਸਿਧਾਂਤ ਦਾ ਜ਼ਿਕਰ ਕੀਤਾ ਹੈ; ਖਾਸ ਕਰ ਕੇ ਉਨ੍ਹਾਂ ਦੀਆਂ 'ਵਾਰਾਂ' ਵਿਚ ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ। ਭਾਈ ਗੁਰਦਾਸ, ਗੁਰੂ ਅਰਜਨ ਦੇਵ ਵਲੋਂ ਲਿਖਾਈ ਪਹਿਲੀ ਬੀੜ ਦੇ ਲਿਖਾਰੀ ਹਨ ਅਤੇ ਉਨ੍ਹਾਂ ਨੇ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਹਰਗੋਬਿੰਦ ਸਾਹਿਬ ਦੀ ਸੰਗਤਿ ਦਾ ਅਨੰਦ ਮਾਣਿਆ ਤੇ ਸਿੱਖੀ ਦਾ ਪ੍ਰਚਾਰ ਕੀਤਾ।**

ਕਰੇ ਕਿਸੇ ਦਾ ਤਾਂ ਉਸ ਦੇ ਹੁਕਮ ਨੂੰ ਕਿਵੇਂ ਤੋਲਿਆ ਜਾ ਸਕਦਾ ਹੈ? ਦੈਵੀ ਗੁਣਾਂ ਦਾ ਆਪਸ ਵਿਚ ਸੱਚਾ ਰਿਸ਼ਤਾ ਹੈ, ਦੈਵੀ ਗੁਣ ਸਕੇ ਭੈਣ ਭਰਾ ਹਨ। ਭਾਵ ਪੁੱਤਰ ਲਹੂ ਦਾ ਰਿਸ਼ਤਾ ਹੋਣ ਕਰ ਕੇ ਗੱਦੀ ਮੰਗਦੇ ਸੀ, ਪਰ ਅਸਲ ਸਾਕ ਚੰਗੇ ਗੁਣਾਂ ਦਾ ਹੁੰਦਾ ਹੈ, ਜਿਸ ਕਰ ਕੇ ਗੁਰਗੱਦੀ ਭਾਈ ਲਹਿਣਾ ਜੀ ਨੂੰ ਦਿੱਤੀ ਗਈ।

ਗੁਰੂ ਨਾਨਕ ਦੇਵ ਜੀ ਨੇ ਪੱਕੀ ਨੀਂਹ ਰੱਖ ਕੇ ਸੱਚ-ਰੂਪ ਕਿਲ੍ਹਾ ਉਸਾਰਿਆ ਅਤੇ ਧਰਮ ਦਾ ਰਾਜ ਚਲਾਇਆ। ਆਪਣੇ ਸਿੱਖ ਭਾਈ ਲਹਿਣਾ ਜੀ ਨੂੰ ਆਤਮਕ ਜ਼ਿੰਦਗੀ ਬਖਸ਼ ਕੇ ਅੱਗੇ ਮੱਥਾ ਟੇਕਿਆ ਅਤੇ ਉਨ੍ਹਾਂ ਦੇ ਸਿਰ ਉੱਤੇ ਗੁਰਿਆਈ ਦਾ ਛੱਤਰ ਧਰਿਆ। ਜੋਤਿ ਵੀ ਉਹੀ ਹੈ, ਜੁਗਤਿ ਮੰਨਿਆ ਅਤੇ ਪੁਗਾਇਆ। ਗੁਰੂ ਦੇ ਪੁੱਤਰਾਂ ਨੇ ਆਗਿਆ ਦਾ ਪਾਲਣ ਨਹੀਂ ਕੀਤਾ ਅਤੇ ਗੁਰੂ ਵੱਲ ਪਿੱਠ ਕਰ ਕੇ ਹੁਕਮ ਮੋੜਦੇ ਰਹੇ,

ਸਚੁ ਜਿ ਗੁਰਿ ਫੁਰਮਾਇਆ  
ਕਿਉ ਏਦੂ ਬੋਲਹੁ ਹਟੀਐ॥  
ਪੁਤ੍ਰੀ ਕਉਲੁ ਨ ਪਾਲਿਓ  
ਕਰਿ ਪੀਰਹੁ ਕੰਨ੍ਹ ਮੁਰਟੀਐ॥  
(ਪੰਨਾ 966)

ਜੋਤਿ ਸਮਾਣੀ ਜੋਤਿ ਮਾਹਿ ਆਪੁ  
ਆਪੈ ਸੇਤੀ ਮਿਕਿਓਨੁ॥  
ਸਿਖਾਂ ਪੁਤ੍ਰਾਂ ਘੋਖਿ ਕੈ  
ਸਭ ਉਮਤਿ ਵੇਖਹੁ ਜਿ ਕਿਓਨੁ॥  
ਜਾਂ ਸੁਧੋਸੁ ਤਾਂ ਲਹਿਣਾ ਟਿਕਿਓਨੁ॥



ਫੇਰਿ ਵਸਾਇਆ ਫੇਰੁਆਣਿ  
ਸਤਿਗੁਰਿ ਖਾਡੂਰੁ॥  
ਜਪੁ ਤਪੁ ਸੰਜਮੁ ਨਾਲਿ ਤੁਧੁ  
ਹੋਰੁ ਮੁਚੁ ਗਰੂਰੁ॥ (ਪੰਨਾ 967)

ਆਮ ਤੌਰ 'ਤੇ ਅਧਿਆਤਮਕ ਪਰੰਪਰਾਵਾਂ ਵਿਚ ਗੱਦੀ ਜਾਂ ਗੁਰਗੱਦੀ ਵਲੋਂ ਪ੍ਰਚਾਰ-ਪ੍ਰਸਾਰ ਦਾ ਸਾਰਾ ਅਮਲ ਉਸੇ ਇੱਕੋ ਸਥਾਨ ਤੋਂ ਚਲਾਇਆ ਜਾਂਦਾ ਹੈ, ਪਰ ਗੁਰੂ ਜੁਗਤਿ ਦਾ ਇਹ ਵਿਲੱਖਣ ਤੱਥ ਹੈ ਕਿ ਗੁਰੂ ਨਾਨਕ ਪੈਦਾ ਹੋਏ ਤਲਵੰਡੀ ਰਾਇ ਭੋਇ (ਹੁਣ ਨਨਕਾਣਾ ਸਾਹਿਬ) ਵਿਖੇ, ਰੱਬੀ ਸਤਿ ਦਾ ਅਨੁਭਵ ਹੋਇਆ ਸੁਲਤਾਨਪੁਰ ਲੋਧੀ ਵਿਚ (ਵੇਈਂ ਨਦੀ ਪ੍ਰਵੇਸ਼) ਅਤੇ ਆਪਣੇ ਪ੍ਰਚਾਰ ਕੇਂਦਰ ਦਾ ਮੁਕਾਮ ਬਣਾਇਆ ਕਰਤਾਰਪੁਰ ਸਾਹਿਬ ਨੂੰ। ਭਾਈ ਲਹਿਣਾ ਜੀ ਦਾ ਜਨਮ ਹੋਇਆ ਮੁਕਤਸਰ ਜਿਲੇ ਦੇ ਪਿੰਡ ਸਰਾਇ ਨਾਗਾ ਵਿਚ, ਜੋਤਿ ਜਗੀ ਆ ਕੇ ਕਰਤਾਰਪੁਰ ਵਿਚ ਅਤੇ ਪ੍ਰਚਾਰ ਕੇਂਦਰ ਦੇ ਤੌਰ 'ਤੇ ਵਸਾਇਆ ਖਡੂਰ ਸਾਹਿਬ। ਇਹ ਪਰੰਪਰਾ ਇਸੇ ਤਰ੍ਹਾਂ ਅੱਗੇ ਚੱਲਦੀ ਹੈ। 'ਜੋਤਿ ਓਹਾ ਜੁਗਤਿ ਸਾਇ' ਦੀ ਇਸ ਵਿਲੱਖਣ ਵਿਰਾਸਤੀ ਪਰੰਪਰਾ ਦਾ ਜ਼ਿਕਰ ਕਰਦਿਆਂ ਗੁਰੂ ਅਮਰਦਾਸ ਨੂੰ ਗੁਰੂ ਅੰਗਦ ਦੇਵ ਜੀ ਦਾ ਪੁੱਤਰ ਅਤੇ ਗੁਰੂ ਨਾਨਕ ਦਾ ਪੋਤਰਾ ਬਿਆਨ ਕੀਤਾ ਹੈ। ਜੇ ਦੁਨਿਆਵੀ ਰਿਸ਼ਤੇ ਦੇ ਤੌਰ 'ਤੇ ਦੇਖਿਆ ਜਾਵੇ ਤਾਂ ਗੁਰੂ ਅਮਰਦਾਸ ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਬੀਬੀ ਅਮਰੋ ਦੇ ਸਹੁਰਾ ਪਰਿਵਾਰ ਦੇ ਰਿਸ਼ਤੇ ਵਿਚੋਂ ਹੋਣ ਕਰ ਕੇ ਗੁਰੂ ਅੰਗਦ ਦੇਵ ਜੀ ਦੇ ਕੁੜਮ ਦਾ ਰਿਸ਼ਤਾ ਰੱਖਦੇ ਹਨ, ਪਰ ਸ਼ਰਧਾਲੂ ਸਿੱਖ ਵਾਂਗ ਗੁਰੂ ਸੇਵਾ ਵਿਚ ਜੀਵਨ ਬਸਰ ਕਰਦਿਆਂ ਗੁਰੂ ਅੰਗਦ ਦੇਵ ਵਲੋਂ ਪਾਈ ਪਰਖ ਦੀ ਕਸਵੱਟੀ 'ਤੇ ਪੂਰੇ ਉੱਤਰਦੇ ਹਨ ਅਤੇ ਉਨ੍ਹਾਂ ਦੇ ਵਾਰਿਸ-ਪੁੱਤਰ ਬਣਦੇ ਹਨ। ਗੁਰੂ ਅਮਰਦਾਸ ਪੈਦਾ ਹੁੰਦੇ ਹਨ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਤੇ ਗੁਰੂ ਦੀ ਸੇਵਾ ਕਰਦਿਆਂ ਜੋਤਿ ਜਗਦੀ ਹੈ ਖਡੂਰ ਸਾਹਿਬ ਵਿਖੇ ਅਤੇ ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਲਈ ਨਵਾਂ ਕੇਂਦਰ ਸਥਾਪਤ ਕਰਦੇ ਹਨ ਗੋਇੰਦਵਾਲ,

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥  
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥  
(ਪੰਨਾ 967-68)

ਰਾਇ ਬਲਵੰਡ ਅਤੇ ਸਤੇ ਨੇ ਦੇਵਤਿਆਂ ਅਤੇ ਦੈਤਾਂ ਦੇ ਸਮੁੰਦਰ ਰਿੜਕਣ ਦੇ ਮਿੱਥ ਦਾ ਅਲੰਕਾਰ ਵਰਤ ਕੇ ਦੱਸਿਆ ਹੈ ਕਿ ਗੁਰੂ ਨਾਨਕ ਨੇ ਉੱਚੀ ਸੁਰਤਿ ਰਾਹੀਂ ਮਨ ਨੂੰ ਜਿੱਤ ਕੇ 'ਸ਼ਬਦ' ਨੂੰ ਵਿਚਾਰਿਆ ਅਤੇ ਸ਼ਬਦ ਦੀ ਇਸ ਵਿਚਾਰ ਵਿਚੋਂ ਰੱਬੀ ਗੁਣ ਰੂਪੀ ਚੌਦਾਂ ਰਤਨ ਕੱਢ ਕੇ ਸੰਸਾਰ ਨੂੰ ਸੋਹਣਾ ਬਣਾ ਦਿੱਤਾ। ਇਹੀ ਅਲੰਕਾਰ ਅੱਗੇ ਗੁਰੂ ਅਮਰਦਾਸ ਲਈ ਵਰਤਿਆ ਹੈ। ਇਸ ਤਰ੍ਹਾਂ ਗੁਰੂ-ਵਿਰਾਸਤ ਰਵਾਇਤੀ ਖੂਨ ਦੇ ਰਿਸ਼ਤੇ ਦੇ ਪੁੱਤਰਾਂ ਨਾਲ ਨਹੀਂ ਚੱਲਦੀ, ਸਗੋਂ ਅਧਿਆਤਮਕ ਰਿਸ਼ਤੇ 'ਜੋਤਿ ਓਹਾ ਜੁਗਤਿ ਸਾਇ' ਰਾਹੀਂ ਚੱਲਦੀ ਹੈ। ਗੁਰੂ ਅੰਗਦ ਦੇਵ ਵੀ ਪਰਖ ਕਰਨ ਉਪਰੰਤ ਗੁਰਗੱਦੀ ਪੁੱਤਰਾਂ ਨੂੰ ਨਾ ਦੇ ਕੇ ਗੁਰੂ ਅਮਰਦਾਸ ਦੀ ਚੋਣ ਕਰਦੇ ਹਨ। ਗੁਰੂ ਅਮਰਦਾਸ ਦੀ ਸਹਿਜ ਅਵਸਥਾ, ਵਿਅਕਤੀਤਵ ਵਿਚ ਸੰਤੁਲਨ, ਸੁੱਚੇ ਆਚਰਨ ਅਤੇ ਪਰਮਾਤਮ-ਸੁਰਤਿ ਨਾਲ ਇਕਸੁਰਤਾ, ਅਗਿਆਨ ਦੇ ਹਨੇਰੇ ਵਿਚ ਸਤਿ ਦੇ ਪ੍ਰਚਾਰ ਦਾ ਬਿਆਨ ਕਰਦਿਆਂ ਨਾਲ ਹੀ ਉਨ੍ਹਾਂ ਵਲੋਂ ਲੰਗਰ ਦੀ ਵਿਵਸਥਾ ਨੂੰ ਮਜ਼ਬੂਤ ਕਰਨ ਦਾ ਜ਼ਿਕਰ ਵੀ ਕੀਤਾ ਹੈ ਅਤੇ ਨਤੀਜਾ ਕੱਢਿਆ ਹੈ,

ਨਾਨਕ ਹੰਦਾ ਛਤੁ ਸਿਰਿ ਉਮਤਿ ਹੈਰਾਣੁ॥  
ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥  
ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥੬॥  
(ਪੰਨਾ 968)

ਅੱਗੇ ਗੁਰੂ ਰਾਮਦਾਸ ਬਾਰੇ ਦੱਸਿਆ ਹੈ ਕਿ ਅਕਾਲ ਪੁਰਖ ਦੀ ਇਹ ਪੂਰੀ ਕਰਾਮਾਤ ਹੋਈ ਹੈ, ਜਿਸ ਨੇ ਗੁਰੂ ਰਾਮਦਾਸ ਨੂੰ ਸਿਰਜਿਆ ਅਤੇ ਸਵਾਰਿਆ ਹੈ, ਸਿਰਜਣਹਾਰ ਨੇ ਖੁਦ ਨੂੰ ਗੁਰੂ ਰਾਮਦਾਸ ਵਿਚ ਟਿਕਾਇਆ ਹੈ। ਰਿਸ਼ਤੇ ਵਿਚ ਗੁਰੂ ਰਾਮਦਾਸ ਬੀਬੀ ਭਾਨੀ ਦੇ ਪਤੀ ਹੋਣ ਨਾਤੇ ਗੁਰੂ ਅਮਰਦਾਸ ਦੇ ਜੁਆਈ ਹਨ, ਪਰ ਪੁੱਤਰ ਗੁਰਗੱਦੀ ਦੀ ਕਸਵੱਟੀ 'ਤੇ ਪੂਰੇ ਨਾ ਉਤਰਨ ਕਰ ਕੇ ਗੁਰਗੱਦੀ ਦਾ ਛਤ੍ਰ ਗੁਰੂ ਰਾਮਦਾਸ ਦੇ ਸੀਸ 'ਤੇ ਸਜਾਇਆ ਜਾਂਦਾ ਹੈ। ਗੁਰੂ ਰਾਮਦਾਸ ਨਵਾਂ ਨਗਰ 'ਗੁਰੂ ਰਾਮਦਾਸ ਚੱਕ' ਭਾਵ ਅੰਮ੍ਰਿਤਸਰ ਵਸਾਉਂਦੇ ਹਨ, ਜਿਸ ਦਾ ਰਹਿੰਦਾ ਕਾਰਜ ਫਿਰ ਗੁਰੂ ਅਰਜਨ ਦੇਵ ਪੂਰਾ ਕਰਦੇ ਹਨ। ਗੁਰੂ ਰਾਮਦਾਸ ਦੀ ਸਿਫਤਿ-ਸਾਲਾਹ ਕੀਤੀ ਹੈ ਕਿ ਤੂੰ ਸਦਾ ਕਾਇਮ ਰਹਿਣ ਵਾਲਾ ਹੈਂ ਅਤੇ ਤੇਰੇ ਗੁਣਾਂ ਨੂੰ ਤੋਲਿਆ ਨਹੀਂ ਜਾ ਸਕਦਾ, ਤੇਰੇ ਗੁਣਾਂ ਦੀ ਥਾਹ ਨਹੀਂ ਪਾਈ ਜਾ ਸਕਦੀ, ਤੇਰਾ ਸਥਾਨ ਧੰਨ ਹੈ। ਦੱਸਿਆ ਹੈ ਕਿ ਵਿਚਾਰ ਕੀਤਿਆਂ ਇਹ ਤੱਥ ਦ੍ਰਿੜ ਹੋ ਜਾਂਦਾ ਹੈ ਕਿ ਜੋ ਜੋਤਿ ਗੁਰੂ ਰਾਮਦਾਸ ਵਿਚ ਹੈ, ਉਹੀ ਗੁਰੂ ਨਾਨਕ, ਭਾਈ ਲਹਿਣਾ (ਗੁਰੂ ਅੰਗਦ), ਗੁਰੂ ਅਮਰਦਾਸ ਵਿਚ ਹੈ। ਸਭ ਇੱਕੋ ਸਰੂਪ ਹਨ।

ਨਾਨਕੁ ਤੂ ਲਹਣਾ ਤੂਹੈ  
ਗੁਰੁ ਅਮਰੁ ਤੂ ਵੀਚਾਰਿਆ॥  
ਗੁਰੁ ਡਿਠਾ ਤਾਂ ਮਨੁ ਸਾਧਾਰਿਆ॥੭॥  
(ਪੰਨਾ 968)

ਰਾਇ ਬਲਵੰਡ ਅਤੇ ਸਤੇ ਅਨੁਸਾਰ ਚਾਰੇ ਗੁਰੂ ਆਪਣੇ ਆਪਣੇ ਸਮੇਂ ਵਿਚ ਰੌਸ਼ਨ ਹੋਏ ਅਤੇ ਅਕਾਲ ਪੁਰਖ, ਜਿਸ ਨੇ ਇਹ ਸ੍ਰਿਸ਼ਟੀ ਆਪਣੇ ਆਪ ਤੋਂ ਸਾਜੀ ਹੈ, ਸ੍ਰਿਸ਼ਟੀ ਉਸ ਦਾ ਪਰਗਟ ਸਰੂਪ ਹੈ, ਉਸ ਨੇ ਆਪਣੇ ਆਪ ਨੂੰ ਗੁਰੂਆਂ ਵਿਚ ਪਰਗਟ ਕੀਤਾ ਅਤੇ ਆਪ ਹੀ ਸ੍ਰਿਸ਼ਟੀ ਨੂੰ ਆਸਰਾ ਦੇ ਰਿਹਾ ਹੈ। ਉਹ ਆਪ ਹੀ ਪੱਟੀ, ਆਪ ਹੀ ਕਲਮ ਅਤੇ ਆਪ ਹੀ ਲਿਖਣ ਵਾਲਾ ਹੈ। ਸਾਰੀ ਸ੍ਰਿਸ਼ਟੀ ਜਨਮ-ਮਰਨ ਦੇ ਗੇੜ ਵਿਚ ਹੈ, ਪਰ ਉਹ ਸਦੀਵੀ ਕਾਇਮ ਹੈ ਅਤੇ ਨਵਾਂ ਨਰੋਆ ਹੈ, ਅਰਥਾਤ ਆਪਣੀ ਰਚਨਾ ਤੋਂ ਨਿਰਲੇਪ ਵੀ ਹੈ। ਇਸ ਤਰ੍ਹਾਂ ਫਿਰ ਪੰਜਵੇਂ ਗੁਰੂ ਅਰਜਨ ਦੇਵ ਗੁਰਗੱਦੀ 'ਤੇ ਬਿਰਾਜਮਾਨ ਹੁੰਦੇ ਹਨ,

ਤਖਤਿ ਬੈਠਾ ਅਰਜਨ ਗੁਰੂ  
ਸਤਿਗੁਰ ਕਾ ਖਿਵੈ ਚੰਦੋਆ॥  
ਉਗਵਣਹੁ ਤੈ ਆਥਵਣਹੁ  
ਚਹੁ ਚਕੀ ਕੀਅਨੁ ਲੋਆ॥ (ਪੰਨਾ 968)

ਤਖਤ ਉਤੇ ਹੁਣ ਗੁਰੂ ਅਰਜਨ ਦੇਵ ਬੈਠੇ ਹੋਏ ਹਨ ਅਤੇ ਸਤਿਗੁਰੂ ਦਾ ਚੰਦੋਆ ਚਮਕ ਰਿਹਾ ਹੈ। ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਛਿਪਣ ਤੱਕ ਚਹੁ ਚੱਕਾਂ ਵਿਚ ਗੁਰੂ ਅਰਜਨ ਨੇ ਗਿਆਨ ਦਾ ਚਾਨਣ ਕਰ ਦਿੱਤਾ ਹੈ। ਇੱਥੇ ਸਵਾਲ ਕੀਤਾ ਜਾ ਸਕਦਾ ਹੈ ਕਿ ਗੁਰੂ ਅਰਜਨ ਗੁਰੂ ਰਾਮਦਾਸ ਦੇ ਪੁੱਤਰ ਹਨ ਅਤੇ ਗੁਰਗੱਦੀ ਪ੍ਰਾਪਤ ਕਰਦੇ ਹਨ, ਪਰ ਕਸਵੱਟੀ ਇਥੇ ਵੀ ਯੋਗਤਾਮੂਲਕ ਹੈ, ਕਿਉਂਕਿ ਗੁਰੂ ਅਰਜਨ ਦੇਵ ਗੁਰੂ ਰਾਮਦਾਸ ਦੇ ਸਭ ਤੋਂ ਛੋਟੇ ਪੁੱਤਰ ਹਨ, ਪ੍ਰਿਥੀ ਚੰਦ ਅਤੇ ਮਹਾਂਦੇਵ ਵੱਡੇ ਪੁੱਤਰ ਹੋ ਕੇ ਵੀ ਕਸਵੱਟੀ 'ਤੇ ਪੂਰੇ ਨਹੀਂ ਉਤਰਦੇ।

ਸਾਰੇ ਗੁਰੂ ਸਾਹਿਬਾਨ ਵਿਚ ਇੱਕੋ ਜੋਤਿ ਅਤੇ ਗੁਰੂ ਜੁਗਤਿ ਵੀ ਇੱਕੋ ਹੋਣ ਦੇ ਸਿਧਾਂਤ ਨੂੰ ਹੀ ਭਾਈ ਗੁਰਦਾਸ ਨੇ ਆਪਣੀਆਂ ਰਚਨਾਵਾਂ, ਖਾਸ ਕਰ 'ਵਾਰਾਂ' 'ਚ ਦ੍ਰਿੜ ਕਰਾਇਆ ਹੈ। ਉਨ੍ਹਾਂ

*(ਬਾਕੀ ਅਗਲੇ ਸਫੇ 'ਤੇ)*

# ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ

(ਪਿਛਲੇ ਸਫੇ ਦੀ ਬਾਕੀ)

ਅਨੁਸਾਰ ਵੀ ਗੁਰੂ ਨਾਨਕ ਦੇ ਪੁੱਤਰ ਪਰਖ ਦੀ ਕਸਵੱਟੀ 'ਤੇ ਪੂਰੇ ਨਹੀਂ ਉਤਰਦੇ, ਸਗੋਂ ਗੁਰੂ ਹੁਕਮ ਤੋਂ ਆਕੀ ਜਾਂ ਬਾਗੀ ਹੋਏ ਫਿਰਦੇ ਹਨ। ਗੁਰੂ ਨਾਨਕ ਦੇ ਸਿਧਾਂਤ ਦੇ ਵਿਪਰੀਤ ਬਾਬਾ ਸ੍ਰੀ ਚੰਦ ਵਲੋਂ ਸੰਨਿਆਸ ਧਾਰਨ ਕਰ ਲੈਣਾ ਗੁਰੂ ਤੋਂ ਬੇਮੁੱਖਤਾ ਹੈ, ਗੁਰੂ ਦੇ ਸਿਧਾਂਤਾਂ ਦਾ ਵਿਰੋਧ ਹੈ:

ਫਿਰਿ ਬਾਬਾ ਆਇਆ ਕਰਤਾਰਪੁਰਿ
ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ
ਮੰਜੀ ਬੈਠਿ ਕੀਆ ਅਵਤਾਰਾ।
ਉਲਟੀ ਗੰਗ ਵਹਾਈਓਨਿ
ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ ਨ ਪਾਲਿਆ
ਮਨਿ ਖੋਟੇ ਆਕੀ ਨਸਿਆਰਾ।

(ਵਾਰ: 1, ਪਉੜੀ 38)

ਭਾਈ ਗੁਰਦਾਸ ਨੇ ਗੁਰੂ ਨਾਨਕ ਦੇ ਸਥਾਪਤ ਕੀਤੇ ਮਾਰਗ ਦੀ ਗੱਲ ਕਰਦਿਆਂ ਇਸ ਨੂੰ 'ਨਾਨਕ ਨਿਰਮਲ ਪੰਥ ਚਲਾਇਆ' ਕਿਹਾ ਹੈ ਅਤੇ ਦੱਸਿਆ ਹੈ ਕਿ ਗੁਰੂ ਨਾਨਕ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਭਾਈ ਲਹਿਣਾ ਜੀ ਨੂੰ ਗੁਰਗੱਦੀ 'ਤੇ ਸਥਾਪਤ ਕਰ ਦਿੱਤਾ, 'ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ' ਅਤੇ ਗੁਰੂ ਨਾਨਕ ਵਲੋਂ ਭਾਈ ਲਹਿਣੇ ਨੂੰ ਆਪਣਾ ਵਾਰਿਸ ਗੁਰੂ ਚੁਣਨ ਨੂੰ 'ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕ ਰੂਪੁ ਵਟਾਇਆ' ਕਿਹਾ ਹੈ, ਜੋ ਅਚਰਜ ਖੇਲ ਹੈ, ਜਿਸ ਨੂੰ ਸਮਝਣਾ ਦੁਨੀਆਂ ਵਾਸਤੇ ਮੁਸ਼ਕਿਲ ਹੈ, ਕਿਉਂਕਿ ਇਹ ਅਨੋਖਾ ਕੌਤਕ 'ਕਾਇਆ ਪਲਟ ਸਰੂਪੁ ਬਣਾਇਆ' ਹੈ ਅਤੇ ਗੁਰੂ ਅੰਗਦ ਦੇ ਸਰੂਪ ਵਿਚ ਉਨ੍ਹਾਂ ਨੇ ਖਡੂਰ ਸਾਹਿਬ ਵਿਚ ਜੋਤਿ ਦਾ ਪ੍ਰਕਾਸ਼ ਕੀਤਾ। ਗੁਰੂ ਅੰਗਦ ਪਾਸੋਂ ਗੁਰਿਆਈ ਗੁਰੂ ਅਮਰਦਾਸ ਕੋਲ ਆਈ ਅਤੇ ਉਨ੍ਹਾਂ ਨੇ ਗੋਇੰਦਵਾਲ ਵਸਾਇਆ। ਭਾਈ ਗੁਰਦਾਸ ਅਨੁਸਾਰ ਜਿਸ ਕਿਸਮ ਦਾ ਮਨੁੱਖ ਬੀਜਦਾ ਹੈ, ਉਹੋ ਜਿਹੀ ਫਸਲ ਉਗਦੀ ਹੈ। ਰੱਬੀ ਦਾਤਿ ਗੁਰੂ ਦੇ ਸਨਮੁਖਿ ਹੋਇਆਂ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਨਾਲ ਮਿਲੀ ਹੈ,

ਸੋ ਟਿਕਾ ਸੋ ਛਤ੍ਰ ਸਿਰਿ ਸੋਈ
ਸਚਾ ਤਖਤੁ ਟਿਕਾਈ।
ਗੁਰ ਨਾਨਕ ਹੰਦੀ ਮੁਹਰਿ ਹਥਿ
ਗੁਰ ਅੰਗਦ ਦੀ ਦੋਹੀ ਫਿਰਾਈ।
ਦਿਤਾ ਛੋੜਿ ਕਰਤਾਰ ਪੁਰੁ
ਬੈਠਿ ਖਡੂਰੇ ਜੋਤਿ ਜਗਾਈ।
ਜੰਮੇ ਪੂਰਬਿ ਬੀਜਿਆ ਵਿਚਿ
ਵਿਚਿ ਹੋਰਿ ਕੂੜੀ ਚਤੁਰਾਈ।
ਲਹਣੇ ਪਾਈ ਨਾਨਕੋ ਦੇਣੀ
ਅਮਰਦਾਸਿ ਘਰਿ ਆਈ।
ਗੁਰੁ ਬੈਠਾ ਅਮਰੁ ਸਰੂਪ ਹੋਇ
ਗੁਰਮੁਖਿ ਪਾਈ ਦਾਦਿ ਇਲਾਹੀ।
ਫੇਰਿ ਵਸਾਇਆ ਗੋਇੰਦਵਾਲੁ
ਅਚਰਜੁ ਖੇਲੁ ਨ ਲਖਿਆ ਜਾਈ।
ਦਾਤਿ ਜੋਤਿ ਖਸਮੈ ਵਡਿਆਈ॥46॥

(ਵਾਰ: 1, ਪਉੜੀ: 46)

ਗੁਰੂ ਅਮਰਦਾਸ ਤੋਂ ਆਪਣੀ ਯੋਗਤਾ ਕਰ ਕੇ ਗੁਰੂ ਰਾਮਦਾਸ ਗੁਰਿਆਈ ਦੇ ਹੱਕਦਾਰ ਬਣੇ ਅਤੇ ਉਨ੍ਹਾਂ ਨੇ ਅੰਮ੍ਰਿਤਸਰ ਸ਼ਹਿਰ ਵਸਾਇਆ ਅਤੇ ਤਲਾਬ ਦੀ ਖੁਦਾਈ ਕਰਾਈ। ਇਹ ਆਪਣੇ ਕੀਤੇ ਹੋਏ ਦੀ ਪ੍ਰਾਪਤੀ ਹੈ। ਜੋ ਚੀਜ਼ ਜਿਸ ਦੀ ਹੁੰਦੀ ਹੈ, ਉਸੇ ਦੇ ਘਰ ਵਿਚ ਆਉਂਦੀ ਹੈ। ਇਥੇ ਭਾਈ ਗੁਰਦਾਸ ਨੇ ਗੁਰੂ ਰਾਮਦਾਸ ਨੂੰ 'ਸੋਢੀ ਪਾਤਿਸਾਹੁ' ਅਤੇ ਮਾਲਕ ਦਾ 'ਉਲਟਾ ਖੇਲ' ਕਿਹਾ ਹੈ ਤੇ ਇਸ ਦੀ ਤੁਲਨਾ ਗੰਗਾ ਦੇ ਉਲਟੇ ਵਹਾ ਨਾਲ ਕੀਤੀ ਹੈ। ਹੋਰ ਨਦੀਆਂ ਪੱਛਮ ਨੂੰ ਜਾ ਕੇ ਅਰਬ ਸਾਗਰ ਵਿਚ ਡਿਗਦੀਆਂ ਹਨ, ਪਰ ਗੰਗਾ ਉਤਰ ਤੋਂ ਪੂਰਬ ਵੱਲ ਜਾ ਕੇ ਬੰਗਾਲ ਦੀ ਖਾੜੀ ਵਿਚ ਸਮੁੰਦਰ ਵਿਚ ਸਮਾ ਜਾਂਦੀ ਹੈ। ਇਥੇ ਵੀ ਗੁਰੂ ਅਮਰਦਾਸ ਦੇ ਪੁੱਤਰ ਮੋਹਣ ਤੇ ਮੋਹਰੀ ਗੱਦੀ ਦੇ ਹੱਕਦਾਰ ਨਹੀਂ ਬਣੇ। ਕਸਵੱਟੀ ਉਤੇ ਗੁਰੂ ਰਾਮਦਾਸ, ਜੋ ਰਿਸ਼ਤੇ ਵਿਚ ਜੁਆਈ ਹਨ, ਗੱਦੀ 'ਤੇ ਬੈਠੇ, ਜਿਨ੍ਹਾਂ ਤੋਂ ਗੁਰਗੱਦੀ ਗੁਰੂ ਅਰਜਨ ਦੇਵ ਨੂੰ ਮਿਲੀ, ਜੋ ਸੰਸਾਰਕ ਰਿਸ਼ਤੇ ਵਿਚ ਵੀ ਗੁਰੂ ਰਾਮਦਾਸ ਦੇ ਪੁੱਤਰ ਹਨ, ਕਿਉਂਕਿ ਉਹ ਹੀ ਇਸ ਦੇ ਯੋਗ ਸਨ। ਇਥੇ ਇਹ ਵੀ ਜ਼ਿਕਰ ਕੀਤਾ ਹੈ ਕਿ ਗੁਰਗੱਦੀ ਹੁਣ ਘਰ ਵਿਚ ਹੀ ਰਹੇਗੀ, ਕਿਉਂਕਿ ਇਹ ਕਿਸੇ ਹੋਰ ਦੇ ਸੰਭਾਲਣ ਦੀ ਨਹੀਂ ਸੀ, ਜਿਸ ਨੂੰ ਭਾਈ ਗੁਰਦਾਸ ਨੇ 'ਹੋਰਸਿ ਅਜਰੁ ਨ ਜਰਿਆ ਜਾਵੈ' ਕਿਹਾ ਹੈ। ਇਤਿਹਾਸ ਅਨੁਸਾਰ ਅਸੀਂ ਸਾਰੇ ਜਾਣਦੇ ਹਾਂ ਕਿ ਅੱਗੋਂ ਸਾਰਾ ਸਮਾਂ ਪਰਖ ਅਤੇ ਸੰਕਟਾਂ ਦਾ ਭਰਿਆ ਹੋਇਆ ਸੀ ਅਤੇ ਗੁਰੂ ਆਪਣੀ ਵਿਵੇਕ ਬੁੱਧ, ਦੂਰਦ੍ਰਿਸ਼ਟੀ ਨਾਲ ਭਵਿੱਖ ਨੂੰ ਸਪਸ਼ਟ ਰੂਪ 'ਚ ਦੇਖ ਰਹੇ ਸਨ,

ਦਿਤਾ ਲਈਏ ਆਪਣਾ
ਅਣਿਦਿਤਾ ਕਛੂ ਹਤਿ ਨ ਆਵੈ।
ਫਿਰਿ ਆਈ ਘਰਿ ਅਰਜਣੇ
ਪੁਤੁ ਸੰਸਾਰੀ ਗੁਰੂ ਕਹਾਵੈ।

(ਵਾਰ: 1, ਪਉੜੀ: 47)

ਗੁਰੂ ਅਰਜਨ ਦੇਵ ਤੋਂ ਛੇਵੇਂ ਗੁਰੂ ਹਰਗੋਬਿੰਦ ਸਾਹਿਬ, ਜੋ ਗੁਰੂ ਅਰਜਨ ਦੇਵ ਦੇ ਪੁੱਤਰ ਹਨ, ਨੂੰ ਗੁਰਗੱਦੀ ਮਿਲਣ ਦਾ ਭਾਈ ਗੁਰਦਾਸ ਜ਼ਿਕਰ ਕਰਦੇ ਹਨ ਕਿ ਗੁਰੂ ਨਾਨਕ ਤੋਂ ਗੁਰੂ ਅਰਜਨ ਦੇਵ ਤੱਕ ਪੰਜ ਪੀਰ (ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ

ਗੁਰੂ ਗੋਬਿੰਦ ਸਿੰਘ ਨੇ ਇਕੋ ਬਾਟੇ ਵਿਚੋਂ ਖੰਡੇ ਦੀ ਪਾਹੁਲ ਛਕਾ ਕੇ ਪੰਜ ਪਿਆਰੇ ਸਾਜ ਕੇ ਸਿੱਖ ਸੰਗਤਿ ਨੂੰ ਨਵਾਂ ਰੂਪ ਖਾਲਸਾ ਦਿੱਤਾ। ਇਹ ਗੁਰੂ ਨਾਨਕ ਦੇ ਦਿੱਤੇ ਸਿਧਾਂਤ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਦਾ ਹੀ ਅਮਲੀ ਪ੍ਰਕਾਸ਼ਨ ਸੀ। ਇਹ ਪੰਜ ਪਿਆਰੇ ਮੁਲਕ ਦੇ ਵੱਖ ਵੱਖ ਹਿੱਸਿਆਂ ਅਤੇ ਵੱਖ ਵੱਖ ਵਰਨਾਂ ਨਾਲ ਸਬੰਧਤ ਸਨ, ਜੋ ਅੰਮ੍ਰਿਤ ਛੱਕ ਕੇ 'ਸਿੰਘ' ਸਜੇ। 'ਗੁਰ ਚੇਲਾ ਚੇਲਾ ਗੁਰੂ' ਦੇ ਸਿਧਾਂਤ ਨੂੰ ਦ੍ਰਿੜ ਕਰਾਉਂਦਿਆਂ ਫਿਰ ਪੰਜ ਪਿਆਰਿਆਂ ਪਾਸੋਂ ਦਸਮ ਗੁਰੂ ਨੇ ਆਪ ਅੰਮ੍ਰਿਤ ਛਕਿਆ।

ਦੇਵ) ਹੋਏ ਹਨ ਅਤੇ ਉਨ੍ਹਾਂ ਨੇ ਪੰਜ ਪਿਆਲੇ ਪੀਤੇ ਅਰਥਾਤ ਸਤਿ, ਸੰਤੋਖ, ਦਇਆ, ਧਰਮ, ਧੀਰਜ ਦਾ ਬਹੁਤ ਅਭਿਆਸ ਕੀਤਾ ਅਤੇ ਹੁਣ ਛੇਵਾਂ ਪੀਰ ਅਰਥਾਤ ਗੁਰੂ ਹਰਗੋਬਿੰਦ ਭਾਰੀ ਹੋ ਕੇ ਗੁਰਗੱਦੀ 'ਤੇ ਬੈਠਿਆ ਹੈ; ਜਿਸ ਦਾ ਅਰਥ ਹੈ ਕਿ ਉਨ੍ਹਾਂ ਨੇ ਪੀਰੀ ਅਤੇ ਮੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਹਨ। ਗੁਰੂ ਅਰਜਨ ਦੇਵ ਨੇ ਹੀ ਆਪਣੀ ਕਾਇਆ ਪਲਟ ਕੇ ਗੁਰੂ ਹਰਗੋਬਿੰਦ ਦੀ ਮੂਰਤ ਸਵਾਰੀ ਹੈ। ਸੋਢੀਆਂ ਦੀ ਪੀੜ੍ਹੀ ਤੁਰ ਪਈ ਹੈ, ਜਿਸ ਵਿਚ ਸਾਰੇ ਗੁਰੂ ਵਾਰੋ-ਵਾਰੀ ਆਪਣਾ ਰੂਪ ਦਿਖਾਉਣਗੇ। ਛੇਵਾਂ ਗੁਰੂ ਸੂਰਬੀਰ ਯੋਧਾ, ਦਲਾਂ ਨੂੰ ਤੋੜਨ ਵਾਲਾ ਅਤੇ ਵੱਡਾ ਪਰਉਪਕਾਰੀ ਹੈ,

ਪੰਜਿ ਪਿਆਲੇ ਪੰਜਿ ਪੀਰ
ਛਟਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ
ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ
ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿਭੰਜਨ ਗੁਰੁ ਸੂਰਮਾ
ਵਡ ਜੋਧਾ ਬਹੁ ਪਰਉਪਕਾਰੀ।

(ਵਾਰ: 1, ਪਉੜੀ: 48)

ਭਾਈ ਗੁਰਦਾਸ ਨੇ 24ਵੀਂ ਵਾਰ ਵਿਚ ਗੁਰੂਆਂ ਦੀ ਵਿਰਾਸਤ ਦੇ ਪੀੜ੍ਹੀ ਦਰ ਪੀੜ੍ਹੀ ਚੱਲਣ ਦੀ ਵਿਆਖਿਆ ਬੜੀ ਸਪਸ਼ਟ ਕੀਤੀ ਹੈ, ਜਿਸ ਦਾ ਇਥੇ ਸੰਖੇਪ ਵਰਣਨ ਕੀਤਾ ਜਾ ਸਕਦਾ ਹੈ। ਪਹਿਲੀਆਂ ਚਾਰ ਪਉੜੀਆਂ ਵਿਚ ਗੁਰੂ ਨਾਨਕ ਵਲੋਂ ਚਲਾਏ ਕਰਤਾਰਪੁਰ ਨੂੰ 'ਸਚ ਖੰਡ' ਦੇ ਰੂਪ ਵਿਚ ਵਸਾ ਕੇ 'ਗੁਰਮੁਖਿ ਪੰਥ' ਦੀ ਗੱਲ ਕੀਤੀ ਹੈ, ਜੋ ਚਾਰਾਂ ਵਰਨਾਂ ਲਈ ਸਾਂਝਾ ਧਰਮ ਹੈ, ਜਿਸ ਵਿਚ ਨਾਮ ਸਿਮਰਨ ਦੇ ਨਾਲ ਨਾਲ ਮਿੱਠਾ ਬੋਲਣ, ਨਿਵ ਕੇ ਚੱਲਣ, ਭਾਉ ਭਗਤੀ ਅਤੇ ਨਿਆਉਂ ਆਦਿ ਗੁਣ ਸ਼ਾਮਲ ਹਨ। ਇਹ ਗੁਰੂ ਨਾਨਕ ਦੀ ਮਿਹਰ ਹੈ ਕਿ ਚਾਰੇ ਵਰਨ ਇਕੱਠੇ ਹੋ ਕੇ ਸਾਧ ਸੰਗਤਿ ਦੇ ਰੂਪ ਵਿਚ ਭਵਸਾਗਰ ਤੋਂ ਪਾਰ ਹੋ ਰਹੇ ਹਨ। ਗੁਰੂ ਨਾਨਕ ਸਭ ਦੇ ਸਾਂਝੇ ਜਗਤ ਗੁਰੂ ਹਨ। ਅਗਲੀਆਂ ਚਾਰ ਪਉੜੀਆਂ ਵਿਚ ਗੁਰੂ ਨਾਨਕ ਵਲੋਂ ਵਿਰਾਸਤ ਨੂੰ ਅੱਗੇ ਲੈ ਜਾਣ ਲਈ ਭਾਈ ਲਹਿਣੇ ਅੰਦਰ ਗੁਰੂ ਨਾਨਕ ਵਲੋਂ ਜੋਤਿ ਜਗਾਉਣ ਨੂੰ 'ਅਗਹੁੰ ਅੰਗੁ ਉਪਾਇਓਨੁ' ਕਿਹਾ ਹੈ ਅਤੇ ਇਹ ਉਸੇ ਤਰ੍ਹਾਂ ਹੈ, ਜਿਵੇਂ ਗੰਗਾ ਤੋਂ ਤਰੰਗ ਉਠਾਈ ਹੋਵੇ ਅਤੇ ਚੰਦਨ ਤੋਂ ਚੰਦਨ ਪੈਦਾ ਹੁੰਦਾ ਹੈ, ਜੋਤਿ ਤੋਂ ਜੋਤਿ ਜਗਦੀ ਹੈ, ਬ੍ਰਿਛ ਤੋਂ ਫਲ ਅਤੇ ਫਲ ਤੋਂ ਬ੍ਰਿਛ ਪੈਦਾ ਹੁੰਦਾ ਹੈ। ਇਸੇ ਤਰ੍ਹਾਂ ਗੁਰੂ ਤੋਂ ਚੇਲਾ ਅਤੇ ਚੇਲੇ ਤੋਂ ਗੁਰੂ ਹੋ ਗਿਆ; ਪਿਉ ਤੋਂ ਪੁੱਤ ਅਤੇ ਪੁੱਤ ਤੋਂ ਪਿਉ ਪਤੀਜ ਗਿਆ। ਬਾਬੇ ਦੇ ਰੂਪ ਵਿਚ ਗੁਰੂ ਅੰਗਦ ਆ ਗਿਆ। ਗੁਰਮੁਖਾਂ ਨੇ ਉਸ ਨੂੰ ਗੁਰੂ ਅਤੇ ਰੱਬ ਦਾ ਰੂਪ ਮੰਨਿਆ। ਬਾਬੇ ਦੇ ਸਰੂਪ ਦਾ ਪ੍ਰਕਾਸ਼ ਲਹਿਣਾ ਵੀ ਪ੍ਰਕਾਸ਼ ਹੋ ਗਿਆ। ਸਤਿ, ਸੰਤੋਖ, ਦਇਆ, ਧਰਮ, ਅਰਥ ਆਦਿ ਗੁਣਾਂ ਦੀ ਵਿਚਾਰ ਰਾਹੀਂ ਸਹਿਜ ਘਰ ਵਿਚ ਪ੍ਰਵੇਸ਼ ਕੀਤਾ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਵਿਰੋਧ ਆਦਿ ਦਾ ਤਿਆਗ ਕੀਤਾ। ਬਾਬੇ ਦੇ ਘਰ ਵਿਚ ਲਹਿਣਾ ਜੀ ਅਜਿਹੇ ਸਪੁੱਤਰ ਹੋਏ।

ਨੌਵੀਂ ਤੋਂ ਤੇਰਵੀਂ ਪਉੜੀ ਤੱਕ ਗੁਰੂ ਅਮਰਦਾਸ ਬਾਰੇ ਬਿਆਨ ਕੀਤਾ ਹੈ ਕਿ ਤੀਸਰੇ ਗੁਰੂ ਜੀ ਦੀ ਮਹਿਮਾ ਵੀ ਉਸੇ ਤਰ੍ਹਾਂ ਹੈ; ਇਹ ਅੰਮ੍ਰਿਤ ਬਿਰਖ ਨੂੰ ਅੰਮ੍ਰਿਤ ਫਲ ਲੱਗਿਆ ਹੈ। ਚੇਲੇ ਤੋਂ ਗੁਰੂ, ਗੁਰੂ ਤੋਂ ਚੇਲਾ ਅਤੇ ਚੇਲਾ ਗੁਰੂ ਹੋਇਆ। ਇਹ ਇਸੇ ਤਰ੍ਹਾਂ ਹੈ ਜਿਵੇਂ ਤਾਣੇ ਅਤੇ ਪੇਟੇ ਦਾ ਸੂਤ ਇੱਕੋ ਹੈ, ਜੋ ਮਿਲ ਕੇ ਕੱਪੜਾ ਬਣਦਾ ਹੈ; ਦੁੱਧ ਤੋਂ ਦਹੀਂ, ਦਹੀਂ ਤੋਂ ਮੱਖਣ ਨਿਕਲ ਕੇ ਸਾਰੇ ਕਾਜ ਸਵਾਰਦਾ ਹੈ; ਕਮਾਦ ਤੋਂ ਗੁੜ, ਸ਼ੱਕਰ ਅਤੇ ਉਸੇ ਤੋਂ ਖੰਡ ਮਿਸ਼ਰੀ ਨਿਕਲਦੀ ਹੈ। ਦੱਸਿਆ ਹੈ ਕਿ ਹੁਣ ਸਾਰੇ ਸਿੱਖਾਂ ਦੀ ਕੁਲ ਅਤੇ ਧਰਮ ਇਹ ਹੈ ਕਿ ਮਾਇਆ ਵਿਚ ਨਿਰਲੇਪ ਰਹਿਣਾ ਹੈ। ਆਮ ਜ਼ਿੰਦਗੀ ਵਿਚੋਂ ਹੋਰ ਵੀ ਬਹੁਤ ਸਾਰੇ ਦ੍ਰਿਸ਼ਟਾਂਤ ਦਿੱਤੇ ਹਨ ਅਤੇ ਨਤੀਜਾ 'ਪੋਤਾ ਪ੍ਰਮਾਣੀਕੁ ਨਿਵੇਲਾ' ਅਤੇ 'ਗੁਰ ਮੂਰਤਿ ਗੁਰ ਸਬਦੁ ਹੈ' ਵਿਚ ਕੱਢਿਆ ਹੈ। ਭਾਵ ਗੁਰੂ ਅਮਰਦਾਸ ਗੁਰੂ ਨਾਨਕ ਦੇਵ ਜੀ ਦਾ ਪ੍ਰਮਾਣੀਕ ਅਤੇ ਸੁਹਣਾ ਪੋਤਰਾ ਹੋਇਆ ਹੈ ਅਤੇ ਗੁਰੂ ਦਾ ਸ਼ਬਦ ਹੀ ਗੁਰੂ ਦੀ ਮੂਰਤ ਹੈ, ਗੁਰੂ ਦਾ ਰੂਪ ਹੈ।

ਚੌਦਵੀਂ ਤੋਂ ਸਤਾਰਵੀਂ ਪਉੜੀ ਤੱਕ ਚੌਥੀ ਨਾਨਕ ਜੋਤਿ ਗੁਰੂ ਰਾਮਦਾਸ ਜੀ ਦੇ ਗੁਣਾਂ ਦੀ ਵਿਆਖਿਆ ਕੀਤੀ ਹੈ ਕਿ ਗੁਰੂ ਅਮਰਦਾਸ ਤੋਂ ਗੁਰੂ ਰਾਮਦਾਸ ਦੀ ਜੋਤਿ ਜਗੀ ਹੈ। ਗੁਰੂ ਦੇ ਸਿੱਖ ਹੋ ਕੇ ਜਿਨ੍ਹਾਂ ਨੇ ਸ਼ਬਦ ਵਿਚ ਸੁਰਤਿ ਲਾਈ ਹੈ, ਉਹ ਅਨਹਦ ਬਾਣੀ ਦੀ ਵਗਦੀ ਰਸ ਧਾਰਾ ਦਾ ਅਨੰਦ ਮਾਣਦੇ ਹਨ। ਦੱਸਿਆ ਹੈ ਕਿ ਪਿਤਾ ਗੁਰੂ ਅਮਰਦਾਸ, ਦਾਦੇ ਗੁਰੂ ਅੰਗਦ ਅਤੇ ਪੜਦਾਦੇ ਗੁਰੂ ਨਾਨਕ ਦੀ ਕੁਲ ਵਿਚ ਉਨ੍ਹਾਂ ਵਰਗਾ ਹੀ ਪ੍ਰਮਾਣੀਕ ਪੋਤਾ ਗੁਰੂ ਰਾਮਦਾਸ ਹੋਇਆ ਹੈ, ਜੋ ਗੁਰੂ ਦੀ ਮੱਤ ਲੈ ਕੇ ਇਸ ਕਲਿਜੁਗ ਦੇ ਸਮੇਂ ਵਿਚ ਆਪ ਜਾਗ ਕੇ ਹੋਰਨਾਂ ਨੂੰ ਜਗਾਉਂਦੇ ਹਨ ਅਤੇ ਭਾਵੇਂ ਨੀਂਦ ਤੋਂ ਜਗਾਉਣਾ ਕੌੜਾ ਲਗਦਾ ਹੈ, ਪਰ ਕੌੜੇ ਚਸ਼ਮੇ ਦਾ ਪਾਣੀ ਹੀ ਰੋਗ ਦੂਰ ਕਰਦਾ ਹੈ। ਅਠਾਰਵੀਂ ਤੋਂ ਵੀਹਵੀਂ ਪਉੜੀ ਤੱਕ ਗੁਰੂ ਅਰਜਨ ਦੇਵ ਦੀ ਮਹਿਮਾ ਵਰਣਨ ਕੀਤੀ ਹੈ। ਦੱਸਿਆ ਹੈ ਕਿ ਗੁਰੂ ਅਰਜਨ ਪਿਤਾ ਗੁਰੂ ਰਾਮਦਾਸ, ਦਾਦਾ ਗੁਰੂ ਅਮਰਦਾਸ, ਪੜਦਾਦਾ ਗੁਰੂ ਅੰਗਦ ਦੇਵ ਅਤੇ ਗੁਰੂ ਨਾਨਕ ਦੀ ਕੁਲ ਦਾ ਦੀਵਾ ਹਨ, ਅਜਰ ਅਤੇ ਅਮਰ ਪੜਪੋਤਾ ਪੰਜਵੀਂ ਥਾਂ ਹਨ, ਜਿਨ੍ਹਾਂ ਨੇ ਤਖਤ ਮੱਲ ਕੇ ਸ਼ਬਦ ਅਤੇ ਸੁਰਤਿ ਦਾ ਪਤਵੰਤਾ ਵਪਾਰ ਕੀਤਾ ਹੈ। ਗੁਰੂ ਅਰਜਨ ਦੇਵ ਦਾ ਰਾਜ ਅਬਚਲ ਅਤੇ ਸ੍ਰੇਸ਼ਟ ਹੈ। ਗੁਰਬਾਣੀ ਦਾ ਭੰਡਾਰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਭਰ ਦਿੱਤਾ ਹੈ ਅਤੇ ਅੱਠੇ ਪਹਿਰ ਗੁਰਬਾਣੀ ਦੇ ਕੀਰਤਨ ਦਾ ਪਰਵਾਹ ਚੱਲਦਾ ਹੈ। ਅਣਗਿਣਤ ਸੰਗਤਿ ਆਉਂਦੀ ਹੈ, ਗੁਰਸ਼ਬਦ ਦਾ ਲੰਗਰ ਵਰਤਦਾ ਹੈ।

ਇੱਕੀਵੀਂ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਤੋਂ ਗੁਰੂ ਹਰਗੋਬਿੰਦ ਸਾਹਿਬ ਦੀ ਜੋਤਿ ਜਗਣ ਨੂੰ 'ਗੁਰ ਸਿਖ ਲੈ ਗੁਰ ਸਿਖੁ ਚਲੰਦਾ' ਕਿਹਾ ਹੈ ਅਰਥਾਤ ਗੁਰੂ ਦੀ ਸਿੱਖਿਆ ਲੈ ਕੇ ਜੋ ਗੁਰ ਸਿੱਖ ਚਲਦਾ ਹੈ, ਉਹ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ। ਗੁਰੂ ਆਪ ਗੋਬਿੰਦ (ਪਾਲਕ ਪਰਮਾਤਮਾ) ਦਾ ਰੂਪ ਹੈ ਅਤੇ ਗੋਬਿੰਦ ਗੁਰੂ ਰੂਪ ਹੈ। ਇਸ ਲਈ ਗੁਰੂ ਅਰਜਨ ਦੇ ਗੁਰੂ ਹਰਗੋਬਿੰਦ ਨਾਲ ਇਕਮਿਕ ਹੋ ਜਾਣ ਤੇ ਗੁਰੂ ਹਰਗੋਬਿੰਦ ਸਦਾ ਪ੍ਰਸੰਨ ਹਨ। ਇਹ ਇਵੇਂ ਹੈ ਜਿਵੇਂ ਅਚਰਜ ਨੂੰ ਅਚਰਜ ਅਤੇ ਵਿਸਮਾਦ ਨੂੰ ਵਿਸਮਾਦ ਮਿਲਦਾ ਹੈ। ਗੁਰੂ ਅਤੇ ਸਿੱਖ ਦੀ ਮਹਿਮਾ, ਗੁਰੂ ਅਰਜਨ ਦੇਵ ਦੀ ਸ਼ਹਾਦਤ ਦਾ ਵਿਖਿਆਨ ਕੀਤਾ ਹੈ ਅਤੇ ਦੱਸਿਆ ਹੈ ਕਿ ਨਿਰਗੁਣ ਬ੍ਰਹਮ ਨੇ ਸਰਗੁਣ ਬ੍ਰਹਮ ਗੁਰੂ (ਅਰਜਨ ਦੇਵ) ਪੈਦਾ ਕੀਤਾ। ਗੁਰੂ ਅਰਜਨ ਗੁਰੂ ਹਰਗੋਬਿੰਦ ਅਤੇ ਗੁਰੂ ਹਰਗੋਬਿੰਦ ਗੁਰੂ ਅਰਜਨ ਦੇਵ ਹੈ, ਨਾਮ ਦੋ ਹਨ ਪਰ ਜੋਤਿ ਇੱਕੋ ਹੈ।

ਅਖੀਰਲੀ ਪਉੜੀ ਵਿਚ ਸਿੱਟਾ ਕੱਢਿਆ ਹੈ ਕਿ ਗੁਰੂ ਨਾਨਕ ਦੇਵ ਨਿਰੰਕਾਰ-ਰੂਪ ਹਨ, ਜਿਨ੍ਹਾਂ ਨੂੰ ਆਕਾਰ ਨਿਰੰਕਾਰ ਨੇ ਆਪ ਦਿੱਤਾ। ਗੁਰੂ ਅੰਗਦ ਗੰਗਾ ਦੇ ਤਰੰਗ ਵਾਂਗ ਗੁਰੂ ਨਾਨਕ ਦਾ ਅੰਗ ਹਨ ਅਤੇ ਗੁਰੂ ਅੰਗਦ ਤੋਂ ਗੁਰੂ ਅਮਰਦਾਸ ਜੋਤਿ ਸਰੂਪ ਹੋਏ। ਗੁਰੂ ਅਮਰਦਾਸ ਤੋਂ ਗੁਰੂ ਰਾਮਦਾਸ ਇਵੇਂ ਹੋਏ ਜਿਵੇਂ ਅਨਹਦ ਨਾਦ ਤੋਂ ਸ਼ਬਦ ਸੁਣਾਇਆ ਹੋਵੇ। ਗੁਰੂ ਰਾਮਦਾਸ ਤੋਂ ਗੁਰੂ ਅਰਜਨ ਦੇਵ ਉਸੇ ਤਰ੍ਹਾਂ ਹੋਏ ਜਿਵੇਂ ਸ਼ੀਸ਼ੇ ਵਿਚ ਪ੍ਰਤੀਬਿੰਬ ਦਿਖਾਇਆ ਹੋਵੇ ਅਤੇ ਗੁਰੂ ਅਰਜਨ ਤੋਂ ਗੁਰੂ ਹਰਗੋਬਿੰਦ ਹੋਏ, ਜਿਨ੍ਹਾਂ ਨੇ ਆਪਣਾ ਨਾਂ ਗੁਰੂ ਅਤੇ ਗੋਬਿੰਦ ਸਦਵਾਇਆ। ਭਾਈ ਗੁਰਦਾਸ ਸਪਸ਼ਟ ਕਰਦੇ ਹਨ ਕਿ ਗੁਰੂ ਦਾ ਸ਼ਬਦ ਹੀ ਗੁਰੂ ਦੀ ਮੂਰਤ ਹੈ, ਜੋ ਸਾਧ ਸੰਗਤਿ ਵਿਚ ਸਦਾ ਪਰਗਟ ਰਹਿੰਦਾ ਹੈ। ਭਾਈ ਗੁਰਦਾਸ ਨੇ ਆਪਣੇ ਸਮੇਂ ਤੱਕ ਹੋਏ ਪਹਿਲੇ ਛੇ ਗੁਰੂ ਸਾਹਿਬਾਨ ਦੀ ਗੁਰਗੱਦੀ ਵਿਰਾਸਤ ਦਾ ਜ਼ਿਕਰ ਕਰ ਦਿੱਤਾ ਹੈ।

ਗੁਰੂ ਹਰਗੋਬਿੰਦ ਸਾਹਿਬ ਨੇ ਕਰਤਾਰਪੁਰ ਵਿਚ ਮੁਗਲਾਂ ਨਾਲ ਹੋਏ ਯੁੱਧ ਤੋਂ ਬਾਅਦ ਅੰਮ੍ਰਿਤਸਰ ਤੋਂ ਬਦਲ ਕੇ ਰਿਹਾਇਸ਼ ਨਵੇਂ ਵਸਾਏ ਨਗਰ ਕੀਰਤਪੁਰ ਕਰ ਲਈ ਅਤੇ ਸਿੱਖ ਧਰਮ ਦਾ ਪ੍ਰਚਾਰ ਦੂਰ ਦੂਰ ਤੱਕ ਕੀਤਾ। ਪੁੱਤਰ ਤੇਗ ਬਹਾਦਰ ਪਿਤਾ ਦੇ ਹੁਕਮ ਅਨੁਸਾਰ ਆਪਣੀ ਮਾਤਾ ਨਾਨਕੀ ਅਤੇ ਪਤਨੀ ਗੁਜਰੀ ਸਮੇਤ ਬਕਾਲੇ ਆ ਗਏ। ਇਸ ਵਿਚ ਵੀ ਕੋਈ ਮਸਲੀਅਤ ਸੀ, ਕਿਉਂਕਿ ਗੁਰੂ ਵਿਚ ਭਵਿੱਖ ਨੂੰ ਦੇਖ ਸਕਣ ਵਾਲੀ ਦਿਬਦ੍ਰਿਸ਼ਟੀ ਸੀ। ਗੁਰੂ ਹਰਗੋਬਿੰਦ ਨੇ ਗੁਰਗੱਦੀ ਦਾ ਵਾਰਿਸ ਬਾਬਾ ਗੁਰਦਿਤਾ ਜੀ ਦੇ ਪੁੱਤਰ, ਆਪਣੇ ਪੋਤਰੇ ਹਰਿ ਰਾਇ ਨੂੰ ਥਾਪਿਆ। ਗੁਰੂ ਹਰਿ ਰਾਇ ਦੇ ਦੋ ਪੁੱਤਰ-ਵੱਡਾ ਰਾਮ ਰਾਇ ਅਤੇ ਛੋਟਾ ਹਰਕ੍ਰਿਸ਼ਨ ਹੋਏ। ਗੁਰੂ ਹਰ ਰਾਇ ਜੀ ਨੇ ਯੋਗਤਾਮੂਲਕ ਚੋਣ ਗੁਰੂ ਹਰਕ੍ਰਿਸ਼ਨ ਦੀ ਕੀਤੀ, ਭਾਵੇਂ ਉਹ ਬਾਲ ਅਵਸਥਾ ਵਿਚ ਹੀ ਸਨ। ਗੁਰੂ ਹਰਕ੍ਰਿਸ਼ਨ ਨੇ ਦਿੱਲੀ ਵਿਚ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ 'ਬਾਬਾ ਬਕਾਲੇ' ਹੋਣ ਦਾ ਐਲਾਨ ਕਰ ਦਿੱਤਾ ਸੀ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਗੁਰਗੱਦੀ ਦੇ ਵਾਰਿਸ ਸੰਸਾਰਕ ਰਿਸ਼ਤੇ ਵਿਚ ਆਪਣੇ ਪੋਤੇ ਕੋਲੋਂ ਬਣੇ। ਗੁਰੂ ਤੇਗ ਬਹਾਦਰ ਜੀ ਨੇ ਨਵਾਂ ਨਗਰ 'ਚੱਕ ਨਾਨਕੀ' (ਅਨੰਦਪੁਰ ਸਾਹਿਬ) ਵਸਾਇਆ। ਔਰੰਗਜ਼ੇਬ ਦੇ ਜ਼ੁਲਮਾਂ ਦੇ ਖਿਲਾਫ ਦਿੱਲੀ ਜਾ ਕੇ ਸ਼ਹਾਦਤ ਦਿੱਤੀ ਅਤੇ ਗੁਰਗੱਦੀ ਦੇ ਵਾਰਿਸ ਆਪਣੇ ਪੁੱਤਰ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਨੂੰ ਬਣਾਇਆ, ਜਦੋਂ ਉਨ੍ਹਾਂ ਦੀ ਉਮਰ ਸਿਰਫ 9 ਸਾਲ ਸੀ। ਗੁਰੂ ਪਰੰਪਰਾ ਵਿਚ ਕਸਵੱਟੀ ਉਮਰ ਨਹੀਂ, ਯੋਗਤਾ ਹੈ।

ਗੁਰੂ ਗੋਬਿੰਦ ਸਿੰਘ ਨੇ ਇਕੋ ਬਾਟੇ ਵਿਚੋਂ ਖੰਡੇ ਦੀ ਪਾਹੁਲ ਛਕਾ ਕੇ ਪੰਜ ਪਿਆਰੇ ਸਾਜ ਕੇ ਸਿੱਖ ਸੰਗਤਿ ਨੂੰ ਨਵਾਂ ਰੂਪ ਖਾਲਸਾ ਦਿੱਤਾ। ਇਹ ਗੁਰੂ ਨਾਨਕ ਦੇ ਦਿੱਤੇ ਸਿਧਾਂਤ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਦਾ ਹੀ ਅਮਲੀ ਪ੍ਰਕਾਸ਼ਨ ਸੀ। ਇਹ ਪੰਜ ਪਿਆਰੇ ਮੁਲਕ ਦੇ ਵੱਖ ਵੱਖ ਹਿੱਸਿਆਂ ਅਤੇ ਵੱਖ ਵੱਖ ਵਰਨਾਂ ਨਾਲ ਸਬੰਧਤ ਸਨ, ਜੋ ਅੰਮ੍ਰਿਤ ਛੱਕ ਕੇ 'ਸਿੰਘ' ਸਜੇ। 'ਗੁਰ ਚੇਲਾ ਚੇਲਾ ਗੁਰੂ' ਦੇ ਸਿਧਾਂਤ ਨੂੰ ਦ੍ਰਿੜ ਕਰਾਉਂਦਿਆਂ ਫਿਰ ਪੰਜ ਪਿਆਰਿਆਂ ਪਾਸੋਂ ਦਸਮ ਗੁਰੂ ਨੇ ਆਪ ਅੰਮ੍ਰਿਤ ਛਕਿਆ ਅਤੇ ਆਗਿਆ ਕੀਤੀ ਕਿ ਅੰਮ੍ਰਿਤ ਛਕਣ ਉਪਰੰਤ ਕੋਈ ਪਹਿਲਾ ਵਰਣ, ਧਰਮ, ਮਾਂ-ਬਾਪ ਨਹੀਂ ਹੋਣਗੇ। ਖਾਲਸਾ ਅਨੰਦਪੁਰ ਦਾ ਵਾਸੀ ਹੈ, ਜਿਸ ਦਾ ਪਿਤਾ ਗੋਬਿੰਦ ਸਿੰਘ (ਗੁਰੂ) ਅਤੇ ਮਾਤਾ ਸਾਹਿਬ ਕੌਰ ਹੈ। ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਨਾਂਦੇੜ ਵਿਖੇ 7 ਅਕਤੂਬਰ 1708 ਨੂੰ ਗੁਰੂ ਗ੍ਰੰਥ ਅਤੇ ਪੰਥ ਨੂੰ ਗੁਰਤਾ ਦਿੱਤੀ। ਪੰਥ ਨੂੰ ਆਗਿਆ ਕੀਤੀ ਕਿ ਅਗਵਾਈ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਤੋਂ ਲੈਣੀ ਹੈ। ਬਾਣੀ ਵਿਚ ਆਦੇਸ਼ ਕੀਤਾ ਹੈ,

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ
ਮਾਨੈ ਪਰਤਖਿ ਗੁਰੂ ਨਿਸਤਾਰੇ॥

(ਪੰਨਾ 982)

ਇਸ ਲਈ ਗੁਰੂ ਦੇ ਦਿੱਤੇ ਸਿਧਾਂਤ ਦੀ ਰੌਸ਼ਨੀ ਵਿਚ ਇਹ ਸਪਸ਼ਟ ਹੋ ਜਾਂਦਾ ਹੈ ਕਿ ਖਾਲਸਾ ਪੰਥ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਦੀ ਔਲਾਦ ਹੈ, ਕਿਸੇ ਲਵ ਕੁਸ਼ ਦੀ ਨਹੀਂ।

(ਚਲਦਾ)

## ਗੁਰਬਾਣੀ ਗਿਆਨ

# ਏਕੋ ਨਾਮੁ ਧਿਆਇ ਮਨ ਮੇਰੇ

**ਰਾਮਕਲੀ ਮਹਲਾ ੫**

ਬਿਰਥਾ ਭਰਵਾਸਾ ਲੋਕ॥
ਠਾਕੁਰ ਪ੍ਰਭ ਤੇਰੀ ਟੇਕ॥
ਅਵਰ ਛੂਟੀ ਸਭ ਆਸ॥
ਅਚਿੰਤ ਠਾਕੁਰ ਭੇਟੇ ਗੁਣਤਾਸ॥
ਏਕੋ ਨਾਮੁ ਧਿਆਇ ਮਨ ਮੇਰੇ॥
ਕਾਰਜੁ ਤੇਰਾ ਹੋਵੈ ਪੂਰਾ ਹਰਿ ਹਰਿ
ਹਰਿ ਗੁਣ ਗਾਇ ਮਨ ਮੇਰੇ॥ਰਹਾਉ॥
ਤੁਮ ਹੀ ਕਾਰਨ ਕਰਨ॥
ਚਰਨ ਕਮਲ ਹਰਿ ਸਰਨ॥
ਮਨਿ ਤਨਿ ਹਰਿ ਓਹੀ ਧਿਆਇਆ॥
ਆਨੰਦ ਹਰਿ ਰੂਪ ਦਿਖਾਇਆ॥
ਤਿਸ ਹੀ ਕੀ ਓਟ ਸਦੀਵ॥
ਜਾ ਕੇ ਕੀਨੇ ਹੈ ਜੀਵ॥
ਸਿਮਰਤ ਹਰਿ ਕਰਤ ਨਿਧਾਨ॥
ਰਾਖਨਹਾਰ ਨਿਦਾਨ॥
ਸਰਬ ਕੀ ਰੇਣ ਹੋਵੀਜੈ॥
ਆਪੁ ਮਿਟਾਇ ਮਿਲੀਜੈ॥
ਅਨਦਿਨੁ ਧਿਆਈਐ ਨਾਮੁ॥
ਸਫਲ ਨਾਨਕ ਇਹੁ ਕਾਮੁ॥

ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਇਸ ਪਾਵਨ ਸ਼ਬਦ ਵਿਚ ਉਪਦੇਸ਼ ਕਰਦੇ ਆਖਦੇ ਹਨ, ਹੇ ਮੇਰੇ ਮਨ! ਇਸ ਦੁਨੀਆਂ ਵੱਲੋਂ ਕਿਸੇ ਵੀ ਮਦਦ ਦੀ ਆਸ ਰੱਖਣੀ ਵਿਅਰਥ ਹੈ; 'ਠਾਕੁਰ ਪ੍ਰਭ ਤੇਰੀ ਟੇਕ॥' ਹੇ ਮੇਰੇ ਮਿਹਰਬਾਨ ਪ੍ਰਭੂ ਠਾਕੁਰ ਜੀ, ਮੈਨੂੰ ਤਾਂ ਬੱਸ ਤੇਰਾ ਹੀ ਆਸਰਾ ਹੈ। ਹੇ ਭਾਈ, ਜਿਹੜਾ ਜੀਵ ਗੁਣਾਂ ਦੇ ਖਜਾਨੇ, ਚਿੰਤਾ ਰਹਿਤ ਪ੍ਰਭੂ ਨੂੰ ਮਿਲ ਪੈਂਦਾ ਹੈ, ਉਹ ਦੁਨੀਆਂ ਵੱਲੋਂ ਸਾਰੀਆਂ ਆਸਾਂ ਤਿਆਗ ਦਿੰਦਾ ਹੈ।

ਏਕੋ ਨਾਮੁ ਧਿਆਇ ਮਨ ਮੇਰੇ॥
ਕਾਰਜੁ ਤੇਰਾ ਹੋਵੈ ਪੂਰਾ ਹਰਿ ਹਰਿ
ਹਰਿ ਗੁਣ ਗਾਇ ਮਨ ਮੇਰੇ॥ ਰਹਾਉ॥

ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਗੁਰੂਦੇਵ ਪਿਤਾ ਆਖ ਰਹੇ ਹਨ, ਹੇ ਮੇਰੇ ਮਨ! ਤੂੰ ਸਿਰਫ ਉਸ ਮਿਹਰਬਾਨ ਪ੍ਰਭੂ ਦੇ ਨਾਮ ਦਾ ਸਿਮਰਨ ਕਰਿਆ ਕਰ; ਤੂੰ ਸਦਾ ਹੀ ਉਸ ਪ੍ਰਭੂ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਿਆ ਕਰ, ਤੇਰਾ ਇਹ ਕਾਰਜ ਜਰੂਰ ਪੂਰਾ ਹੋਵੇਗਾ, ਸਿਰੇ ਚੜ੍ਹੇਗਾ; ਉਹ ਤੈਨੂੰ ਇਸ ਦਾ ਫਲ ਜ਼ਰੂਰ ਦੇਵੇਗਾ।

ਤੁਮ ਹੀ ਕਾਰਨ ਕਰਨ॥
ਚਰਨ ਕਮਲ ਹਰਿ ਸਰਨ॥
ਮਨਿ ਤਨਿ ਹਰਿ ਓਹੀ ਧਿਆਇਆ॥
ਆਨੰਦ ਹਰਿ ਰੂਪ ਦਿਖਾਇਆ॥

ਇਨ੍ਹਾਂ ਪੰਕਤੀਆਂ ਵਿਚ ਸਤਿਗੁਰੂ ਪਿਤਾ ਜੀ ਬਖਸ਼ਿਸ਼ ਕਰਦੇ ਹਨ, ਹੇ ਪ੍ਰਭ ਜੀ! ਇਸ ਸਾਰੀ ਜਗਤ ਰਚਨਾ ਨੂੰ ਬਣਾਉਣ ਵਾਲਾ ਤੂੰ ਹੀ ਹੈਂ; ਮੈਂ ਤਾਂ ਸਦਾ ਹੀ ਤੇਰੇ ਸੋਹਣੇ ਪਾਵਨ ਚਰਨ-ਕਮਲਾਂ ਦੀ ਸ਼ਰਨ ਵਿਚ ਰਹਿੰਦਾ ਹਾਂ। ਹੇ ਭਾਈ! ਜਿਸ ਮਨੁੱਖ ਨੇ ਆਪਣੇ ਮਨ ਵਿਚ, ਹਿਰਦੇ ਵਿਚ ਸਿਰਫ ਉਸ ਪ੍ਰਭੂ ਨੂੰ ਸਿਮਰਿਆ ਹੈ ਤਾਂ ਗੁਰੂ ਨੇ ਉਸ ਮਨੁੱਖ ਨੂੰ ਅਨੰਦ ਰੂਪ ਪਰਮਾਤਮਾ ਦੇ ਦਰਸ਼ਨ ਕਰਾ ਦਿੱਤੇ ਹਨ।

ਤਿਸ ਹੀ ਕੀ ਓਟ ਸਦੀਵ॥
ਜਾ ਕੇ ਕੀਨੇ ਹੈ ਜੀਵ॥
ਸਿਮਰਤ ਹਰਿ ਕਰਤ ਨਿਧਾਨ॥
ਰਾਖਨਹਾਰ ਨਿਦਾਨ॥

ਮਿਹਰਾਂ ਵਿਚ ਆਏ ਸਤਿਗੁਰ ਜੀ ਉਪਦੇਸ਼ ਕਰ ਰਹੇ ਹਨ, ਹੇ ਮੇਰੇ ਮਨ ਸਦੀਵ, ਤੂੰ ਸਦਾ ਹੀ ਉਸ ਪਰਮਾਤਮਾ ਪ੍ਰਭੂ ਦਾ ਆਸਰਾ ਲਈ ਰੱਖ, ਜਿਸ ਪ੍ਰਭੂ ਦੇ ਪੈਦਾ ਕੀਤੇ ਹੋਏ ਇਹ ਸਾਰੇ ਜੀਵ ਹਨ। ਹੇ ਮੇਰੇ ਮਨ! ਉਸ ਪਰਮਾਤਮਾ ਦਾ ਨਾਮ ਸਿਮਰਨ ਕਰਦਿਆਂ ਸਾਰੇ ਹੀ ਖਜਾਨੇ ਪ੍ਰਾਪਤ ਹੋ ਜਾਂਦੇ ਹਨ; ਜਦੋਂ ਹੋਰ ਸਾਰੇ ਸਹਾਰੇ ਮੁੱਕ ਜਾਣ ਤਾਂ ਅੰਤ ਨੂੰ ਉਹ ਪ੍ਰਭੂ ਹੀ ਰੱਖਿਆ ਕਰਨ ਵਾਲਾ ਹੈ।

ਸਰਬ ਕੀ ਰੇਣ ਹੋਵੀਜੈ॥
ਆਪੁ ਮਿਟਾਇ ਮਿਲੀਜੈ॥
ਅਨਦਿਨੁ ਧਿਆਈਐ ਨਾਮੁ॥
ਸਫਲ ਨਾਨਕ ਇਹੁ ਕਾਮੁ॥

ਸ਼ਬਦ ਦੇ ਅਖੀਰ ਵਿਚ ਗੁਰੂਦੇਵ ਆਖਦੇ ਹਨ, ਹੇ ਮੇਰੇ ਮਨ! ਸਭਨਾਂ ਦੇ ਚਰਨਾਂ ਦੀ ਧੂੜ ਬਣ ਕੇ ਰਹਿਣਾ ਚਾਹੀਦਾ ਹੈ; ਆਪਣੇ ਆਪ ਨੂੰ ਮਿਟਾ ਕੇ ਭਾਵ ਆਪਣੇ ਅੰਦਰੋਂ ਅਹੰਕਾਰ ਨੂੰ ਮਾਰ ਕੇ ਹੀ ਪਰਮਾਤਮਾ ਨੂੰ ਮਿਲ ਸਕੀਦਾ ਹੈ। ਹੇ ਮਨ! ਦਿਨ ਰਾਤ ਹਰ ਵੇਲੇ ਹੀ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ; ਹੇ ਨਾਨਕ! ਇਹ ਪ੍ਰਭੂ ਦੇ ਨਾਮ ਸਿਮਰਨ ਦਾ ਕੰਮ ਜਰੂਰ ਫਲ ਦਿੰਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਆਸਣੁ ਲੋਇ ਲੋਇ ਭੰਡਾਰ

ਗੁਰਬਾਣੀ ਵਿਆਖਿਆ

***ਅੱਜ ਵਿਗਿਆਨ ਦਾ ਜ਼ਮਾਨਾ ਹੈ। ਵਿਗਿਆਨ ਤੋਂ ਬਿਨਾ ਗਿਆਨ ਦਾ ਪੱਤਾ ਵੀ ਨਹੀਂ ਹਿੱਲਦਾ। ਵਿਗਿਆਨ ਅੱਗੇ ਪੁਰਾਤਨ ਵਿਚਾਰਾਂ ਦੇ ਚਿਰਾਗ ਇਸ ਤਰ੍ਹਾਂ ਫਿੱਕੇ ਪੈ ਗਏ ਹਨ, ਜਿਵੇਂ ਧੁੱਪ ਵਿਚ ਦੀਵੇ। ਫਿਲਾਸਫੀ ਖਤਮ ਹੋ ਚੁਕੀ ਹੈ। ਉਨ੍ਹੀਵੀਂ ਸਦੀ ਤੋਂ ਬਾਅਦ ਕੋਈ ਮੌਲਿਕ ਫਿਲਾਸਫਰ ਪੈਦਾ ਨਹੀਂ ਹੋਇਆ। ਫਿਲਾਸਫਰਾਂ ਦਾ ਚਿੰਤਨ ਨਾਲੋਂ ਮੋਹ ਭੰਗ ਉਦੋਂ ਤੋਂ ਹੀ ਹੋਣ ਲੱਗ ਪਿਆ ਸੀ, ਜਦੋਂ 1810 ਵਿਚ ਸੈਮਿਊਲ ਹੈਨੀਮੈਨ ਨੇ ਕਿਹਾ ਸੀ, 'ਫਿਲਾਸਫੀ ਨਾ ਘੜੋ, ਯਥਾਰਥ ਨੂੰ ਸੰਭਾਲੋ!' ਪ੍ਰਸਿੱਧ ਅਲੋਚਕ ਜੀ. ਐਚ. ਸੇਬਾਈਨ ਦੇ ਇਹ ਕਹਿਣ ਦਾ ਵੀ ਕਰੀਬ ਇਹੋ ਅਰਥ ਸੀ ਕਿ ਸਭ ਚਿੰਤਨ ਆਪਣੇ ਸਮੇਂ ਮੁਤਾਬਿਕ ਹੀ ਅਰਥ ਰੱਖਦੇ ਹਨ, ਪਿਛੋਂ ਉਨ੍ਹਾਂ ਦੀ ਮਹੱਤਤਾ ਬਦਲ ਜਾਂਦੀ ਹੈ। ਇਹ ਸਭ ਗੱਲਾਂ ਧਾਰਮਿਕ ਫਿਲਾਸਫੀਆਂ 'ਤੇ ਵੱਧ ਲਾਗੂ ਹੁੰਦੀਆਂ ਹਨ, ਜੋ ਅਣਦੇਖੇ-ਅਣਕਿਆਸੇ ਦੈਵੀ ਵਿਸ਼ਿਆਂ ਦੀ ਕਾਲਪਿਤ ਵਿਆਖਿਆ ਕਰਦੀਆਂ ਹਨ। ਅੱਜ ਕੱਲ ਅਜਿਹੀਆਂ ਫਿਲਾਸਫੀਆਂ ਦਾ, ਵਿਗਿਆਨਕ ਆਧਾਰ ਤੋਂ ਬਿਨਾ ਆਪਣੇ ਸਹਾਰੇ (Stand-alone) ਟਿਕਣਾ ਮੁਸ਼ਕਿਲ ਬਣਿਆ ਹੋਇਆ ਹੈ।***

ਜਦੋਂ ਅਜੋਕੇ ਸਿੱਖ ਵਿਦਵਾਨ ਇਹ ਕਹਿ ਕੇ ਗੁਰੂ ਨਾਨਕ ਦੀ ਬਾਣੀ ਦੀ ਵਿਆਖਿਆ ਕਰਦੇ ਹਨ ਕਿ ਅਕਾਲ ਪੁਰਖ ਹਰ ਇਕ ਜੀਵ ਦਾ ਨੇੜਿਓਂ ਹੋ ਕੇ ਪ੍ਰਤੀਪਾਲਨ ਕਰਦਾ ਹੈ ਤੇ ਜਿੱਥੇ ਉਹ ਹੁੰਦਾ ਹੈ, ਉੱਥੇ ਹੀ ਉਸ ਦੀ ਖੁਰਾਕ ਪਹੁੰਚਾਉਂਦਾ ਹੈ, ਤਾਂ ਉਨ੍ਹਾਂ ਦੀ ਵਿਆਖਿਆ ਯਥਾਰਥਕ ਨਹੀਂ ਲਗਦੀ। ਇਹ ਇਸ ਲਈ ਕਿ ਭਾਵੇਂ ਅੱਜ ਦਾ ਮਨੁੱਖ ਗੁਰੂ ਸਾਹਿਬ ਦੀ ਦਿਖਾਈ ਸੇਧ ਵਿਚ ਚਲਦਿਆਂ ਗਿਆਨ ਦੇ ਪੰਜ ਸੌ ਸਾਲ ਹੋਰ ਨੇੜੇ ਆ ਗਿਆ ਹੈ, ਪਰ ਇਹ ਵਿਦਵਾਨ ਅਜੇ ਵੀ ਉਹੀ ਸਦੀਆਂ ਪੁਰਾਣੀ ਸੋਚ ਵਰਤਦੇ ਚਲੇ ਆ ਰਹੇ ਹਨ। ਗੁਰੂ ਸਾਹਿਬ ਨੇ ਰਾਮਾਇਣ, ਮਹਾਂਭਾਰਤ ਤੇ ਉੱਤਰ ਵੇਦਿਕ ਕਾਲ ਦੀਆਂ ਮਿੱਥ-ਕਹਾਣੀਆਂ ਉਨ੍ਹਾਂ ਦੇ ਪੈਦਾ ਹੋਣ ਤੋਂ ਦੋ ਹਜ਼ਾਰ ਸਾਲ ਬਾਅਦ ਤੋੜੀਆਂ ਸਨ। ਭਾਵ ਇਹ ਉਹ ਸਮਾਂ ਸੀ, ਜਦੋਂ ਮਨੁੱਖੀ ਗਿਆਨ ਦੋ ਹਜ਼ਾਰ ਸਾਲ ਬਾਅਦ ਦੂਣਾ ਹੁੰਦਾ ਸੀ। ਦੋ ਦੋ ਹਜ਼ਾਰ ਸਾਲ ਲੋਕ ਓਹੀ ਪੁਰਾਣੇ ਵਿਚਾਰ ਲੈ ਕੇ ਘੁੰਮੀ ਜਾਂਦੇ ਸਨ। ਵਿਗਿਆਨ ਦੀ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਤਰੱਕੀ ਕਾਰਨ ਅੱਜ ਤੋਂ ਪੰਜਾਹ ਸਾਲ ਪਹਿਲਾਂ ਇਹ ਸਮਾਂ ਘਟ ਕੇ ਦਸ ਸਾਲ ਰਹਿ ਗਿਆ, ਪਰ ਹੁਣ ਇੱਕੀਵੀਂ ਸਦੀ ਵਿਚ ਮਨੁੱਖੀ ਗਿਆਨ ਬਾਰਾਂ ਘੰਟਿਆਂ ਵਿਚ ਦੋ-ਗੁਣਾ ਹੋ ਜਾਂਦਾ ਹੈ। ਇਸ ਲਈ ਜੋ ਗੱਲ ਗੁਰੂ ਸਾਹਿਬ ਨੇ ਉਦੋਂ ਦੀ ਸਮਝ ਅਨੁਸਾਰ ਸੰਖੇਪ ਤੇ ਸੰਕੇਤਕ ਅਰਥਾਂ ਵਿਚ ਕਹੀ ਸੀ, ਹੁਣ ਉਸ ਦੇ ਵਿਸਥਾਰਪੂਰਵਕ ਵਰਣਨ ਦੇ ਅਨੇਕਾਂ ਰਸਤੇ ਖੁਲ੍ਹ ਗਏ ਹਨ, ਪਰ ਵਿਦਵਾਨਾਂ ਨੇ ਇਨ੍ਹਾਂ ਵਲ ਧਿਆਨ ਨਹੀਂ ਦਿੱਤਾ। ਸਿੱਟੇ ਵਜੋਂ ਵਧਿਆ ਗਿਆਨ ਬਾਣੀ ਦੇ ਨੇੜੇ ਨਹੀਂ ਆਇਆ। ਇਸੇ ਲਈ ਉਨ੍ਹਾਂ ਦੀਆਂ ਵਿਆਖਿਆਵਾਂ ਮਨੁੱਖ ਨੂੰ ਜੀਵਨ ਦੇ ਉਸ ਸੱਚ ਤੋਂ ਵਿਜੋਗਦੀਆਂ ਹਨ, ਜਿਸ ਦੀ ਗੁਰੂ ਸਾਹਿਬ ਸੇਧ ਦੇ ਗਏ ਹਨ।

ਇਸ ਦਾ ਮੁੱਖ ਕਾਰਨ ਇਹ ਹੈ ਕਿ ਵਿਦਵਾਨ ਬਾਣੀ ਨੂੰ ਜੀਵਨ ਨਾਲ ਜੋੜ ਕੇ ਨਹੀਂ ਦੇਖਦੇ। ਜਿੱਥੇ ਉਨ੍ਹਾਂ ਨੂੰ ਬਾਣੀ ਦੀ ਵਿਆਖਿਆ ਆਧੁਨਿਕ ਪਰਿਪੇਖ ਵਿਚ ਕਰਨੀ ਬਣਦੀ ਹੈ, ਉਹ ਨਹੀਂ ਕਰਦੇ ਜਾਂ ਕਰ ਨਹੀਂ ਸਕਦੇ। ਅੱਜ ਉਹ ਜਮਾਨਾ ਹੈ, ਜਦੋਂ ਸਹੀ ਕੰਮ ਕਰਨ ਲਈ ਆਮ ਕੰਪਿਊਟਰ ਤੇ ਮੋਬਾਈਲ ਫੋਨ ਵੀ ਦਿਨ ਵਿਚ ਚਾਰ ਚਾਰ ਵਾਰ ਅੱਪਗ੍ਰੇਡ ਹੁੰਦੇ ਹਨ; ਪਰ ਬਾਣੀ ਦੀ ਵਿਆਖਿਆ ਦਾ ਅੱਪਗ੍ਰੇਡ ਕੋਈ ਨਹੀਂ। ਜੇ ਜੀਵਨ ਪ੍ਰਵਾਹ ਚਲ ਰਿਹਾ ਹੈ ਤੇ ਉਸ ਵਿਚ ਨਿਰੰਤਰ ਵਿਕਾਸ ਆ ਰਿਹਾ ਹੈ ਤਾਂ ਉਹ ਬਾਣੀ ਥਾਣੀਂ ਵੀ ਸਮਝ ਆਉਣਾ ਚਾਹੀਦਾ ਹੈ। ਗੁਰਬਾਣੀ ਆਮ ਸ਼ਰਧਾਲੂ ਲਈ ਸਰਬੰਗੀ ਗਿਆਨ ਦਾ ਸੋਮਾ ਹੈ, ਪਰ ਪੁਜਾਰੀ ਜਮਾਤ ਦੇ ਏਕਾਧਿਕਾਰੀ ਕੰਟਰੋਲ ਕਾਰਨ ਇਸ ਵਿਚੋਂ ਆਧੁਨਿਕ ਕਾਲੀਨ ਮਨੁੱਖੀ ਸਰੋਕਾਰਾਂ ਦੀ ਮਹੱਤਤਾ ਸਾਹਮਣੇ ਨਹੀਂ ਆਉਂਦੀ। ਸਿੱਖ ਪੁਜਾਰੀਆਂ ਨੇ ਇਸ ਦੁਆਲੇ ਸਤਿਕਾਰਤਾ ਤੇ ਸੰਕੀਰਣਤਾ ਦੀ ਇਕ ਅਜਿਹੀ ਚੁੰਧਿਆਵੀਂ ਪਰਤ ਬਣਾਈ ਹੋਈ ਹੈ ਕਿ ਜਗਿਆਸੂ-ਗਣ ਇਸ ਨੂੰ ਪੜ੍ਹਨ ਤੇ ਸਮਝਣ ਵਲ ਜਾਣ ਹੀ ਨਾ; ਬਸ ਸੀਸ ਝੁਕਾਉਣ ਵਲ ਜਾਣ। ਉਨ੍ਹਾਂ ਨੇ ਇਸ ਤਰ੍ਹਾਂ ਦਾ ਪ੍ਰਬੰਧ ਬਣਾਇਆ ਹੋਇਆ ਹੈ ਕਿ ਕੋਈ ਇਸ ਤੋਂ ਜੀਵਨ ਸੇਧ ਤੇ ਗਿਆਨ ਨਾ ਲਵੇ ਸਗੋਂ ਜੀਵਨ ਲਈ ਲੋੜੀਂਦੀਆਂ ਵਸਤਾਂ ਅਰਜ-ਅਰਦਾਸ ਰਾਹੀਂ ਮਾਇਆ ਦੀ ਭੇਟਾ ਚੜ੍ਹਾ ਕੇ ਮੰਗੇ। ਮਿਹਨਤ ਨਾਲ ਪ੍ਰਾਪਤ ਕੀਤੀ ਵਸਤ ਲਈ ਵੀ ਸ਼ੁਕਰਾਨੇ ਦੀ ਭੇਟਾ ਚੜ੍ਹਾਵੇ। ਸਿੱਖ ਪੁਜਾਰੀ ਬਾਣੀ ਨੂੰ ਉਚੇਚੀ ਰਹਿਤ ਮਰਿਆਦਾ ਅਨੁਸਾਰ ਪੜ੍ਹਦੇ ਹਨ। ਉਹ ਇਸ ਦੀ ਮਨਚਾਹੀ ਵਿਆਖਿਆ ਕਰਦੇ ਹਨ ਤੇ ਪ੍ਰਸ਼ਨ ਕਰਨ ਨੂੰ ਮਨਮੱਤ ਸਮਝਦੇ ਹਨ। ਅਖੰਡ ਪਾਠ, ਜਾਪ ਤੇ ਕੀਰਤਨ, ਉਨ੍ਹਾਂ ਦੇ ਬਾਣੀ ਪੜ੍ਹਨ ਦੇ ਮੁੱਖ ਢੰਗ ਹਨ, ਪਰ ਇਨ੍ਹਾਂ ਵਿਚੋਂ ਕਿਸੇ ਵਿਚ ਵੀ ਦਿਮਾਗੀ ਸੋਚ ਵਿਚਾਰ ਦੀ ਗੁੰਜਾਇਸ਼ ਨਹੀਂ। ਯੂਨੀਵਰਸਿਟੀਆਂ ਵਿਚ ਗੁਰਬਾਣੀ ਖੋਜ 'ਤੇ ਅੰਕੁਸ਼ ਹੈ ਅਤੇ ਅਧਿਆਤਮਕ ਵਿਆਖਿਆ ਹੀ ਪ੍ਰਵਾਨਿਤ ਹੈ। ਇੰਜ ਲਗਦਾ ਹੈ, ਜਿਵੇਂ ਅਜੋਕੇ ਸਿੱਖ ਵਿਦਵਾਨਾਂ ਦੀ ਡਿਕਸ਼ਨਰੀ ਵਿਚ ਬਾਣੀ ਦਾ ਸਿੱਧਾ ਅਰਥ (Synonym) ਸ਼ਰਧਾ ਹੋਵੇ ਅਤੇ ਵਿਚਾਰ ਵਿਵੇਕ ਇਸ ਦੇ ਵਿਰੋਧੀ-ਅਰਥ (Antonyms) ਹੋਣ।

ਅੱਜ ਵਿਗਿਆਨ ਦਾ ਜ਼ਮਾਨਾ ਹੈ। ਵਿਗਿਆਨ ਤੋਂ ਬਿਨਾ ਗਿਆਨ ਦਾ ਪੱਤਾ ਵੀ ਨਹੀਂ ਹਿੱਲਦਾ। ਵਿਗਿਆਨ ਅੱਗੇ ਪੁਰਾਤਨ ਵਿਚਾਰਾਂ ਦੇ ਚਿਰਾਗ ਇਸ ਤਰ੍ਹਾਂ ਫਿੱਕੇ ਪੈ ਗਏ ਹਨ, ਜਿਵੇਂ ਧੁੱਪ ਵਿਚ ਦੀਵੇ। ਫਿਲਾਸਫੀ ਖਤਮ ਹੋ ਚੁਕੀ ਹੈ। ਉਨ੍ਹੀਵੀਂ ਸਦੀ ਤੋਂ ਬਾਅਦ ਕੋਈ ਮੌਲਿਕ ਫਿਲਾਸਫਰ ਪੈਦਾ ਨਹੀਂ ਹੋਇਆ। ਫਿਲਾਸਫਰਾਂ ਦਾ ਚਿੰਤਨ ਨਾਲੋਂ ਮੋਹ ਭੰਗ ਉਦੋਂ ਤੋਂ ਹੀ ਹੋਣ ਲੱਗ ਪਿਆ ਸੀ, ਜਦੋਂ 1810 ਵਿਚ ਸੈਮਿਊਲ ਹੈਨੀਮੈਨ ਨੇ ਕਿਹਾ ਸੀ, 'ਫਿਲਾਸਫੀ ਨਾ ਘੜੋ, ਯਥਾਰਥ ਨੂੰ ਸੰਭਾਲੋ!' ਪ੍ਰਸਿੱਧ ਅਲੋਚਕ ਜੀ. ਐਚ. ਸੇਬਾਈਨ ਦੇ ਇਹ ਕਹਿਣ ਦਾ ਵੀ ਕਰੀਬ ਇਹੋ ਅਰਥ ਸੀ ਕਿ ਸਭ ਚਿੰਤਨ ਆਪਣੇ ਸਮੇਂ ਮੁਤਾਬਿਕ ਹੀ ਅਰਥ ਰੱਖਦੇ ਹਨ, ਪਿਛੋਂ ਉਨ੍ਹਾਂ ਦੀ ਮਹੱਤਤਾ ਬਦਲ ਜਾਂਦੀ ਹੈ। ਇਹ ਸਭ ਗੱਲਾਂ ਧਾਰਮਿਕ ਫਿਲਾਸਫੀਆਂ 'ਤੇ ਵੱਧ ਲਾਗੂ ਹੁੰਦੀਆਂ ਹਨ, ਜੋ ਅਣਦੇਖੇ-ਅਣਕਿਆਸੇ ਦੈਵੀ ਵਿਸ਼ਿਆਂ ਦੀ ਕਾਲਪਿਤ ਵਿਆਖਿਆ ਕਰਦੀਆਂ ਹਨ। ਅੱਜ ਕੱਲ ਅਜਿਹੀਆਂ ਫਿਲਾਸਫੀਆਂ ਦਾ, ਵਿਗਿਆਨਕ ਆਧਾਰ ਤੋਂ ਬਿਨਾ ਆਪਣੇ ਸਹਾਰੇ (Stand-alone) ਟਿਕਣਾ ਮੁਸ਼ਕਿਲ ਬਣਿਆ ਹੋਇਆ ਹੈ। ਹਿੰਦੂ ਧਰਮ ਵਿਚ ਸਵਾਮੀ ਦਯਾਨੰਦ ਦੇ ਸੁਧਾਰ ਇਸੇ ਮੁਸ਼ਕਿਲ ਨੂੰ ਹੱਲ ਕਰਨ ਦਾ ਉਪਰਾਲਾ ਸਨ। ਮਗਰੋਂ ਸਵਾਮੀ ਵਿਵੇਕਾਨੰਦ ਨੇ ਪੂਰੀ ਸਨਾਤਨ ਹਿੰਦੂ ਵਿਚਾਰਧਾਰਾ ਨੂੰ ਵਿਗਿਆਨਕ ਲੀਹਾਂ 'ਤੇ ਖੜ੍ਹਾ ਕੀਤਾ। ਸਵਾਮੀ ਰਾਮ ਤੀਰਥ, ਜੋ ਸੰਨਿਆਸ ਤੋਂ ਪਹਿਲਾਂ ਲਾਹੌਰ ਵਿਚ ਹਿਸਾਬ ਦਾ ਪ੍ਰੋਫੈਸਰ ਸੀ, ਨੇ ਵੀ ਇਸੇ ਦਿਸ਼ਾ ਵਿਚ ਕੰਮ ਕੀਤਾ, ਪਰ ਗੁਰਬਾਣੀ ਦੇ ਮਾਹਿਰਾਂ ਨੇ ਇਸ ਨੂੰ ਅਜੋਕੇ ਯੁਗ ਦੀ ਹਵਾ ਤੀਕ ਨਹੀਂ ਲੱਗਣ ਦਿੱਤੀ। ਸਭ ਤੋਂ ਵੱਡੀ ਤ੍ਰਾਸਦੀ ਇਹ ਕਿ ਜਿਸ ਗੁਰਬਾਣੀ ਨੂੰ ਗੁਰੂ ਸਾਹਿਬ ਨੇ ਪਹਿਲਾਂ ਹੀ ਜਪੁਜੀ ਦੀ ਵਿਗਿਆਨਕ ਨੀਂਹ 'ਤੇ ਉਸਾਰਿਆ ਹੋਇਆ ਹੈ, ਅਜੋਕੀ ਸਿੱਖ ਵਿਦਵਤਾ ਨੇ ਉਨ੍ਹਾਂ ਮੂਲ ਵਿਗਿਆਨਕ ਅੰਸ਼ਾਂ ਨੂੰ ਵੀ ਨਹੀਂ ਛੋਹਿਆ!

ਗੁਰੂ ਸਾਹਿਬ ਨੇ "ੴ ਸਤਿ ਨਾਮੁ" ਲਿਖ ਕੇ ਇਕ ਤਰ੍ਹਾਂ ਨਾਲ ਬਾਣੀ ਦੇ ਮੁੱਢ ਵਿਚ ਹੀ ਕਹਿ ਦਿੱਤਾ ਸੀ, 'ਫਿਲਾਸਫੀ ਛੱਡੋ, ਯਥਾਰਥ ਸੰਭਾਲੋ।' ਭਾਵ ਜੋ ਦਿੱਸਦਾ ਹੈ, ਉਸ ਨੂੰ ਕਿਆਸ-ਅਰਾਈਆਂ ਲਾਉਣ ਦੀ ਥਾਂ ਸਮਝੋ ਤੇ ਜੋ ਨਹੀਂ ਦਿਸਦਾ, ਉਸ ਦੀ ਸਹੀ ਹਿਸਾਬੀ ਢੰਗ ਨਾਲ ਖੋਜ ਕਰੋ। ਉਨ੍ਹਾਂ ਨੇ ਇਹ ਕਿਤੇ ਨਹੀਂ ਲਿਖਿਆ ਕਿ ਮੇਰੀ ਲਿਖਿਤ ਦਾ ਪਾਠ ਕਰਿਆ ਕਰਿਓ ਤੇ ਇਸ ਨੂੰ ਮਨ-ਇੱਛਤ ਮੁਰਾਦਾਂ ਪਾਉਣ ਲਈ ਜਪਿਆ-ਜਪਾਇਆ ਕਰਿਓ। 15ਵੀਂ ਸਦੀ ਦਾ ਇਕ ਵਿਗਿਆਨ-ਮਤਾ ਸੰਤ-ਪੁਰਖ ਇਸ ਤੋਂ ਵੱਧ ਹੋਰ ਕੀ ਕਹਿੰਦਾ? ਸਿੱਖ ਵਿਦਵਾਨਾਂ ਦਾ ਫਰਜ਼ ਸੀ ਕਿ ਉਹ ਉਨ੍ਹਾਂ ਦੀ ਬਾਣੀ 'ਤੇ ਅਮਲ ਕਰਦੇ ਹੋਏ ਕੁਦਰਤ ਦਾ ਅਧਿਐਨ ਕਰਦੇ ਤੇ ਇਸ ਦੇ ਨਿਯਮ ਪਤਾ ਕਰਨ ਪ੍ਰਤੀ ਜੀਵਨ ਸਮਰਪਿਤ ਕਰਦੇ। ਜੇ ਇੱਦਾਂ ਨਹੀਂ ਸਨ ਕਰ ਸਕਦੇ ਤਾਂ ਘੱਟੋ ਘੱਟ ਦੂਜਿਆਂ ਦੇ ਲੱਭੇ ਕੁਦਰਤੀ ਨਿਯਮਾਂ ਦਾ ਆਓ ਭਗਤ ਕਰਦੇ ਤੇ ਉਨ੍ਹਾਂ ਨੂੰ ਗੁਰਬਾਣੀ ਦੀ ਵਿਆਖਿਆ ਅਤੇ ਪ੍ਰਚਾਰ ਨਾਲ ਜੋੜਦੇ।

ਇਸ ਲਈ ਜਦੋਂ ਗੁਰੂ ਸਾਹਿਬ ਇਹ ਲਿਖਦੇ ਹਨ ਕਿ ਉਸ ਪਰਮ-ਸਤਿ ਦੇ ਨਿਜ਼ਾਮ ਵਿਚ ਹਰ ਜੀਵ ਦੀ ਪਰਵਰਿਸ਼ ਦਾ ਇੰਤਜ਼ਾਮ ਹੈ ਤਾਂ ਇਸ ਦਾ ਅਰਥ ਇਹ ਨਹੀਂ ਕਿ ਬ੍ਰਹਿਮੰਡ ਦਾ ਉਹ ਅੰਤਿਮ ਤੱਤ ਆਪ ਜਾ ਕੇ ਹਰ ਇਕ ਜੀਵ ਨੂੰ ਰਾਸ਼ਣ ਵੰਡਦਾ ਹੈ। ਇਸ ਦਾ ਅਰਥ ਹੈ ਕਿ ਜੀਵ ਪੈਦਾ ਹੀ ਉੱਥੇ ਹੁੰਦਾ ਹੈ, ਜਿੱਥੇ ਉਸ ਦਾ ਖਾਧ ਪਦਾਰਥ ਉਪਲੱਭਦ ਹੋਵੇ। ਜਾਂ ਇਓਂ ਕਹੋ ਕਿ ਜੀਵ ਉਤਪੰਨ ਹੀ ਖਾਧ ਪਦਾਰਥ ਵਿਚੋਂ ਹੁੰਦਾ ਹੈ, ਜੋ ਉਸ ਲਈ ਪੈਦਾ ਹੁੰਦਿਆਂ ਹੀ ਖਾਣ ਦੇ ਕੰਮ ਆਵੇ। ਕਣਕ ਦਾ ਜੀਵ ਕਣਕ ਵਿਚ ਪੈਦਾ ਹੋ ਕੇ ਉੱਥੇ ਹੀ ਕਣਕ ਦੇ ਦਾਣੇ ਨੂੰ ਖਾਂਦਾ ਹੈ ਤੇ ਦਾਲ ਦਾ ਜੀਵ ਇੱਦਾਂ ਹੀ ਦਾਲ ਦੇ ਦਾਣੇ ਨੂੰ। ਕੁਦਰਤ ਵਿਚ ਖਾਸ ਖਾਸ ਜੀਵ ਖਾਸ ਖਾਸ ਪਰਿਆਵਰਣੀ ਥਾਂਵਾਂ (Ecologies) ਨਾਲ ਜੁੜੇ ਹੁੰਦੇ ਹਨ, ਜਿੱਥੇ ਉਹ ਆਸਰੇ ਤੇ ਆਹਾਰ ਦੀ ਕੜੀ (Food-chain) ਵਿਚ ਜੁੜੇ ਹੁੰਦੇ ਹਨ। ਇਸ ਤੋਂ ਬਾਹਰ ਰਹਿ ਕੇ ਉਨ੍ਹਾਂ ਦਾ ਜਿਉਂਦੇ ਰਹਿਣਾ ਮੁਸ਼ਕਿਲ ਹੈ।

ਅਜੋਕੇ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਅਕਾਲ ਪੁਰਖ ਨੇ ਸ੍ਰਿਸ਼ਟੀ ਸਾਜੀ ਹੈ। ਉਹ ਇਸ ਨੂੰ ਇਸ ਤਰ੍ਹਾਂ ਬੇਝਿਜਕ ਹੋ ਕੇ ਕਹਿੰਦੇ ਹਨ, ਜਿਵੇਂ ਸਭ ਨੂੰ ਪਤਾ ਹੋਵੇ ਕਿ ਉਸ ਨੇ ਇਹ ਕਿਵੇਂ ਸਾਜੀ ਸੀ! ਪਰ ਅਜਿਹਾ ਕੁਝ ਨਹੀਂ, ਕਿਉਂਕਿ ਉਨ੍ਹਾਂ ਦੀਆਂ ਸਨਾਤਨੀ ਵਿਆਖਿਆਵਾਂ ਤੋਂ ਲਗਦਾ ਹੈ, ਜਿਵੇਂ ਇਨ੍ਹਾਂ ਸਦੀਆਂ ਵਿਚ ਕੁਝ ਨਵਾਂ ਹੋਇਆ ਹੀ ਨਾ ਹੋਵੇ, ਜਾਂ ਜੋ ਹੋਇਆ ਹੈ, ਉਸ ਦਾ ਉਨ੍ਹਾਂ ਨੂੰ ਪਤਾ ਹੀ ਨਾ ਹੋਵੇ। ਮੰਨਿਆਂ ਇਸ ਸੰਸਾਰ ਦੇ ਮਾਯਾਵੀ ਵਰਤਾਰੇ ਇਕ ਪੱਖ ਦੀ ਖੇਡ ਹਨ ਤੇ ਸ੍ਰਿਸ਼ਟੀ ਦੀ ਸਿਰਜਣਾ ਉਸ ਤੋਂ ਦੂਜੇ ਪਾਸੇ ਦੀ। ਮੰਨਿਆਂ ਇਕ ਪਰਤ ਵਿਚ ਰਹਿ ਕੇ ਦੂਜੀ ਪਰਤ ਦੀ ਸੋਝੀ ਆਸਾਨੀ ਨਾਲ ਨਹੀਂ ਪੈਂਦੀ। ਮੰਨਿਆਂ ਅੰਧਕਾਰ ਤੋਂ ਬਿਨਾ ਵੀ ਕਈ ਗਿਆਨ-ਰੋਧਕ ਕਾਰਕ ਹਨ, ਜੋ ਮਨੁੱਖ ਨੂੰ ਸਚਿਆਰਾ ਬਣਨ ਦੇ ਰਾਹ ਵਿਚ ਦੀਵਾਰ ਬਣੇ ਹੋਏ ਹਨ; ਪਰ ਜੋ ਗਿਆਨ ਸਭ ਰੁਕਾਵਟਾਂ ਦੇ ਬਾਵਜੂਦ ਮੁਸ਼ੱਕਤਾਂ ਘਾਲ ਕੇ ਹਾਸਲ ਕਰ ਲਿਆ ਗਿਆ ਹੈ, ਉਸ ਨੂੰ ਤਾਂ ਅਪਨਾਇਆ ਜਾ ਸਕਦਾ ਹੈ। ਇਹ ਤਾਂ ਜਾਣਿਆ ਜਾ ਸਕਦਾ ਹੈ ਕਿ ਕੁਦਰਤ ਮਾਦੇ ਅਤੇ ਕਾਲ ਦੀ ਖੇਡ ਹੈ। ਇਹ ਵੀ ਜਾਣਿਆ ਜਾ ਸਕਦਾ ਹੈ ਕਿ ਜਿਸ ਨੂੰ ਕਾਲ ਕਹਿੰਦੇ ਹਨ, ਉਹ ਮਾਦੇ ਦੀ ਗਤੀ ਤੋਂ ਉਤਪੰਨ ਹੋਇਆ ਯਥਾਰਥ ਹੈ, ਪਰ ਅਜੋਕੇ ਸਿੱਖ ਵਿਦਵਾਨ ਮਾਦੇ ਦੇ ਨਾਂ ਤੋਂ ਹੀ ਪਰ੍ਹੇ ਭੱਜਦੇ ਹਨ। ਸ਼ਾਇਦ ਉਹ ਸਮਝਦੇ ਹਨ ਕਿ ਜਿਸ ਕਰਤਾ ਪੁਰਖ ਨੂੰ ਗੁਰਬਾਣੀ ਵਿਚ ਅਕਾਲ ਕਿਹਾ ਗਿਆ ਹੈ, ਉਹ ਸਮੇਂ ਤੋਂ ਪਾਰ ਬੈਠਾ ਹੈ ਅਤੇ ਉਸ ਦਾ ਪਦਾਰਥ ਨਾਲ ਕੋਈ ਸਬੰਧ ਨਹੀਂ। ਪਰ ਪਦਾਰਥ ਤੋਂ ਪਰ੍ਹੇ ਰਿਹਾ ਅਕਾਲ ਪੁਰਖ ਤਾਂ ਕੁਦਰਤ ਤੋਂ ਵੀ ਪਰ੍ਹੇ ਹੋਇਆ, ਜੋ ਖੁਦ ਪਦਾਰਥ ਹੈ। ਜੇ ਉਹ ਕੁਦਰਤ ਤੋਂ ਪਰ੍ਹੇ ਹੈ ਤੇ ਆਪਣੇ ਹੀ ਖੇਤਰ ਵਿਚ ਸਿਮਟ ਕੇ ਰਹਿੰਦਾ ਹੈ, ਫਿਰ ਉਸ ਨੇ ਕੁਦਰਤ ਨੂੰ ਬਣਾਇਆ ਕਿਵੇਂ? ਕੀ ਉਹ ਕੁਦਰਤ ਨੂੰ ਬਣਾ ਕੇ ਪਾਲੇ ਦੇ ਇਸ ਪਾਰ ਸੁੱਟ ਗਿਆ ਸੀ ਜਾਂ ਕੁਦਰਤ ਬਣਨ ਲਈ ਆਪ ਉਸ ਪਾਰ ਗਈ ਸੀ?

ਗੁਰੂ ਸਾਹਿਬ ਨੇ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ 'ਬਲਿਹਾਰੀ ਕੁਦਰਤ ਵਸਿਆ' ਕਹਿ ਕੇ ਦਿੱਤਾ ਹੈ; ਪਰ ਕੁਦਰਤ ਤਾਂ ਧਰਤੀ, ਪਾਣੀ, ਪਹਾੜ, ਜੰਗਲ, ਸੂਰਜ ਚੰਦ ਤੇ ਤਾਰੇ ਆਦਿ ਹੈ, ਜੋ ਸਭ ਪਦਾਰਥ ਹਨ। ਇਸ ਦਾ ਭਾਵ ਹੈ ਕਿ ਅਕਾਲ ਪੁਰਖ ਪਦਾਰਥੀ ਚੀਜ਼ਾਂ ਵਿਚ ਹੀ ਵਸਿਆ ਹੋਇਆ ਹੈ। ਕੁਦਰਤ ਦੇ ਬਦਲਦੇ ਰੰਗਾਂ ਤੋਂ ਹੀ ਅਕਾਲ ਪੁਰਖ ਦੀ ਸੋਝੀ ਮਿਲਦੀ ਹੈ। ਕੁਦਰਤ ਨਾ ਹੋਵੇ ਤਾਂ ਅਕਾਲ ਪੁਰਖ ਦੀ ਹੋਂਦ ਤੇ ਮਹੱਤਤਾ (Relevance) ਦਾ ਪਤਾ ਹੀ ਨਾ ਚੱਲੇ। ਜੇ ਕੁਦਰਤ ਉਸ ਦਾ ਪ੍ਰਗਟਾਵਾ ਨਾ ਹੋਵੇ ਤਾਂ ਉਸ ਨੂੰ ਜਾਣਨ ਵਾਲਾ ਕੋਈ ਨਹੀਂ ਹੋਵੇਗਾ ਤੇ ਉਸ ਦੇ ਹੋਣ ਜਾਂ ਨਾ ਹੋਣ ਦਾ ਕੋਈ ਅਰਥ ਨਹੀਂ ਹੋਵੇਗਾ। ਅਕਾਲ ਪੁਰਖ ਵਿਚ ਗਤੀ ਆਈ, ਉਸ ਦੇ ਤੱਤ ਹਿੱਲੇ, ਹਵਾ ਵਿਚ ਬੱਦਲਾਂ ਵਾਂਗ ਉਸ ਦਾ ਵਜੂਦ ਬਣਿਆ ਤੇ ਕੁਦਰਤ ਪ੍ਰਗਟ ਹੋਈ। ਗਤੀ ਚਲਦੀ ਗਈ, ਕੁਦਰਤ ਦੇ ਨਵੇਂ ਨਵੇਂ ਰੂਪ ਸਾਹਮਣੇ ਆਉਂਦੇ ਗਏ ਤੇ ਇਨ੍ਹਾਂ ਦੀ ਤਰਤੀਬ ਤੋਂ ਸਮੇਂ ਦਾ ਪਤਾ ਲੱਗਾ। ਮਾਲੂਮ ਹੋਇਆ ਕਿ ਕੁਦਰਤੀ ਵਰਤਾਰੇ ਸਮੇਂ-ਕਾਲ ਵਿਚ ਹੀ ਚਲਦੇ ਹਨ। ਜੇ ਸਮਾਂ ਰੁਕ ਜਾਵੇ ਤਾਂ ਕੁਦਰਤ ਦੀ ਅਗਲੀ ਮੂਰਤ (Frame) ਨਹੀਂ ਬਣੇਗੀ ਤੇ ਜੋ ਚੀਜ਼ ਜਿੱਥੇ ਹੈ, ਉੱਥੇ ਜਾਮ ਹੋ ਜਾਵੇਗੀ। ਇਸ ਵਿਚ ਵਸਿਆ ਅਕਾਲ ਪੁਰਖ ਵੀ ਸਥਿਲ ਹੋ ਜਾਵੇਗਾ। ਇਸ ਦਾ ਭਾਵ ਹੋਇਆ, ਉਹ ਅਕਾਲ ਨਹੀਂ ਸਗੋਂ ਕਾਲ ਦੇ ਪ੍ਰਭਾਵ ਵਿਚ ਹੈ, ਜੋ ਉਹ ਨਹੀਂ ਹੈ।

ਗੁਰੂ ਸਾਹਿਬ ਨੇ ਅਕਾਲ ਪੁਰਖ ਦੀ ਅਜਿਹੀ ਕਲਪਨਾ ਨਹੀਂ ਕੀਤੀ। ਉਨ੍ਹਾਂ ਨੇ ਅਕਾਲ ਪੁਰਖ ਨੂੰ ਅ+ਕਾਲ ਇਸ ਲਈ ਕਿਹਾ ਹੈ ਕਿ ਉਹ ਸਮੇਂ ਤੋਂ ਬੇਪ੍ਰਵਾਹ ਹੋ ਕੇ ਹਮੇਸ਼ਾ ਪ੍ਰਗਤੀਸ਼ੀਲ ਗਤੀ ਵਿਚ ਰਹਿੰਦਾ ਹੈ। ਉਸ ਦੀ ਇਸ ਗਤੀ ਕਾਰਨ ਹੀ ਪਦਾਰਥ ਦਾ ਵਿਕਾਸ ਹੁੰਦਾ ਹੈ। ਵਿਗਿਆਨ ਵੀ ਤਾਈਦ ਕਰਦਾ ਹੈ ਕਿ ਪਦਾਰਥ ਦੀ ਗਤੀ ਕਦੇ ਰੁਕਦੀ ਨਹੀਂ (Motion is the mode of existence of matter)। ਇਸੇ ਕਰਕੇ ਕੁਦਰਤ ਰੰਗ-ਰੂਪ ਬਦਲਦੀ ਹੋਈ ਕਦੇ ਖੜੋਤ ਵਿਚ ਨਹੀਂ ਆਉਂਦੀ। ਇਸ ਲਿਹਾਜ ਅਕਾਲ ਪੁਰਖ ਦਾ ਪਦਾਰਥ ਨਾਲ ਗਹਿਰਾ ਸਬੰਧ ਹੋਇਆ, ਪਰ ਇਹ ਸਬੰਧ ਕੀ ਹੈ ਤੇ ਅਕਾਲ ਪੁਰਖ ਆਪ ਕੀ ਹੈ, ਇਹ ਖੋਜ ਦਾ ਵਿਸ਼ਾ ਹੈ। ਇਸੇ ਖੋਜ ਦਾ ਆਦੇਸ਼ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਦਿੱਤਾ ਹੈ। ਇਹ ਖੋਜ ਅਧਿਆਤਮਵਾਦ ਦਾ ਵਿਸ਼ਾ ਨਹੀਂ, ਸਗੋਂ ਧਿਆਉਣ ਭਾਵ ਧਿਆਨ ਦੇ ਕੇ ਸਮਝਣ-ਖੋਜਣ ਦਾ ਹੈ।

ਪਰ ਇਸ ਵਿਚ ਅੱਗੇ ਇਕ ਹੋਰ ਭੇਦ ਹੈ। ਜਿੱਥੇ ਗੁਰੂ ਸਾਹਿਬ ਦਾ ਅਕਾਲ ਤੋਂ ਭਾਵ ਕਾਲ-ਮੁਕਤ ਗਤੀਸ਼ੀਲਤਾ ਦਾ ਹੈ, ਉੱਥੇ ਧਰਤੀ ਦੇ ਵਸਨੀਕ ਇਸ ਨੂੰ ਆਪਣੇ ਗ੍ਰਹਿ ਦੀ ਗਤੀ-ਪ੍ਰਣਾਲੀ ਤੋਂ ਉਪਜੇ ਕਾਲ ਤੋਂ ਸੁਤੰਤਰਤਾ ਸਮਝਦੇ ਹਨ। ਇਸ ਨਾਲ ਭੁਲੇਖਾ ਪੈ ਸਕਦਾ ਹੈ, ਕਿਉਂਕਿ ਸਭ ਗ੍ਰਹਿਆਂ ਦਾ ਕਾਲ ਵੱਖ ਵੱਖ ਹੈ। ਧਰਤੀ ਦਾ ਇਕ ਦਿਨ 24 ਘੰਟੇ ਦਾ ਹੈ, ਬੁੱਧ ਗ੍ਰਹਿ ਦਾ ਛੇ ਮਹੀਨੇ ਦਾ ਤੇ ਸ਼ਨੀ ਦਾ ਸਿਰਫ ਦਸ ਘੰਟੇ ਦਾ। ਧਰਤੀ ਦਾ ਸਾਲ 365 ਦਿਨਾਂ ਦਾ ਹੈ, ਬੁੱਧ ਦਾ 92 ਦਿਨਾਂ ਦਾ ਤੇ ਸ਼ਨੀ ਦਾ 10,760 ਦਿਨਾਂ ਦਾ। ਇਸ ਦਾ ਭਾਵ ਹੋਇਆ ਕਿ ਜੇ ਦੂਜੇ ਗ੍ਰਹਿਆਂ ਉਤੇ ਜੀਵ ਤੇ ਬਨਸਪਤੀ ਉਪਜੇ ਹੁੰਦੇ ਤਾਂ ਉਨ੍ਹਾਂ ਦੇ ਜੀਵਨ ਪ੍ਰਮਾਪ (Parameters) ਕੁਝ ਹੋਰ ਹੁੰਦੇ। ਜੇ ਧਰਤੀ 'ਤੇ ਮਨੁੱਖ ਦੀ ਉਮਰ ਸੌ ਸਾਲ ਹੈ ਤਾਂ ਬੁੱਧ ਤਾਰੇ 'ਤੇ 5900 ਸਾਲ ਹੁੰਦੀ ਅਤੇ ਸ਼ਨੀ 'ਤੇ 60 ਸਾਲ ਦੇ ਕਰੀਬ।

ਸੂਰਜ 'ਤੇ ਉਪਜਿਆ ਜੀਵ ਤਾਂ ਕਦੇ ਮਰਦਾ ਹੀ ਨਾ ਭਾਵ ਅਕਾਲ ਹੁੰਦਾ, ਕਿਉਂਕਿ ਉੱਥੇ ਤਾਂ ਦਿਨ ਰਾਤ ਤੇ ਸਾਲ ਹੁੰਦੇ ਹੀ ਨਹੀਂ। ਇਹੀ ਗੱਲ ਆਈਨਸਟੀਨ ਕਹਿੰਦਾ ਹੈ ਕਿ ਜੇ ਕੋਈ ਮਨੁੱਖ ਪ੍ਰਕਾਸ਼ ਦੀ ਗਤੀ ਵਾਲੇ ਰਾਕਟ ਵਿਚ ਉਡਦਾ ਰਹੇ ਤਾਂ ਉਹ ਅਮਰ ਭਾਵ ਅਕਾਲ ਹੋ ਜਾਂਦਾ ਹੈ; ਪਰ ਇਹ ਇਕ ਮਾਯਾਵੀ ਛਲਾਵਾ ਹੈ। ਜਿਵੇਂ ਪਰਮ-ਸਤਿ ਤੋਂ ਉਰੇ ਕਈ ਪ੍ਰਸੰਗਤ ਸਤਿ (Relative truths) ਹਨ, ਉਵੇਂ ਅਕਾਲ ਤੋਂ ਉਰੇ ਕਈ ਪ੍ਰਸੰਗਤ ਕਾਲ ਹਨ। ਸੂਰਜ ਖੁਦ ਅਜਿਹੇ ਇਕ ਕਾਲ ਦਾ ਬੰਨ੍ਹਿਆ ਹੋਇਆ ਹੈ, ਕਿਉਂਕਿ ਛੇ ਬਿਲੀਅਨ ਸਾਲਾਂ 'ਚ ਅਸਤ ਹੋ ਜਾਵੇਗਾ। ਮਾਯਾ 'ਚ ਆਏ ਮਨੁੱਖ ਦਾ ਇਹ ਭਰਮ ਹੈ ਕਿ ਕੁਦਰਤ ਦੇ ਸਮੇਂ ਦੀ ਘੜੀ ਕਿਸੇ ਨਾ ਕਿਸੇ ਭੌਤਿਕ ਗਤੀ ਅਨੁਸਾਰ ਚਲਦੀ ਹੈ ਤੇ ਅਕਾਲ ਪੁਰਖ ਇਸ ਦੇ ਸਮੇਂ ਤੋਂ ਬਾਹਰ ਰਹਿ ਕੇ ਗਤੀਹੀਣ ਹੈ; ਪਰ ਅਸਲੀਅਤ ਇਹ ਹੈ ਕਿ ਅਕਾਲ ਪੁਰਖ ਪਦਾਰਥ ਦੇ ਗਤੀ-ਕਾਲ ਤੋਂ ਸੁਤੰਤਰ ਰਹਿ ਕੇ ਗਤੀਸ਼ੀਲ ਹੈ।

ਇਸ ਤਰ੍ਹਾਂ ਗੁਰਬਾਣੀ ਦੀ ਵਿਆਖਿਆ ਨਵੀਨ ਵਿਗਿਆਨਕ ਸੰਕਲਪਾਂ ਜਿਵੇਂ ਪਦਾਰਥ, ਗਤੀ, ਕੁਦਰਤ, ਕਾਲ, ਅਕਾਲ, ਪ੍ਰਸਪਰਤਾ ਦੇ ਸਿਧਾਂਤ (Theory of Relativity) ਆਦਿ ਦੇ ਸੰਦਰਵ ਵਿਚ ਹੋਣੀ ਬਣਦੀ ਹੈ; ਪਰ ਅਜੋਕੇ ਸਿੱਖ ਵਿਦਵਾਨ ਪੁਰਾਤਨ ਟਿਕਿਆਂ ਦੀ ਸ਼ਬਦਾਵਲੀ ਤੇ ਮਨੌਤਾਂ ਤੋਂ ਬਾਹਰ ਨਿਕਲ ਕੇ ਨਹੀਂ ਦੇਖਦੇ। ਇਸ ਕਾਰਨ ਉਨ੍ਹਾਂ ਦੇ ਬਾਣੀ-ਸਟੀਕ ਮਨ-ਮਰਜੀ ਦੀਆਂ ਵਿਆਖਿਆਵਾਂ ਨਾਲ ਭਰੇ ਪਏ ਹਨ। ਇਸ ਦੀ ਮਿਸਾਲ ਉਨ੍ਹਾਂ ਦੀ ਜਪੁਜੀ ਦੀ 30ਵੀਂ ਪਉੜੀ ਦੀ ਵਿਆਖਿਆ ਹੈ, ਜੋ ਹੇਠ ਦਿੱਤੀ ਗਈ ਹੈ,

ਆਸਣੁ ਲੋਇ ਲੋਇ ਭੰਡਾਰ॥
ਜੋ ਕਿਛੁ ਪਾਇਆ ਸੁ ਏਕਾ ਵਾਰ॥
ਕਰਿ ਕਰਿ ਵੇਖੈ ਸਿਰਜਣਹਾਰੁ॥
ਨਾਨਕ ਸਚੇ ਕੀ ਸਾਚੀ ਕਾਰ॥
ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ॥੩੧॥

ਭਾਈ ਪਿੰਦਰਪਾਲ ਸਿੰਘ ਤੇ ਗਿਆਨੀ ਠਾਕੁਰ ਸਿੰਘ ਪਟਿਆਲੇ ਵਾਲੇ ਇਸ ਪਉੜੀ ਦਾ ਅਰਥ ਕਰਦਿਆਂ ਲਿਖਦੇ ਹਨ, "ਵਾਹਿਗੁਰੂ ਜੀ ਦਾ (ਆਸਣੁ) ਹਰੇਕ ਜਗਾ 'ਤੇ ਹੈ ਅਤੇ ਪ੍ਰਭੂ ਨੇ ਜਿੰਨੇ ਵੀ ਲੋਕ ਬਣਾਏ ਹਨ, ਹਰੇਕ ਲੋਕ ਦੇ ਵਿਚ ਜੀਵ ਦੇ ਵਰਤਣ ਲਈ ਭੰਡਾਰੇ ਰੱਖ ਦਿੱਤੇ ਹਨ। ਜਦੋਂ ਪਰਮਾਤਮਾ ਨੇ ਇਹ ਸ੍ਰਿਸ਼ਟੀ ਬਣਾਈ ਤਾਂ ਉਸੇ ਸਮੇਂ ਪਰਮਾਤਮਾ ਨੇ ਇਹ ਕਦੇ ਵੀ ਨਾ ਖਤਮ ਹੋਣ ਵਾਲੇ ਭੰਡਾਰੇ ਇਕੋ ਵਾਰੀ ਹੀ ਭਰ ਕੇ ਰੱਖ ਦਿਤੇ। ਉਹ ਵਾਹਿਗੁਰੂ ਇਸ ਜੀਵ ਸ੍ਰਿਸ਼ਟੀ ਨੂੰ ਆਪ ਹੀ ਬਣਾ ਕੇ ਉਨ੍ਹਾਂ ਦੀ ਸੰਭਾਲ ਵੀ ਆਪ ਹੀ ਕਰ ਰਿਹਾ ਹੈ। ਸਤਿਗੁਰੂ ਜੀ ਕਹਿ ਰਹੇ ਹਨ, ਇਹ ਉਸ ਸਦਾ-ਥਿਰ ਰਹਿਣ ਵਾਲੇ ਵਾਹਿਗੁਰੂ ਜੀ ਦੀ ਸੱਚੀ ਕਾਰ ਹੈ। ਹੇ ਜੋਗੀ (ਆਪਣੇ ਨਾਥ ਨੂੰ ਨਹੀਂ) ਕੇਵਲ ਉਸ ਅਕਾਲ ਪੁਰਖ ਨੂੰ ਪ੍ਰਣਾਮ ਕਰੋ, (ਆਦਿ) ਜੋ ਸਭ ਦਾ ਮੁੱਢ ਹੈ, (ਅਨੀਲੁ) ਜੋ ਸੁੱਧ ਸਰੂਪ ਹੈ, (ਅਨਾਦਿ) ਜਿਸ ਦਾ ਆਪਣਾ ਮੁੱਢ ਕੋਈ ਨਹੀਂ (ਅਨਾਹਤਿ), ਜੋ ਕਦੇ ਨਾਸ ਨਾ ਹੋਣ ਵਾਲਾ ਅਤੇ ਜੋ ਹਰੇਕ ਜੁਗ ਵਿਚ ਇਕੋ ਜਿਹਾ ਰਹਿਣ ਵਾਲਾ ਹੈ।"

ਇਹ ਵਿਆਖਿਆ ਉਨ੍ਹਾਂ ਸਭ ਵਿਆਖਿਆਵਾਂ ਜਿਹੀ ਹੈ, ਜੋ ਅਜੋਕੇ ਸਿੱਖ ਵਿਦਵਾਨਾਂ ਨੇ ਕੀਤੀਆਂ ਹੋਈਆਂ ਹਨ। ਇਨ੍ਹਾਂ ਸਭਨਾਂ ਦੀ ਇਕ ਸਾਂਝੀ ਖਾਸੀਅਤ ਇਹ ਹੈ ਕਿ ਇਹ ਗੁਰੂ ਸਾਹਿਬ ਦੀ ਗੱਲ ਨਹੀਂ ਸੁਣਦੀਆਂ, ਸਗੋਂ ਆਪਣੀ ਗੱਲ ਸੁਣਾਉਂਦੀਆਂ ਹਨ। ਪਹਿਲੀ ਗੱਲ ਜੋ ਭੰਡਾਰੇ 'ਪ੍ਰਭੂ' ਨੇ ਇਕੋ ਵਾਰ ਪਾਏ ਹਨ, ਉਹ ਲੋਕਾਂ ਦੇ ਖਾਧ ਪਦਾਰਥਾਂ ਦੇ ਨਹੀਂ, ਸਗੋਂ ਸੰਸਾਰ-ਉਸਾਰੀ ਦੀ ਸਮਗਰੀ ਦੇ ਹਨ। 'ਲੋਇ ਲੋਇ' ਦਾ ਅਰਥ ਇਕ ਇਕ ਮਨੁੱਖ ਨਹੀਂ, ਸਗੋਂ ਥਾਂ ਥਾਂ ਭਾਵ ਹਰ ਥਾਂ ਹੈ। ਦੂਜੇ, ਗੁਰੂ ਸਾਹਿਬ ਨੇ ਕੁਦਰਤ ਦੇ ਸਿਰਜਣਹਾਰ ਲਈ ਸਤਿ ਦੀ ਮੁਢਲੀ ਧਾਰਨਾ ਵਰਤੀ ਹੈ। ਇਸ ਨੂੰ ਹੋਰ ਗੂੜ੍ਹਾ ਕਰਨ ਲਈ ਸ਼ਬਦ ਪਰਮ-ਸਤਿ ਵਰਤ ਲਿਆ ਜਾਂਦਾ ਹੈ। ਪਰਮ-ਸਤਿ ਕੋਈ ਪਿਆਰਾ ਸਤਿ ਨਹੀਂ ਹੈ, ਸਗੋਂ ਪਾਰਲਾ ਤੇ ਅਖੀਰਲਾ ਸਤਿ ਹੈ, ਜੋ ਬ੍ਰਹਿਮੰਡ ਦਾ ਕਾਰਕ ਹੈ ਤੇ ਜਿਸ ਤੋਂ ਅੱਗੇ ਕੁਝ ਨਹੀਂ ਹੈ। ਪਰਮ-ਸਤਿ ਕੁਦਰਤ ਤੋਂ ਵੀ ਪਰ੍ਹੇ ਹੈ, ਪਰ ਇਸ ਵਿਚ ਸਮਾਇਆ ਹੋਇਆ ਹੈ ਤੇ ਇਸ ਦੇ ਵਰਤਾਰਿਆਂ ਦਾ ਕਾਰਜ ਕਰਤਾ ਹੈ। ਉਸ ਦੇ ਆਪਣੇ ਰੂਪ ਰੰਗ ਬਾਰੇ ਕਿਸੇ ਨੂੰ ਕੋਈ ਪਤਾ ਨਹੀਂ ਹੈ। ਸਿਰਫ ਇੰਨਾ ਪਤਾ ਹੈ ਕਿ ਉਹ ਨਿਰਭਉ, ਨਿਰਵੈਰ, ਅਜੂਨੀ, ਸਵੈ-ਪ੍ਰਕਾਸ਼ਿਤ ਤੇ ਅਕਾਲ ਅਕਸ ਦੀ ਵਾਂਗ ਹੈ। ਉਸ ਬਾਰੇ ਬਾਕੀ ਗੱਲਾਂ ੴ ਦੇ ਸੂਖਮ ਸੂਤਰ ਰਾਹੀਂ ਖੋਜਣੀਆਂ ਹਨ। ਇਸ ਲਈ ਉਸ ਅਣਦੇਖੇ ਤੇ ਅਣਜਾਣੇ ਤੱਤ ਲਈ ਰੱਬ, ਪਰਮਾਤਮਾ, ਵਾਹਿਗੁਰੂ ਤੇ ਪ੍ਰਭੂ ਆਦਿ ਸ਼ਬਦ ਵਰਤਣੇ ਅਣਉਚਿੱਤ ਹਨ। ਉਸ ਦੇ ਨਾਮ ਵਾਲਾ ਸ਼ਬਦ ਤਾਂ ਹਾਲੇ ਘੜਿਆ ਹੀ ਨਹੀਂ ਗਿਆ।

ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਦੇ ਨਾਮ ਦਾ ਪਤਾ ਲੱਗਣ ਤੀਕ ਬੜੀ ਲੰਮੀ ਮੁਸ਼ੱਕਤ ਕਰਨੀ ਪਵੇਗੀ। ਇਸ ਲਈ ਗੁਰੂ ਸਾਹਿਬ ਦੇ ਵਿਗਿਆਨਕ ਧਾਰਨਾ ਵਾਲੇ ਸ਼ਬਦ ਸਿਰਜਣਹਾਰ ਦਾ ਉੱਲਥਾ ਵਾਹਿਗੁਰੂ ਜਾਂ ਪਰਮਾਤਮਾ ਕਰਨਾ ਅਧਿਆਤਮਵਾਦੀ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਹੈ, ਜੋ ਖੋਜ ਦੇ ਵਿਧੀ ਵਿਧਾਨ ਸਿੱਖਣ ਵਾਲੇ ਸਿੱਖ ਨੂੰ ਪੂਜਾ ਪਾਠ ਵਾਲੇ ਪਾਸੇ ਭਟਕਾਉਣ ਵਾਲਾ ਹੈ। ੴ ਹਿਸਾਬ ਤੇ ਵਿਗਿਆਨ ਦਾ ਪ੍ਰਤੀਨਿਧੀ ਹੈ, ਜਿਸ ਦਾ ਵੱਡਾ ਨਿਯਮ ਇਹ ਹੈ ਕਿ ਜਦੋਂ ਤੀਕ ਖੋਜ ਮੁਕੰਮਲ ਨਾ ਹੋ ਜਾਵੇ, ਸਿੱਟੇ ਬਾਰੇ ਕੁਝ ਕਹਿਣਾ ਮਨਮੱਤ ਹੈ। ਇਸੇ ਲਈ ਗੁਰੂ ਸਾਹਿਬ ਨੇ ਪਰਮ-ਸਤਿ ਬਾਰੇ ਜੋ ਕੁਝ ਦੱਸਿਆ ਹੈ, ਉਸ ਤੋਂ ਪੂਜਾ-ਪਾਠ, ਅਰਦਾਸ ਤੇ ਅਰਾਧਨਾ ਦਾ ਉੱਕਾ ਹੀ ਕੋਈ ਸੰਕੇਤ ਨਹੀਂ ਮਿਲਦਾ।

ਇਸ ਪਉੜੀ ਵਿਚ ਗੁਰੂ ਸਾਹਿਬ ਜੋ ਕਹਿੰਦੇ ਹਨ, ਉਹ ਸਿਰਫ ਇਹ ਹੈ ਕਿ ਹਰ ਸਥਾਨ 'ਤੇ ਉਸਾਰੀ ਦਾ ਕੇਂਦਰ ਹੈ ਭਾਵ ਕੰਮ ਕਰਨ ਦਾ ਪ੍ਰਬੰਧ ਹੈ ਜਾਂ ਸ੍ਰਿਸ਼ਟੀ ਨਿਰਮਾਣ ਦਾ ਕਾਰਖਾਨਾ ਹੈ। ਹਰ ਥਾਂ ਕਿਰਤ ਸਮਗਰੀ ਦੇ ਭੰਡਾਰ ਹਨ। ਇਨ੍ਹਾਂ ਵਿਚ ਜੋ ਸਮਾਨ ਭਰਿਆ ਹੋਇਆ ਹੈ, ਉਹ ਇਕੋ ਵਾਰ ਦਾ ਪਾਇਆ ਹੋਇਆ ਹੈ। ਸ੍ਰਿਸ਼ਟੀ ਬਣਾਉਣ ਵਾਲਾ

*(ਬਾਕੀ ਅਗਲੇ ਸਫੇ 'ਤੇ)*

# ਸਿੱਖ ਧਰਮ ਬਨਾਮ ਪੁਜਾਰੀਵਾਦ

## ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਵਲੋਂ ਜਥੇਦਾਰਾਂ ਨੂੰ ਚੈਲੰਜ

***ਸਿੱਖ ਧਾਰਮਿਕ ਸੰਸਥਾਵਾਂ ਵਿਚ ਆਇਆ ਨਿਘਾਰ ਪਿਛਲੇ ਕੁਝ ਸਮੇਂ ਤੋਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਕੁਝ ਸਮੇਂ ਤੋਂ ਇਸ ਬਾਬਤ ਕੁਝ ਅਵਾਜ਼ਾਂ ਵੀ ਬੁਲੰਦ ਰੂਪ ਵਿਚ ਪ੍ਰਗਟ ਹੋਈਆਂ ਹਨ। ਕੈਨੇਡਾ ਤੋਂ ਛਪਦੇ ਪਰਚੇ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਆਪਣੇ ਇਸ ਲੇਖ ਵਿਚ ਸਿੱਖੀ ਅੰਦਰ ਪੁਜਾਰੀਵਾਦ ਦੇ ਪਿਛੋਕੜ ਬਾਰੇ ਚਰਚਾ ਕਰਦਿਆਂ ਅੱਜ ਦੇ ਹਾਲਾਤ ਦੀ ਪੁਣਛਾਣ ਕੀਤੀ ਹੈ। -ਸੰਪਾਦਕ***

ਸਿੱਖ ਧਰਮ ਹੋਰਨਾਂ ਵੱਡੇ ਧਰਮਾਂ ਦੇ ਮੁਕਾਬਲੇ ਕਾਫੀ ਨਵਾਂ ਹੈ। ਗੁਰੂਆਂ ਕੋਲ ਪੁਰਾਣੇ ਧਰਮਾਂ, ਧਰਮ ਗੁਰੂਆਂ, ਧਰਮ ਗ੍ਰੰਥਾਂ ਦਾ ਤਜਰਬਾ ਮੌਜੂਦ ਸੀ। ਇਸ ਲਈ ਉਨ੍ਹਾਂ ਨੇ ਆਪਣੀ ਤੇ ਆਪਣੇ ਸਮੇਂ ਤੋਂ ਪਹਿਲੇ ਇਨਕਲਾਬੀ ਮਹਾਂਪੁਰਸ਼ਾਂ ਦੀ ਹੱਥ ਲਿਖਤ ਬਾਣੀ ਨੂੰ ਇਕੱਤਰ ਕਰ ਕੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਇਸ ਢੰਗ ਨਾਲ ਸ਼ਾਮਿਲ ਕਰ ਦਿੱਤਾ ਕਿ ਉਸ ਵਿਚ ਕੋਈ ਤਬਦੀਲੀ ਨਾ ਹੋ ਸਕੇ। ਵਿਰੋਧੀ ਕਾਬਜ਼ ਜਮਾਤਾਂ ਲਈ ਇਹ ਵੱਡਾ ਚੈਲਿੰਜ ਸੀ, ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ ਕਰਨ ਦੇ ਹੋਰ ਕਾਰਨਾਂ ਦੇ ਨਾਲ ਇਹ ਵੀ ਇੱਕ ਵੱਡਾ ਕਾਰਨ ਸੀ, ਉਨ੍ਹਾਂ ਵਲੋਂ ਰਚੇ 'ਆਦਿ ਗ੍ਰੰਥ' ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਜਾਵੇ। ਇਹੀ ਕਾਰਨ ਹੈ ਕਿ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਦਸਵੇਂ ਗੁਰੂ ਜੀ ਤੱਕ 'ਆਦਿ ਗ੍ਰੰਥ' ਬਾਰੇ ਕੋਈ ਜ਼ਿਕਰ ਨਹੀਂ ਮਿਲਦਾ ਕਿਉਂਕਿ ਉਨ੍ਹਾਂ ਨੇ ਇਸ ਨੂੰ ਕਿਸੇ ਸੁਰੱਖਿਅਤ ਥਾਂ 'ਤੇ ਸੰਭਾਲ ਕੇ ਰੱਖ ਲਿਆ ਸੀ।

ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਵਿਚ ਜਿਥੇ ਆਪਣੀ ਬਾਣੀ ਰਾਹੀਂ ਭਾਰਤ ਵਿਚ ਪ੍ਰਚਲਤ

**ਹਰਚਰਨ ਸਿੰਘ ਪਰਹਾਰ**
ਫੋਨ: 403-681-8689
ਈਮੇਲ: hp8689@gmail.com

ਪੁਜਾਰੀਆਂ ਆਧਾਰਿਤ ਫਿਰਕਿਆਂ ਹਿੰਦੂ, ਬੋਧੀ, ਜੈਨੀ, ਜੋਗੀ, ਸਨਿਆਸੀ, ਇਸਲਾਮ ਆਦਿ ਦੀਆਂ ਪ੍ਰੰਪਰਾਵਾਂ, ਮਨੌਤਾਂ, ਮਰਿਯਾਦਾਵਾਂ ਨੂੰ ਤਰਕ, ਦਲੀਲ, ਬਿਬੇਕ, ਵਿਚਾਰ ਰਾਹੀਂ ਚੈਲਿੰਜ ਸ਼ੁਰੂ ਕੀਤਾ, ਉਥੇ ਸਮੇਂ ਦੇ ਬਾਬਰਾਂ ਤੇਅ ਮਲਕ ਭਾਗੋਆਂ ਨਾਲ ਵੀ ਟੱਕਰ ਲੈਣੀ ਸ਼ੁਰੂ ਕਰ ਦਿੱਤੀ। ਨਤੀਜੇ ਵਜੋਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਵੱਖ-ਵੱਖ ਧਰਮਾਂ ਦੇ ਪੁਜਾਰੀਆਂ, ਖਾਸਕਰ ਬ੍ਰਾਹਮਣ ਪੁਜਾਰੀਆਂ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦਾ ਵਿਰੋਧ ਸ਼ੁਰੂ ਕਰ ਦਿੱਤਾ ਸੀ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂਆਂ ਦੇ ਬੱਚਿਆਂ ਤੇ ਪਰਿਵਾਰਾਂ ਨੂੰ ਹੀ ਗੁਰੂਆਂ ਦੇ ਖਿਲਾਫ ਖੜ੍ਹਾ ਕਰ ਲਿਆ ਸੀ। ਇਥੋਂ ਤੱਕ ਕਿ ਗੁਰੂ ਨਾਨਕ ਸਾਹਿਬ ਦੇ ਵੱਡੇ ਪੁੱਤਰ ਸ੍ਰੀ ਚੰਦ ਰਾਹੀਂ ਗੁਰੂਆਂ ਦੀ ਲਹਿਰ ਦੇ ਮੁਕਾਬਲੇ ਤੇ ਸਮਾਂਤਰ ਉਦਾਸੀ ਮੱਤ ਚਲਾ ਦਿੱਤਾ ਸੀ। ਗੁਰੂਆਂ ਦੇ ਮੌਕੇ ਦੀਆਂ ਹਕੂਮਤਾਂ ਨਾਲ ਟਕਰਾਅ ਦੇ ਬਹੁਤ ਸਾਰੇ ਕਾਰਨਾਂ ਵਿਚੋਂ ਇੱਕ ਕਾਰਨ ਬ੍ਰਾਹਮਣ ਪੁਜਾਰੀਆਂ, ਮੁਸਲਮਾਨ ਕਾਜ਼ੀਆਂ ਤੇ ਗੁਰੂਆਂ ਦੇ ਪਰਿਵਾਰਾਂ ਵਲੋਂ ਨਿਭਾਈ ਵਿਰੋਧੀ ਭੂਮਿਕਾ ਵੀ ਸੀ। ਜਿਥੇ ਪੁਜਾਰੀਆਂ ਤੇ ਵਿਰੋਧੀਆਂ ਵਲੋਂ ਗੁਰੂਆਂ ਖਿਲਾਫ ਬੜੇ ਔਖੇ ਹਾਲਾਤ ਬਣਾ ਦਿੱਤੇ ਗਏ ਸਨ, ਉਥੇ ਉਨ੍ਹਾਂ ਨੇ ਗੁਰੂਆਂ ਦੇ ਸਮਿਆਂ ਵਿਚ ਹੀ ਕਈ ਅਜਿਹੇ ਗ੍ਰੰਥ ਲਿਖਣੇ ਸ਼ੁਰੂ ਕਰ ਦਿੱਤੇ ਸਨ, ਜਿਨ੍ਹਾਂ ਨੂੰ ਬਾਅਦ ਵਿਚ ਸਿੱਖੀ ਨੂੰ ਪੁਜਾਰੀਵਾਦ ਦੀ ਝੋਲੀ ਪਾਉਣ ਲਈ ਵਰਤਿਆ ਜਾਣਾ ਸੀ।

ਜਿਉਂ ਹੀ ਗੁਰੂ ਗੋਬਿੰਦ ਸਿੰਘ ਦਾ ਸਮਾਂ ਖਤਮ ਹੁੰਦਾ ਹੈ, ਇਹ ਸਾਰੀਆਂ ਗੁਰੂ ਘਰ ਵਿਰੋਧੀ ਤਾਕਤਾਂ ਸਿੱਖੀ 'ਤੇ ਕਾਬਜ਼ ਹੋਣੀਆਂ ਸ਼ੁਰੂ ਹੋ ਗਈਆਂ ਸਨ। ਗੁਰੂ ਸਾਹਿਬ ਵਲੋਂ ਆਪਣੇ ਆਖਰੀ ਸਮੇਂ ਵਿਚ ਪੰਜਾਬ ਭੇਜੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰਾਉਣ ਵਿਚ ਇਨ੍ਹਾਂ ਤਾਕਤਾਂ ਦੀ ਮੁੱਖ ਭੂਮਿਕਾ ਸੀ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖ ਜਾਂ ਖਾਲਸੇ ਆਪਣਾ ਅਗਲਾ ਗੁਰੂ ਨਾ ਮੰਨ ਲੈਣ। ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਚਾਰੇ ਪੁੱਤਰਾਂ ਨੂੰ ਸ਼ਹੀਦ ਕਰਨ ਤੋਂ ਬਾਅਦ, ਉਹ ਖਾਲਸਾ ਪੰਥ ਨੂੰ ਪੱਕੇ ਤੌਰ 'ਤੇ ਲੀਡਰਲੈੱਸ ਕਰਨ ਲਈ ਹਰ ਯਤਨ ਕਰ ਰਹੇ ਸਨ ਤੇ ਜਦੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਮੁਗਲੀਆਂ ਹਕੂਮਤ ਨਾਲ ਬੰਦਈ ਖਾਲਸੇ ਦੀ ਸਿੱਧੀ ਟੱਕਰ ਹੋ ਗਈ ਤੇ ਬੰਦਈ ਖਾਲਸੇ ਨੂੰ ਜੰਗਲਾਂ ਪਹਾੜਾਂ ਤੇ ਰਾਜਸਥਾਨ ਦੇ ਮਾਰੂਥਲਾਂ ਵਿਚ ਜਾਣਾ ਪਿਆ ਤਾਂ ਇਹ ਤਾਕਤਾਂ ਸ੍ਰੀ ਚੰਦੀਆਂ, ਪ੍ਰਿਥੀ ਚੰਦੀਆਂ, ਧੀਰਮੱਲੀਆਂ, ਰਾਮਰਾਈਆਂ, ਨਿਰੰਜਣੀਆਂ, ਉਦਾਸੀਆਂ, ਨਿਰਮਲਿਆਂ ਆਦਿ ਦੇ ਰੂਪ ਵਿਚ ਆ ਕਾਬਜ਼ ਹੋਈਆਂ। ਇਥੇ ਇਹ ਵੀ ਵਰਨਣਯੋਗ ਹੈ ਕਿ ਤੱਤ ਖਾਲਸਾ ਗੁਰੂ ਘਰ ਵਿਰੋਧੀ ਧਿਰ ਸੀ ਤੇ ਅਸਲੀ ਖਾਲਸੇ ਬੰਦਈ ਹੀ ਸਨ ਪਰ ਬਾਅਦ ਵਿਚ ਤੱਤ ਖਾਲਸੇ ਨੇ ਸਿੱਖੀ 'ਤੇ ਕਬਜ਼ਾ ਕਰ ਲਿਆ ਜੋ ਅੱਜ ਤੱਕ ਜਾਰੀ ਹੈ।

ਇਹੀ ਉਹ 85 ਸਾਲ ਦਾ ਸਮਾਂ ਸੀ, ਜਦੋਂ 1716 (ਬੰਦਾ ਸਿੰਘ ਬਹਾਦਰ ਦੀ ਸ਼ਹਾਦਤ) ਤੋਂ 1801 (ਮਹਾਰਾਜਾ ਰਣਜੀਤ ਸਿੰਘ ਵਲੋਂ ਖਾਲਸਾ ਰਾਜ ਦੀ ਸਥਾਪਨਾ) ਤੱਕ ਇਨ੍ਹਾਂ ਨਿਰਮਲੇ ਵਿਦਵਾਨਾਂ (ਕਾਂਸ਼ੀ ਦੇ ਬ੍ਰਾਹਮਣ ਵਿਦਵਾਨਾਂ) ਨੇ ਅਨੇਕਾਂ ਗ੍ਰੰਥ ਲਿਖੇ ਤੇ ਉਦਾਸੀ ਮਹੰਤਾਂ (ਹਰਿਦੁਆਰ ਦੇ ਪਾਂਡਿਆਂ) ਰਾਹੀਂ ਸਿੱਖਾਂ ਵਿਚ ਇਨ੍ਹਾਂ ਦਾ ਪ੍ਰਚਾਰ ਕੀਤਾ। ਇਨ੍ਹਾਂ ਗ੍ਰੰਥਾਂ ਨੂੰ ਲਿਖਣ ਦਾ ਮੁੱਖ ਮਕਸਦ ਇਹੀ ਸੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਉਹ ਤਬਦੀਲੀ ਕਰ ਨਹੀਂ ਸਕਦੇ ਸਨ ਤੇ ਹੋਰ ਗ੍ਰੰਥ ਇਤਨੇ ਖੜ੍ਹੇ ਕਰ ਦਿੱਤੇ ਜਾਣ ਕਿ ਗੁਰੂ ਗ੍ਰੰਥ ਸਾਹਿਬ ਇਨ੍ਹਾਂ ਵਿਚੋਂ ਇੱਕ ਗ੍ਰੰਥ ਬਣ ਜਾਵੇ। ਦੂਜਾ ਕੰਮ ਉਨ੍ਹਾਂ ਇਹ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੱਥੇ ਟਿਕਾਉਣ, ਗੋਲਕ ਰੱਖ ਕੇ ਪੈਸੇ ਇਕੱਠੇ ਕਰਨ ਤੇ ਹੁਣ ਪਾਠਾਂ ਰਾਹੀਂ ਇਨਕਮ ਦਾ ਸਾਧਨ ਬਣਾ ਦਿੱਤਾ ਤੇ ਕਥਾ ਗੁਰਦੁਆਰਿਆਂ ਵਿਚ ਇਨ੍ਹਾਂ ਗ੍ਰੰਥਾਂ ਦੀ ਪ੍ਰਚਲਤ ਕਰ ਦਿੱਤੀ।

ਇਨ੍ਹਾਂ ਗ੍ਰੰਥਾਂ ਵਿਚੋਂ ਮੁੱਖ ਭਾਈ ਬਾਲੇ ਵਾਲੀ ਜਨਮ ਸਾਖੀ, ਵਲਾਇਤ ਵਾਲੀ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ, ਜਨਮ ਸਾਖੀ ਗੁਰੂ ਨਾਨਕ ਸ਼ਾਹ ਕੀ, ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਗੁਰ ਬਿਲਾਸ ਪਾਤਸ਼ਾਹੀ ਦਸਵੀਂ, ਗੁਰੂਆਂ ਦੇ ਨਾਮ ਤੇ ਹੁਕਮਨਾਮੇ ਤੇ ਗੁਰੂਆਂ ਦੇ ਪ੍ਰਮੁੱਖ ਸਿੱਖਾਂ ਦੇ ਨਾਮ ਤੇ ਰਹਿਤਨਾਮੇ, ਵਾਰ ਪਾਤਸ਼ਾਹੀ ਦਸਵੀਂ ਕੀ, ਵਿਦਿਆ ਸਾਗਰ ਗ੍ਰੰਥ, ਸੌ ਸਾਖੀਆਂ (ਭਵਿੱਖ ਬਾਣੀਆਂ), ਸ੍ਰੀ ਗੁਰ ਸੋਭਾ, ਮਹਿਮਾ ਪ੍ਰਕਾਸ਼, ਜਨਮ ਸਾਖੀ ਭਾਈ ਮਨੀ ਸਿੰਘ, ਗੁਰੂ ਕੀਆਂ ਸਾਖੀਆਂ, ਗੁਰ ਪਰਨਾਲੀ, ਗੋਸ਼ਟੀ ਬਾਬਾ ਨਾਨਕ, ਗੋਸ਼ਟੀਆਂ ਮੇਹਰਬਾਨ ਜੀ ਕੀਆਂ, ਭਗਤ ਰਤਨਾਵਲੀ, ਬੰਸਾਵਲੀਨਾਮਾ ਦਸ ਪਾਤਸ਼ਾਹੀਆਂ ਕਾ, ਅਮਰਨਾਮਾ, ਸ਼ਸਤਰਨਾਮ ਮਾਲਾ, ਬਚਿੱਤਰ ਨਾਟਕ, ਦਸਮ ਗ੍ਰੰਥ (ਜਿਸ ਵਿਚ ਵੱਖ-ਵੱਖ ਕਵੀਆਂ ਦੀਆਂ ਰਚਨਾਵਾਂ ਸ਼ਾਮਿਲ ਹਨ) ਆਦਿ ਹਨ। ਫਿਰ ਇਨ੍ਹਾਂ ਗ੍ਰੰਥਾਂ ਦੇ ਆਧਾਰ ਤੇ ਸੂਰਜ ਪ੍ਰਕਾਸ਼ ਗ੍ਰੰਥ (ਕਵੀ ਸੰਤੋਖ ਸਿੰਘ), ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ), ਸ੍ਰੀ ਗੁਰ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ), ਗੁਰੂ ਨਾਨਕ ਚਮਤਕਾਰ ਤੇ ਦਸਮ ਚਮਤਕਾਰ (ਭਾਈ ਵੀਰ ਸਿੰਘ) ਨੇ ਲਿਖੇ ਸਨ। ਇਸ ਤੋਂ ਬਾਅਦ 1801-1839 (ਸਿੱਖ ਰਾਜ) ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਗੁਰੂਆਂ ਜਾਂ ਸਿੱਖ ਇਤਿਹਾਸ ਨਾਲ ਸਬੰਧਤ ਸਥਾਨਾਂ ਨੂੰ ਵੱਡੀਆਂ-ਵੱਡੀਆਂ ਜ਼ਮੀਨਾਂ ਤੇ ਪੈਸਾ ਦਿੱਤਾ, ਜਿਸ ਨਾਲ ਇਥੇ ਕਾਬਜ਼ ਉਦਾਸੀ ਮਹੰਤ ਤੇ ਨਿਰਮਲੇ ਸੰਤ ਬਹੁਤ ਮਜ਼ਬੂਤ ਹੋ ਗਏ ਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਸਿੱਖਾਂ ਨੂੰ ਕਾਬੂ ਕਰਨ ਲਈ ਇਨ੍ਹਾਂ ਸੰਤਾਂ ਤੇ ਮਹੰਤਾਂ ਨੂੰ ਕਾਬੂ ਕਰ ਲਿਆ। ਬਹੁਤ ਸਾਰੇ ਗ੍ਰੰਥ ਤੇ ਪ੍ਰੰਪਰਾਵਾਂ ਅੰਗਰੇਜ਼ਾਂ ਵਲੋਂ ਵੀ ਚਲਾਈਆਂ ਗਈਆਂ। ਇਥੇ ਇਹ ਵਰਨਣਯੋਗ ਹੈ ਕਿ ਗੁਰੂ ਨਾਨਕ ਸਾਹਿਬ ਦੇ ਪੁੱਤਰ ਸ੍ਰੀ ਚੰਦ ਰਾਹੀਂ ਸ਼ੁਰੂ ਕੀਤੀ ਗਈ ਉਦਾਸੀ ਲਹਿਰ ਵਿਚ ਗੁਰੂ ਕਾਲ ਦੌਰਾਨ ਗੁਰੂ ਪਰਿਵਾਰਾਂ ਵਿਚਲੇ ਵਿਰੋਧੀ (ਧੀਰਮੱਲੀਏ, ਰਾਮਰਾਈਏ, ਸੋਢੀ, ਭੱਲੇ, ਮੀਣੇ, ਮਸੰਦ, ਨਿਰੰਜਣੀਏ ਆਦਿ) ਰਲਦੇ ਗਏ ਤੇ ਗੁਰੂ ਕਾਲ ਤੋਂ ਬਾਅਦ ਇਨ੍ਹਾਂ ਦਾ ਕੰਟਰੋਲ ਹਰਿਦੁਆਰ ਤੋਂ ਆਏ ਪਾਂਡਿਆਂ ਨੇ ਕਰ ਲਿਆ। ਇਸ ਦੇ ਨਾਲ ਹੀ ਬ੍ਰਾਹਮਣ (ਵਿਦਵਾਨ) ਪੁਜਾਰੀ ਜੋ ਲੰਮੇ ਸਮੇਂ ਤੋਂ ਸਿੱਖੀ ਲਹਿਰ ਨੂੰ ਖਤਮ ਕਰਨ ਦੀ ਤਾਕ ਵਿਚ ਸੀ, ਕਾਂਸ਼ੀ ਤੋਂ ਨਿਰਮਲੇ ਸੰਤਾਂ ਦੇ ਰੂਪ ਵਿਚ ਵਿਦਵਾਨ ਬਣ ਕੇ ਆ ਪ੍ਰਗਟ ਹੋਇਆ।

ਸਾਡੀ ਸਮਝ ਤੇ ਇਤਿਹਾਸਕ ਖੋਜ ਅਨੁਸਾਰ, ਅੱਜ ਦੀ ਸਿੱਖੀ ਵਿਚ ਪ੍ਰਚਲਤ ਸਾਰੀਆਂ ਮਰਿਯਾਦਾਵਾਂ, ਪ੍ਰੰਪਰਾਵਾਂ, ਮਨੌਤਾਂ ਆਦਿ ਉਦਾਸੀ ਮਹੰਤਾਂ (ਹਰਿਦੁਆਰ ਦੇ ਪਾਂਡਿਆਂ) ਅਤੇ ਉਪਰ ਦੱਸੇ ਸਾਰੇ ਗ੍ਰੰਥ ਨਿਰਮਲੇ ਸੰਤਾਂ (ਕਾਂਸ਼ੀ ਦੇ ਬ੍ਰਾਹਮਣ ਵਿਦਵਾਨਾਂ) ਵਲੋਂ ਲਿਖੇ ਹੋਏ ਹਨ। ਇਸ ਲਈ ਮੌਜੂਦਾ ਸਿੱਖੀ ਵਿਚ 'ਗੁਰੂ ਗ੍ਰੰਥ ਸਾਹਿਬ' ਦੀ ਬੀੜ ਨੂੰ ਛੱਡ ਕੇ ਸਭ ਮਰਿਯਾਦਾਵਾਂ, ਗੁਰੂਆਂ ਦੀ ਵਿਚਾਰਧਾਰਾ ਤੋਂ ਉਲਟ ਉਦਾਸੀਆਂ ਤੇ ਨਿਰਮਲਿਆਂ ਦੀ ਪ੍ਰਚਾਰੀ ਤੇ ਬਣਾਈ ਹੋਈ ਸਿੱਖੀ ਆਧਾਰਿਤ ਹਨ।

19ਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ 'ਸਿੰਘ ਸਭਾ ਲਹਿਰ' ਰਾਹੀਂ ਸਿੱਖੀ ਦੀ ਪੁਨਰ ਜਾਗਰਤੀ ਲਹਿਰ ਸ਼ੁਰੂ ਹੋਈ, ਜਿਸ ਦੇ ਅਸਰ ਨਾਲ 20ਵੀਂ ਸਦੀ ਦੇ ਦੂਜੇ ਦਹਾਕੇ ਵਿਚ ਇਨ੍ਹਾਂ ਸੰਤਾਂ-ਮਹੰਤਾਂ ਕੋਲੋਂ ਸਿੱਖਾਂ ਨੇ ਗੁਰਦੁਆਰੇ ਆਜ਼ਾਦ ਕਰਾਏ ਤੇ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਈ। ਇਸ ਤੋਂ ਪਹਿਲਾਂ ਕਿ ਇਨ੍ਹਾਂ ਆਜ਼ਾਦ ਕਰਾਏ ਗੁਰਦੁਆਰਿਆਂ ਤੇ ਸਿੱਖ ਕੰਟਰੋਲ ਕਰ ਕੇ ਗੁਰੂਆਂ ਦੀ ਸਿੱਖੀ ਬਹਾਲ ਕਰਦੇ, ਰਾਜਨੀਤਕ ਲੋਕ ਦੁਬਾਰਾ ਸ਼੍ਰੋਮਣੀ ਕਮੇਟੀ ਅਤੇ ਉਨ੍ਹਾਂ ਹੀ ਨਿਰਮਲਿਆਂ (ਦਮਦਮੀ ਟਕਸਾਲ ਵੀ ਨਿਰਮਲਿਆਂ ਦਾ ਹੀ ਇੱਕ ਡੇਰਾ ਸੀ) ਤੇ ਨਾਨਕਸਰੀਏ ਸਾਧਾਂ ਰਾਹੀਂ ਫਿਰ ਕਾਬਜ਼ ਹੋ ਗਏ। ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ (ਸਿੰਘ ਸਭਾ ਲਹਿਰ ਦੇ 100 ਸਾਲ ਬਾਅਦ) ਮਿਸ਼ਨਰੀ ਸਿੱਖਾਂ ਨੇ ਕਿਤਾਬਾਂ ਲਿਖ ਕੇ ਸਿੱਖ ਜਾਗਰਤੀ ਦੀ ਨਵੀਂ ਲਹਿਰ ਚਲਾਈ, ਫਿਰ ਇਸ ਸਦੀ ਦੇ ਸ਼ੁਰੂ ਵਿਚ 'ਗੁਰਮਤਿ ਗਿਆਨ ਮਿਸ਼ਨਰੀ ਕਾਲਿਜ' ਨੇ ਆਪਣੇ ਪ੍ਰਚਾਰਕ ਤਿਆਰ ਕਰ ਕੇ ਲਹਿਰ ਨੂੰ ਅੱਗੇ ਵਧਾਇਆ।

ਇਸੇ ਸਮੇਂ ਦੌਰਾਨ ਪਿਛਲੇ 20-25 ਸਾਲਾਂ ਵਿਚ ਇਹ ਲਹਿਰ ਪ੍ਰਚੰਡ ਹੋਈ, ਜਿਸ ਦਾ ਵਿਰੋਧ ਉਸ ਸਮੇਂ ਤੋਂ ਕਾਬਜ਼ ਤੇ ਹਮਲਾਵਰ ਧਿਰਾਂ ਵਲੋਂ ਅਕਾਲ ਤਖਤ ਦੇ ਪੁਜਾਰੀਆਂ ਰਾਹੀਂ ਜਾਰੀ ਹੈ। ਇਸ ਸਮੇਂ ਦੌਰਾਨ ਅਨੇਕਾਂ ਵਿਦਵਾਨਾਂ ਤੇ ਪ੍ਰਚਾਰਕਾਂ ਨੂੰ ਜ਼ਲੀਲ ਕਰ ਕੇ, ਡਰਾ ਕੇ, ਜਾਨੋਂ ਮਾਰ ਕੇ, ਪੰਥ ਵਿਚੋਂ ਛੇਕ ਕੇ, ਪੁਜਾਰੀਵਾਦ ਖਿਲਾਫ ਲਹਿਰ ਨੂੰ ਦਬਾਉਣ ਦੇ ਯਤਨ ਜਾਰੀ ਹਨ। ਪਿਛਲੇ 5-6 ਸਾਲਾਂ ਤੋਂ ਪੁਜਾਰੀ ਸ਼੍ਰੇਣੀ ਜਾਂ ਸਾਧ ਸ਼੍ਰੇਣੀ ਵਿਚੋਂ ਨਿਕਲ ਕੇ ਬੇਬਾਕੀ ਨਾਲ ਪੁਜਾਰੀਵਾਦ ਅਤੇ ਉਦਾਸੀਆਂ ਤੇ ਨਿਰਮਲਿਆਂ ਦੀ ਸਿੱਖੀ ਖਿਲਾਫ ਖੁੱਲ੍ਹ ਕੇ ਪ੍ਰਚਾਰ ਕਰ ਰਹੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਾ, ਹੁਣ ਉਨ੍ਹਾਂ ਦੇ ਮੁੱਖ ਨਿਸ਼ਾਨੇ 'ਤੇ ਹੈ। ਉਸ ਦੇ ਵਿਰੋਧ ਦਾ ਵੱਡਾ ਕਾਰਨ ਇਹ ਵੀ ਹੈ ਕਿ ਉਸ ਮਗਰ ਲੱਖਾਂ ਲੋਕ ਹਨ, ਨੌਜਵਾਨ ਪੀੜ੍ਹੀ ਵੱਡੀ ਤੇ ਉਸ ਨਾਲ ਜੁੜ ਰਹੀ ਹੈ। ਉਹ ਹਰ ਗੱਲ ਦਲੀਲ ਨਾਲ ਕਰਦਾ ਹੈ। ਹੋਰ ਵਿਦਵਾਨਾਂ ਜਾਂ ਮਿਸ਼ਨਰੀਆਂ ਨੂੰ ਉਹ ਉਠਦੇ ਸਾਰ ਹੀ ਦਬੋਚ ਲੈਂਦੇ ਸਨ ਪਰ ਢੱਡਰੀਆਂ ਵਾਲੇ ਨੂੰ ਹੱਥ ਪਾਉਣ ਲਈ ਡਰਦੇ ਹਨ ਕਿਉਂਕਿ ਪੁਜਾਰੀਆਂ ਦੇ ਮਾਲਕ, ਸਿਆਸੀ ਲੋਕ ਆਪਣੀਆਂ ਸਿਆਸੀ ਗਿਣਤੀਆਂ ਮਿਣਤੀਆਂ ਵੀ ਕਰਦੇ ਹਨ। ਬੇਸ਼ਕ ਇਸ ਲਹਿਰ ਨੂੰ ਸ਼ੁਰੂ ਕਰਨ ਵਾਲੇ ਮਿਸ਼ਨਰੀ, ਜਾਗਰੂਕ, ਵਿਦਵਾਨ ਆਦਿ ਇਸ ਔਖੇ ਸਮੇਂ ਵਿਚ ਛੋਟੇ ਵਿਰੋਧਾਂ, ਨਿੱਜੀ ਰੰਜਸ਼ਾਂ, ਈਰਖਾ ਤੇ ਅਗਿਆਨਤਾ ਵੱਸ ਭਾਈ ਰਣਜੀਤ ਸਿੰਘ ਦੇ ਵਿਰੋਧ ਵਿਚ ਆ ਖੜ੍ਹੇ ਹੋਏ ਹਨ। ਮਿਸ਼ਨਰੀਆਂ ਅਤੇ ਜਾਗਰੂਕਾਂ ਦੀ ਸਾਜ਼ਸ਼ੀ ਚੁੱਪ ਤਖਤਾਂ ਦੇ ਪੁਜਾਰੀਆਂ ਤੇ ਟਕਸਾਲੀਆਂ ਨੂੰ ਸ਼ਹਿ ਦੇ ਰਹੀ ਹੈ।

ਕਿਸੇ ਸਮੇਂ ਕਾਲਾ ਅਫਗਾਨਾ, ਮਿਸ਼ਨਰੀ ਪ੍ਰਚਾਰਕ, ਸਿੰਘ ਸਭਾ ਕੈਨੇਡਾ, ਸਪੋਕਸਮੈਨ, ਪ੍ਰੋ. ਦਰਸ਼ਨ ਸਿੰਘ, ਭਾਈ ਘੱਗਾ, ਭਾਈ ਧੂੰਦਾ ਅਤੇ ਹੋਰ ਅਨੇਕਾਂ ਵਿਦਵਾਨਾਂ ਦੀ ਟੀਮ ਇਸ ਸੰਘਰਸ਼ ਨੂੰ ਕਾਫੀ ਅੱਗੇ ਲੈ ਗਈ ਸੀ ਅਤੇ ਪੁਜਾਰੀਵਾਦ ਤੇ ਡੇਰਾਵਾਦ ਨੂੰ ਭਾਜੜਾਂ ਪੁਆ ਦਿੱਤੀਆਂ ਸਨ ਪਰ ਉਹ ਆਪਣੀ ਏਕਤਾ ਬਹੁਤਾ ਚਿਰ ਕਾਇਮ ਨਾ ਰੱਖ ਸਕੇ ਤੇ ਕਈ ਧੜਿਆਂ ਵਿਚ ਵੰਡੇ ਗਏ। ਹੁਣ ਭਾਈ ਰਣਜੀਤ ਸਿੰਘ ਇਸ ਲਹਿਰ ਦੀ ਅਗਵਾਈ ਕਰ ਰਹੇ ਹਨ ਤਾਂ ਉਨ੍ਹਾਂ ਧੜਿਆਂ ਵਲੋਂ ਵਿਰੋਧ ਵਿਚ ਖੜ੍ਹਨਾ ਮੰਦਭਾਗਾ ਹੈ। ਜੇ ਉਹ ਸਾਥ ਨਹੀਂ ਦੇ ਸਕਦੇ ਤਾਂ ਚੁੱਪ ਤਾਂ ਰਹਿ ਹੀ ਸਕਦੇ ਹਨ। ਜੇ ਇਸ ਵਾਰ ਭਾਈ ਰਣਜੀਤ ਸਿੰਘ ਪਿਛੇ ਹਟ ਜਾਂਦੇ ਹਨ ਜਾਂ ਉਨ੍ਹਾਂ ਨੂੰ ਪੁਜਾਰੀ ਲਾਣੇ ਵਲੋਂ ਚੁੱਪ ਕਰਾ ਦਿੱਤਾ ਜਾਂਦਾ ਹੈ ਤਾਂ ਇਹ ਲਹਿਰ 20-25 ਸਾਲ ਪਿਛੇ ਪੈ ਸਕਦੀ ਹੈ। ਸਾਡਾ ਮੰਨਣਾ ਹੈ ਕਿ ਇਹ ਸੰਘਰਸ਼ ਤਾਂ ਜਾਰੀ ਰਹਿਣਾ ਹੀ ਹੈ। ਭਾਈ ਰਣਜੀਤ ਸਿੰਘ ਅਗਵਾਈ ਕਰੇ ਜਾਂ ਕੋਈ ਹੋਰ ਕਰੇ। ਪੁਜਾਰੀਆਂ ਲਈ ਭਾਈ ਢੱਡਰੀਆਂ ਵਾਲਾ ਗਲੇ ਦੀ ਹੱਡੀ ਬਣ ਚੁਕਾ ਹੈ, ਇੱਕ ਪਾਸੇ ਪੁਜਾਰੀਆਂ ਸਿਆਸੀ ਮਾਲਕ ਆਪਣੇ ਸਿਆਸੀ ਹਿੱਤਾਂ ਲਈ ਢੱਡਰੀਆਂ ਵਾਲੇ ਨੂੰ ਪੰਥ ਵਿਚੋਂ ਛੇਕਣਾ ਨਹੀਂ ਚਾਹੁੰਦੇ, ਦੂਜੇ ਪਾਸੇ ਪੁਜਾਰੀਆਂ ਦੇ ਧਾਰਮਿਕ ਮਾਲਕ ਟਕਸਾਲੀ, ਹਰ ਹਾਲਤ ਵਿਚ ਢੱਡਰੀਆਂ ਵਾਲੇ ਦਾ ਫਸਤਾ ਜਲਦੀ ਤੋਂ ਜਲਦੀ ਵੱਢਣਾ ਚਾਹੁੰਦੇ ਹਨ।

ਇਹ ਤਾਂ ਤੈਅ ਹੈ ਕਿ ਜਿਸ ਤਰ੍ਹਾਂ ਪੁਜਾਰੀਆਂ ਖਿਲਾਫ ਭਾਈ ਰਣਜੀਤ ਸਿੰਘ ਡਟ ਗਏ ਹਨ, ਉਹ ਪਿਛੇ ਹਟਣ ਵਾਲੇ ਨਹੀਂ ਤੇ ਨਾ ਹੀ ਪੁਜਾਰੀਆਂ ਵਲੋਂ ਪੰਥ ਵਿਚੋਂ ਛੇਕੇ ਜਾਂ ਮਾਫੀਆਂ ਮੰਗ ਚੁੱਕੇ ਵਿਦਵਾਨਾਂ ਵਾਂਗ ਘਰ ਹੀ ਬੈਠਣ ਲੱਗੇ ਹਨ। ਇਸ ਨਾਲ ਟਕਰਾਅ ਵਧੇਗਾ, ਪਰ ਗੁਰੂ ਨਾਨਕ ਦੀ ਸਿੱਖੀ ਨੂੰ ਬਹਾਲ ਕਰਨ ਲਈ ਕਿਸੇ ਅਜਿਹੇ ਲੀਡਰ ਦੀ ਲੰਬੇ ਸਮੇਂ ਤੋਂ ਲੋੜ ਸੀ, ਜਿਸ ਤਰ੍ਹਾਂ ਤਰ੍ਹਾਂ ਦੀ ਲੀਡਰਸ਼ਿਪ ਭਾਈ ਰਣਜੀਤ ਸਿੰਘ ਦੇ ਰਹੇ ਹਨ। ਜਿਹੜੇ ਸਿੱਖ ਤਬਦੀਲੀ ਤੇ ਵਿਕਾਸ ਦੇ ਹੱਕ ਵਿਚ ਹਨ ਅਤੇ ਟਕਸਾਲ ਤੇ ਪੁਜਾਰੀਆਂ ਦਾ ਗਲਬਾ ਸਿੱਖੀ ਤੋਂ ਲਾਹੁਣਾ ਚਾਹੁੰਦੇ ਹਨ, ਉਨ੍ਹਾਂ ਨੂੰ ਭਾਈ ਰਣਜੀਤ ਸਿੰਘ ਢੱਡਰੀਆਂਵਾਲੇ ਦਾ ਹਰ ਪੱਖ ਤੋਂ ਸਹਿਯੋਗ ਕਰਨ ਦੀ ਲੋੜ ਹੈ।



***ਹੁਣ ਭਾਈ ਰਣਜੀਤ ਸਿੰਘ ਇਸ ਲਹਿਰ ਦੀ ਅਗਵਾਈ ਕਰ ਰਹੇ ਹਨ ਤਾਂ ਉਨ੍ਹਾਂ ਧੜਿਆਂ ਵਲੋਂ ਵਿਰੋਧ ਵਿਚ ਖੜ੍ਹਨਾ ਮੰਦਭਾਗਾ ਹੈ। ਜੇ ਉਹ ਸਾਥ ਨਹੀਂ ਦੇ ਸਕਦੇ ਤਾਂ ਚੁੱਪ ਤਾਂ ਰਹਿ ਹੀ ਸਕਦੇ ਹਨ। ਜੇ ਇਸ ਵਾਰ ਭਾਈ ਰਣਜੀਤ ਸਿੰਘ ਪਿਛੇ ਹਟ ਜਾਂਦੇ ਹਨ ਜਾਂ ਉਨ੍ਹਾਂ ਨੂੰ ਪੁਜਾਰੀ ਲਾਣੇ ਵਲੋਂ ਚੁੱਪ ਕਰਾ ਦਿੱਤਾ ਜਾਂਦਾ ਹੈ ਤਾਂ ਇਹ ਲਹਿਰ 20-25 ਸਾਲ ਪਿਛੇ ਪੈ ਸਕਦੀ ਹੈ। ਸਾਡਾ ਮੰਨਣਾ ਹੈ ਕਿ ਇਹ ਸੰਘਰਸ਼ ਤਾਂ ਜਾਰੀ ਰਹਿਣਾ ਹੀ ਹੈ। ਭਾਈ ਰਣਜੀਤ ਸਿੰਘ ਅਗਵਾਈ ਕਰੇ ਜਾਂ ਕੋਈ ਹੋਰ ਕਰੇ। ਪੁਜਾਰੀਆਂ ਲਈ ਭਾਈ ਢੱਡਰੀਆਂ ਵਾਲਾ ਗਲੇ ਦੀ ਹੱਡੀ ਬਣ ਚੁਕਾ ਹੈ, ਇੱਕ ਪਾਸੇ ਪੁਜਾਰੀਆਂ ਸਿਆਸੀ ਮਾਲਕ ਆਪਣੇ ਸਿਆਸੀ ਹਿੱਤਾਂ ਲਈ ਢੱਡਰੀਆਂ ਵਾਲੇ ਨੂੰ ਪੰਥ ਵਿਚੋਂ ਛੇਕਣਾ ਨਹੀਂ ਚਾਹੁੰਦੇ, ਦੂਜੇ ਪਾਸੇ ਪੁਜਾਰੀਆਂ ਦੇ ਧਾਰਮਿਕ ਮਾਲਕ ਟਕਸਾਲੀ, ਹਰ ਹਾਲਤ ਵਿਚ ਢੱਡਰੀਆਂ ਵਾਲੇ ਦਾ ਫਸਤਾ ਜਲਦੀ ਤੋਂ ਜਲਦੀ ਵੱਢਣਾ ਚਾਹੁੰਦੇ ਹਨ।***

# ਆਸਣੁ ਲੋਇ ਲੋਇ ਭੰਡਾਰ

*(ਪਿਛਲੇ ਸਫੇ ਦੀ ਬਾਕੀ)*

ਸਿਰਜਣਹਾਰ ਇਸੇ ਮਾਲ ਨੂੰ ਵਰਤ ਕੇ ਨਵੀਆਂ ਨਵੀਆਂ ਘਾੜਤਾਂ ਘੜਦਾ ਹੈ ਤੇ ਆਪਣੀ ਕ੍ਰਿਤੀ ਨੂੰ ਵੱਖ ਵੱਖ ਰੰਗਾਂ ਰੂਪਾਂ ਵਿਚ ਢਾਲ ਕੇ ਦੇਖਦਾ ਹੈ। ਹੇ ਨਾਨਕ! ਇਹੀ ਉਸ ਸੱਚੇ ਪਰਮ-ਸਤਿ ਦਾ ਸੱਚਾ ਕੰਮ ਧੰਦਾ ਹੈ। ਇਸ ਲਈ ਉਸ ਪਰਮ-ਸਤਿ ਨੂੰ ਆਦੇਸ ਕਰੋ, ਜੋ ਹਮੇਸ਼ਾ ਤੋਂ ਨਿਰੋਲ, ਸਮਵੇਗੀ ਤੇ ਸਮਵੇਸੀ ਹਾਲਤ ਵਿਚ ਇਹ ਕੰਮ ਕਰ ਰਿਹਾ ਹੈ, ਜਿਸ ਕਾਰਨ ਕਾਇਨਾਤ ਦਾ ਇਹ ਨਿਜ਼ਾਮ ਬਣਿਆ ਹੋਇਆ ਹੈ।

ਇਸ ਪਉੜੀ ਦੀਆਂ ਆਖਰੀ ਦੋ ਤੁਕਾਂ ਦਰਸਾਉਂਦੀਆਂ ਹਨ ਕਿ ਇਹ ਪਉੜੀ ਵੀ ਸਿੱਧਾਂ ਨੂੰ ਸੰਬੋਧਿਤ ਹੈ। ਭਾਵੇਂ ਗੁਰੂ ਸਾਹਿਬ ਨੇ ਇਸ ਵਿਚ ਦੇਵੀ-ਦੇਵਤਿਆਂ ਤੇ ਰਿੱਧੀਆਂ ਸਿੱਧੀਆਂ ਦੀ ਗੱਲ ਨਹੀਂ ਕੀਤੀ, ਪਰ ਇਸ ਵਿਚ ਉਨ੍ਹਾਂ ਨੇ ਸਿੱਧਾਂ ਨੂੰ ਕੁਦਰਤ ਦੇ ਸਿਰਜਣਹਾਰ ਦੀ ਕਾਰ-ਪ੍ਰਣਾਲੀ ਸਮਝਾਈ ਹੈ ਤਾਂ ਜੋ ਉਨ੍ਹਾਂ ਨੂੰ ਸਮਝ ਪਵੇ ਕਿ ਉਨ੍ਹਾਂ ਦੇ ਕਾਲਪਨਿਕ ਯਕੀਨ ਤੇ ਰੁਝਾਨ ਸੱਚਾਈ ਤੋਂ ਕਿੰਨੇ ਦੂਰ ਹਨ। ਉਨ੍ਹਾਂ ਅਨੁਸਾਰ ਮਿੱਟੀ, ਘੱਟੇ, ਪਾਣੀ, ਹਵਾ ਆਦਿ ਦੇ ਰੂਪ ਵਿਚ ਜੋ ਉਸਾਰੀ ਸਮਗਰੀ ਹਰ ਥਾਂ ਪਈ ਹੋਈ ਹੈ, ਉਸ ਨੂੰ ਉਥੇ ਹੀ ਕੱਚੇ ਮਾਲ ਵਾਂਗੂੰ ਵਰਤ ਕੇ ਉਹ ਨਵੀਆਂ ਘਾੜਤਾਂ ਘੜ ਘੜ ਕੇ ਵੇਖਦਾ ਰਹਿੰਦਾ ਹੈ। ਇਹੀ ਉਸ ਦਾ ਸੱਚਾ ਤੇ ਅਸਲ ਕਾਰਜ ਹੈ। ਕੁਦਰਤ ਨੂੰ ਪੋਤੜਿਆਂ ਤੀਕ ਜਾਣਨ ਵਾਲਾ ਹੀਗਲ ਵੀ ਪਿੱਛੋਂ ਇਹੀ ਵਿਚਾਰ ਦਿੰਦਾ ਹੈ। ਉਹ ਲਿਖਦਾ ਹੈ ਕਿ ਸੰਸਾਰ ਦਾ ਕਾਲ-ਤੱਤ ਆਪਣੇ ਆਪ ਨੂੰ ਦੇਖਣ ਲਈ ਹਰ ਵੇਲੇ ਪ੍ਰਯਤਨਸ਼ੀਲ ਹੈ ਤੇ ਹੁਣ ਇਹੀ ਤੱਤ ਵਿਕਾਸ ਕਰ ਕੇ ਮਨੁੱਖ ਦੇ ਰੂਪ ਤੀਕ ਪਹੁੰਚ ਗਿਆ ਹੈ। ਹੁਣ ਇਹ ਸਵੈ-ਨਿਰਮਾਣਤ ਅੱਖਾਂ ਤੇ ਸੋਝੀ ਨਾਲ ਆਪਣੇ ਆਪ ਨੂੰ ਦੇਖ ਸਕਦਾ ਹੈ, ਭਾਵ ਦੁਆਲੇ ਪਏ ਉਸ ਪਦਾਰਥ ਨੂੰ ਅਨੁਭਵ ਕਰਕੇ ਖੋਜ ਸਕਦਾ ਹੈ, ਜਿਸ ਤੋਂ ਇਹ ਬਣਿਆ ਹੈ। ਹੀਗਲ ਦਾ ਕਹਿਣਾ ਠੀਕ ਦਿਸ਼ਾ ਵਿਚ ਸੀ, ਕਿਉਂਕਿ ਹੌਲੀ ਹੌਲੀ ਇਸ ਮਾਨਵ ਨੇ ਮੰਗਲ ਤਾਰੇ ਦੇ ਮਾਰਸ-ਰੋਵਰ (Mars-Rover) ਵਾਂਗ ਪਦਾਰਥ ਦੀ ਹੋਰ ਅੱਗੇ ਖੋਜ ਕਰ ਕੇ ਇਸ ਨੂੰ ਇਸ ਦੇ ਪ੍ਰੋਟੋਨਾਂ ਇਲੈਕਟ੍ਰੋਨਾਂ ਤੀਕ ਸਮਝ ਲਿਆ ਹੈ।

ਗੁਰੂ ਸਾਹਿਬ ਦਾ ਕੁਦਰਤ ਨੂੰ ਸਿਰਜਣਵਾਲਾ ਕਰਤਾਰ ਕੋਈ ਮਨੁੱਖ-ਰੂਪੀ ਜੀਵ ਨਹੀਂ ਹੈ, ਸਗੋਂ ਇਸ ਸੰਸਾਰ ਵਿਚਲਾ ਸੰਚਾਲਕੀ ਤੱਤ ਹੈ, ਜਿਸ ਦੇ ਬਦਲਦੇ ਸਮੀਕਰਨਾਂ ਨਾਲ ਸੰਸਾਰ ਦੀ ਬਾਹਰੀ ਰਚਨਾ ਬਦਲਦੀ ਹੈ। ਜਿਨ੍ਹਾਂ ਨੇ ਇਸ ਨੂੰ ਬਾਰੀਕੀ ਨਾਲ ਸਮਝਣਾ ਹੈ, ਉਹ ਕੰਪਿਊਟਰ ਦੀ ਮਦਦ ਨਾਲ ਸਮਝਣ, ਜਿਸ ਦੀ ਸਕਰੀਨ 'ਤੇ ਆਉਂਦੇ ਰੰਗ-ਬਰੰਗੇ ਸੁੰਦਰ ਚਿੱਤਰ ਤੇ ਲੇਖ ਅੰਦਰੋਂ 0 ਤੇ 1 ਦੀ ਖੇਡ ਹਨ। ਜਿਵੇਂ ਫੇਸਬੁਕ ਦੇ ਚਸਕੱਈਆਂ ਨੂੰ ਇਸ ਵਿਚਲੀ ਜਾਵਾ (Java) ਭਾਸ਼ਾ ਜਾਂ ਉਸ ਤੋਂ ਵੀ ਪਰੇ 0-1 ਦੇ ਬੂਲੀਅਨ ਕੋਡ (Boolean Code) ਦਾ ਪਤਾ ਨਹੀਂ, ਤਿਵੇਂ ਹੀ ਨਿੱਤ ਦੇ ਪੁਜਾਰੀਆਂ ਨੂੰ ਕੁਦਰਤ ਦੀ ਅੰਦਰੂਨੀ ਕੋਡ-ਭਾਸ਼ਾ ਦੀ ਸਮਝ ਨਹੀਂ। ਜਿਵੇਂ ਸੋਰਸ ਪੇਜ (Source Page) ਵਿਚ ਜਾ ਕੇ ਉਸ ਕੋਡ ਨੂੰ ਬਦਲਣ ਨਾਲ ਸਕਰੀਨ 'ਤੇ ਦਿਖਦੀਆਂ ਤਸਵੀਰਾਂ ਤੇ ਇਬਾਰਤਾਂ ਬਦਲ ਜਾਂਦੀਆਂ ਹਨ, ਉਸੇ ਤਰ੍ਹਾਂ ਸੰਸਾਰ ਰਚਨਾ ਦੇ ਸੋਰਸ-ਪੇਜ ਵਿਚ ਇਸ ਰਚਨਾ ਦੇ ਰੰਗ ਰੂਪ ਦਾ ਰਾਜ਼ ਛੁਪਿਆ ਹੋਇਆ ਹੈ ਤੇ ਉਥੇ ਤਬਦੀਲੀ ਆਉਣ ਨਾਲ ਇਸ ਰਚਨਾ ਦਾ ਰੰਗ ਰੂਪ ਬਦਲ ਜਾਂਦਾ ਹੈ। ਹਰਜ਼ ਦੀ ਗੱਲ ਇਹ ਕਿ ਆਧੁਨਿਕ ਵਿਗਿਆਨ ਨੂੰ ਇਸ ਕੋਡ ਨੂੰ ਬਦਲਣ ਦਾ ਢੰਗ ਪਤਾ ਹੈ। ਇਸ ਲਈ ਹਰ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਨੂੰ ਗੁਰਬਾਣੀ ਵਿਆਖਿਆ ਵੇਲੇ ਆਧੁਨਿਕ ਵਿਗਿਆਨ ਦਾ ਇੰਨਾ ਕੁ ਫਾਇਦਾ ਜ਼ਰੂਰ ਚੁੱਕਣਾ ਬਣਦਾ ਹੈ। ਇਹ ਨਾ ਹੋਵੇ ਕਿ ਉਹ ਕਾਫਲੇ ਨਾਲੋਂ ਕਟ ਜਾਣ!

## ਪਾਠਕਾਂ ਦੀ ਗੱਲ

# ਗੁਰਬਾਣੀ ਇਸੁ ਜਗ ਮਹਿ ਚਾਨਣੁ

ਅਮਰਜੀਤ ਸਿੰਘ ਮੁਲਤਾਨੀ
multaniny@gmail.com

ਦੋ ਸਾਲ ਪਹਿਲਾਂ ਦੀ ਗੱਲ ਹੈ, ਮੈਨੂੰ ਨਿੱਜੀ ਅਧਿਐਨ ਲਈ ਇਕ ਬਾਈਬਲ ਦੀ ਲੋੜ ਸੀ। ਮੈਨੂੰ ਚੇਤੇ ਆਇਆ ਕਿ ਇੱਥੇ ਸਬਵੇਅ ਸਟੇਸ਼ਨਾਂ 'ਤੇ ਇਸਾਈਅਤ ਦੇ ਪ੍ਰਚਾਰ ਲਈ ਵੱਖ-ਵੱਖ ਸੰਗਠਨਾਂ ਵੱਲੋਂ ਪ੍ਰਚਾਰਕ ਧਾਰਮਿਕ ਲਿਟਰੇਚਰ, ਜਿਸ ਵਿਚ ਕਿਤਾਬਚਿਆਂ ਤੋਂ ਇਲਾਵਾ ਬਾਈਬਲ ਵੀ ਹੁੰਦੀ ਹੈ, ਮੁਫਤ ਵਿਚ ਵੰਡਦੇ ਹਨ। ਇਕ ਦਿਨ ਮੈਂ ਜਦੋਂ ਸਬਵੇਅ ਵਿਚੋਂ ਦੀ ਗੁਜ਼ਰ ਰਿਹਾ ਸਾਂ ਕਿ ਇਕ ਇਸਾਈ ਨੰਨ ਲਿਟਰੇਚਰ ਦੇ ਨਾਲ ਨਜ਼ਰ ਆਈ। ਮੈਂ ਉਸ ਪਾਸ ਗਿਆ ਤੇ ਬਾਈਬਲ ਦੇਣ ਦੀ ਬੇਨਤੀ ਕੀਤੀ। ਉਸ ਪਾਸ ਉਸ ਵੇਲੇ ਬਾਈਬਲ ਨਹੀਂ ਸੀ, ਪਰ ਉਸ ਨੰਨ ਦਾ ਆਪਣੇ ਧਰਮ ਪ੍ਰਤੀ ਸਮਰਪਣ ਵੇਖੋ ਕਿ ਉਹ ਮੈਨੂੰ ਬੇਨਤੀ ਕਰਦੀ ਹੈ ਕਿ ਤੁਸੀਂ ਦੋ ਮਿੰਟ ਲਈ ਰੁਕੋ, ਮੈਂ ਸਬਵੇਅ ਦੇ ਦੂਜੇ ਸਿਰੇ 'ਤੇ ਲਿਟਰੇਚਰ ਵੰਡ ਰਹੀ ਆਪਣੀ ਸਾਥਣ ਤੋਂ ਤੁਹਾਨੂੰ ਬਾਈਬਲ ਲਿਆ ਕੇ ਦਿੰਦੀ ਹਾਂ। ਮੈਂ ਰੁਕ ਗਿਆ ਅਤੇ ਵੇਖਿਆ ਕਿ ਉਹ ਨੰਨ ਬਹੁਤ ਹੀ ਤੇਜ਼ ਕਦਮਾਂ ਨਾਲ ਸਬਵੇਅ ਦੇ ਦੂਜੇ ਸਿਰੇ ਵੱਲ ਨੂੰ ਜਾ ਰਹੀ ਹੈ। ਵਾਕੱਈ ਉਸ ਨੰਨ ਨੇ ਦੋ ਮਿੰਟ ਦਾ ਸਮਾਂ ਹੀ ਲਿਆ ਤੇ ਸਾਹੋ-ਸਾਹ ਹੋਈ ਉਹ ਬਾਈਬਲ ਦੀ ਕਿਤਾਬ ਲਈ ਮੇਰੇ ਸਾਹਮਣੇ ਖੜੀ ਸੀ। ਬਾਈਬਲ ਦੀ ਕਾਪੀ ਵੇਖੀ, ਕਿਆ ਕਮਾਲ ਦੀ ਸੁੰਦਰ ਛਪਾਈ, ਮਹਿੰਗਾ ਵਧੀਆ ਕਾਗਜ਼ ਤੇ ਲਾਜਵਾਬ ਸ਼ਾਨਦਾਰ ਬਾਈਂਡਿੰਗ! ਫਿਰ ਕਮਾਲ ਕਿ ਮੁਫਤ! ਬਾਈਬਲ ਦੇਣ ਪਿਛੋਂ ਉਸ ਨੰਨ ਨੇ ਮੈਨੂੰ ਇਸਾਈ ਧਰਮ ਵਿਚ ਦਿਲਚਸਪੀ ਲਈ ਧੰਨਵਾਦ ਕਿਹਾ ਤੇ ਤਾਕੀਦ ਵੀ ਕੀਤੀ ਜੇ ਹੋਰ ਲਿਟਰੇਚਰ ਦੀ ਲੋੜ ਹੋਈ ਤਾਂ ਮੈਨੂੰ ਦੱਸਣਾ।

ਉਸ ਵਧੀਆ ਔਰਤ ਤੋਂ ਬਾਈਬਲ ਲੈ ਕੇ ਮੈਂ ਵੀ ਧੰਨਵਾਦ ਕਿਹਾ ਤੇ ਘਰ ਆ ਗਿਆ। ਜ਼ਿਹਨ ਵਿਚ ਵਾਰ-ਵਾਰ ਇਹੋ ਖਿਆਲ ਆਵੇ ਕਿ ਉਸ ਨੇ ਬਿਨਾ ਮੇਰੀ ਸ਼ਨਾਖਤ ਕੀਤਿਆਂ, ਮੈਨੂੰ ਆਪਣਾ ਪਵਿੱਤਰ ਧਰਮ ਗ੍ਰੰਥ ਦੇ ਦਿੱਤਾ ਹੈ। ਮੈਂ ਬਾਈਬਲ ਨਾਲ ਕੀ ਕਰਾਂਗਾ, ਇਸ ਦੀ ਵੀ ਉਸ ਨੇ ਪ੍ਰਵਾਹ ਨਹੀਂ ਕੀਤੀ। ਮੇਰਾ ਆਪਣਾ ਅੰਦਾਜ਼ਾ ਹੈ ਕਿ ਉਸ ਨੂੰ ਭਰੋਸਾ ਸੀ ਕਿ ਮੈਂ ਧਾਰਮਿਕ ਪੁਸਤਕ ਦੀ ਸਹੀ ਵਰਤੋਂ ਹੀ ਕਰਾਂਗਾ। ਦੂਜਾ, ਸ਼ਾਇਦ ਉਸ ਨੂੰ ਆਪਣੇ ਇਸ਼ਟ 'ਤੇ ਅਥਾਹ ਭਰੋਸਾ ਹੈ ਕਿ ਜੇ ਮੈਂ ਬਾਈਬਲ ਦਾ ਅਸਨਮਾਨ ਜਾਂ ਕੋਈ ਘਟੀਆ ਹਰਕਤ ਕਰਾਂਗਾ ਤੇ ਉਹ ਆਪ ਹੀ ਆਪਣੇ ਅਪਮਾਨ ਦਾ ਬਦਲਾ ਲੈਣ ਦੇ ਸਮਰੱਥ ਹੈ। ਕਿਤੇ ਸ਼ਾਇਦ ਉਸ ਨੰਨ ਦੇ ਦਿਲ ਦੇ ਕਿਸੇ ਕੋਨੇ ਵਿਚ ਇਹ ਆਸ ਵੀ ਜਗੀ ਹੋਏਗੀ ਕਿ ਸ਼ਾਇਦ ਉਸ ਵੱਲੋਂ ਦਿੱਤੀ ਬਾਈਬਲ ਪੜ੍ਹ ਕੇ ਮੈਂ ਉਸ ਦੇ ਧਰਮ ਵੱਲ ਨੂੰ ਵੀ ਉਲਾਰ ਲੈ ਸਕਦਾ ਹਾਂ। ਮੈਨੂੰ ਉਸ ਨੰਨ ਦੇ ਸਮਰਪਣ, ਉਸ ਦੇ ਧਰਮ ਦੇ ਖਲੂਸ ਤੇ ਸਭ ਤੋਂ ਅਹਿਮ, ਉਸ ਦੇ ਇਸ਼ਟ 'ਤੇ ਰਸ਼ਕ ਆਇਆ, ਜਿਸ ਦੇ ਵਰਤਾਰੇ 'ਚ ਇੰਨੀ ਦਲੇਰੀ ਹੈ।

ਬਾਈਬਲ ਦਾ ਕੁਝ ਸਮਾਂ ਅਧਿਐਨ ਕਰਨ ਪਿਛੋਂ ਮੈਨੂੰ ਮਹਿਸੂਸ ਹੋਇਆ ਕਿ ਇਸ ਦੇ ਸਮਾਨੰਤਰ ਕੁਰਾਨ ਦਾ ਅਧਿਐਨ ਵੀ ਜ਼ਰੂਰੀ ਹੈ। ਮੈਂ ਆਪਣੇ ਇਕ ਪਾਕਿਸਤਾਨੀ ਮਿੱਤਰ, ਜੋ ਯੂਨਾਨੀ ਤੇ ਹੋਮਿਉਪੈਥਿਕ ਦਵਾਈਆਂ ਦਾ ਕੰਮ ਕਰਦੇ ਹਨ, ਨਾਲ ਗੱਲ ਕੀਤੀ। ਮੈਂ ਸੋਚਿਆ ਕਿ ਇਹ ਮੁਸਲਮਾਨ ਕਿਹੜਾ ਸਾਡੇ ਤੋਂ ਘੱਟ ਕੱਟੜਪੰਥੀ ਹਨ, ਸੋ ਮੈਨੂੰ ਆਸ ਸੀ ਕਿ ਮੇਰਾ ਮਿੱਤਰ ਮਨ੍ਹਾਂ ਕਰ ਦੇਵੇਗਾ! ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਉਸ ਨੇ ਮੁਸਕਰਾਉਂਦਿਆਂ ਕਿਹਾ ਕਿ ਤੁਸੀਂ ਅਰਬੀ ਤਾਂ ਪੜ੍ਹ ਨਹੀਂ ਸਕਦੇ, ਮੈਂ ਤੁਹਾਨੂੰ ਹਿੰਦੀ ਲਿਪੀ ਵਿਚ ਲਿਖੀ ਕੁਰਾਨ ਸ਼ਰੀਫ, ਜੋ ਮੇਰੇ ਇਕ ਮਿੱਤਰ ਪਾਸ ਹੈ, ਲਿਆ ਦਿੰਦਾ ਹਾਂ।

ਦੂਜੇ ਦਿਨ ਉਨ੍ਹਾਂ ਮੈਨੂੰ ਫੋਨ ਕੀਤਾ ਕਿ ਦੁਕਾਨ ਤੋਂ ਕੁਰਾਨ ਸ਼ਰੀਫ ਲੈ ਜਾਓ। ਮੈਂ ਉਨ੍ਹਾਂ ਦੀ ਦੁਕਾਨ 'ਤੇ ਗਿਆ ਤੇ ਉਨ੍ਹਾਂ ਮੈਨੂੰ ਆਮ ਜਿਹੇ ਹਰੇ ਕੱਪੜੇ ਵਿਚ ਲਪੇਟੀ ਹੋਈ ਕੁਰਾਨ ਸ਼ਰੀਫ ਦੀ ਪੁਸਤਕ ਹਵਾਲੇ ਕਰ ਦਿੱਤੀ। ਮੈਂ ਆਪਣੀ ਜਿਗਿਆਸਾ ਲਈ ਜੋ-ਜੋ ਅਧਿਆਏ ਜ਼ਰੂਰੀ ਸਨ, ਪੜ੍ਹੇ ਅਤੇ ਕੋਈ ਇੱਕ ਮਹੀਨੇ ਪਿਛੋਂ ਆਪਣੇ ਮਿੱਤਰ ਨੂੰ ਪੁੱਛਿਆ ਕਿ ਮੇਰੀ ਲੋੜ ਪੂਰੀ ਹੋ ਗਈ ਹੈ ਤੇ ਮੈਂ ਕਦੋਂ ਕੁਰਾਨ ਸ਼ਰੀਫ ਵਾਪਸ ਕਰਨ ਆਵਾਂ?

ਹਕੀਮ ਸਾਬ੍ਹ ਕਹਿਣ ਲੱਗੇ ਕਿਤੇ ਭਵਿੱਖ ਵਿਚ ਫਿਰ ਵੀ ਲੋੜ ਪੈ ਸਕਦੀ ਹੈ, ਸੋ ਇਸ ਲਈ ਤੁਸੀਂ ਆਪਣੇ ਪਾਸ ਰੱਖ ਲਉ। ਮੈਂ ਉਸ ਨੂੰ ਕਿਹਾ ਕਿ ਤੁਹਾਡੀ ਪਵਿੱਤਰ ਪੁਸਤਕ ਹੈ। ਚੰਗਾ ਹੋਏਗਾ ਜੇ ਤੁਸੀਂ ਵਾਪਸ ਲੈ ਲਓ। ਉਸ ਨੇ ਮੇਰੀ ਮਨਸ਼ਾ ਸਮਝਦਿਆਂ ਹੱਸਦੇ ਹੋਏ ਕਿਹਾ, ਇਸ ਨੂੰ ਰੱਖਣ ਲਈ 'ਤੁਹਾਡੇ ਜਿਹਾ' ਕੁਝ ਵੀ ਨਹੀਂ ਕਰਨਾ ਪੈਂਦਾ। ਜਿਵੇਂ ਕੱਪੜੇ ਵਿਚ ਲਪੇਟੀ ਹੋਈ ਹੈ, ਇਵੇਂ ਹੀ ਕਿਤਾਬਾਂ ਵਾਲੀ ਸ਼ੈਲਫ ਵਿਚ ਬਾਕੀ ਕਿਤਾਬਾਂ ਨਾਲ ਰੱਖ ਦੇਣਾ। ਬਾਕੀ ਅੱਲਾ ਖੁਦ ਵਾਲੀ! ਤੁਹਾਡੇ ਲਈ ਕੋਈ ਚਿੰਤਾ ਵਾਲੀ ਗੱਲ ਨਹੀਂ।

ਮੈਂ ਜਦੋਂ ਛੋਟੀ ਉਮਰ ਦਾ ਸਾਂ, ਆਮ ਹੀ ਵੇਖਦੇ ਹੁੰਦੇ ਸਾਂ, ਸਾਡੇ ਪਿਤਾ ਜੀ ਘਰੇ ਹੀ ਨਿੱਤਨੇਮ ਪਿਛੋਂ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਤੋਂ ਪਾਠ ਕਰਿਆ ਕਰਦੇ ਸਨ। ਉਨ੍ਹਾਂ ਘਰੇ ਹੀ ਇਕ ਕੋਨੇ ਵਿਚ ਸਾਰੀਆਂ ਧਾਰਮਿਕ ਪੁਸਤਕਾਂ ਬੜੇ ਅਦਬ ਤੇ ਸਤਿਕਾਰ ਨਾਲ ਰੱਖੀਆਂ ਹੁੰਦੀਆਂ ਸਨ। ਉਹ ਆਪਣੇ ਵੱਲੋਂ ਸਾਰੀਆਂ ਧਾਰਮਿਕ ਪੁਸਤਕਾਂ ਦਾ ਹਰ ਯਥਾ ਸੰਭਵ ਢੰਗ ਤੇ ਸੁੱਚਮ ਨਾਲ ਸਤਿਕਾਰ ਕਰਿਆ ਕਰਦੇ ਸਨ। ਉਨ੍ਹੀਂ ਦਿਨੀਂ ਪੜ੍ਹੇ-ਲਿਖੇ ਵਿਅਕਤੀਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਆਮ ਹੀ ਆਪਣੇ ਘਰਾਂ ਵਿਚ ਰੱਖੀਆਂ ਹੁੰਦੀਆਂ ਸਨ। ਵੱਡੀ ਗਿਣਤੀ ਵਿਚ ਡੇਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਮੰਦਿਰਾਂ ਦੀ ਗਿਣਤੀ ਵੀ ਬਹੁਤ ਘੱਟ ਹੁੰਦੀ ਸੀ। ਸਿਰਫ ਇਤਿਹਾਸਕ ਮੰਦਿਰ ਜਾਂ ਸ਼ਿਵਾਲੇ ਹੀ ਵੇਖੇ ਜਾ ਸਕਦੇ ਸਨ। ਹਰ ਪਾਸੇ ਗੁਰੂ ਗ੍ਰੰਥ ਸਾਹਿਬ ਦਾ ਵਰਤਾਰਾ ਨਜ਼ਰ ਆਉਂਦਾ ਸੀ। ਸ਼ਾਇਦ ਇਸੇ ਪ੍ਰਭਾਵ ਹੇਠ ਪੰਜਾਬੀ ਦੇ ਦਰਵੇਸ਼ ਸਾਹਿਤਕਾਰ ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ, "ਪੰਜਾਬ ਵੱਸਦਾ ਗੁਰਾਂ ਦੇ ਨਾਂ 'ਤੇ।"

ਉਦੋਂ ਹਰ ਪਾਸੇ ਸਮਾਜ ਵਿਚ ਅੱਜ ਦੇ ਮੁਕਾਬਲੇ ਵਧੇਰੇ ਧਾਰਮਿਕ ਸਹਿਨਸ਼ੀਲਤਾ ਸੀ। ਅੱਜ ਵਾਂਗ ਜਾਣ-ਬੁੱਝ ਕੇ ਕਿਸੇ ਵਿਸ਼ੇਸ਼ ਇਰਾਦੇ ਨਾਲ ਕੀਤੀਆਂ ਬੇਅਦਬੀਆਂ ਦੀਆਂ ਘਟਨਾਵਾਂ ਨਾ ਦੇ ਬਰਾਬਰ ਸਨ। ਉਨ੍ਹੀਂ ਦਿਨੀਂ ਸ਼ਾਇਦ ਗੁਰੂ ਲੋਕਾਈ ਦੇ ਨਾਲ-ਨਾਲ ਆਪਣੀ ਪੈਜ ਤੇ ਪੱਤ ਰੱਖਣ ਦੇ ਸਮਰੱਥ ਸਨ। ਜੇ ਡੇਰੇ ਵਾਲੇ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਦੀ ਕਮਾਈ ਖਾਂਦੇ ਸਨ ਤਾਂ ਉਹ ਸਤਿਕਾਰ ਵੀ ਕਰਦੇ ਸਨ। ਉਹ ਰੱਬ ਤੋਂ ਸੱਚੀਂ ਭਓ ਵੀ ਖਾਂਦੇ ਸਨ। ਜਦੋਂ ਤੋਂ ਜਰਵਾਣਿਆਂ ਨੇ ਗੁਰੂਆਂ ਨੂੰ ਜ਼ਬਰਦਸਤੀ ਕਬਜ਼ੇ ਵਿਚ ਲਿਆ ਹੈ, ਉਦੋਂ ਤੋਂ ਧਾਰਮਿਕ ਅਸਹਿਨਸ਼ੀਲਤਾ ਨੇ ਸਿੱਖਾਂ ਨੂੰ ਆਤਮਿਕ ਪੱਖੋਂ ਅਤਿ ਦਰਜੇ ਦਾ ਕਮਜ਼ੋਰ ਬਣਾ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਤਾਂ ਸੜਦੀ, ਬਲਦੀ ਲੋਕਾਈ ਨੂੰ ਠਾਰਨ ਦੇ ਸਮਰੱਥ ਹੈ। ਇਹ ਮਨੁੱਖਤਾ ਨੂੰ ਸਮਾਜਕ ਨਾ-ਬਰਾਬਰੀ ਕਾਰਨ ਪੈਦਾ ਹੋਈਆਂ ਵਿਸ਼ਮਤਾਵਾਂ ਦੇ ਇਲਾਜ ਲਈ ਮੁਫੀਦ ਤੇ ਸਮਰੱਥ ਹੈ।



ਸਾਲ 2014 ਦੀ ਇਕ ਛੋਟੀ ਜਿਹੀ ਘਟਨਾ ਦਾ ਜ਼ਿਕਰ ਕਰਨਾ ਚਾਹਾਂਗਾ। ਮੈਂ ਉਨ੍ਹੀਂ ਦਿਨੀਂ ਪੰਜਾਬੀ ਨਾਟ ਮੰਚ ਦੇ ਪਿਤਾਮਾ ਡਾ. ਹਰਚਰਨ ਸਿੰਘ ਦੇ ਸਪੁੱਤਰ ਹਰਬਖਸ਼ ਲਾਟਾ, ਜੋ ਪੰਜਾਬੀ ਫਿਲਮ ਜਗਤ ਦੇ ਕੱਦਾਵਰ ਸਿਰਨਾਵੇਂ ਹਨ, ਦੀ ਤਿਆਰ ਕੀਤੀ ਇਕ ਘੰਟੇ ਤੇ ਵੀਹ ਮਿੰਟਾਂ ਦੀ ਲਾਜਵਾਬ ਪੇਸ਼ਕਾਰੀ 'ਰਬਾਬ ਤੋਂ ਨਗਾਰੇ ਤੱਕ' ਦਾ ਈਸਟ ਕੋਸਟ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਪ੍ਰਦਰਸ਼ਨ ਕਰ ਰਹੇ ਸਾਂ। ਇਸੇ ਸਬੰਧੀ ਜਨਵਰੀ ਮਹੀਨੇ ਦੌਰਾਨ ਕਨੈਕਟੀਕਟ ਦੇ ਸਭ ਤੋਂ ਵੱਡੇ ਗੁਰਦੁਆਰੇ ਵਿਚ ਉਸ ਫਿਲਮ ਦਾ ਸ਼ੋਅ ਸੀ। ਉਸ ਗੁਰਦੁਆਰੇ ਵਿਚ ਪੰਜਾਬ ਦੇ ਇਲਾਕਾ ਟਾਂਡਾ ਤੋਂ ਬਹੁਤ ਪਰਿਵਾਰ ਸਨ। ਮੈਂ ਉਥੇ ਆਪਣੇ ਸਾਰੇ ਜਾਣ-ਪਛਾਣ ਵਾਲੇ ਸੱਜਣਾਂ ਨੂੰ ਫਿਲਮ ਵੇਖਣ ਲਈ ਤਾਕੀਦ ਕਰ ਰਿਹਾ ਸਾਂ ਕਿ ਇਕ ਸੱਜਣ ਸ. ਬਾਜਵਾ ਨੇ ਮੁਆਫੀ ਮੰਗਦਿਆਂ ਕਿਹਾ ਕਿ ਉਨ੍ਹਾਂ ਨੂੰ 'ਮਾਰਟਨ ਲੂਥਰ ਕਿੰਗ' ਸਬੰਧੀ ਇਕ ਪ੍ਰੋਗਰਾਮ ਵਿਚ ਸਿੱਖ ਧਰਮ ਦੇ ਪ੍ਰਤੀਨਿਧੀ ਵਜੋਂ ਹਿੱਸਾ ਲੈਣ ਵਾਲੀ ਇੱਕ ਬੱਚੀ ਨਾਲ ਜਾਣਾ ਪੈਣਾ ਹੈ। ਮੈਂ ਉਤਸੁਕਤਾ ਵੱਸ ਪੁਛਿਆ ਕਿ ਕਿਹੜੀ ਬੱਚੀ ਉਥੇ ਸਿੱਖ ਧਰਮ ਦੇ ਪ੍ਰਤੀਨਿਧੀ ਵਜੋਂ ਸੰਬੋਧਨ ਕਰੇਗੀ?

ਉਨ੍ਹਾਂ ਉਸ ਬੱਚੀ ਨੂੰ ਬੁਲਾਇਆ ਤਾਂ ਮੈਂ ਬੱਚੀ ਨੂੰ ਪੁੱਛਿਆ ਕਿ ਕੀ ਉਹ ਮੈਨੂੰ ਭਾਸ਼ਣ ਵਿਖਾ ਸਕਦੀ ਹੈ, ਜੋ ਉਸ ਨੇ ਅੱਜ ਮੀਟਿੰਗ ਵਿਚ ਪੜ੍ਹਨਾ ਹੈ। ਉਸ ਬੱਚੀ ਨੇ ਇਕ ਹੱਥ ਲਿਖਤ ਕਾਗਜ਼ ਮੈਨੂੰ ਵਿਖਾਇਆ। ਮੈਂ ਉਸ ਬੱਚੀ ਤੋਂ ਪੜ੍ਹਨ ਦੀ ਇਜਾਜ਼ਤ ਲੈ ਕੇ ਪੂਰਾ ਸੰਬੋਧਨ ਪੜ੍ਹਿਆ। ਮੈਂ ਪਾਇਆ ਕਿ ਲਿਖਤ ਦਾ ਕੇਂਦਰ ਬਿੰਦੂ ਖਾਲਸਾ ਅਤੇ ਖਾਲਸੇ ਦੀ ਸਾਜਨਾ ਕਿਉਂ? ਮੈਨੂੰ ਲੱਗਾ ਕਿ ਇਹ ਵਿਸ਼ਾ ਮਾਰਟਿਨ ਲੂਥਰ ਕਿੰਗ ਦੇ ਕਾਰਜਾਂ ਨਾਲ ਮੇਚ ਨਹੀਂ ਖਾਂਦਾ। ਮੈਂ ਇਹ ਵਿਚਾਰ ਬੱਚੀ ਨੂੰ ਦੱਸੇ। ਮੈਂ ਬੱਚੀ ਨੂੰ ਸੁਝਾਓ ਦਿੱਤਾ ਕਿ ਤੁਸੀਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇ ਸਮਾਜਕ ਨਾ-ਬਰਾਬਰੀ ਅਤੇ ਉਚ-ਨੀਚ ਦੇ ਵਿਸ਼ੇ 'ਤੇ ਕੀਤੇ ਕੰਮਾਂ ਦਾ ਜ਼ਿਕਰ ਕਰੋ; ਸਮਾਪਤੀ ਇੰਜ ਕਰੋ ਕਿ 'ਮਾਰਟਿਨ ਲੂਥਰ ਕਿੰਗ, ਜੋ ਮਨੁੱਖੀ ਸਮਾਜ ਵਿਚ ਪੈਦਾ ਹੋਈਆ ਨਾ-ਬਰਾਬਰੀ ਤੇ ਵਿਤਕਰੇ ਦੀਆਂ ਜਿਨ੍ਹਾਂ ਵਿਸ਼ਮਤਾਵਾਂ ਵਿਰੁੱਧ ਲੜਿਆ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ 500 ਸਾਲ ਪਹਿਲਾਂ ਸੰਸਾਰ ਵਿਚ ਮਨੁੱਖੀ ਨਾ-ਬਰਾਬਰੀ ਅਤੇ ਵਿਤਕਰੇ ਵਿਰੁੱਧ ਅਵਾਜ਼ ਬੁਲੰਦ ਕੀਤੀ ਸੀ।' ਉਸ ਬੱਚੀ ਨੂੰ ਮੇਰੇ ਸੁਝਾਓ ਠੀਕ ਲੱਗੇ ਅਤੇ ਉਸ ਨੇ ਆਪਣਾ ਸੰਬੋਧਨ ਦੁਬਾਰਾ ਲਿਖਿਆ।

ਗੁਰਦੁਆਰਾ ਸਾਹਿਬ ਵਿਖੇ ਸਮਾਪਤੀ ਪਿਛੋਂ 'ਰਬਾਬ ਤੋਂ ਨਗਾਰੇ ਤੱਕ' ਦਾ ਸ਼ੋਅ ਹੋਇਆ। ਸੰਗਤ ਨੇ ਫਿਲਮ ਬਹੁਤ ਪਸੰਦ ਕੀਤੀ। ਮੈਂ, ਹਰਬਖਸ਼ ਲਾਟਾ ਅਤੇ ਉਨ੍ਹਾਂ ਦਾ ਬੇਟਾ ਹਰਸ਼ਵੀਰ ਲਾਟਾ ਫਿਲਮ ਦੀ ਸਮਾਪਤੀ ਉਪਰੰਤ ਸਾਮਾਨ ਇਕੱਠਾ ਕਰਕੇ ਗੱਡੀ ਵਿਚ ਰੱਖ ਰਹੇ ਸਾਂ ਕਿ ਵੇਖਿਆ ਸ. ਬਾਜਵਾ ਕਾਰ ਪਾਰਕ ਕਰ ਰਹੇ ਸਨ। ਉਨ੍ਹਾਂ ਨੂੰ ਵੇਖਦਿਆਂ ਹੀ ਮੇਰੀ ਉਸ ਪ੍ਰੋਗਰਾਮ ਸਬੰਧੀ ਜਾਣਨ ਦੀ ਇੱਛਾ ਹੋਈ। ਇੰਨੀ ਦੇਰ ਵਿਚ ਸ. ਬਾਜਵਾ ਵੀ, ਮੈਂ ਵੇਖਿਆ ਮੇਰੇ ਵੱਲ ਨੂੰ ਹੀ ਆ ਰਹੇ ਹਨ। ਉਨ੍ਹਾਂ ਆਉਂਦਿਆਂ ਹੀ ਕਿਹਾ, ਮੁਲਤਾਨੀ ਜੀ ਅੱਜ ਤੇ ਕਮਾਲ ਹੋ ਗਈ। ਜਦੋਂ ਬੱਚੀ ਲੈਕਚਰ ਦੇ ਰਹੀ ਸੀ ਤਾਂ ਪੂਰਾ ਹਾਲ ਬੜੀ ਗਹੁ ਨਾਲ ਸੁਣ ਰਿਹਾ ਸੀ ਤੇ ਕਮਾਲ ਉਦੋਂ ਹੋਈ, ਜਦੋਂ ਬੱਚੀ ਨੇ ਲੈਕਚਰ ਸਮਾਪਤ ਕੀਤਾ, ਸਾਰੇ ਸਰੋਤਿਆਂ ਨੇ ਖੜੇ ਹੋ ਕੇ ਤਾੜੀਆਂ ਵਜਾ ਕੇ ਸਨਮਾਨ ਦਿੱਤਾ। ਭਾਸ਼ਣ ਪਿਛੋਂ ਵੀ ਵੱਡੀ ਗਿਣਤੀ ਵਿਚ ਲੋਕਾਂ ਨੇ ਗੁਰੂ ਨਾਨਕ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਲਈ। ਬੱਚੀ ਬਹੁਤ ਖੁਸ਼ ਸੀ। ਮੈਨੂੰ ਵੀ ਖੁਸ਼ੀ ਹੋਈ।

ਬਾਲੀਵੁੱਡ ਦੀਆਂ ਸ਼ੁਰੂਆਤੀ ਦਿੱਗਜ ਫਿਲਮੀ ਹਸਤੀਆਂ ਵਿਚ ਸ਼ੁਮਾਰ ਬਲਰਾਜ ਸਾਹਨੀ ਨੂੰ ਕੌਣ ਨਹੀਂ ਜਾਣਦਾ! ਉਸ ਦੇ ਬੇਟੇ ਪ੍ਰੀਕਸ਼ਿਤ ਸਾਹਨੀ ਨੇ ਆਪਣੇ ਪਿਤਾ ਬਲਰਾਜ ਸਾਹਨੀ ਨਾਲ ਗੁਜ਼ਾਰੀ ਜ਼ਿੰਦਗੀ 'ਤੇ ਆਧਾਰਤ 'ਨਾਨ ਕਨਫਰਮਿਸ਼ਟ' ਸਿਰਲੇਖ ਹੇਠ ਆਤਮ ਕਥਾ ਲਿਖੀ ਹੈ। ਬਲਰਾਜ ਸਾਹਨੀ ਕੱਟੜ ਕਮਿਊਨਿਸਟ ਸੀ, ਇਹ ਸਭ ਜਾਣਦੇ ਹਨ। ਉਹ ਮਾਰਕਸਵਾਦ ਬਾਰੇ ਲਿਖੀ ਕਿਤਾਬ 'ਦਾਸ ਕੈਪੀਟਲ' ਦਾ ਵੱਡਾ ਉਪਾਸ਼ਕ ਸੀ। ਪ੍ਰੀਕਸ਼ਿਤ ਸਾਹਨੀ ਲਿਖਦਾ ਹੈ ਕਿ ਮੈਂ ਕਈ ਵਾਰ ਨੋਟ ਕੀਤਾ ਸੀ ਕਿ ਉਹਦਾ ਪਿਤਾ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ 'ਦਾਸ ਕੈਪੀਟਲ' ਪੜ੍ਹਿਆ ਕਰਦਾ ਸੀ। ਉਹ ਅੱਗੇ ਲਿਖਦਾ ਹੈ ਕਿ ਬਲਰਾਜ ਸਾਹਨੀ ਜੀਵਨ ਦੇ ਆਖਰੀ ਪੜਾਓ ਵਿਚ ਜਦੋਂ ਵਧੇਰੇ ਬੇਚੈਨ ਹੋ ਗਿਆ ਤਾਂ ਮੈਂ ਉਨ੍ਹਾਂ ਨੂੰ ਅਨੇਕ ਵਾਰ ਗੁਰੂ ਗ੍ਰੰਥ ਸਾਹਿਬ ਪੜ੍ਹਦੇ ਤੇ ਆਤਮਿਕ ਤੌਰ 'ਤੇ ਸਰਸ਼ਾਰ ਹੁੰਦੇ ਵੇਖਿਆ।

ਉਪਰੋਕਤ ਸਾਰੀਆਂ ਘਟਨਾਵਾਂ ਦਾ ਜ਼ਿਕਰ ਕਰਨ ਦਾ ਮੇਰਾ ਮਕਸਦ ਸਿਰਫ ਇਹੋ ਹੀ ਹੈ ਕਿ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਹੈ। ਕਿਉਂ ਸਿੱਖ ਧਰਮ 'ਤੇ ਕਾਬਜ਼, ਸੰਸਾਰ ਨੂੰ ਇਸ ਚਾਨਣ ਤੋਂ ਵਾਂਝੇ ਰੱਖਣਾ ਚਾਹੁੰਦੇ ਹਨ? ਦੁਨਿਆਵੀ ਸਾਰੇ ਧਰਮ ਸਿਰਫ ਆਪਣੇ ਧਰਮ ਤੇ ਇਸ਼ਟ ਦੀ ਗੱਲ ਕਰਦੇ ਹਨ। ਸਾਰੇ ਧਰਮ ਕਹਿੰਦੇ ਹਨ ਕਿ ਮੇਰੀ ਸ਼ਰਣ ਵਿਚ ਆਵੋ, ਫਿਰ ਮੈਂ ਤੁਹਾਡੇ ਸਾਰੇ ਗੁਨਾਹ ਮੁਆਫ ਕਰ ਦੇਵਾਂਗਾ, ਤੈਨੂੰ ਸਵਰਗ ਵਿਚ ਭੇਜਾਂਗਾ। ਭਾਵ ਮੇਰੀ ਸ਼ਰਣ ਵਿਚ ਆਉਣਾ ਪਵੇਗਾ, ਵਰਨਾ ਕੁਝ ਨਹੀਂ। ਬਿਨਾ ਧਰਮ ਵਿਚ ਸ਼ਾਮਲ ਹੋਇਆਂ ਕੁਝ ਹਾਸਲ ਨਹੀਂ ਹੋਣਾ। ਧਰਮ ਵਿਚ ਸ਼ਾਮਲ ਹੋ ਕੇ ਫਿਰ ਸਾਰੀਆਂ ਰਹੁ ਰੀਤਾਂ ਤੇ ਬੰਦਿਸ਼ਾਂ ਮੰਨਣੀਆਂ ਪੈਂਦੀਆਂ ਹਨ, ਪਰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਆਪਣੇ ਸੰਪਰਕ ਵਿਚ ਆਏ ਹਰ ਹਮਸਾਏ ਨੂੰ ਬੜੀ ਸਰਲਤਾ ਤੇ ਸਹਿਜ ਨਾਲ ਜਪੁਜੀ ਸਾਹਿਬ ਦੀ ਪਹਿਲੀ ਪਉੜੀ 'ਚ ਹੀ ਬ੍ਰਹਿਮੰਡ ਦਾ ਸੱਚ ਦੱਸ ਦਿੱਤਾ ਅਤੇ ਬਾਕੀ ਪਉੜੀਆਂ ਰਾਹੀਂ ਵਿਗਿਆਨ ਤੇ ਬ੍ਰਹਮ ਗਿਆਨ ਨਾਲ ਮਾਲਾ ਮਾਲ ਕਰਦਿਆਂ, ਅੰਤਿਮ ਸ਼ਲੋਕ ਵਿਚ ਨਿਰਣਾ ਵੀ ਕਰ ਦਿੱਤਾ, "ਹੇ ਮਨੁੱਖ! ਸਭ ਕੁਝ ਤੇਰੇ ਹੱਥ ਤੇ ਵੱਸ ਹੈ, ਤੂੰ ਖੁਦ ਫੈਸਲਾ ਕਰਨਾ ਹੈ ਕਿ ਤੂੰ ਮਹਾਮਾਨਵ ਬਣਨਾ ਹੈ ਜਾਂ ਹੇਠਲੇ ਦਰਜੇ ਦਾ ਮਾਨਵ ਬਣਨਾ ਹੈ।"

ਸਾਰਿਆਂ ਹੀ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਇਹ ਗੱਲ ਸੁਨਿਸ਼ਚਿਤ ਕਰਨ ਕਿ "ਗੁਰਬਾਣੀ ਦਾ ਚਾਨਣ ਸਾਰੇ ਸੰਸਾਰ ਵਿਚ, ਸਾਰੀ ਲੋਕਾਈ ਤੱਕ ਪੁੱਜਣਾ ਚਾਹੀਦਾ ਹੈ, ਹਰ ਸਿੱਖ ਨੂੰ ਇਹ ਸਮਝਣਾ ਪਵੇਗਾ ਕਿ ਉਹ ਸਿਰਫ ਇਕ ਆਮ ਸਿੱਖ ਹੀ ਨਹੀਂ, ਸਗੋਂ ਗੁਰੂ ਨਾਨਕ ਸਾਹਿਬ ਦਾ ਦੂਤ ਹੈ, ਤੇ ਸਿੱਖ ਧਰਮ ਦਾ ਪਸਾਰ ਤੇ ਪ੍ਰਚਾਰ ਉਸ ਦੀ ਖੁਦ ਦੀ ਜ਼ਿੰਮੇਵਾਰੀ ਹੈ, ਨਾ ਕਿ ਅਖੌਤੀ ਸਾਧਾਂ, ਬਾਬਿਆਂ, ਤਖਤਾਂ ਤੇ ਦਿਓ ਕੱਦ ਕਮੇਟੀਆਂ ਦੀ?"

# ਮਜਮੇਬਾਜ਼



ਹਰਜੀਤ ਦਿਓਲ, ਬਰੈਂਪਟਨ
ਫੋਨ: 905-676-9242

ਰੇਲਵੇ ਸਟੇਸ਼ਨ ਦੇ ਬਾਹਰ ਭੀੜ-ਭਾੜ ਵਾਲਾ ਇਲਾਕਾ ਉਸ ਦਾ ਕਾਰਜ ਖੇਤਰ ਹੁੰਦਾ। ਇੱਕ ਸੰਦੂਕੜੀ ਸਾਹਮਣੇ ਰੱਖ ਉਹ ਆਸਣ ਜਮਾ ਲੈਂਦਾ। ਫੇਰ ਕੁਝ ਅਜੀਬੋ-ਗਰੀਬ ਚੀਜਾਂ ਕੱਢ ਉਹ ਲੋਕਾਂ ਨੂੰ ਆਕਰਸ਼ਿਤ ਕਰਦਾ ਅਤੇ ਉਸ ਦੇ ਨਜ਼ਦੀਕ ਕੁਝ ਲੋਕ ਉਤਸੁਕਤਾ ਵਸ ਆ ਖੜ੍ਹਦੇ। ਉਹ 'ਸਾਹਿਬਾਨ, ਮਿਹਰਬਾਨ, ਕਦਰਦਾਨ' ਤੋਂ ਸ਼ੁਰੂ ਕਰਕੇ ਤੇ ਕੋਈ ਚੁਟਕਲੇ ਜਾਂ ਕਹਾਣੀ ਪਾ ਆਪਣੇ ਦੁਆਲੇ ਲੋਕਾਂ ਦਾ ਚੰਗਾ ਜਮਘਟ ਲਾ ਲੈਂਦਾ। ਫਿਰ ਉਹ ਅਸਲੀ ਮੁੱਦੇ 'ਤੇ ਆਉਂਦਾ। ਕੁਝ ਜੜ੍ਹੀ-ਬੂਟੀਆਂ ਦਿਖਾ ਕੇ ਕਹਿੰਦਾ ਕਿ ਉਸ ਦਾ ਗੁਰੂ ਇੱਕ ਪਹੁੰਚਿਆ ਹੋਇਆ ਫਕੀਰ ਸੀ, ਜੋ ਜੜੀ ਬੂਟੀਆਂ ਦੀ ਤਲਾਸ਼ 'ਚ ਪਹਾੜਾਂ ਜੰਗਲਾਂ ਦੀ ਖਾਕ ਛਾਣ ਕੇ ਇੱਕ ਚੰਗਾ ਹਕੀਮ ਬਣ ਗਿਆ ਸੀ ਤੇ ਕਈ ਰੋਗਾਂ ਦੀਆਂ ਦੇਸੀ ਦਵਾਈਆਂ ਬਣਾ ਕੇ ਮੁਫਤ 'ਚ ਲੋਕਾਂ ਨੂੰ ਵੰਡ ਕੇ ਪੁੰਨ ਖੱਟਦਾ ਸੀ। ਉਹ ਸੰਜੋਗਵੱਸ ਉਸ ਦਾ ਸ਼ਿਸ਼ ਬਣ ਗਿਆ ਤੇ ਮਰਨ ਤੋਂ ਪਹਿਲਾਂ ਉਹ ਆਪਣਾ ਇਲਮ ਉਸ ਨੂੰ ਸੌਂਪ ਗਿਆ। ਉਸ ਨੇ ਦਵਾਈਆਂ ਬਣਾ ਲੋਕਾਂ 'ਚ ਮੁਫਤ ਵੰਡਣ ਦਾ ਉਸ ਦਾ ਮਿਸ਼ਨ ਚਾਲੂ ਰੱਖਿਆ ਹੈ। ਇਸ ਨਾਲ ਉਸ ਨੂੰ ਮਾਨਸਕ ਸਕੂਨ ਅਤੇ ਆਪਣੇ ਗੁਰੂ ਦਾ ਆਸ਼ੀਰਵਾਦ ਪ੍ਰਾਪਤ ਹੁੰਦਾ ਹੈ। ਅੱਜ ਜੋ ਦਵਾਈ ਉਹ ਵੰਡਣ ਜਾ ਰਿਹਾ ਹੈ, ਇਹ ਕਈ ਰੋਗਾਂ ਦਾ ਰਾਮਬਾਣ ਇਲਾਜ ਹੈ। ਇਸ ਨਾਲ ਉਹ ਇਸ ਦਵਾਈ ਨਾਲ ਠੀਕ ਹੋਣ ਵਾਲੇ ਅਣਗਿਣਤ ਰੋਗਾਂ ਦੀ ਲਿਸਟ ਸੁਣਾ ਦਿੰਦਾ।

ਫਿਰ ਉਹ ਆਪਣੀ ਸੰਦੂਕੜੀ ਵਿਚੋਂ ਕੁਝ ਸ਼ੀਸ਼ੀਆਂ ਕੱਢਦਾ ਤੇ ਲੋਕਾਂ ਨੂੰ ਕਹਿੰਦਾ ਕਿ ਜਿਨ੍ਹਾਂ ਨੂੰ ਇਹ ਚਾਹੀਦਿਆਂ ਹਨ, ਉਹ ਲੋਕ ਹੱਥ ਖੜੇ ਕਰਨ। ਬਹੁਤੇ ਲੋਕ ਮੁਫਤ ਦੀ ਦਵਾਈ ਲੈਣ ਖਾਤਰ ਹੱਥ ਚੁੱਕ ਲੈਂਦੇ। ਫਿਰ ਉਹ ਇਨ੍ਹਾਂ ਜਰੂਰਤਮੰਦ ਲੋਕਾਂ ਦੀ ਗਿਣਤੀ ਕਰਦਾ, "ਇੱਕ, ਦੋ, ਤਿੰਨ, ਚਾਰ...ਤੇ ਸੱਤਰ। ਤਾਂ ਸੱਤਰ ਲੋਕਾਂ ਨੂੰ ਇਹ ਬਹੁਮੁੱਲੀ ਦਵਾਈ ਚਾਹੀਦੀ ਹੈ!"

ਫਿਰ ਉਹ ਸ਼ੀਸ਼ੀਆਂ ਦੀ ਗਿਣਤੀ ਕਰਦਾ। ਇੱਕ, ਦੋ, ਤਿੰਨ ਚਾਰ..ਅਤੇ ਤੀਹ। ਲਓ ਜੀ ਸ਼ੀਸ਼ੀਆਂ ਤਾਂ ਤੀਹ ਹੀ ਰਹਿ ਗਈਆਂ ਤੇ ਬੰਦੇ ਸੱਤਰ। ਕੀ ਕਰਾਂ? ਜਾਪਦੈ ਮੁਫਤ ਦੀ ਦੇਖ ਕਈ ਗੈਰ ਜਰੂਰਤਮੰਦਾਂ ਵੀ ਹੱਥ ਖੜੇ ਕਰ ਦਿੱਤੇ। ਖੈਰ, ਮੈਂ ਪਤਾ ਕਰਨਾ ਜਾਣਦੈਂ ਕਿ ਅਸਲੀ ਜਰੂਰਤਮੰਦ ਕਿੰਨੇ ਹਨ। ਭਾਵੇਂ ਮੈਂ ਲਏ ਪੈਸੇ ਬਾਅਦ ਵਿਚ ਮੋੜ ਦੇਵਾਂ, ਸਾਹਿਬਾਨ, ਕਦਰਦਾਨ, ਮਿਹਰਬਾਨ ਇਸ ਸ਼ੀਸ਼ੀ ਦਾ ਮੁੱਲ ਹੈ-ਵੀਹ ਰੁਪਏ, ਵੀਹ ਰੁਪਏ, ਵੀਹ ਰੁਪਏ। ਜਿਸ ਕੋਲ ਹੋਣ, ਪੈਸੇ ਹੱਥ ਵਿਚ ਫੜ ਲਵੇ ਤੇ ਬਾਕੀ ਜਾਣ ਆਪਣੇ ਘਰਾਂ ਨੂੰ। ਜਕੋ-ਤੱਕੀ ਕਰਦਿਆਂ ਬਹੁਤੇ ਚੁੱਕੇ ਹੱਥ ਥੱਲੇ ਆ ਜਾਂਦੇ ਤੇ ਵੀਹ ਰੁਪਏ ਹੱਥ ਵਿਚ ਲਈ ਕੋਈ ਪੰਦਰਾਂ ਵੀਹ ਹੱਥ ਰਹਿ ਜਾਂਦੇ। ਹੁਣ ਉਹ ਲੋਕਾਂ ਨੂੰ ਬਹੁਤਾ ਸੋਚਣ ਦਾ ਮੌਕਾ ਨਾ ਦੇ ਕੇ ਫੁਰਤੀ ਨਾਲ ਪੈਸੇ ਫੜੀ ਜਾਂਦਾ ਤੇ ਸਭ ਨੂੰ ਇੱਕ ਇੱਕ ਸ਼ੀਸ਼ੀ ਫੜਾਈ ਜਾਂਦਾ। ਚਾਰ ਪੰਜ ਸੌ ਜੇਬ 'ਚ ਪਾ ਉਹ ਆਪਣੀ ਦੁਕਾਨ ਸਮੇਟ ਲੈਂਦਾ।

ਇਸ ਤੋਂ ਪਹਿਲਾਂ ਲੋਕ ਇਹ ਸਮਝਣ ਕਿ ਉਨ੍ਹਾਂ ਨਾਲ ਕੋਈ ਠੱਗੀ ਤਾਂ ਨਹੀਂ ਵੱਜ ਗਈ, ਉਹ ਉਥੋਂ ਪੱਤਰਾ ਵਾਚ ਜਾਂਦਾ ਅਤੇ ਕਿਸੇ ਦੂਜੇ ਇਲਾਕੇ 'ਚ ਉਸ ਦਾ ਮਜਮਾ ਲੱਗਾ ਹੁੰਦਾ ਤੇ ਲੋਕ ਸੁਣ ਰਹੇ ਹੁੰਦੇ, 'ਸਾਹਿਬਾਨ, ਕਦਰਦਾਨ, ਮਿਹਰਬਾਨ...।'




ਬਹੁਤ ਸਮਾਂ ਪਹਿਲਾਂ ਐਸਾ ਇੱਕ ਮਜਮੇਬਾਜ਼ ਮੈਂ ਦੇਖਿਆ ਕਰਦਾ ਸਾਂ, ਪਰ ਅੱਜ ਵੀ ਸਮਾਜ ਅੰਦਰ ਅਜਿਹੇ ਕਾਫੀ ਮਜਮੇਬਾਜ਼ ਹਨ ਤੇ ਉਨ੍ਹਾਂ ਕਈ ਢੰਗ ਤਰੀਕੇ ਅਪਨਾ ਲਏ ਹਨ ਅਤੇ ਉਹ ਸੰਤ ਮਹਾਤਮਾ, ਧਰਮ ਪ੍ਰਚਾਰਕ, ਸਮਾਜ ਸੇਵੀ, ਜੋਤਸ਼ੀ, ਤਾਂਤਰਿਕ, ਵਾਸਤੂ ਸ਼ਾਸਤਰੀ ਅਤੇ ਕਈ ਹੋਰ ਨਵੇਂ ਹਥਕੰਡਿਆਂ ਰਾਹੀਂ ਲੋਕਾਂ ਨੂੰ ਮੂਰਖ ਬਣਾ ਰਹੇ ਹਨ।

ਜਨਾਬ, ਸਾਹਿਬਾਨ, ਮਿਹਰਬਾਨ, ਕਦਰਦਾਨ ਅੱਖਾਂ ਖੁੱਲ੍ਹੀਆਂ ਰੱਖਣ ਦੀ ਲੋੜ ਹੈ, ਕਿਉਂਕਿ ਇਨ੍ਹਾਂ ਮਜਮੇਬਾਜ਼ਾਂ ਨੂੰ 'ਅੱਖਾਂ ਦੇ ਅੰਨੇ ਤੇ ਗਾਂਠ ਦੇ ਪੂਰੇ' ਬੰਦਿਆਂ ਦੀ ਤਲਾਸ਼ ਰਹਿੰਦੀ ਹੈ।

# ਮੱਲ ਸਿੰਘ ਦਾ ਫਹਿਣਾ

ਆਖਰ ਰੁਲ ਹੀ ਗਿਆ ਜ਼ੰਜਲ ਵਾਲਾ ਮੱਲ ਸਿੰਘ ਤੇ ਵਿਚੇ ਰਹਿ ਗਿਆ ਉਸ ਵਲੋਂ ਰਚਿਆ ਜਾਣ ਵਾਲਾ ਵਾਰਿਸ ਸ਼ਾਹ ਦੀ ਹੀਰ ਦਾ ਸ਼ਬਦਕੋਸ਼!

ਪਾਠਕੋ, ਇਹ ਉਸੇ ਮੱਲ ਸਿੰਘ ਦੀ ਗੱਲ ਹੈ, ਜੋ ਮੇਰੇ ਪਿੰਡ ਤਲਵੰਡੀ ਸਾਬੋ ਤੋਂ ਲਹਿੰਦੇ ਵਲ ਨੂੰ ਚਾਰ ਕੁ ਕਿਲੋਮੀਟਰ 'ਤੇ ਵਸਦੇ ਛੋਟੇ ਜਿਹੇ ਪਿੰਡ ਜ਼ੰਜਲ ਵਿਚ ਰਹਿੰਦਾ ਸੀ, ਤੇ ਜਿਸ ਨੇ 'ਕੇਰਾਂ ਆਪਣੇ ਨਾਂ ਨਾਲ 'ਪਾਗਲ' ਦਾ ਤਖੱਲਸ ਵੀ ਜੋੜ ਲਿਆ ਸੀ। ਉਹੀ ਮੱਲ ਸਿੰਘ, ਜਿਸ ਨੂੰ ਮੇਰੇ ਜਿਹੇ ਤਾਂ ਜਮਾਂਦਰੂ ਕਲਾਕਾਰ ਸਮਝਦੇ ਰਹੇ, ਪਰ ਜੋ ਉਸ ਦੇ ਪੇਂਡੂ ਆਲੇ-ਦੁਆਲੇ ਲਈ



ਸਿੱਧੂ ਦਮਦਮੀ
ਫੋਨ: 91-94170-13869

ਝਲ-ਵਲੱਲੀਆਂ ਮਾਰਨ ਵਾਲਾ ਪਿੰਡ ਦੇ ਮਿਸਤਰੀਆਂ ਦਾ ਮੁੰਡਾ ਹੀ ਰਿਹਾ। ਉਹੀ ਮੱਲ ਸਿੰਘ, ਜਿਸ ਦੀ ਖਰ੍ਹਵੀ ਵਿਦਵਤਾ ਦੇ ਕੀਲੇ ਹੋਏ ਮੇਰੇ ਕਈ ਪੱਤਰਕਾਰ ਦੋਸਤਾਂ ਲਈ ਉਸ ਨੂੰ ਮਿਲਣਾ ਤੇ ਉਸ ਦੀਆਂ ਬਾਤੀਆਂ ਵਿਚ ਗੁੜ ਦੀ ਚਾਹ ਪੀਣੀ ਲਾਜ਼ਮੀ ਹੋ ਗਈ ਸੀ। ਉਹੀ ਮਲਵਈ ਚਾਦਰੇ ਤੇ ਟੌਰਦਾਰ ਪੱਗ ਵਾਲਾ ਮੱਲ ਸਿੰਘ, ਜਿਸ ਨੂੰ ਸਿਰਫ ਦਸਵੀਂ ਪੜ੍ਹੇ ਹੋਣ ਦੇ ਬਾਵਜੂਦ ਪੰਜਾਬੀ-ਅੰਗਰੇਜ਼ੀ ਦੀਆਂ ਕਿਤਾਬਾਂ-ਰਸਾਲੇ ਪੜ੍ਹਨ ਦੀ ਕਦੇ ਨਾ ਮਿਟਣ ਦੀ ਭੁੱਖ ਲਗਦੀ ਸੀ।

ਭਾਵੇਂ ਪਹਿਲਾਂ ਮੱਲ ਸਿੰਘ ਨੇ ਹੀ ਮੈਨੂੰ ਲੱਭਿਆ ਸੀ, ਜਦੋਂ ਕਾਲਜ ਪੜ੍ਹਦਿਆਂ ਮੈਂ ਇਧਰ-ਉਧਰ ਛਪਣਾ ਸ਼ੁਰੂ ਹੋ ਗਿਆ ਸਾਂ, ਪਰ ਪਿਛੋਂ ਜਦੋਂ ਮੇਰਾ ਉਸ ਨਾਲ ਭਰਵਾਂ ਵਾਹ ਪਿਆ ਤਾਂ ਪਤਾ ਨਹੀਂ ਮੈਂ ਕਿਵੇਂ ਇਹ ਸੋਚ ਗਿਆ ਕਿ ਮੱਲ ਸਿੰਘ ਮੇਰਾ ਲਭਿਆ ਉਹ ਰੋਹੀ ਦਾ ਫੁੱਲ ਸੀ, ਜਿਸ ਦੀ ਗੱਲ ਕਦਰਦਾਨਾਂ ਵਿਚ ਚਲਾਉਣੀ ਮੇਰਾ ਧਰਮ ਸੀ। ਸ਼ਰਮਨਾਕ ਗੱਲ ਇਹ ਕਿ ਜ਼ਿੰਦਗੀ ਦੇ ਹੋਰ ਰੁਝੇਵਿਆਂ ਵਿਚ ਫਸਦਾ ਫਸਦਾ ਇਹ 'ਧਰਮ' ਵਾਲੀ ਗੱਲ ਮੈਂ ਭੁੱਲ ਹੀ ਗਿਆ।

ਪਿਛਲੇ ਕੁਝ ਸਾਲ ਮੇਰਾ ਮੱਲ ਸਿੰਘ ਨਾਲ ਕੋਈ ਵਾਸਤਾ ਹੀ ਨਹੀਂ ਸੀ ਰਿਹਾ। ਉਸ ਬਾਰੇ ਕੀਤੀ ਮੇਰੀ ਹਰੇਕ ਪੁੱਛ ਦੇ ਜੁਆਬ ਵਿਚ ਮੋਟੇ ਤੌਰ 'ਤੇ ਇਹੀ ਸੁਣਨ ਨੂੰ ਮਿਲਦਾ ਰਿਹਾ, "ਉਹ ਤਾਂ ਜੀ ਬਸ ਰੁਲ ਗਿਆ, ਹੁਣ ਤਾਂ...।" ਪਰ ਜਿੰਨਾ ਚਿਰ ਮੇਰੇ ਪਿਤਾ ਜੀ ਤੇ ਬੇਜੀ ਜਿਉਂਦੇ ਸਨ, ਤਦ ਤਕ ਮੇਰੇ ਵਲੋਂ ਪਿੰਡ ਦਾ ਗੇੜਾ ਮਾਰਨ ਦੀ ਪੂਰੀ ਟੋਹ ਰਖਦਾ ਰਿਹਾ ਸੀ। ਪਿੰਡ ਜਾ ਕੇ ਹੋਰ ਗੱਲਾਂ ਤੋਂ ਇਲਾਵਾ ਮੈਨੂੰ ਪਿਤਾ ਜੀ-ਬੇਜੀ ਦੀ ਇਸ ਹਾਕ ਦੀ ਉਡੀਕ ਰਹਿੰਦੀ ਸੀ, "ਭਾਈ ਮੱਲ ਸਿੰਘ ਆਇਐ ਤੈਨੂੰ ਮਿਲਣ!" ਤੇ ਇਕਹਿਰੇ ਸਰੀਰ ਵਾਲਾ ਮੱਲ ਸਿੰਘ ਨੱਕ ਦੀ ਸੇਧੇ ਚਲਦਾ ਮੇਰੇ ਕੋਲ ਆ ਧਮਕਦਾ-ਧੌੜੀ ਦੀ ਨੋਕਾਂ ਵਾਲੀ ਜੁੱਤੀ, ਕੁਝ ਕੁ ਉੱਚਾ ਕਰਕੇ ਬੰਨ੍ਹਿਆ ਚਾਦਰਾ, ਟੌਰੇਦਾਰ ਪੱਗ ਤੇ ਦੇਸੀ ਝੋਲੇ ਵਿਚ ਤੂਸੇ ਕਾਗਜ਼, ਕਿਤਾਬਾਂ, ਰਸਾਲੇ।

ਆਉਣ ਸਾਰ ਗੱਲ ਉਹ ਇੰਜ ਸ਼ੁਰੂ ਕਰਦਾ, ਜਿਵੇਂ ਸੂਈ ਗਰਾਮੋਫੂਨ ਰਿਕਾਰਡ ਦੇ ਅੱਧ ਵਿਚਾਲਿਉਂ ਧਰੀ ਗਈ ਹੋਵੇ, "ਕੁਸ਼ ਨਹੀਂ ਕੀਤਾ ਉਨ੍ਹਾਂ ਨੇ...ਖਰੜਾ ਭੇਜੇ ਨੂੰ ਕਈ ਮਹੀਨੇ ਹੋ'ਗੇ...ਤੇਰੇ ਕਹਿਣ ਮੁਤਾਬਕ ਲਿਖ ਦਿੱਤਾ ਸੀ, ਉਨ੍ਹਾਂ ਨੂੰ ਵੀ ਪਰ...।"

ਕਿਉਂਕਿ ਉਸ ਨੇ ਪਿਤਾ-ਪੁਰਖੀ ਤਰਖਾਣੀ ਕਿਤਾ ਕਰਨ ਦੀ ਥਾਂ ਆਪਣੀ ਥੋੜ੍ਹੀ ਜਿਹੀ ਜ਼ਮੀਨ ਦੀ ਕਿਰਸਾਨੀ ਦੇ ਸਿਰ 'ਤੇ ਗੁਜ਼ਾਰਾ ਚਲਾ ਕੇ ਲਿਖਣ ਦਾ ਸ਼ੌਕ ਪਾਲਣ ਨੂੰ ਚੁਣਿਆ ਸੀ, ਇਸ ਲਈ ਅਕਸਰ ਉਸ ਦੀ ਆਰਥਕਤਾ ਡੋਲਦੀ ਰਹਿੰਦੀ, ਪਰ ਇਨ੍ਹਾਂ ਸਾਰੀਆਂ ਔਕੜਾਂ ਦੇ ਬਾਵਜੂਦ ਉਹ ਏਨੀਆਂ ਲਿਖਣ ਯੋਜਨਾਵਾਂ ਨਾਲ ਭਰਿਆ ਹੁੰਦਾ ਕਿ ਇਨ੍ਹਾਂ ਨੂੰ ਮੇਰੇ ਨਾਲ ਸਾਂਝੀਆਂ ਕਰਨ ਦੀ ਤੀਬਰਤਾ ਵਿਚ ਸਾਡੀ ਮੁਲਾਕਾਤ ਦੇ ਪਹਿਲੇ ਕੁਝ ਮਿੰਟ ਤਾਂ ਉਹ ਇਨ੍ਹਾਂ ਦੇ ਉੱਘੜ-ਦੁੱਘੜ ਜੋੜੇ ਟੋਟਿਆਂ ਦਾ ਜਿਵੇਂ ਕੋਲਾਜ ਪੇਸ਼ ਕਰਦਾ। ਅਜਿਹਾ ਕਰਕੇ ਉਹ ਆਪਣੀਆਂ ਯੋਜਨਾਵਾਂ ਬਾਰੇ ਜਾਣਨ ਲਈ, ਜਿਵੇਂ ਮੇਰੇ ਵਿਚ ਉਤਸੁਕਤਾ ਭਰਦਾ।

ਮੱਲ ਸਿੰਘ ਦੀਆਂ ਇਨ੍ਹਾਂ ਲਿਖਣ ਯੋਜਨਾਵਾਂ ਵਿਚ ਕਦੇ ਕਿਸੇ ਪੁਰਾਤਨ ਕਿੱਸੇ ਬਾਰੇ ਖੋਜ ਕਰਨ ਦਾ ਕੋਈ ਖਾਕਾ ਹੁੰਦਾ, ਕਦੇ ਮਲਵਈ ਬੋਲੀ ਦਾ ਸ਼ਬਦਕੋਸ਼ ਤਿਆਰ ਕਰਨ ਦੀ ਵਿਉਂਤ ਹੁੰਦੀ। ਜੇ ਕਦੇ ਤਾਜ਼ੇ ਲਿਖੇ ਛੰਦ-ਬੈਂਤ-ਗਜ਼ਲ ਹੁੰਦੇ ਤਾਂ ਵਾਰਿਸ ਸ਼ਾਹ ਦੀ ਹੀਰ ਦੇ ਲਿਖੇ ਜਾ ਰਹੇ ਸ਼ਬਦਕੋਸ਼ ਦੇ ਕੁਝ ਨਵੇਂ ਇੰਦਰਾਜ਼ ਵੀ ਹੁੰਦੇ। ਉਸ ਕੋਲ ਸਾਹਿਤ ਬਾਰੇ, ਸਾਹਿਤਕ ਸੰਸਥਾਵਾਂ ਦੇ ਕੰਮਕਾਜ ਬਾਰੇ, ਸਾਹਿਤਕ ਖੋਜੀਆਂ ਦੇ ਦਾਅਵਿਆਂ ਬਾਰੇ ਬੇਅੰਤ ਸੁਆਲ ਤੇ ਬੇਅੰਤ ਸ਼ੱਕ ਹੁੰਦੇ। ਇਨ੍ਹਾਂ ਦਾ ਬਿਨਾ ਲਗ-ਲਪੇਟ ਦੇ ਜ਼ਿਕਰ ਕਰਦਿਆਂ ਉਸ ਦੀ ਅਵਾਜ਼ ਪੈਰੋ-ਪੈਰ ਉਚੀ ਹੁੰਦੀ ਜਾਂਦੀ ਤੇ ਅੰਤ ਕੌੜੀ ਹੋ ਜਾਂਦੀ। ਚਿਹਰਾ ਦਗਣ ਲਗਦਾ, ਪਰ ਉਹ ਆਪਣੀ ਚਲ ਰਹੀ ਗੱਲ ਦੀ ਇਕਾਗਰਤਾ ਨਹੀਂ ਸੀ ਉਖੜਨ ਦਿੰਦਾ।

ਮਾਲਵੇ ਦੇ ਪ੍ਰਸਿੱਧ ਕਿੱਸਾਕਾਰ ਸਾਧੂ ਸੱਦਾ ਰਾਮ ਬਾਰੇ ਕੀਤੇ ਮੱਲ ਸਿੰਘ ਦੇ ਕੰਮ ਨੂੰ ਪੰਜਾਬੀ ਯੂਨੀਵਰਸਿਟੀ ਦੇ ਲਿਟਰੇਰੀ ਸਟੱਡੀਜ਼ ਵਿਭਾਗ ਨੇ ਦਰਜਨਾਂ ਚਿੱਠੀਆਂ ਤੇ ਗੇੜਿਆਂ ਦੇ ਬਾਵਜੂਦ ਗੌਲਿਆ ਹੀ ਨਹੀਂ ਸੀ। ਇਹ ਕੰਮ ਜੇ ਕਿਸੇ ਐਮ. ਏ. ਪਾਸ ਨੇ ਕੀਤਾ ਹੁੰਦਾ ਤਾਂ ਨਾ ਸਿਰਫ ਉਹ ਪੀਐਚ. ਡੀ. ਕਰ ਗਿਆ ਹੁੰਦਾ, ਸਗੋਂ ਕਿਸੇ ਯੂਨੀਵਰਸਿਟੀ ਵਿਚ ਨੌਕਰੀ ਦਾ ਹੱਕਦਾਰ ਵੀ ਬਣ ਗਿਆ ਹੁੰਦਾ। (ਅਜਿਹਾ ਹੋ ਤਾਂ ਹੁਣ ਵੀ ਸਕਦਾ ਹੈ, ਬਸ਼ਰਤੇ ਵਿਭਾਗ ਦੀਆਂ ਫਾਈਲਾਂ ਵਿਚ ਦੱਬਿਆ ਮੱਲ ਸਿੰਘ ਦੇ ਖੋਜ ਕਾਰਜ ਦਾ ਖਰੜਾ ਜੇ ਕਿਸੇ ਚਾਲੂ ਖੋਜੀ ਜਾਂ ਗਾਈਡ ਦੇ ਹੱਥ ਲੱਗ ਜਾਏ)। ਇਵੇਂ ਉਸ ਵਲੋਂ ਪੇਸ਼ ਕੀਤੇ ਗਏ ਵਰਿਸ ਸ਼ਾਹ ਦੀ ਹੀਰ ਦੇ ਸ਼ਬਦਕੋਸ਼ ਤਿਆਰ ਕਰਨ ਦੀ ਯੋਜਨਾ ਵੀ ਭਾਸ਼ਾ ਵਿਭਾਗ ਨੇ ਫਾਈਲਾਂ ਵਿਚ ਹੀ ਰੋਲ ਦਿੱਤੀ, ਪਰ ਮੱਲ ਸਿੰਘ ਆਪਣੇ ਨਾਂ ਦੇ ਅਰਥਾਂ ਅਨੁਸਾਰ ਆਪਣੇ ਵਿਉਂਤੇ ਕਾਰਜ ਪੂਰੇ ਕਰਨ ਲਈ ਆਪ ਹੀ ਸਾਹਿਤਕ ਮੱਲ ਬਣਿਆ ਧਰਤੀ ਪਕੜ ਕੇ ਜ਼ੋਰ ਕਰਦਾ ਰਿਹਾ।

ਮੱਲ ਸਿੰਘ ਦੇ ਅੰਦਰਲੀ ਜਮਾਂਦਰੂ ਖੋਜੀ ਵਾਲੀ ਚੇਟਕ ਦੀ ਭਿੰਨਤਾ ਵੀ ਕਮਾਲ ਦੀ ਸੀ। ਉਸ ਦੇ ਘਰ ਉਪਰੋਥਲੀ ਦੋ ਬੇਟੀਆਂ ਦੇ ਜਨਮ ਲੈਣ ਕਾਰਨ ਉਸ ਤੇ ਬੇਟਾ ਪੈਦਾ ਕਰਨ ਲਈ ਪਏ ਪਰਿਵਾਰਕ ਦਬਾਓ ਨੇ ਮਨੁੱਖੀ ਗਰਭ ਗਿਆਨ ਵਲ ਅਜਿਹਾ ਪ੍ਰੇਰਿਆ ਕਿ ਉਹ ਇਸ ਵਿਸ਼ੇ ਦੇ ਵੀ ਡੂੰਘੇ ਅਧਿਐਨ ਵਿਚ ਉਤਰ ਗਿਆ। ਰੌਚਕ ਗੱਲ ਇਹ ਕਿ ਇਸ ਦੇ ਫਲਸਰੂਪ ਨਾ ਸਿਰਫ ਬਿਨਾ ਕਿਸੇ ਓਹੜ-ਪੋਹੜ ਦੇ ਉਹ ਆਪ ਬੇਟਾ ਪੈਦਾ ਕਰਨ ਵਿਚ ਕਾਮਯਾਬ ਹੋ ਗਿਆ, ਸਗੋਂ ਇਸ ਮੁੱਦੇ 'ਤੇ ਆਮ ਲੋਕਾਂ ਲਈ ਇਕ ਤਰਕਸ਼ੀਲ ਕਿਤਾਬ ਲਿਖਣ ਦਾ ਬੀੜਾ ਵੀ ਉਸ ਨੇ ਚੁੱਕ ਲਿਆ ਸੀ।

ਉਂਜ ਇਸ ਪਿਛੋਂ ਮੱਲ ਸਿੰਘ ਦੀ ਕਬੀਲਦਾਰੀ ਉਲਝਦੀ ਚਲੀ ਗਈ। ਮੇਰੇ ਵਰਗੇ ਦੀਆਂ ਸੱਚੀਆਂ ਸਿਫਾਰਸ਼ਾਂ ਨੇ ਵੀ ਉਸ ਦਾ ਸੁੱਕਾ ਹੌਸਲਾ ਬੰਨ੍ਹਾਉਣ ਤੋਂ ਸਿਵਾ ਕੁਝ ਨਾ ਸੰਵਾਰਿਆ।

ਉਹ ਜਦੋਂ ਕਦੇ ਵੀ ਮੈਨੂੰ ਮਿਲਦਾ ਤਾਂ ਹਸਬੇ ਦਸਤੂਰ ਉਸ ਦੀਆਂ ਖੋਜ ਯੋਜਨਾਵਾਂ ਦਾ ਕੋਲਾਜ ਸੁਣਨ ਉਪਰੰਤ ਮਨ ਗਿਲਾਨੀ ਨਾਲ ਭਰ ਜਾਂਦਾ। ਮਨ ਕਹਿੰਦਾ ਕਿ ਮੱਲ ਸਿੰਘ ਨੂੰ ਸਿੱਧੇ ਸਪਾਟ ਸ਼ਬਦਾਂ ਵਿਚ ਮੈਂ ਕਿਉਂ ਨਹੀਂ ਦਸ ਦਿੰਦਾ ਕਿ ਅਜੋਕਾ ਸਿਸਟਮ ਸਾਹਿਤ-ਕਲਾ ਦੀਆਂ ਗਲੈਮਰਜ਼ ਕੁਸ਼ਤੀਆਂ ਦਾ ਜੋ ਡਬਲਿਊ. ਡਬਲਿਊ. ਐਫ. ਚਲਾ ਰਿਹਾ ਹੈ, ਉਸ ਵਿਚ ਮੱਲ ਸਿੰਘ ਜਿਹੇ ਦੇਸੀ ਮੱਲਾਂ ਨੂੰ ਸ਼ਾਮਲ ਕੀਤੇ ਜਾਣ ਦਾ ਮੂਲੋਂ ਕੋਈ ਸਕੋਪ ਨਹੀਂ। ਪਰ ਨਾਲ ਹੀ ਜਾਪਣ ਲਗਦਾ ਕਿ ਇੰਜ ਕਰਕੇ ਨਾ ਸਿਰਫ ਮੈਂ ਉਸ ਦਾ ਹੌਸਲਾ ਤੋੜ ਦੇਵਾਂਗਾ, ਸਗੋਂ ਉਸ ਕੋਲੋਂ ਉਸ ਦੇ ਜਿਉਣ ਦੇ ਅਰਥ ਵੀ ਖੋਹ ਲਵਾਂਗਾ। ਸੋ ਮੱਲ ਸਿੰਘ ਆਪਣੀ ਧੁਨ ਵਿਚ ਰਮਿਆ, ਨਾ ਫਹਿਣ ਦੀ ਜ਼ਿਦ ਫੜੀ ਧਰਤੀ ਪਕੜ ਕੇ ਘੁਲਦਾ ਰਿਹਾ, ਲਿਖਦਾ ਰਿਹਾ, ਯੂਨੀਵਰਸਿਟੀ ਤੇ ਭਾਸ਼ਾ ਵਿਭਾਗ ਦੇ ਗੇੜੇ ਮਾਰਦਾ ਰਿਹਾ।

ਇਸੇ ਦੌਰਾਨ ਪਤਾ ਲੱਗਾ ਕਿ ਉਸ ਦਾ ਐਕਸੀਡੈਂਟ ਹੋ ਗਿਆ ਸੀ। ਗੁਆਂਢੀ ਪਿੰਡ ਲਾਲੇਆਣਾ ਤੋਂ ਬੱਸ ਦੀ ਛੱਤ 'ਤੇ ਬਹਿ ਕੇ ਆ ਰਿਹਾ ਸੀ ਕਿ ਸੜਕ ਤੋਂ ਲੰਘਦੀਆਂ ਨੀਵੀਆਂ ਤਾਰਾਂ ਵਿਚ ਸਿਰ ਫਸ ਗਿਆ ਸੀ।

ਇਸ ਹਾਦਸੇ ਪਿਛੋਂ ਉਸ ਨਾਲ ਮੇਰੀ ਇਕੋ ਆਖਰੀ ਮੁਲਾਕਾਤ ਹੋਈ, ਕਿਉਂਕਿ ਤਦ ਤਕ ਸਾਡੇ ਘਰ ਉਸ ਦੇ ਆਉਣ ਦੀ ਖਬਰ 'ਭਾਈ ਮੱਲ ਸਿੰਘ ਆਇਐ ਤੈਨੂੰ ਮਿਲਣ' ਕਹਿ ਕੇ ਦੇਣ ਵਾਲੇ ਮੇਰੇ ਮਾਪੇ ਵੀ ਤੁਰ ਗਏ ਸਨ, ਇਸ ਲਈ ਘਰ ਵਿਚਲੇ ਇਕੱਠ ਵਿਚੋਂ ਦੀ ਪੁੱਛਦਾ-ਪੁਛਾਉਂਦਾ ਉਹ ਮੇਰੇ ਤਕ ਪਹੁੰਚਿਆ ਸੀ। ਕੁਝ ਚਿਰ ਇਧਰ-ਉਧਰ ਡੌਰ-ਭੌਰਾ ਜਿਹਾ ਵੇਖਣ ਪਿਛੋਂ ਉਸ ਦਸਿਆ ਕਿ ਐਕਸੀਡੈਂਟ ਨਾਲ ਉਸ ਦੇ ਸਿਰ ਨੂੰ ਗਹਿਰੀ ਚੋਟ ਪਹੁੰਚੀ ਸੀ, ਜਿਸ ਦੇ ਨਾਲ ਉਸ ਦੇ ਦਿਮਾਗ ਵਿਚ ਨੁਕਸ ਪੈ ਗਿਆ ਸੀ।

ਫਿਰ ਉਸ ਦੀਆਂ ਗੱਲਾਂ ਦੀ ਰਫਤਾਰ ਤੇਜ਼ ਤੇ ਅਵਾਜ਼ ਉਚੀ ਹੁੰਦੀ ਗਈ, ਜਿਵੇਂ ਪੀਟਰ ਇੰਜਣ ਦਾ ਗਵਰਨਰ ਖੁੱਲ੍ਹ ਗਿਆ ਹੋਵੇ। ਪਹਿਲਾਂ ਦੇ ਉਲਟ ਹੁਣ ਉਸ ਦੀਆਂ ਗੱਲਾਂ ਵਿਚੋਂ ਤਰਤੀਬ ਗਾਇਬ ਹੋ ਗਈ ਸੀ। ਆਪਣੀਆਂ ਲਿਖਣ ਯੋਜਨਾਵਾਂ ਦਾ ਪਹਿਲਾਂ ਵਾਂਗ ਕੋਲਾਜ ਪੇਸ਼ ਕਰਨ ਦੀ ਥਾਂ ਹੁਣ ਉਸ ਦੇ ਮੂੰਹੋਂ ਸ਼ਬਦਾਂ ਦਾ ਕਚਰਾ ਡਿੱਗ ਰਿਹਾ ਸੀ...।

*('ਸਾਹਿਬਾਂ ਦੀ ਦੋਚਿੱਤੀ' ਵਿਚੋਂ)*

# ਪੈਸੇ ਦੀ ਤਾਲ 'ਤੇ ਨੱਚਦੀ ਦੁਨੀਆਂ

ਪੈਸੇ ਬਿਨਾ ਗੱਡੀ ਚੱਲਦੀ ਨਹੀਂ, ਵਸਤਾਂ ਤੇ ਸੇਵਾਵਾਂ ਖਰੀਦਣ ਲਈ ਇਹ ਮਾਧਿਅਮ ਵਜੋਂ ਵਰਤਿਆ ਜਾਂਦਾ ਹੈ। ਇਸ ਨੂੰ ਕਮਾਉਣ ਲਈ ਕੰਮ ਕਰਨਾ ਪੈਂਦਾ ਹੈ; ਹੱਡ ਭੰਨਵੀਂ ਮੁਸ਼ੱਕਤ ਹੋਵੇ, ਕੰਮ ਦਿਮਾਗੀ ਲਿਖਾ-ਪੜ੍ਹੀ ਦਾ ਹੋਵੇ ਜਾਂ ਵਪਾਰਕ-ਸਾਰੇ ਕੰਮ ਹੀ ਹਨ। ਇਹ ਕਰਨ ਬਦਲੇ ਪੈਸਾ ਮਿਲਦਾ ਹੈ ਤੇ ਉਸ ਨਾਲ ਅੱਗੇ ਹਰ ਬੰਦਾ ਆਪਣੀ ਲੋੜ ਮੁਤਾਬਿਕ ਆਪਣੀਆਂ ਗਰਜਾਂ ਪੂਰੀਆਂ ਕਰਦਾ ਹੈ। ਲੋੜਾਂ ਮੁਤਾਬਿਕ ਪੈਸੇ ਦੀ ਆਮਦ ਹੁੰਦੀ ਰਹੇ ਤਾਂ ਜ਼ਿੰਦਗੀ ਦੀ ਗੱਡੀ ਵਧੀਆ ਸੁਖਾਵੀਂ ਚਲਦੀ ਰਹਿੰਦੀ ਹੈ ਤੇ ਇੰਜ ਜੀਵਨ ਦਾ ਨਿਰਵਾਹ ਸਹੀ ਲੀਹ 'ਤੇ ਤੁਰਿਆ ਜਾਂਦਾ ਹੈ। ਪੈਸਾ ਕਿੰਨਾ ਹੋਵੇ, ਕਿੰਨਾ ਨਾ ਹੋਵੇ? ਇਹ ਸਵਾਲੀਆ ਚਿੰਨ ਹਮੇਸ਼ਾ ਮਨ ਦੀ ਸੋਚ 'ਚ ਬਣਿਆ ਰਹਿੰਦਾ ਹੈ। ਜਿਉਂ ਜਿਉਂ ਲੋੜਾਂ ਦੀ ਪੂਰਤੀ ਦੀ ਖਾਹਿਸ਼ ਵਧਦੀ ਹੈ ਤੇ ਨਾਲ ਹੀ ਪੈਸਾ ਵਧੇਰੇ ਹੋਣ ਦੀ



ਕਲਵੰਤ ਸਿੰਘ ਸਹੋਤਾ
ਫੋਨ: 604-589-5919

ਤਮੰਨਾ ਵੀ ਵਧ ਜਾਂਦੀ ਹੈ ਅਤੇ ਇਹ ਵਧਦੀ ਵਧਦੀ ਅਮੁੱਕ ਦਿਸ਼ਾ ਵਲ ਨੂੰ ਤੁਰ ਪੈਂਦੀ ਹੈ, ਇੱਥੇ ਆ ਕੇ ਮਨ ਦੇ ਸੰਤੁਲਿਤ ਰਹਿਣ ਦੀ ਸਥਿਤੀ ਵਿਗੜਨੀ ਸ਼ੁਰੂ ਹੁੰਦੀ ਹੈ।

ਅੱਜ ਦੇ ਪਦਾਰਥੀ ਯੁੱਗ 'ਚ ਸਾਡੀ ਬਿਰਤੀ ਪਦਾਰਥਾਂ ਨਾਲ ਬੱਝ ਕੇ ਪੈਸੇ ਦੇ ਗੇੜ 'ਚ ਹੀ ਘੁੰਮਣ ਲੱਗ ਪਈ ਹੈ ਅਤੇ ਇੰਜ ਜ਼ਿੰਦਗੀ ਦਾ ਬਹੁ-ਕੀਮਤੀ ਸਮਾਂ ਜ਼ਜ਼ਬ ਕਰ ਰਹੀ ਹੈ। ਅਜਿਹੀ ਸਥਿਤੀ 'ਚ ਇੱਕ ਖਲਾਅ ਪੈਦਾ ਹੁੰਦਾ ਹੈ, ਜੋ ਆਖਿਰ ਖਤਰਨਾਕ ਬਿੰਦੂ 'ਤੇ ਪਹੁੰਚ ਜਾਂਦਾ ਹੈ, ਜਿਸ ਤੋਂ ਪਿੱਛੇ ਮੁੜਨਾ ਅਸੰਭਵ ਹੋ ਜਾਂਦਾ ਹੈ। ਇਸ ਬਿੰਦੂ 'ਤੇ ਮਨ ਦੀ ਸ਼ਾਂਤੀ, ਪਿਆਰ, ਸਰਲ ਜੀਵਨ ਜਿਉਣ ਦਾ ਅਨੰਦ, ਅਪਣੱਤ ਤੇ ਸਮਾਜਕ ਪ੍ਰਤੀਬੱਧਤਾ ਵਾਲੀਆਂ ਭਾਵਨਾਵਾਂ; ਪਰਿਵਾਰਾਂ ਪ੍ਰਤੀ ਭਾਵਨਾਵਾਂ ਸਭ ਖੰਭ ਲਾ ਕੇ ਉਡ ਜਾਂਦੀਆਂ ਹਨ। ਅਸੀਂ ਅੰਦਰੋਂ ਖੋਖਲੇ ਖੋਖਲੇ ਹੋਣ ਲਗਦੇ ਹਾਂ। ਪੈਸੇ ਦੀ ਦੌੜ ਸਭ ਆਮ-ਖਾਸ ਰਿਸ਼ਤਿਆਂ ਨੂੰ ਤਾਰ ਤਾਰ ਕਰ ਦਿੰਦੀ ਹੈ। ਨਵੀਂ ਤੋਂ ਨਵੀਂ ਦਿਨੋਂ ਦਿਨ ਆ ਰਹੀ ਤਕਨਾਲੋਜੀ ਸਾਡੀ ਜ਼ਿੰਦਗੀ ਨੂੰ ਪੈਸੇ ਦੁਆਲੇ ਘੁੰਮਣ ਲਾ ਦਿੰਦੀ ਹੈ ਤੇ ਇੰਜ ਅਸੀਂ ਸੀਮਤ ਦਾਇਰੇ 'ਚ, ਸੀਮਤ ਲੋੜਾਂ ਦੀ ਪੂਰਤੀ ਲਈ; ਸੀਮਤ ਦਾਇਰੇ ਵਿਚੋਂ ਬਾਹਰ ਧੂਹ ਹੋ, ਇਸ ਪੈਸੇ ਦੀ ਹਨੇਰੀ ਦੇ ਵਾਵਰੋਲੇ 'ਚ ਉਡਦਿਆਂ ਬੇਸੁੱਧ ਹੋਣ ਲੱਗ ਪੈਂਦੇ ਹਾਂ।

ਵੱਧ ਪੈਸਾ ਸਭ ਰਿਸ਼ਤਿਆਂ ਅਤੇ ਮੁਹੱਬਤਾਂ ਤੋਂ ਪਰੇ ਧੱਕ ਦਿੰਦਾ ਹੈ। ਜਦੋਂ ਇਨਸਾਨ ਇਸ ਦੁਨੀਆਂ ਤੋਂ ਕੂਚ ਕਰਦਾ ਹੈ ਤਾਂ ਕਦੇ ਦੇਖਿਆ ਕਿ ਅਗਲੇ ਜਹਾਨ ਜਾਂਦਾ ਪੈਸਾ ਨਾਲ ਲੈ ਗਿਆ ਹੋਵੇ? ਕਦੇ ਦੇਖਿਆ ਕਿ ਬਣੇ ਘਰ ਬਾਰ ਅਤੇ ਧਨ ਦੌਲਤ ਅਗਲੇ ਜਹਾਨ ਟਰਾਂਸਫਰ ਹੋਏ ਹੋਣ? ਪੈਸੇ 'ਚ ਖੁੱਭੀ ਬਿਰਤੀ ਵੱਧ ਪੈਸੇ ਕਮਾਉਣ ਲਈ ਯੁਗਤਾਂ ਬਣਾ, ਹੋਰ ਪੈਸੇ ਜਮ੍ਹਾਂ ਕਰਨ 'ਚ ਤਾਂ ਜ਼ਰੂਰ ਸਹਾਈ ਹੋਈ ਹੋਏਗੀ ਤੇ ਖੂਬ ਧਨ ਇਕੱਠਾ ਕਰ ਲਿਆ ਹੋਏਗਾ, ਪਰ ਇਹ ਜਹਾਨ ਛੱਡਦਿਆਂ ਸਭ ਕੁਝ ਇੱਥੇ ਹੀ ਛੱਡ ਜਾਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਹੁੰਦਾ। ਹਵਾਈ ਜਹਾਜ਼ ਦੇ ਸਫਰ ਸਮੇਂ ਸਿਕਿਉਰਿਟੀ ਚੈਕ ਵੇਲੇ ਕੈਰੀ ਔਨ ਬੈਗ 'ਚ ਵਰਜਿਤ ਚੀਜ਼, ਭਾਵੇਂ ਕਿੰਨੀ ਵੀ ਕੀਮਤੀ ਹੋਵੇ, ਨਾਲ ਲੈ ਜਾਣ ਦੀ ਆਗਿਆ ਨਹੀਂ ਮਿਲਦੀ ਤੇ ਉੱਥੇ ਹੀ ਸੁੱਟ ਕੇ ਜਾਣੀ ਪੈਂਦੀ ਹੈ ਤੇ ਸਬਰ ਕਰਨਾ ਪੈਂਦਾ ਹੈ, ਭਾਵੇਂ ਖੇਦ ਕਿੰਨਾ ਵੀ ਕਿਉਂ ਨਾ ਹੋਇਆ ਹੋਵੇ ਕਿ ਉਹ ਚੀਜ਼ ਨਾਲ ਖੜਨ ਦੀ ਆਗਿਆ ਨਹੀਂ ਮਿਲੀ।

ਹੁਣ ਜ਼ਰਾ ਸੋਚੋ! ਜਦ ਸਾਨੂੰ ਪਰਪੱਕ ਪਤਾ ਹੈ ਕਿ ਹਰ ਯਤਨ ਨਾਲ ਕਮਾਈ ਧਨ ਦੌਲਤ ਮਰਨ ਉਪਰੰਤ ਨਾਲ ਨਹੀਂ ਜਾ ਸਕਦੀ ਤਾਂ ਇਸ ਨੂੰ ਲੋੜੋਂ ਵੱਧ, ਬੇਸੁਮਾਰ ਇਕੱਠੇ ਕਰਨ ਦੀ ਹੋੜ 'ਚ ਹੀ ਜੀਵਨ ਬਤੀਤ ਕਰ ਦੇਣਾ ਜ਼ਿੰਦਗੀ ਦਾ ਕੀਮਤੀ ਸਮਾਂ ਅਜਾਈਂ ਗੁਆਉਣ ਦੇ ਤੁਲ ਨਹੀਂ? ਸਾਰੀ ਜ਼ਿੰਦਗੀ ਬੰਦਾ ਇਹ ਤਵਾਜ਼ਨ ਹੀ ਨਹੀਂ ਲੱਭ ਸਕਦਾ ਕਿ ਪਦਾਰਥੀ ਵਸਤਾਂ ਇਕੱਤਰ ਕਰਨ ਦਾ ਅੰਤ ਕਿਥੇ ਹੈ! ਮਨ ਦੀ ਸ਼ਾਂਤੀ, ਜੀਵਨ ਸੰਤੁਲਨ, ਅਨੰਦਮਈ ਜੀਵਨ ਜਾਂਚ ਵਲ ਸੋਚਣ ਦੀ ਥਾਂ ਹੋਰ ਹੋਰ ਪਾਸੇ ਹੀ ਬੰਦਾ ਸਮਾਂ ਬਰਬਾਦ ਕਰੀ ਜਾਂਦਾ ਹੈ। ਬੰਦੇ ਨੂੰ ਪਤਾ ਨਹੀਂ ਲਗਦਾ ਕਿ ਸਮਾਂ ਬਰਬਾਦ ਹੋਈ ਜਾ ਰਿਹਾ ਹੈ, ਸਗੋਂ ਬਰਬਾਦ ਕੀਤੇ ਜਾ ਰਹੇ ਸਮੇਂ ਨੂੰ ਹੋਰ ਬਰਬਾਦ ਕਰਨ ਵਲ ਨੂੰ ਹੀ ਮਨ ਨੂੰ ਧੂਹੀ ਤੁਰਿਆ ਜਾਂਦਾ ਹੈ।

ਪੈਸਾ ਇਕ ਅਜਿਹੀ ਸ਼ੈਅ ਹੈ, ਜਿਸ ਨਾਲ ਕਦੇ ਕੋਈ ਰੱਜਿਆ ਨਹੀਂ, ਸਗੋਂ ਅੱਗੋਂ ਹੋਰ ਭੁੱਖ ਵਧਦੀ ਜਾਂਦੀ ਹੈ। ਜਿੰਨੀ ਹੋਰ ਭੁੱਖ ਵਧਦੀ ਹੈ, ਉਨੀ ਹੀ ਹੋਰ ਅੱਗੋਂ ਬੇਚੈਨੀ ਦੀ ਤਲਖੀ ਵਧਦੀ ਹੈ। ਕਮਾਇਆ ਜਾਂ ਇਕੱਠਾ ਕੀਤਾ ਪੈਸਾ ਜੇ ਤਾਂ ਕੋਈ ਜ਼ਿੰਦਗੀ 'ਚ ਅਨੰਦ ਲੈਣ ਦਾ ਸਾਧਨ ਬਣਾ ਕੇ ਕੁਝ ਸ਼ਾਂਤ, ਸਹਿਜ ਮਾਹੌਲ ਸਿਰਜਣ 'ਤੇ ਖਰਚ ਕੀਤਾ, ਫਿਰ ਤਾਂ ਪੈਸਾ ਕਿਸੇ ਹੱਦ ਤੱਕ ਅਰਥ ਆਇਆ ਅਤੇ ਜੇ ਪੈਸਾ ਅੱਤ ਲੋੜਵੰਦਾਂ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਲਈ ਲਾਇਆ ਜਾਂ ਉਨ੍ਹਾਂ ਦੀ ਮਦਦ ਕੀਤੀ ਤਾਂ ਇਹ ਅਰਥ ਭਰਪੂਰ ਕਾਜ ਹੈ। ਹਾਂ, ਜੇ ਸਿਰਫ ਆਪਣੀ ਤਮਾ ਪੂਰੀ ਕਰਨ ਲਈ ਹੀ ਪੈਸਾ ਇਕੱਠਾ ਕਰਨਾ/ਕਰਦੇ ਰਹਿਣਾ ਹੈ, ਫਿਰ ਤਾਂ ਇਹ ਮਕਸਦਹੀਣ ਹੈ।



ਪਿਛਲੇ 60-70 ਸਾਲਾਂ 'ਚ ਇੰਨੀ ਤਬਦੀਲੀ ਆਈ ਹੈ ਕਿ ਪਿਛਲੇ ਕਈ ਸੌ ਸਾਲਾਂ 'ਚ ਨਹੀਂ ਆਈ; ਸਗੋਂ ਪਿਛਲੀਆਂ ਸਦੀਆਂ 'ਚ ਤਾਂ ਜੀਵਨ ਸਥਿਰ ਤੇ ਸਮ ਰਿਹਾ ਹੈ। ਵਿਗਿਆਨ ਤੇ ਤਕਨਾਲੋਜੀ ਨੇ ਜੋ ਸਿਖਰਾਂ ਛੂਹੀਆਂ ਹਨ, ਉਸ ਨੇ ਹਜ਼ਾਰਾਂ ਸਾਲਾਂ ਤੋਂ ਸਥਿਰ ਤੁਰਿਆ ਆ ਰਿਹਾ ਪਰਿਵਾਰਕ ਜੀਵਨ ਉਲਝਾ ਕੇ ਰੱਖ ਦਿੱਤਾ ਹੈ। ਦੇਖੋ, ਵੱਖੋ ਵੱਖਰੇ ਸਟੋਰਾਂ ਦੇ ਸੇਲ ਦੇ ਪੇਪਰ ਹਰ ਹਫਤੇ ਘਰੀਂ ਪਹੁੰਚਦੇ ਹੋ ਜਾਂਦੇ ਹਨ। ਬੇਅੰਤ ਚੀਜ਼ਾਂ ਘੱਟ ਕੀਮਤ 'ਤੇ ਵੇਚਣੀਆਂ ਲਾਈਆਂ ਹੁੰਦੀਆਂ ਹਨ। ਕਈ ਵਾਰੀ ਨਾ ਚਾਹੁੰਦਿਆਂ ਅਤੇ ਬਿਨਾ ਲੋੜ ਤੋਂ ਹੀ ਕੋਈ ਵਸਤ ਖਰੀਦਣ ਲਈ ਮਨ ਉਤਸਕ ਹੋ ਜਾਂਦਾ ਹੈ। ਮਨ 'ਚ ਖਿਆਲ ਬਣਨੇ ਸ਼ੁਰੂ ਹੋ ਜਾਂਦੇ ਹਨ ਕਿ ਇਹ ਚੀਜ਼ ਬੜੀ ਸਸਤੀ ਹੈ, ਜ਼ਰੂਰ ਖਰੀਦੀ ਜਾਏ, ਪਰ ਨਾਲ ਹੀ ਦੂਜਾ ਮਨ ਕਹਿੰਦਾ ਹੈ ਕਿ ਇਸ ਦੀ ਕਿਹੜੀ ਲੋੜ ਹੈ? ਕਿਉਂ ਐਵੇਂ ਪੈਸੇ ਖਰਚ ਕੇ ਘਰ ਭਰਨਾ ਹੈ?

ਇੰਜ ਮਨ ਦੇ ਦੋਹਾਂ ਵਿਚਾਰਾਂ ਦਾ ਭੇੜ, ਬੜੀ ਸੋਹਣੀ ਮਨ ਦੀ ਬਣੀ ਸਥਿਰਤਾ ਨੂੰ ਵਿਗਾੜ ਤੇ ਬੇਚੈਨੀ ਦਾ ਆਲਮ ਸ਼ੁਰੂ ਕਰਾ ਦਿੰਦਾ ਹੈ; ਸਿਰਫ ਇਸ ਕਰਕੇ ਕਿ ਫਲਾਣੀ ਚੀਜ਼ ਅੱਧੀ ਕੀਮਤ 'ਤੇ ਲੱਗੀ ਹੈ ਤੇ ਇਉਂ ਪੈਸੇ ਦੀ ਬੱਚਤ ਹੋਏਗੀ। ਚੰਗੇ ਭਲੇ ਘਰ ਬੈਠਿਆਂ ਨੂੰ ਸੇਲ ਦੇ ਆਏ ਪੇਪਰਾਂ ਨੇ ਅਖੌਤੀ ਪੈਸੇ ਦੀ ਬੱਚਤ ਦੇਖ ਮਨ ਉਲਝਾ ਦਿੱਤਾ; ਭਾਵੇਂ ਅੱਧੇ ਪੈਸੇ ਖਰਚ ਕੇ ਵੀ ਉਹ ਬੇਲੋੜੀ ਚੀਜ਼ ਸਾਲਾਂ ਬੱਧੀ ਘਰ ਦੇ ਖੂੰਜੇ ਮੱਲੀ ਰੱਖੇ ਤੇ ਕਿਸੇ ਕੰਮ ਵੀ ਨਾ ਆਏ। ਪੈਸੇ 'ਚ ਉਲਝੇ ਮਨ ਦਾ ਇਹ ਹਾਲ ਹੈ। ਚੀਜ਼ਾਂ ਵੇਚਣ ਤੇ ਬਣਾਉਣ ਵਾਲੀਆਂ ਕੰਪਨੀਆਂ ਬੜੀ ਜੁਗਤ ਨਾਲ ਸਾਡੇ ਮਨਾਂ ਨੂੰ ਪ੍ਰੇਰਤ ਕਰਨ ਦੇ ਢੰਗ ਤਰੀਕੇ ਅਪਨਾਉਂਦੀਆਂ ਹਨ ਤੇ ਇੰਜ ਅਸੀਂ ਬੇਲੋੜਾ ਪੈਸਾ ਵੀ ਖਰਚ ਆਉਂਦੇ ਹਾਂ ਤੇ ਘੱਟ ਜਾਂ ਨਾ ਕੰਮ ਆਉਣ ਵਾਲੀ ਵਸਤੂ ਵੀ ਖਰੀਦ ਲਿਆਉਂਦੇ ਹਾਂ। ਪੈਸਾ ਬੰਦੇ ਨੂੰ ਚੱਕਰ 'ਚ ਪਾ ਦਿੰਦਾ ਹੈ ਤੇ ਬਣਿਆ ਮਨ ਦਾ ਤਵਾਜ਼ਨ ਵਿਗਾੜ ਦਿੰਦਾ ਹੈ।

ਇੱਕ ਵਾਰੀ ਡਾਕੀਆ ਕਿਸੇ ਪੈਟਰੋਲ ਪੰਪ ਦਾ ਇਕ ਕੂਪਨ ਡਾਕ ਨਾਲ ਸਾਡੇ ਘਰ ਸੁੱਟ ਗਿਆ। ਕੂਪਨ 'ਤੇ ਲਿਖਿਆ ਸੀ ਕਿ ਪੰਜ ਸੈਂਟ ਪ੍ਰਤੀ ਲਿਟਰ ਰਿਆਇਤ ਮਿਲੇਗੀ ਫਲਾਣੀ ਤਰੀਕ ਤੱਕ ਅਤੇ ਪੈਟਰੋਲ ਦੀ ਹੱਦ ਡੇਢ ਸੌ ਲਿਟਰ ਸੀ; ਭਾਵ ਜੇ ਮੈਂ 150 ਲਿਟਰ ਵੀ ਖਰੀਦ ਲਵਾਂ ਤਾਂ ਮੈਨੂੰ ਸਾਢੇ ਸੱਤ ਡਾਲਰ ਦੀ ਛੋਟ ਮਿਲੇਗੀ। ਸ਼ਰਤਾਂ ਇਹ ਸਨ ਕਿ ਫਲਾਣਾਂ ਮਾਰਕਾ ਪੈਟਰੋਲ ਪੰਪ 'ਤੇ ਹੀ ਇਹ ਕੂਪਨ ਵਰਤ ਸਕਦੇ ਹਾਂ ਅਤੇ ਨਾਲ ਹੀ ਫਲਾਣੀ ਬੈਂਕ ਦਾ ਵੀਜ਼ਾ ਕਾਰਡ ਵਰਤਣਾ ਪਏਗਾ। ਪੜ੍ਹ ਕੇ ਲੱਗਿਆ ਕਿ ਡੀਲ ਤਾਂ ਵਧੀਆ ਹੈ। ਮੇਰੇ ਕੋਲ ਉਸ ਬੈਂਕ ਦਾ ਵੀਜ਼ਾ ਕਾਰਡ ਵੀ ਹੈ ਅਤੇ ਪੈਟਰੋਲ ਵੀ ਮੈਂ ਉਸੇ ਕੰਪਨੀ ਦੇ ਪੰਪਾਂ ਤੋਂ ਪੁਆਉਂਦਾ ਹਾਂ। ਹੁਣ ਸੋਚਣ ਲਈ ਸਮੱਸਿਆ ਇਹ ਬਣ ਗਈ ਕਿ ਪੂਰੇ ਸਾਢੇ ਸੱਤ ਡਾਲਰ ਦੀ ਛੋਟ ਕਿਵੇਂ ਲਈ ਜਾਏ? ਇੱਕ ਕਾਰ 'ਚ ਮਸਾਂ ਸੱਤਰ ਲਿਟਰ ਪੈਟਰੋਲ ਪੈਣਾ ਸੀ ਤੇ ਸੱਤਰ ਹੀ ਦੂਜੀ ਵਿਚ।

ਮਨ 'ਚ ਵਿਧੀਆਂ ਬਣਨ ਲੱਗੀਆਂ ਕਿ ਦੋਵੇਂ ਕਾਰਾਂ ਖਾਲੀ ਹੋਣ 'ਤੇ ਦੋਵੇਂ ਇਕੱਠੀਆਂ ਹੀ ਭਰਾ ਲਈਆਂ ਜਾਣ; ਨਾਲ ਹੀ ਸਮੱਸਿਆ ਇਹ ਬਣਦੀ ਲੱਗੇ ਕਿ ਦੋਵੇਂ ਕਾਰਾਂ ਇਕੱਠੀਆਂ ਤਾਂ ਕਦੇ ਖਾਲੀ ਹੁੰਦੀਆਂ ਹੀ ਨਹੀਂ, ਜੇ ਸਾਰੀ ਯੁਗਤ ਬਣਾ ਦੋਵੇਂ ਵੀ ਇਕੱਠੀਆਂ ਭਰਾਈਆਂ ਜਾਣ ਤਾਂ ਵੀ ਮਸਾਂ ਸੱਤ ਡਾਲਰ ਦੀ ਬੱਚਤ ਹੋਣੀ ਹੈ। ਡਾਕੀਆ ਡਾਕ 'ਚ ਕੂਪਨ ਕਾਹਦਾ ਸੁੱਟ ਗਿਆ, ਮੈਨੂੰ ਤਾਂ ਸੋਚਾਂ 'ਚ ਹੀ ਪਾ ਗਿਆ। ਮਨ ਦਾ ਚੰਗਾ ਭਲਾ ਬਣਿਆ ਤਵਾਜ਼ਨ ਇਕ ਕੂਪਨ ਨੇ ਵਿਗਾੜ ਕੇ ਰੱਖ ਦਿੱਤਾ। ਇਹ ਹੈ ਪੈਸਾ! ਪੰਜ ਸੈਂਟ ਪ੍ਰਤੀ ਲਿਟਰ ਦੀ ਛੋਟ ਵਾਲੇ ਕੂਪਨ ਨੇ ਕਈ ਦਿਨ ਮੇਰੇ ਮਨ ਦੀ ਬਿਰਤੀ ਹਿਲਾਈ ਰੱਖੀ।

ਇੱਕ ਹੋਰ ਮਿਸਾਲ ਦੇ ਕੇ ਲੇਖ ਦੀ ਸਮਾਪਤੀ ਕਰਾਂਗਾ, ਮਤਾਂ ਇਹ ਨਾ ਹੋਵੇ ਕਿ ਪੈਸੇ ਬਾਰੇ ਲਿਖਦਾ ਲਿਖਦਾ ਅੱਗੋਂ ਲੇਖ ਹੀ ਮੇਰੇ ਮਨ ਦੀ ਬੇਚੈਨੀ ਹੋਰ ਵਧਾ ਦੇਵੇ! ਇਕ ਵਾਰੀ ਮੈਨੂੰ ਇਕ ਸਿੱਕਾ ਲੱਭਾ, ਬਿਲਕੁਲ ਟੂਨੀ (ਦੋ ਡਾਲਰ ਦਾ ਸਿੱਕਾ) ਜਿਹਾ, ਚੁੱਕ ਕੇ ਜੇਬ 'ਚ ਪਾ ਘਰ ਲੈ ਆਇਆ, ਆ ਕੇ ਦੇਖਿਆ ਤਾਂ ਉੱਪਰ ਲਿਖੀ ਭਾਸ਼ਾ ਪੜ੍ਹੀ ਨਾ ਜਾਏ। ਸੋਚੀ ਜਾਵਾਂ ਕਿ ਕਿਸੇ ਕੌਇਨ ਡੀਲਰ ਦੇ ਜਾ ਕੇ ਦਿਖਾਵਾਂ? ਇਹ ਕਿਹੜੇ ਮੁਲਕ ਦਾ ਸਿੱਕਾ ਹੋਊ? ਕਿੰਨੇ ਇਸ ਦੇ ਡਾਲਰ ਬਣਨਗੇ? ਇਤਿਆਦਿ ਸੋਚਾਂ ਨੇ ਮੇਰਾ ਮਨ ਭੰਬਲਭੂਸੇ 'ਚ ਪਾਈ ਰੱਖਿਆ। ਸਾਹਮਣੇ ਡਰੈਸਰ 'ਤੇ ਪਿਆ ਸਿੱਕਾ ਜਦੋਂ ਭੀ ਮੇਰੀ ਨਿਗ੍ਹਾ ਚੜ੍ਹੇ, ਮੈਨੂੰ ਸੋਚਾਂ 'ਚ ਪਾ ਦਿਆ ਕਰੇ। ਆਖਿਰ ਮੈਂ ਉਹ ਸਿੱਕਾ ਚੁੱਕ ਕੇ ਭਾਨ ਵਾਲੇ ਡੱਬੇ 'ਚ ਸੁੱਟ ਅੱਖਾਂ ਤੋਂ ਪਰੇ ਕੀਤਾ ਤੇ ਮਨ ਦੀ ਦੁਬਿਧਾ ਦਾ ਖਹਿੜਾ ਛੁਡਾਇਆ। ਇਹ ਹੈ ਪੈਸਾ, ਕਿਸੇ ਵੀ ਹਾਲਤ ਵਿਚ ਸਾਡਾ ਖਹਿੜਾ ਨਹੀਂ ਛੱਡਦਾ ਤੇ ਸਾਡੇ ਮਨ ਨੂੰ ਭਟਕਾਈ ਹੀ ਫਿਰਦਾ ਹੈ। ਨਾ ਅੱਜ ਦੇ ਯੁੱਗ 'ਚ ਇਸ ਬਿਨਾ ਸਰ ਸਕਦਾ ਹੈ ਅਤੇ ਨਾ ਹੀ ਇਹ ਸਾਡੇ ਮਨ ਨੂੰ ਟਿਕਣ ਦਿੰਦਾ ਹੈ।

## ਰਾਜਸਥਾਨੀ ਲੋਕ ਕਹਾਣੀਆਂ-11




ਵਿਜੇਦਾਨ ਦੇਥਾ
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454

# ਦੂਜਾ ਕਬੀਰ

***ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀਆਂ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਦੂਜਾ ਕਬੀਰ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ ਜਿਸ ਵਿਚ ਕਿਰਤ ਦੀ ਮਹਿਮਾ ਹੈ। -ਸੰਪਾਦਕ***

ਸਮੇਂ ਦਾ ਹਿਸਾਬ ਕਿਤਾਬ ਲਾਓ ਤਾਂ ਇਹ ਗੱਲ ਬਹੁਤ ਪੁਰਾਣੀ ਹੈ ਕਿ ਹਰਿਆਵਲ ਵਿਚਕਾਰ ਹਵਾ ਦੇ ਪੰਘੂੜੇ ਉਤੇ ਇੱਕ ਪਿੰਡ ਵਸਦਾ ਹੁੰਦਾ ਸੀ। ਧਰਮ-ਕਰਮ ਵਿਚ ਢਲੇ ਹੋਏ ਨਿਤਨੇਮੀ ਮਨੁੱਖਾਂ ਦੀ ਬਸਤੀ ਤੋਂ ਪਰ੍ਹੇ ਹਟਵੀਂ ਇੱਕ ਝੌਂਪੜੀ। ਝੌਂਪੜੀ ਵਿਚ ਵਸਣ ਵਾਲੇ ਬੰਦੇ ਦਾ ਨਾਮ ਤਾਂ ਕੋਈ ਹੋਰ ਸੀ ਪਰ ਇਲਾਕੇ ਦੇ ਲੋਕਾਂ ਨੇ ਕਬੀਰ ਨਾਮ ਦੀ ਛੇੜ ਪਾ ਰੱਖੀ ਸੀ। ਧੂਣੀ ਦੇ ਇਰਦ-ਗਿਰਦ ਬੈਠੇ ਲੋਕ ਅਕਸਰ ਕਿਹਾ ਕਰਦੇ, ਕਿਸੇ ਔਰਤ ਦੀ ਕੁੱਖ ਵਿਚੋਂ ਨਹੀਂ, ਕਬੀਰ ਖੁੰਬ ਜਾਂ ਗਿੱਦੜ-ਪੀਹੜੀ ਵਾਂਗ ਧਰਤੀ ਵਿਚੋਂ ਆਪੇ ਪੈਦਾ ਹੋਇਆ ਹੈ। ਇਨਸਾਨ ਦੀ ਔਲਾਦ ਹੁੰਦਾ, ਇਨਸਾਨ ਵਾਂਗ ਗੱਲਾਂ ਕਰਦਾ। ਸੁੰਨੇ ਅਸਮਾਨ ਵਿਚ ਬੱਦਲੀ ਦਾ ਕੋਈ ਟੋਟਾ ਆਪਣੇ ਆਪ ਪ੍ਰਗਟ ਹੋ ਜਾਂਦਾ ਹੈ, ਉਸੇ ਤਰ੍ਹਾਂ ਬਸਤੀ ਵਿਚ ਇੱਕ ਦਿਨ ਕਬੀਰ ਪ੍ਰਗਟ ਹੋ ਗਿਆ। ਜੁਲਾਹੇ ਦਾ ਕੰਮ ਤਾਂ ਕਰਦਾ ਬਹੁਤ ਵਧੀਆ ਪਰ ਗੱਲਾਂ ਕਰਦਾ ਬਿਲਕੁਲ ਬੇਮਤਲਬ, ਊਟ-ਪਟਾਂਗ, ਸਿਰਫਿਰੀਆਂ। ਕੱਦ-ਕਾਠ ਚਿਹਰਾ-ਮੁਹਰਾ ਵਧੀਆ, ਗੱਲਾਂ ਬਕਵਾਸ। ਜੋ ਗੱਲ ਔੜਦੀ, ਬਿਨਾ ਨਾਪ-ਤੋਲ ਕਹਿ ਦਿੰਦਾ। ਹੱਥ ਦਾ ਕਾਰੀਗਰ ਪੂਰਾ ਪਰ ਖੋਪੜੀ ਉਲਟੀ। ਵਿੰਗੇ ਟੇਢੇ ਘੁੰਗਰਾਲੇ ਵਾਲ, ਵਿੰਗੀਆਂ ਟੇਢੀਆਂ ਕਾਲੀਆਂ ਬੋਲੀਆਂ ਗੱਲਾਂ।

ਕਾਲੀਨ, ਸ਼ਾਲ, ਕੰਬਲਾਂ ਉਪਰ ਬੇਲ-ਬੂਟੇ, ਝਾੜ-ਝੰਖਾੜ, ਫੁਲ-ਪੱਤੇ ਅਜਿਹੇ ਬਣਾਉਂਦਾ ਕਿ ਅਸਲੀ ਲਗਦੇ। ਕਾਲੀਨਾਂ ਦੇ ਫੁੱਲਾਂ ਉਪਰ ਭਰਮੇ ਹੋਏ ਭਉਰੇ ਮੰਡਰਾਉਂਦੇ ਰਹਿੰਦੇ। ਪੱਕੇ ਫਲ ਸਮਝ ਕੇ ਤੋਤੇ ਚੁੰਜ ਮਾਰ ਦਿੰਦੇ। ਹੱਥਾਂ ਦੀ ਕਾਰੀਗਰੀ ਵਾਂਗ ਉਸ ਵਿਚ ਅਕਲ ਵੀ ਮਾੜੀ ਮੋਟੀ ਹੁੰਦੀ, ਕਿਆ ਬਾਤ ਹੁੰਦੀ! ਨਾ ਉਸ ਦੀ ਬੇਵਕੂਫੀ ਦੀ ਕੋਈ ਹੱਦ, ਨਾ ਲੋਕਾਂ ਦੀ ਚੁਰ-ਚੁਰ ਦਾ ਕੋਈ ਕਿਨਾਰਾ।

ਕਬੀਰ ਦੇ ਹੁਨਰ ਦੀਆਂ ਗੱਲਾਂ ਹਵਾ ਵਿਚ ਘੁਲੀਆਂ ਹੋਈਆਂ। ਸ਼ਾਹੀ ਰਿਆਸਤ ਵਿਚ ਸ਼ੁਹਰਤ। ਇੱਕ ਵਾਰ ਇਤਫਾਕ ਵੱਸ ਇਉਂ ਹੋਇਆ ਕਿ ਦੇਸ ਦੇ ਮਾਲਕ ਰਾਜੇ ਨੇ ਆਪਣੀ ਰਾਜਕੁਮਾਰੀ ਧੀ ਨਾਲ ਪਿੰਡ ਦੇ ਤਲਾਬ ਕਿਨਾਰੇ ਪੜਾਓ ਕੀਤਾ। ਇੱਕ ਸੌ ਇੱਕ ਘੋੜਿਆਂ ਦਾ ਲਸ਼ਕਰ। ਪਸੀਨੇ ਨਾਲ ਨੁਚੜਦੇ ਘੋੜਿਆਂ ਨੂੰ ਬੋਹੜ ਦੇ ਰੁੱਖ ਹੇਠ ਆਰਾਮ ਮਿਲਿਆ। ਰੰਗ ਬਰੰਗਾ ਕਾਲੀਨ ਵਿਛਿਆ। ਭਿਣਕ ਪੈਣ ਸਾਰ ਸਾਰਾ ਪਿੰਡ ਰਾਜਾ ਅਤੇ ਰਾਜਕੁਮਾਰੀ ਦੇ ਦਰਸ਼ਨ ਕਰਨ ਆਇਆ। ਰਾਜੇ ਨੇ ਖੁਸ਼ੀ ਖੁਸ਼ੀ ਪਰਜਾ ਨੂੰ ਦਰਸ਼ਨ ਦਿੱਤੇ। ਰਾਜਕੁਮਾਰੀ ਦੇ ਕੰਨੀਂ ਕਬੀਰ ਦਾ ਨਾਮ ਪਿਆ ਹੋਇਆ ਸੀ, ਛਲਕਦੀ ਉਤਸੁਕਤਾ ਨਾਲ ਪੁੱਛਣ ਲੱਗੀ-"ਕਬੀਰ ਦਾ ਨਗਰ ਇਹੋ ਹੈ?"

ਲੋਕਾਂ ਨੇ ਜਵਾਬ ਦਿੱਤਾ-"ਨਗਰ ਤਾਂ ਆਪ ਦਾ, ਮਾਲਕਾਂ ਦਾ ਹੈ ਹਜ਼ੂਰ, ਪਰ ਕਬੀਰ ਰਹਿੰਦਾ ਇੱਥੇ ਹੀ ਹੈ।"

ਰਾਜਕੁਮਾਰੀ ਤੋਂ ਇੰਤਜ਼ਾਰ ਨਾ ਕਰ ਹੋਇਆ, ਬੇਹੱਦ ਦਿਲਚਸਪੀ ਨਾਲ ਬੋਲੀ-"ਸੱਚਮੁੱਚ?"

ਹਾਂ ਵਿਚ ਸਿਰ ਹਿਲਾ ਕੇ ਬਸਤੀ ਦੇ ਲੋਕਾਂ ਨੇ ਉਤਰ ਦਿੱਤਾ ਤਾਂ ਸੁਣਦਿਆਂ ਤੇਜ਼ ਕਦਮੀ ਰਾਜਕੁਮਾਰੀ ਰਾਜੇ ਕੋਲ ਗਈ। ਖੁਸ਼ੀ ਦੇ ਫੁੱਲ ਬਰਸਾਉਂਦਿਆਂ ਬੋਲੀ, "ਇਤਫਾਕ ਦੀ ਗੱਲ ਪਿਤਾ ਜੀ, ਬਿਨ ਜਾਣੇ ਆਪਾਂ ਕਬੀਰ ਦੇ ਨਗਰ ਪੜਾਅ ਕੀਤੈ। ਆਗਿਆ ਹੋਵੇ ਤਾਂ ਮੈਂ ਉਸ ਦੀ ਕਾਰੀਗਰੀ ਦੇਖਣ ਚਲੀ ਜਾਵਾਂ?" ਰਾਜਕੁਮਾਰੀ ਦੇ ਮੂੰਹੋਂ ਨਾਦਾਨੀ ਦੀ ਗੱਲ ਸੁਣ ਕੇ ਥੋੜ੍ਹੀ ਦੇਰ ਰਾਜਾ ਉਸ ਦੇ ਮੂੰਹ ਵੱਲ ਟਿਕਟਿਕੀ ਲਾ ਕੇ ਦੇਖਦਾ ਰਿਹਾ। ਆਪਣੀ ਇਕਲੌਤੀ ਧੀ ਨੂੰ ਬੜਾ ਪਿਆਰ ਕਰਦਾ ਸੀ। ਧੀ ਸੀ ਵੀ ਪਿਆਰ ਕਰਨ ਲਾਇਕ। ਬਰਸਾਤ ਦੇ ਪਾਣੀ ਵਾਂਗ ਪਵਿੱਤਰ, ਨਿਛੋਹ ਮਨ। ਜਿਹੋ ਜਿਹਾ ਸੁੰਦਰ ਰੂਪ, ਉਹੋ ਜਿਹਾ ਸੁਹਣਾ ਮਨ। ਡੂੰਘੇ ਸਾਗਰ ਜਿੰਨੀ ਅਕਲ, ਨਿਰਮਲ ਨਿਗਾਹਾਂ, ਕੱਚੇ ਦੁੱਧ ਵਰਗੀ ਮੁਸਕਾਨ! ਰਾਜੇ ਦਾ ਮੌਨ ਦੇਖ ਕੇ ਫਿਰ ਪੁੱਛਿਆ-"ਜਾਵਾਂ?"

ਮੁਸਕਰਾਉਂਦਿਆਂ ਰਾਜੇ ਨੇ ਕਿਹਾ-"ਤੈਨੂੰ ਤਕਲੀਫ ਕਰਨ ਦੀ ਕੀ ਲੋੜ? ਅਸੀਂ ਉਸ ਨੂੰ ਇੱਥੇ ਹੀ ਬੁਲਾ ਲੈਂਦੇ ਹਾਂ।"

ਹੱਥ ਜੋੜੀ ਖਲੋਤੇ ਪਿੰਡ ਦੇ ਠਾਕੁਰ ਨੂੰ ਕਿਹਾ-"ਲਗਦਾ ਹੈ ਕਬੀਰ ਨੂੰ ਸਾਡੇ ਪਧਾਰਨ ਦੀ ਖਬਰ ਨਹੀਂ ਮਿਲੀ, ਨਹੀਂ ਤਾਂ ਆਪਣੀ ਕਾਰੀਗਰੀ ਦਿਖਾਉਣ ਸਭ ਤੋਂ ਪਹਿਲਾਂ ਪੁਜਦਾ।"

ਠਾਕੁਰ ਦੇ ਦਿਲ ਵਿਚ ਪੁਰਾਣੀ ਕੁੜੱਤਣ ਸੀ। ਮੌਕਾ ਹੱਥ ਲੱਗ ਗਿਆ। ਬੇਝਿਜਕ ਬੋਲਿਆ-"ਆਪ ਨੂੰ ਕੀ ਦੱਸਾਂ ਅੰਨਦਾਤਾ, ਇਸ ਕਬੀਰ ਦਾ ਦਿਮਾਗ ਅਸਮਾਨ ਉਪਰ ਚੜ੍ਹਿਆ ਹੋਇਆ ਹੈ। ਤੁਹਾਡੇ ਬੁਲਾਉਣ ਪਿੱਛੋਂ ਵੀ ਆ ਜਾਵੇ, ਗਨੀਮਤ ਜਾਣੋ।"

ਰਾਜਾ ਤਾਂ ਰਾਜਾ ਹੁੰਦਾ ਹੈ, ਇੱਕ ਇੱਕ ਦਿਲ ਜਾਨ ਦਾ ਮਾਲਕ। ਸਿਰ ਦਾ ਮੁਕਟ! ਰਾਜੇ ਦਾ ਹੁਕਮ ਟਾਲਣ ਦੀ ਕਿਸ ਦੀ ਹਿੰਮਤ! ਮੌਤ ਆਪ ਬਖਸ਼ ਦੇਵੇ, ਮੌਤ ਦੀ ਮਰਜ਼ੀ ਪਰ ਰਾਜੇ ਦੀ ਤਾਂ ਸੁਫਨੇ ਵਿਚ ਵੀ ਇਹੋ ਜਿਹੀ ਮਰਜ਼ੀ ਨਹੀਂ ਹੁੰਦੀ। ਰਾਜੇ ਦੇ ਹੰਕਾਰ ਵਿਚ ਜਿਵੇਂ ਕਿਸੇ ਨੇ ਟਕੂਆ ਮਾਰਿਆ ਹੋਵੇ, ਪੁਤਲੀਆਂ ਦੀ ਰੰਗਤ ਬਦਲ ਗਈ। ਗੱਜ ਕੇ ਠਾਕੁਰ ਉਪਰ ਹੀ ਬਰਸਿਆ-"ਤੇਰੀ ਅਕਲ ਅਤੇ ਜ਼ਬਾਨ ਠਿਕਾਣੇ ਤਾਂ ਹੈ ਠਾਕੁਰ? ਕਿਸ ਦੇ ਸਾਹਮਣੇ ਕੀ ਬਕ ਰਿਹਾ ਹੈਂ, ਹੋਸ਼ ਤਾਂ ਹੈ? ਸਰਕਾਰ ਦੇ ਹੁਕਮ ਮੰਨਣ ਤੋਂ ਆਕੀ ਤੇਰੇ ਨਗਰ ਵਿਚ ਫਲ ਫੁਲ ਰਹੇ ਨੇ ਤੇ ਤੈਨੂੰ ਲੋਕ ਠਾਕੁਰ ਕਹਿੰਦੇ ਨੇ?"

ਠਾਕੁਰ ਦਾ ਰੋਮ-ਰੋਮ ਕੰਬਿਆ। ਮੌਤ ਘੋੜੇ 'ਤੇ ਸਵਾਰ ਹੋ ਕੇ ਆਈ ਹੈ, ਹੁਣ ਕੋਈ ਚਾਰਾ ਨਹੀਂ। ਅਟਕਦੇ ਅਟਕਦੇ ਮੁਸ਼ਕਿਲ ਨਾਲ ਬੋਲਿਆ-"ਅੰਨਦਾਤਾ ਮੇਰੀ ਤਾਂ ਔਕਾਤ ਹੀ ਕੀ, ਪਾਗਲ ਕਬੀਰ ਤਾਂ ਰੱਬ ਦੀ ਵੀ ਨੀ ਮੰਨਦਾ!"

ਰਾਜਕੁਮਾਰੀ ਦੀ ਖੁਸ਼ੀ ਨੂੰ ਕਾਠ ਮਾਰ ਗਿਆ। ਗੱਲ ਹੱਦੋਂ ਬਾਹਰ ਨਿਕਲਦੀ ਦਿਖਾਈ ਦੇਣ ਲੱਗੀ, ਵਾਪਸ ਕਿਵੇਂ ਪਰਤੇ? ਰਾਜਕੁਮਾਰੀ ਨੂੰ ਵੀ ਪਹਿਲੀ ਵਾਰ ਆਪਣੀ ਅਕਲ ਦੇ ਬਖੀਏ ਉਧੜਦੇ ਨਜ਼ਰ ਆਏ। ਅਕਲ ਤੋਂ ਪਾਰ ਉਸ ਦਾ ਧੀਰਜ, ਵਿਸ਼ਵਾਸ ਅਜੇ ਵੀ ਅਟੱਲ ਰਿਹਾ। ਇੱਕ ਪਲ ਦੀ ਦੇਰੀ ਹੋ ਗਈ ਤਾਂ ਰਾਜੇ ਦਾ ਹੰਕਾਰੀ ਸੱਪ ਵਰਮੀ 'ਚੋਂ ਬਾਹਰ ਨਿਕਲ ਆਏਗਾ, ਫਿਰ ਵਾਪਸ ਨਹੀਂ ਪਰਤੇਗਾ। ਬੀਨ ਦੀ ਆਵਾਜ਼ ਨਾਲ ਕੀ ਪਤਾ ਕੀਲਿਆ ਜਾਵੇ! ਰਾਜੇ ਦੇ ਨਜ਼ਦੀਕ ਆ ਕੇ ਬੋਲੀ-"ਆਪ ਤੋਂ ਵੱਡਾ ਕਲਾ ਪਾਰਖੂ ਹੋਰ ਕੌਣ ਹੈ ਪਿਤਾ ਜੀ? ਆਪ ਦੇ ਮੁੱਖ ਤੋਂ ਹੀ ਤਾਂ ਮੈਂ ਇਹ ਗੱਲ ਸਿਖੀ ਸੀ ਕਿ ਕਲਾਕਾਰਾਂ ਵਿਚ ਕੁਝ ਪਾਗਲਪਣ ਹੁੰਦੈ। ਉਨ੍ਹਾਂ ਦੀ ਕਦਰ ਤਾਂ ਜਾਣਕਾਰ ਹੀ ਜਾਣੇਗਾ ਨਾ। ਆਪ ਨੇ ਤਾਂ ਫਰਮਾਇਆ ਸੀ ਕਿ ਕਲਾਕਾਰ ਸਾਖਿਆਤ ਵਿਧਾਤਾ ਹੁੰਦੇ ਨੇ। ਲੱਖਾਂ ਕਰੋੜਾਂ ਵਿਚ ਕਿਸੇ ਇੱਕ ਦੀਆਂ ਅੱਖਾਂ ਉਸ ਨੂੰ ਮੁਸ਼ਕਿਲ ਨਾਲ ਪਛਾਣਦੀਆਂ ਹਨ। ਇਹ ਬੇਅਕਲ ਠਾਕਰ ਦਾਰੂ ਪੀਣ ਅਤੇ ਐਸ਼ ਕਰਨ ਬਿਨਾ ਹੋਰ ਕੀ ਜਾਣਨ?" ਉਬਲਦੇ ਦੁੱਧ ਉਪਰ ਜਿਵੇਂ ਪਾਣੀ ਦਾ ਛਿੱਟਾ ਪਿਆ ਹੋਵੇ। ਮੁਸਕਾਣ ਦੀ ਕੋਸ਼ਿਸ਼ ਕਰਦਾ ਰਾਜਾ ਕਹਿਣ ਲੱਗਾ-"ਮੇਰੀ ਬੱਚੀ, ਤੇਰੀ ਸਮਝ ਸਾਹਮਣੇ ਹਾਰ ਮੰਨਣੀ ਪੈਂਦੀ ਹੈ।"

ਛੇਤੀ ਦੇਣੀ ਰਾਜਕੁਮਾਰੀ ਬੋਲੀ-"ਇਹ ਸਮਝ ਤੁਸੀਂ ਹੀ ਬਖਸ਼ੀ ਹੈ ਪਿਤਾ ਜੀ, ਮੇਰੀ ਕੀ ਹੈਸੀਅਤ?"

ਰਾਜਕੁਮਾਰੀ ਨੂੰ ਪਲੋਸਦਿਆਂ ਰਾਜਾ ਕਹਿਣ ਲੱਗਾ-"ਤੇਰੀ ਹੈਸੀਅਤ ਦੇ ਵਜ਼ਨ ਨੂੰ ਮੈਂ ਜਾਣਦਾ ਹਾਂ। ਤੇਰਾ ਸੁਭਾਅ ਤੇ ਮਰਿਆਦਾ ਅਜਿਹੀ ਹੈ ਕਿ ਪੁੱਤ ਧੀ, ਦੋਵਾਂ ਦੀ ਕਮੀ ਪੂਰੀ ਕਰ ਦਿੰਦੀ ਹੈ। ਸਮੇਂ ਸਿਰ ਤੂੰ ਗੱਲ ਨਾ ਸੰਭਾਲਦੀ ਤਾਂ ਕਬੀਰ ਦੀ ਮੇਰੇ ਹੱਥੋਂ ਮੌਤ ਯਕੀਨੀ ਸੀ। ਏਨਾ ਨਾਸਮਝ ਕਿ ਰਾਜੇ ਦੀ ਇੱਜ਼ਤ ਦਾ ਕਾਇਦਾ ਵੀ ਨਹੀਂ ਜਾਣਦਾ? ਚੱਲ ਤੇਰੇ ਨਾਲ ਮੈਂ ਵੀ ਚਲਦਾ ਹਾਂ। ਸਿਫਤਾਂ ਸੁਣ-ਸੁਣ ਕੰਨ ਪੱਕ ਗਏ। ਵਿਚਾਰੇ ਕਾਰੀਗਰ ਦਾ ਸਮਾਂ ਖਰਾਬ ਕਰਨਾ ਠੀਕ ਹੈ ਵੀ ਨਹੀਂ। ਪਰਜਾ ਤਾਂ ਰਾਜੇ ਦੀ ਸੰਤਾਨ ਹੁੰਦੀ ਹੈ। ਜਦੋਂ ਜਾਣਾ ਹੀ ਹੈ, ਫਿਰ ਦੇਰ ਕਿਸ ਲਈ?"

ਇਹ ਗੱਲ ਕਹਿ ਕੇ ਜਿੱਧਰ ਨੂੰ ਮੂੰਹ ਹੋਇਆ, ਰਾਜਾ ਤੁਰ ਪਿਆ। ਹੱਥ ਜੋੜ ਕੇ, ਲਪਕ ਕੇ ਠਾਕੁਰ ਸਾਹਮਣੇ ਆਇਆ ਤੇ ਬੋਲਿਆ-"ਗਰੀਬ ਨਵਾਜ, ਇੱਧਰ ਪਧਾਰੋ। ਕਬੀਰ ਦੀ ਝੁੱਗੀ ਦਾ ਰਸਤਾ ਇੱਧਰ ਦੀ ਹੈ।" ਰਾਜੇ ਨੇ ਮੁੜ ਕੇ ਹੈਰਾਨੀ ਨਾਲ ਪੁੱਛਿਆ- "ਝੌਂਪੜੀ? ਇਹੋ ਜਿਹੇ ਮਸ਼ਹੂਰ ਕਲਾਕਾਰ ਦੀ ਝੌਂਪੜੀ? ਆਪਣੇ ਭਲੇ ਬੁਰੇ ਦਾ ਤੈਨੂੰ ਹੋਸ਼ ਵੀ ਹੈ ਕਿ ਨਹੀਂ? ਤੇਰੇ ਲੱਛਣ ਤੇਰਾ ਨੁਕਸਾਨ ਕਰਨਗੇ!"

ਤੇਈਏ ਦਾ ਤਾਪ ਚੜ੍ਹੇ ਮਰੀਜ਼ ਵਾਂਗ ਠਾਕੁਰ ਥਰ-ਥਰ ਕੰਬਣ ਲੱਗਾ। ਟੁੱਟਦੀ ਆਵਾਜ਼ ਨਾਲ ਬੋਲਿਆ-"ਅੰਨਦਾਤਾ, ਅੱਖੀਂ ਦੇਖੇ ਬਗੈਰ ਇਸ ਸਿਰੜੀ ਦੀਆਂ ਕਰਤੂਤਾਂ ਦਾ ਪਤਾ ਨਹੀਂ ਲੱਗ ਸਕਦਾ।" ਰਾਜਕੁਮਾਰੀ ਗੱਲ ਕੱਟ ਕੇ ਬੋਲੀ-"ਹੁਣ ਕਾਹਦੀ ਦੇਰ? ਜਿਸ ਦੀ ਜੋ ਕਰਤੂਤ ਹੋਏਗੀ, ਅੱਗੇ ਆ ਜਾਏਗੀ।"

ਧੀ ਦੀ ਅਕਲ ਦਾ ਮਾਣ ਕਰਦਿਆਂ ਰਾਜਾ ਕਹਿੰਦਾ-"ਹਾਂ, ਹੁਣ ਕਾਹਦੀ ਦੇਰ!"

ਪੰਜਾਹ ਕੁ ਬੰਦੇ ਰਾਜੇ ਦੇ ਪਿੱਛੇ-ਪਿੱਛੇ ਤੁਰ ਪਏ ਤੇ ਕਬੀਰ ਦੀ ਝੌਂਪੜੀ ਜਾ ਅੱਪੜੇ। ਨਵੇਂ ਗਾਰੇ



ਨਾਲ ਲਿਪੀ ਪੋਚੀ ਝੌਂਪੜੀ। ਤਾਣੀ ਤਣਨ ਵਾਸਤੇ ਖੁੱਲ੍ਹਾ ਵਿਹੜਾ। ਦੇਵਤਿਆਂ ਦੀ ਅਟਾਰੀ ਵਾਂਗ ਪਾਕ ਸਾਫ। ਗੁਲਾਬੀ ਉਨ ਦਾ ਤਾਣਾ ਤਣਿਆ ਹੋਇਆ, ਕਬੀਰ ਬੁਣਤੀ ਵਿਚ ਮਗਨ, ਤਾਣੀ ਵਿਚ ਸਟਾ-ਸੱਟ ਫਿਰਕੀ ਘੁੰਮ ਰਹੀ। ਦਰਵਾਜ਼ੇ 'ਤੇ ਲੋਕਾਂ ਦੀ ਹਲਚਲ ਹੋਈ ਤਾਂ ਪਿੱਛੇ ਮੁੜ ਕੇ ਦੇਖਿਆ। ਪਿੰਡ ਦੇ ਠਾਕੁਰ ਸਮੇਤ ਇੱਕ ਅਜਨਬੀ ਵੀ, ਰੇਸ਼ਮੀ ਅਚਕਨ ਪਹਿਨੀ, ਸਿਰ ਤੇ ਸੋਨੇ ਦਾ ਮੁਕਟ, ਬਾਂਕੀਆਂ ਮੁੱਛਾਂ, ਲੱਕ ਨਾਲ ਲਟਕਦੀ ਸੋਨੇ ਦੇ ਮਿਆਨ ਵਾਲੀ ਤਲਵਾਰ। ਨਾਲ ਖੜ੍ਹੀ ਸੁਹਣੀ ਕੁੜੀ। ਅੰਗਾਂ ਵਿਚ ਨਾ ਜਵਾਨੀ ਸਮਾ ਰਹੀ, ਨਾ ਰੰਗ ਰੂਪ। ਰੰਗ ਬਿਰੰਗੀ ਝਮ-ਝਮ ਕਰਦੀ ਪੁਸ਼ਾਕ। ਮਿਰਗ ਨੈਣੀ ਦੀਆਂ ਅੱਖਾਂ ਵਿਚੋਂ ਸਮਝਦਾਰੀ ਸਾਫ ਝਲਕਦੀ।

ਹੋਠਾਂ 'ਤੇ ਰੂਹਾਨੀ ਮੁਸਕਾਨ ਵਾਲੇ ਕਬੀਰ ਨੇ ਉਠ ਕੇ ਸਾਹਮਣੇ ਖਲੋਤੇ ਲੋਕਾਂ ਦੇ ਚਿਹਰੇ ਧਿਆਨ ਨਾਲ ਦੇਖੇ ਕਿ ਠਾਕੁਰ ਨੇ ਘਬਰਾਹਟ ਵਿਚ ਕਿਹਾ-"ਕਮਲਿਆਂ ਵਾਂਗ ਬਿਟਰ-ਬਿਟਰ ਕਿਉਂ ਦੇਖੀ ਜਾਨੈਂ? ਤੇਰੇ ਚੰਗੇ ਭਾਗਾਂ ਨੂੰ ਦੇਸ ਦੇ ਮਾਲਕ, ਤਿੰਨ ਲੋਕਾਂ ਦੇ ਨਾਥ ਖੁਦ ਤੇਰੇ ਕੋਲ ਚੱਲ ਕੇ ਆਏ ਨੇ, ਤੇਰੀ ਕਾਰੀਗਰੀ ਦੇਖਣ। ਉਲੂ ਵਾਂਗ ਅੱਖਾਂ ਕਿਉਂ ਪਾੜ ਰਿਹੈਂ? ਕਾਲੀਨ ਜਾਂ ਸ਼ਾਲ ਜੋ ਵੀ ਹੋਵੇ, ਨਜ਼ਰ ਕਰ ਮਹਾਰਾਜ ਦੀ।"

ਕਾਰੀਗਰੀ ਦੇਖਣ ਤੋਂ ਪਹਿਲਾਂ ਰਾਜਕੁਮਾਰੀ ਨੇ ਜੀਅ ਭਰ ਕੇ ਕਾਰੀਗਰ ਵੱਲ ਦੇਖਿਆ। ਤਾਂਬੇ ਰੰਗਾ ਜਿਸਮ। ਸਿਰ, ਦਾੜ੍ਹੀ, ਮੁੱਛਾਂ ਦੇ ਵਲ ਖਾਂਦੇ ਕਾਲੇ ਕੇਸ। ਸਫੈਦ ਅੰਗਰਖੀ, ਸਫੈਦ ਧੋਤੀ ਗੋਡਿਆਂ ਤੱਕ। ਸਫੈਦ ਦੰਦ, ਸ਼ਾਂਤ ਮੁਸਕਾਨ। ਅੰਗਾਂ ਤੋਂ ਪਾਰ ਕੋਈ ਹੋਰ ਰੂਪ ਵੀ। ਇਨਸਾਨ ਦੇ ਰੂਪ ਵਿਚ ਪਹਿਲੀ ਵਾਰ ਰਾਜਕੁਮਾਰੀ ਨੇ ਇਨਸਾਨ ਦੇਖਿਆ।

ਮਾਸੂਮ ਬਾਲ ਵਾਂਗ ਕਬੀਰ ਕਹਿਣ ਲੱਗਾ-"ਆਪਨੇ ਇੱਥੇ ਆਉਣ ਦੀ ਖੇਚਲ ਐਵੇਂ ਕੀਤੀ, ਮੈਂ ਤਾਂ ਕੇਵਲ ਜੁਲਾਹੇ ਦਾ ਕੰਮ ਕਰਨਾ ਜਾਣਦਾ ਹਾਂ। ਆਪ ਇਸ ਨੂੰ ਕਾਰੀਗਰੀ ਮੰਨ ਲਉ, ਆਪ ਦੀ ਮਰਜ਼ੀ। ਇਸ ਕੰਮ ਤੋਂ ਇਲਾਵਾ ਮੈਂ ਹੋਰ ਕਿਸੇ ਕੰਮ ਦੇ ਲਾਇਕ ਵੀ ਨਹੀਂ।"

ਰਾਜਕੁਮਾਰੀ ਨੂੰ ਭੰਵਰਿਆਂ ਦੀ ਗੁਣਗੁਣਾਹਟ ਸੁਣਾਈ ਦਿੱਤੀ। ਗੁਲਾਬ ਦੇ ਫੁੱਲਾਂ ਉਪਰ ਭੰਵਰੇ ਮੰਡਰਾ ਰਹੇ ਪਰ ਬੂਟਾ ਤਾਂ ਧਰਤੀ ਤੋਂ ਉਪਰ ਹੈ, ਫਿਰ ਵੀ ਹਰਿਆ-ਭਰਿਆ ਕਿਵੇਂ? ਅਜਬ ਮਾਜਰਾ ਦੇਖਣ ਬੂਟੇ ਦੇ ਨੇੜੇ ਪੁੱਜੀ। ਹੱਥ ਫੇਰਿਆ ਤਾਂ ਪਤਾ ਲੱਗਾ ਇਹ ਤਾਂ ਬੁਣਾਈ ਕੀਤਾ ਹੋਇਆ ਬੂਟਾ ਹੈ! ਅੱਗੇ ਟੰਗਣੇ ਉਪਰ ਚਾਰ ਪੰਜ ਕੰਬਲ, ਸ਼ਾਲ ਲਟਕ ਰਹੇ। ਰਾਜੇ ਅਤੇ ਰਾਜਕੁਮਾਰੀ ਨੇ ਇੱਕ-ਇੱਕ ਹੁਨਰ ਦੇਖਿਆ, ਸੁੱਧ-ਬੁੱਧ ਨਾ ਰਹੀ। ਇਕ-ਇਕ ਚਿੱਤਰ ਵਿਚ ਨਜ਼ਰ ਉਲਝ-ਉਲਝ ਗਈ। ਕਾਲੀ ਘਟਾ ਵਿਚ ਬਿਜਲੀਆਂ! ਕਿਤੇ ਹਨੇਰੀ ਦਾ ਦ੍ਰਿਸ਼, ਕਿਤੇ ਵਰੋਲੇ ਦਾ। ਕਿਤੇ ਇੰਦਰ ਧਨੁਖ, ਕਿਤੇ ਰੇਗਿਸਤਾਨੀ ਰੇਤੇ ਦੀਆਂ ਲਹਿਰਾਂ, ਕਿਤੇ ਹਰੇ ਕਰੀਰ ਉਪਰ ਲਟਕਦੇ ਲਾਲ ਸੂਹੇ ਪੀਂਝੂ। ਸ਼ਿਕਾਰੀ ਰਾਜੇ ਨੂੰ ਖੁੱਡਾਂ ਦੀ ਪਛਾਣ ਸੀ। ਇੱਕ ਕਾਲੀਨ ਦੀ ਤਹਿ ਖੁੱਲ੍ਹਦਿਆਂ ਹੀ ਪੁੱਛਿਆ-"ਓ, ਇਹ ਲੂੰਬੜ ਦੀ ਖੱਡ ਵਰਗੀ ਕੀ ਹੈ? ਇਸ ਅੰਦਰ ਕਿਤੇ ਲੂੰਬੜੀ ਤਾਂ ਨਹੀਂ ਲੁਕੀ ਬੈਠੀ?"

ਕਬੀਰ ਹੱਸ ਪਿਆ-"ਖੂਬ ਪਛਾਣੀ। ਕਢਾਈ ਕੀਤੀ ਇਹ ਲੂੰਬੜੀ ਦੀ ਖੁੱਡ ਹੈ।"

ਸ਼ਹਿਦ ਘੁਲੇ ਮਿੱਠੇ ਬੋਲ ਬੋਲਦੀ ਰਾਜਕੁਮਾਰੀ ਨੇ ਪੁੱਛਿਆ-"ਪਰ ਲੂੰਬੜੀ ਦੀ ਖੱਡ ਵਿਚ ਤੁਹਾਨੂੰ ਕੀ ਗੁਣ ਦਿਸਿਆ?"

ਕਬੀਰ ਦਾ ਮਨ ਭਾਉਂਦਾ ਸਵਾਲ। ਕਿਹਾ-"ਕੁਦਰਤ ਦੀ ਹਰ ਚੀਜ਼ ਇੱਕ ਨਾਲੋਂ ਵੱਧ ਸੋਹਣੀ ਹੈ, ਨਾ ਕੋਈ ਉਨੀ ਨਾ ਇੱਕੀ।"

ਰਾਜਕੁਮਾਰੀ ਦੀ ਸੁੰਦਰਤਾ ਨੂੰ ਇਹ ਉਤਰ ਕਾਫੀ ਬੁਰਾ ਲੱਗਾ। ਸੁਹਣਾ-ਸੁਹਣਾ ਹੈ, ਕਸੋਹਣਾ-ਕਸੋਹਣਾ। ਦੋਵੇਂ ਚੀਜ਼ਾਂ ਇੱਕੋ ਜਿਹੀਆਂ ਕਿਵੇਂ ਹੋ ਸਕਦੀਆਂ ਨੇ? ਇਉਂ ਫਿਰ ਖੂਬਸੂਰਤੀ ਨੂੰ ਕੌਣ ਪੁੱਛੇਗਾ?

ਕਬੀਰ ਨੇ ਧੀਰਜ ਨਾਲ ਕਿਹਾ-"ਖੂਬਸੂਰਤੀ ਬਦਸੂਰਤੀ ਆਦਮੀ ਦੀਆਂ ਨਜ਼ਰਾਂ ਦਾ ਨਤੀਜਾ ਹੈ। ਤੁਹਾਨੂੰ ਇਤਬਾਰ ਨਹੀਂ ਆਉਣਾ, ਤੁਰੇ ਜਾਂਦੇ ਨੇ ਮੈਂ ਲੂੰਬੜੀ ਦੀ ਖੱਡ ਜੰਗਲ ਵਿਚ ਦੇਖੀ। ਉਸ ਵੇਲੇ ਮੈਨੂੰ ਉਹ ਚੰਦ ਨਾਲੋਂ ਵੱਧ ਸੁਹਣੀ ਲੱਗੀ। ਅਗਲੇ ਦਿਨ ਖੱਡੀ ਬੁਣਨ ਲੱਗਾ, ਆਪੇ ਲੂੰਬੜੀ ਦੀ ਖੱਡ ਬਣ ਗਈ, ਬਿਲਕੁਲ ਉਸੇ ਵਾਂਗ!"

ਬੁੱਲ੍ਹ ਚਿਥਦਾ ਰਾਜਾ ਬੋਲਿਆ-"ਜੰਗਲ ਵਿਚਲੀ ਖੱਡ ਮੈਨੂੰ ਸੁਹਣੀ ਲਗਦੀ ਜਾਂ ਨਾ, ਰਾਮ ਜਾਣੇ ਪਰ ਤੇਰੀ ਇਹ ਕਾਰੀਗਰੀ ਤਾਂ ਮੂੰਹੋਂ ਬੋਲ ਰਹੀ ਹੈ। ਕਿਤੇ ਵਿਧਾਤਾ ਦਾ ਕੋਈ ਹਿੱਸਾ ਤੇਰੇ ਹੱਥ ਤਾਂ ਨਹੀਂ ਲੱਗ ਗਿਆ? ਅੱਖੀਂ ਦੇਖੀ ਚੀਜ਼ ਹੱਥਾਂ ਦੀ ਪਕੜ ਵਿਚ ਅਕਸਰ ਆਉਂਦੀ ਨਹੀਂ ਹੁੰਦੀ। ਦੇਖਣ ਵਿਚ ਤਾਂ ਗਲਤੀ ਨਹੀਂ ਲਗਦੀ, ਹੱਥੀਂ ਬਣਾਉਣ ਵਿਚ ਸਭ ਤੋਂ ਗਲਤੀ ਹੋ ਹੀ ਜਾਂਦੀ ਹੈ।"

ਸੱਜੇ ਖੱਬੇ ਸਿਰ ਹਿਲਾਉਂਦੇ ਕਬੀਰ ਨੇ ਕਿਹਾ-"ਉ ਹੂੰ, ਦੇਖਣ ਵਿਚ ਗਲਤੀ ਖਾਧੀ ਹੋਵੇ, ਫਿਰ ਹੱਥ ਗਲਤੀ ਕਰਦੇ ਹਨ। ਕਿਸੇ ਚੀਜ਼ ਨੂੰ ਦੇਖਣ ਵੇਲੇ ਮੇਰੀਆਂ ਅੱਖਾਂ ਹੱਥ ਬਣ ਜਾਂਦੀਆਂ ਹਨ ਤੇ ਖੱਡੀ ਵਿਚ ਬੈਠਣ ਵੇਲੇ ਮੇਰੇ ਹੱਥ, ਅੱਖਾਂ ਬਣ ਜਾਂਦੇ ਹਨ।"

ਪਹਿਲੀ ਵਾਰ ਰਾਜਕੁਮਾਰੀ ਨੇ ਆਦਮੀ ਦੇ ਮੂੰਹੋਂ ਆਦਮੀ ਦੇ ਬੋਲ ਸੁਣੇ। ਇਹ ਤਾਂ ਬਰਾਬਰ ਦਿਆਂ ਵਾਂਗ ਬੇਝਿਜਕ ਗੱਲਾਂ ਕਰ ਰਿਹੈ। ਇਸ ਦੀ ਨਿਗ੍ਹਾ ਵਿਚ ਵੱਡਾ ਛੋਟਾ ਕੋਈ ਹੈ ਈ ਨਹੀਂ। ਰਾਜ ਦਰਬਾਰ ਦਾ ਤਾਂ ਮਾਹੌਲ ਹੀ ਹੋਰ। ਆਦਮੀਆਂ ਦੇ ਮੁਖੌਟੇ ਪਹਿਨ ਕੇ ਉਥੇ ਗਿੱਦੜ, ਕਾਂ, ਕਤੂਰੇ, ਗਧੇ, ਮੇਮਣੇ ਇੱਧਰ ਉਧਰ ਚੱਕਰ ਕੱਟੀ ਜਾਂਦੇ ਨੇ। ਇਨਸਾਨ ਦੀ ਜੂਨੇ ਪੈ ਕੇ ਵੀ ਕੋਈ ਇਨਸਾਨ ਦੀ ਮਰਿਆਦਾ ਨਹੀਂ ਜਾਣਦਾ।

ਹੋਸ਼ ਸੰਭਾਲਣ ਪਿੱਛੋਂ ਰਾਜਕੁਮਾਰੀ ਜਿਸ ਮਰਿਆਦਾ ਨੂੰ ਦੇਖਣ ਲਈ ਤਰਸਦੀ ਰਹੀ, ਪਹਿਲੀ ਵਾਰ ਕਬੀਰ ਦੇ ਚਿਹਰੇ ਉਪਰ ਦਿਸੀ। ਖੁਸ਼ੀ ਨਾਲ ਦਿਲ ਝੂਮਣ ਲੱਗਾ।

ਪਰਜਾ ਵਿਚ ਕਬੀਰ ਜੈਸਾ ਕਲਾਕਾਰ ਹੋਵੇ, ਕਿਸ ਰਾਜੇ ਨੂੰ ਮਾਣ ਨਾ ਹੋਵੇ! ਪਿੱਠ 'ਤੇ ਥਾਪੀ ਦਿੰਦਾ ਰਾਜਾ ਬੋਲਿਆ-ਧੰਨ ਨੇ ਤੇਰੀਆਂ ਅੱਖਾਂ, ਧੰਨ ਤੇਰੀਆਂ ਉਂਗਲੀਆਂ। ਈਰਖਾ ਦੀ ਅੱਗ ਸਦਕਾ ਲੋਕ ਚੁਗਲੀ ਕਰਦੇ ਨੇ ਪਰ ਮੈਂ ਚੁਗਲੀਆਂ ਵੱਲ ਕੰਨ ਕਿਉਂ ਕਰਾਂ? ਤੇਰੇ ਵਾਸਤੇ ਅੱਜ ਤੋਂ ਸਾਡਾ ਖਜ਼ਾਨਾ ਖੁੱਲ੍ਹਾ ਹੈ ਅੱਠੇ ਪਹਿਰ। ਤੇਰੀ ਕਾਰੀਗਰੀ ਦੀ ਮੂੰਹ ਮੰਗੀ ਕੀਮਤ ਤਾਰਾਂਗੇ। ਦਿਲ ਵਿਚ ਕੋਈ ਸੰਕੋਚ ਨਾ ਰੱਖਣਾ!"

ਮੁਸਕਰਾਂਦਿਆਂ ਕਬੀਰ ਨੇ ਕਿਹਾ "ਇਸ ਵਿਚ ਸੰਕੋਚ ਕਿਸ ਗੱਲ ਦਾ? ਆਪ ਨੂੰ ਪਤਾ ਨਹੀਂ, ਵੇਚਣ ਵਾਸਤੇ ਮੈਂ ਬੁਣਾਈ ਨਹੀਂ ਕਰਦਾ। ਇਲਾਕੇ ਦੇ ਸੇਠ ਮਹਾਜਨ ਲਾਲਚ ਦੇ-ਦੇ ਥੱਕ ਗਏ, ਪੈਸਿਆਂ ਵੱਟੇ ਆਪਣੀ ਕਾਰੀਗਰੀ ਨਹੀਂ ਵੇਚੀ। ਜਿਹੜੀ ਗੱਲ ਸੁਫਨੇ ਵਿਚ ਵੀ ਨਾ ਜਚੇ, ਉਸ ਨੂੰ ਮੰਨਣ ਦਾ ਕੀ ਫਾਇਦਾ? ਤੁਸੀਂ ਹੀ ਦੱਸੋ?"

ਸੁਣਨ ਸਾਰ ਰਾਜਕੁਮਾਰੀ ਤਾਂ ਇਸ ਗੱਲ ਦਾ ਭੇਤ ਜਾਣ ਗਈ ਪਰ ਇੱਕ-ਇੱਕ ਅੱਖਰ ਧਿਆਨ ਨਾਲ ਸੁਣਨ ਬਾਅਦ ਵੀ ਰਾਜਾ ਗੱਲ ਦਾ ਭਾਵ ਨਾ ਸਮਝਿਆ, ਨਾ ਇਸ ਵਿਚਲਾ ਜ਼ਾਇਕਾ। ਮੁਕਟ ਅਤੇ ਸਿੰਘਾਸਨ ਦਾ ਗੁਮਾਨ ਇਹੋ ਜਿਹੀ ਸਮਝ ਨੂੰ ਕਿਧਰੇ ਨੇੜੇ-ਤੇੜੇ ਨਹੀਂ ਫਟਕਣ ਦਿੰਦਾ। ਬੇਸਮਝੀ ਨਾਲ ਗਰਦਨ ਹਿਲਾਉਂਦਿਆਂ ਕਿਹਾ-"ਹਾਂ... ਹਾਂ... ਇਸ ਵਿਚ ਬੁਰਾਈ ਕੀ? ਮੇਰੀ ਮਿਹਰ ਅਤੇ ਰਾਜ ਦੇ ਖਜ਼ਾਨੇ ਖੁੱਲ੍ਹੇ ਹੋਣ, ਫਿਰ ਹੋਰਾਂ ਨੂੰ ਸਾਮਾਨ ਕਿਉਂ ਵੇਚੇਂ? ਕੋਈ ਤੀਸਮਾਰ ਖਾਂ ਤੇਰਾ ਮਾਲ ਖਰੀਦਣ ਦੀ ਹੈਂਕੜ ਦਿਖਾਏ, ਮੈਨੂੰ ਖਬਰ ਕਰੀਂ, ਉਸ ਨੂੰ ਜਿਊਂਦੇ ਜੀਅ ਜ਼ਮੀਨ ਵਿਚ ਗਡਵਾ ਦਿਆਂਗਾ। ਸਮਝ ਗਿਆ ਨਾ?" ਹਾਂ 'ਚ ਹਾਂ ਮਿਲਾਉਂਦਿਆਂ ਠਾਕੁਰ ਨੇ ਕਿਹਾ-"ਇਹ ਤਾਂ ਹਜ਼ੂਰ ਜਨਮ ਤੋਂ ਹੀ ਸਾਰਾ ਕੁਝ ਸਮਝ ਕੇ ਆਇਆ ਹੈ, ਫਿਰ ਕਿਸੇ ਦੀ ਗੱਲ ਕਿਉਂ ਮੰਨੇ?"

ਹਾਮੀ ਭਰਦਿਆਂ ਰਾਜੇ ਨੇ ਕਿਹਾ-"ਏਡੇ ਮਹਾਨ ਕਾਰੀਗਰ ਨੂੰ ਕਿਸੇ ਦੀ ਗੱਲ ਮੰਨਣੀ ਚਾਹੀਦੀ ਵੀ ਨਹੀਂ। ਜ਼ਬਰਦਸਤੀ ਤੂੰ ਵੀ ਕੁਝ ਖਰੀਦਣ ਦਾ ਯਤਨ ਕਰੇਂਗਾ ਤਾਂ ਮੈਥੋਂ ਬੁਰਾ ਵੀ ਫਿਰ ਹੋਰ ਕੋਈ ਨਹੀਂ।"

ਫਿਰ ਕਬੀਰ ਵੱਲ ਮੁੜਦਿਆਂ ਰਾਜੇ ਨੇ ਪੁੱਛਿਆ-"ਬੋਲ ਇਸ ਠਾਕੁਰ ਨੇ ਤੈਨੂੰ ਕਦੇ ਪਰੇਸ਼ਾਨ ਤਾਂ ਨਹੀਂ ਕੀਤਾ?" ਸਵਾਲ ਸੁਣਨ ਸਾਰ ਠਾਕੁਰ ਦਾ ਤਾਂ ਜਿਵੇਂ ਖੂਨ ਨੁੱਚੜ ਗਿਆ ਹੋਵੇ। ਅਚਨਚੇਤ ਬਲਾ ਆ ਗਈ ਸਮਝੋ। ਕਬੀਰ ਸਰਲ ਭਾਵ ਬੋਲਿਆ-"ਕਿਸੇ ਦੇ ਕਰਨ ਨਾਲ ਮੈਂ ਪਰੇਸ਼ਾਨ ਨਹੀਂ ਹੁੰਦਾ। ਆਪਣੇ ਦਿਲ ਦੇ ਸਿਵਾਏ ਕਿਸੇ ਦੀ ਗੱਲ ਮੰਨਾ ਤਾਂ ਹੋਵਾਂ। ਆਪ ਬੇਫਿਕਰ ਰਹੋ, ਮੈਨੂੰ ਕੋਈ ਤੰਗ ਪਰੇਸ਼ਾਨ ਨਹੀਂ ਕਰ ਸਕਦਾ।" ਕਬੀਰ ਦੀ ਗੱਲ ਸੁਣ ਕੇ ਰਾਜਾ ਅਤੇ ਠਾਕੁਰ ਦੋਵੇਂ ਨਿਸ਼ਚਿੰਤ ਹੋ ਗਏ। ਠਾਕੁਰ ਦੇ ਦਿਲ ਅੰਦਰਲੀ ਧੁਖਧੁਖੀ ਮੁੱਕੀ ਪਰ ਰਾਜਕੁਮਾਰੀ ਨੂੰ ਅਗਲਾ ਦ੍ਰਿਸ਼ ਦਿਸ ਰਿਹਾ ਸੀ। ਬੁਰਾ ਹੋਇਆ ਇੱਥੇ ਆਏ। ਹੁਣ ਪਛਤਾਉਣ ਦਾ ਕੀ ਲਾਭ? ਨਾਦਾਨ ਦੋਸਤ ਦਾ ਫਾਇਦਾ ਦੁਸ਼ਮਣ ਹੀ ਉਠਾਉਂਦਾ ਹੈ। ਮੇਰੇ ਕਰ ਕੇ ਕਬੀਰ ਦੁੱਖ ਉਠਾਏਗਾ। ਇਹ ਹੋਣੀ ਹੋ ਕੇ ਰਹੇਗੀ। ਰਾਜਕੁਮਾਰੀ ਦਾ ਦਿਲ ਬੈਠਣ ਲੱਗਾ। ਆਖਰ ਇਹ ਬਾਤ-ਚੀਤ ਕਿਸ ਕਿਨਾਰੇ' ਤੇ ਰੁਕੇਗੀ, ਉਸ ਨੂੰ ਪਹਿਲਾਂ ਹੀ ਮਹਿਸੂਸ ਹੋ ਗਿਆ ਪਰ ਇਸ ਦਾ ਕੋਈ ਉਪਾਓ ਕਿਧਰੇ ਦਿਸਦਾ ਨਹੀਂ ਸੀ ਦੂਰ-ਦੂਰ ਤੱਕ।

ਅੱਜ ਜਿੰਨੀਆਂ ਗੱਲਾਂ ਰਾਜੇ ਨੇ ਕਿਸੇ ਨਾਲ ਕੀਤੀਆਂ ਨਹੀਂ ਸਨ ਕਦੀ। ਇਹ ਸੋਚਣ ਸਾਰ ਰਾਜੇ ਨੇ ਆਪਣੇ ਸਵਾਰਾਂ ਨੂੰ ਫੌਰਨ ਹੁਕਮ ਦਿੱਤਾ ਕਿ ਸਾਰੀ ਤਿਆਰ ਕਾਰੀਗਰੀ ਆਪਣੇ ਕਬਜ਼ੇ ਵਿਚ ਲਓ ਤੇ ਅਗਲੇ ਸਾਲ ਵਾਸਤੇ ਪੇਸ਼ਗੀ ਹੁਕਮ ਦਿਓ। ਜਿੰਨੀ ਮੂੰਹ ਮੰਗੀ ਕੀਮਤ ਕਬੀਰ ਮੰਗਦਾ ਹੈ, ਇਸ ਪਾਸ ਫੌਰਨ ਪੁਚਾਓ। ਲੈਣ-ਦੇਣ

***(ਬਾਕੀ ਅਗਲੇ ਸਫੇ 'ਤੇ)***

ਸੌਦੇਬਾਜ਼ੀ ਵਿਚ ਕਬੀਰ ਦਾ ਵਕਤ ਜ਼ਾਇਆ ਨਹੀਂ ਕਰਨਾ, ਕਿਸੇ ਨੇ ਹੁਕਮ ਦੀ ਉਲੰਘਣਾ ਕੀਤੀ, ਫਿਰ ਉਹ ਜਾਣੇ ਜਾਂ ਰਾਮ ਜਾਣੇ। ਇਹ ਹੁਕਮ ਸੁਣਨ ਸਾਰ, ਰਾਜਕੁਮਾਰੀ ਦੇ ਦਿਲ ਵਿਚੋਂ ਦੀ ਜਿਵੇਂ ਸੁਰੰਗ ਨਿਕਲ ਗਈ ਹੋਵੇ। ਸਾਹ ਜਿੱਥੇ ਸੀ, ਉਥੇ ਰੁਕ ਗਿਆ ਪਰ ਕਬੀਰ ਦੇ ਚਿਹਰੇ ਦੀ ਰੰਗਤ ਰੱਤੀ ਭਰ ਵੀ ਨਹੀਂ ਬਦਲੀ। ਟੰਗਣਿਆਂ 'ਤੇ ਲਟਕਦੇ ਕਾਲੀਨਾਂ ਕੰਬਲਾਂ ਨੂੰ ਸਵਾਰਾਂ ਨੇ ਹੱਥ ਪਾਇਆ ਹੀ ਸੀ ਕਿ ਬਿਨਾ ਹੱਥ ਜੋੜੇ ਮੁਸਕਾਉਂਦਿਆਂ ਕਬੀਰ ਨੇ ਅੰਨਦਾਤਾ ਲਫਜ਼ ਵੀ ਨਹੀਂ ਉਚਾਰਿਆ, ਸਾਫ-ਸਾਫ ਕਹਿ ਦਿੱਤਾ-"ਮੈਂ ਦੱਸ ਦਿੱਤਾ ਸੀ ਕਿ ਮੁਨਾਫੇ ਵਾਸਤੇ ਮੈਂ ਜੁਲਾਹੇ ਦਾ ਕੰਮ ਨਹੀਂ ਕਰਦਾ। ਤੁਹਾਡਾ ਆਉਣਾ ਵਿਅਰਥ ਗਿਆ, ਇਸ ਵਾਸਤੇ ਖਿਮਾ ਮੰਗਦਾ ਹਾਂ।"

ਹੁਣ ਰਾਜੇ ਨੂੰ ਕਬੀਰ ਦੀ ਗੱਲ ਦਾ ਭੇਤ ਸਮਝ ਆਇਆ, ਦਿਮਾਗ ਵਿਚ ਵਰੋਲਾ ਉਠਿਆ, ਨਾੜਾਂ ਵਿਚ ਖੂਨ ਨੇ ਉਬਾਲਾ ਖਾਧਾ। ਇਸ ਚੰਡਾਲ ਦੀ ਇਹ ਹਿੰਮਤ? ਗੱਜਦਿਆਂ ਕਿਹਾ-"ਦੂਜਿਆਂ ਨੂੰ ਜਿਵੇਂ ਇਨਕਾਰ ਕੀਤਾ, ਮੈਨੂੰ ਵੀ ਉਵੇਂ ਕਰੇਂਗਾ?"

ਰਾਜਕੁਮਾਰੀ ਸੋਚ ਰਹੀ ਸੀ-'ਇਹ ਦਿਨ ਦੇਖਣਾ ਪਏਗਾ, ਸੋਚਿਆ ਨਹੀਂ ਸੀ। ਕਿਹੀ ਬੁਰੀ ਗੱਠ ਉਲਝੀ!' ਪੱਥਰ ਦੀ ਮੂਰਤੀ ਵਾਂਗ ਕਬੀਰ ਦੇ ਹੋਠਾਂ ਵੱਲ ਦੇਖਣ ਲੱਗੀ ਕਿ ਹੁਣ ਕਿਹੜਾ ਬੋਲ ਨਿਕਲੇਗਾ! ਮੁਸਕਾਨ ਸੰਭਾਲਦਿਆਂ ਕਬੀਰ ਨੇ ਕਿਹਾ, "ਮੈਂ ਦਿਲ ਦੀ ਗੱਲ ਕਰਨੀ ਸੀ ਕਰ ਦਿੱਤੀ, ਹੁਣ ਤੁਸੀਂ ਜਾਣੋ ਤੁਹਾਡਾ ਕੰਮ ਜਾਣੇ, ਜੋ ਮਰਜ਼ੀ ਮਤਲਬ ਕੱਢੋ।" ਰਾਜੇ ਨੂੰ ਜਿਵੇਂ ਅੱਗ ਲੱਗ ਗਈ ਹੋਵੇ, ਪੈਰ ਪਟਕਦਿਆਂ ਬੋਲਿਆ-"ਮੇਰੇ ਕੋਲ ਮਤਲਬ ਕੱਢਣ ਦਾ ਵਕਤ ਨਹੀਂ ਹੈ। ਨਾਲਾਇਕ ਤੇਰੀ ਕਿਤੇ ਮੌਤ ਤਾਂ ਨਹੀਂ ਆ ਗਈ?"

"ਮੌਤ ਤਾਂ ਆਏਗੀ ਯਕੀਨਨ ਇੱਕ ਦਿਨ! ਉਹ ਕਿਹੜਾ ਕਿਸੇ ਦਾ ਲਿਹਾਜ਼ ਕਰਦੀ ਹੈ? ਨਾ ਰੰਕ ਨਾ ਰਾਜਾ। ਮਰਨਾ ਯਾਦ ਹੈ, ਇਸੇ ਲਈ ਤਾਂ ਆਪਣੀ ਮਿਹਨਤ ਦਾ ਮੁੱਲ ਨਹੀਂ ਵਟਦਾ।"

ਠਾਕੁਰ ਨੇ ਵਧੀਆ ਵਿਉਂਤ ਸੁਝਾਈ-"ਕੀਮਤ ਨਹੀਂ ਪਾਉਣੀ ਚਾਹੇਂ ਨਾ ਸਹੀ, ਇਹ ਸਾਰੀਆਂ ਚੀਜ਼ਾਂ ਖੁਸ਼ੀ-ਖੁਸ਼ੀ ਰਾਜਾ ਦੇ ਚਰਨਾਂ ਵਿਚ ਰੱਖ ਕੇ ਭੇਟ ਕਰ ਦੇ।" ਠਾਕੁਰ ਦਾ ਇਹ ਸੁਝਾਅ ਸੁਣ ਕੇ ਕਬੀਰ ਦੇ ਹੋਠਾਂ 'ਤੇ ਮੁਸਕਾਣ ਤੈਰ ਆਈ, ਕਿਹਾ-"ਭੇਟ ਦੇਣੀ ਨਾ ਦੇਣੀ ਮੇਰੀ ਮਰਜ਼ੀ ਹੈ, ਰਾਜਾ ਨੂੰ ਕਿਸ ਚੀਜ਼ ਦੀ ਘਾਟ ਜੋ ਭੇਟ ਕਰਾਂ!"

ਰਾਜਕੁਮਾਰੀ ਨੇ ਕਬੀਰ ਬਾਰੇ ਕਈ ਅਫਵਾਹਾਂ ਸੁਣੀਆਂ ਹੋਈਆਂ ਸਨ ਤੇ ਉਸ ਨੂੰ ਲੱਗਦਾ ਹੁੰਦਾ ਸੀ ਸੱਚੀਆਂ ਹੋਣਗੀਆਂ। ਆਹਮੋ-ਸਾਹਮਣੇ ਅਜ਼ਮਾਉਣ ਵਾਸਤੇ ਹੀ ਤਾਂ ਉਸ ਨੇ ਕਬੀਰ ਦੇ ਦਰਸ਼ਨ ਬਾਰੇ ਸੋਚਿਆ ਸੀ। ਹੁਣ ਸਾਹਮਣੇ ਕਬੀਰ ਨੂੰ ਦੇਖਿਆਂ ਕੰਨਾਂ ਨੂੰ ਯਕੀਨ ਨਹੀਂ ਆਉਂਦਾ ਸੀ, ਇਨਸਾਨ ਦੀ ਔਲਾਦ ਰਾਜਾ ਸਾਹਮਣੇ ਬੇਖੌਫ ਦਿਲ ਦੀਆਂ ਗੱਲਾਂ ਇਉਂ ਕਰੀ ਜਾਏਗੀ! ਮਾਸੂਮ ਬਾਲਕ ਵਰਗਾ ਅਜਿਹਾ ਦਿਲ ਹੋਰ ਕਿਸ ਦਾ ਹੋ ਸਕਦਾ ਹੈ? ਵਧਦੀ ਉਮਰ ਅਤੇ ਸਮਝ ਨਾਲ, ਸੌ ਵਿਚੋਂ ਇੱਕ ਸੌ ਪੰਜ ਬੰਦਿਆਂ ਨੂੰ ਚਿੱਕੜ ਵਿਚੋਂ ਲੰਘਣਾਂ ਪੈਂਦਾ ਹੈ। ਇਹੋ ਜਿਹੀ ਇੱਕ ਵੰਨਗੀ ਕਿਵੇਂ ਬਚੀ ਰਹਿ ਗਈ? ਰਾਜਕੁਮਾਰੀ ਦੇ ਰੋਮ-ਰੋਮ ਵਿਚ ਧਸਿਆ ਡਰ ਕਿਸੇ ਜਾਦੂ ਦੇ ਜ਼ੋਰ ਵਾਂਗ ਅਨੰਤ ਮਾਣ ਅਤੇ ਖੁਸ਼ੀ ਵਿਚ ਬਦਲ ਗਿਆ! ਇਸ ਪੁਤਲੇ ਨੂੰ ਮਿਲ ਕੇ ਤਾਂ ਮੌਤ ਵੀ ਧੰਨ ਹੋ ਜਾਏਗੀ। ਆਪਣੇ ਭਾਗ ਸਲਾਹੇਗੀ। ਇਹੋ ਜਿਹੀ ਮੌਤ ਉਪਰੋਂ ਲੱਖਾਂ ਜੀਵਨ ਨਿਛਾਵਰ! ਮਾਰਨ ਤੋਂ ਵਧੀਕ ਜ਼ੋਰ ਤਾਂ ਰਾਜਾ ਵਿਚ ਵੀ ਨਹੀਂ ਹੈ। ਮਨ ਵਿਚ ਡਰ ਨਹੀਂ ਤਾਂ ਖਤਰਾ ਕਿਸ ਤੋਂ? ਕਿਹੜੀ ਦੁਚਿੱਤੀ? ਮਰਨਾ ਨਿਸ਼ਚਿਤ ਹੈ ਫੇਰ ਵੀ ਬੜੇ ਲੋਕ ਮੌਤ ਤੋਂ ਡਰਦੇ ਹਨ! ਇੱਕ ਇਹ ਸਾਧੂ ਵਰਗਾ ਮਨੁੱਖ ਜਿਸ ਨੇ ਆਪਣੀ ਸੱਚਾਈ ਦੇ ਇਲਾਵਾ ਕੁਝ ਜਾਣਿਆਂ ਹੀ ਨਹੀਂ। ਛਾਲਾਂ ਮਾਰਦੀ ਬਿਜਲੀ ਵਾਂਗ ਕੋਈ ਮਰਮ ਰਾਜਕੁਮਾਰੀ ਦੀਆਂ ਅੱਖਾਂ ਅੱਗਿਓਂ ਲੰਘਿਆ।

ਬਾਕੀ ਸੁਣਨ ਵਾਲਿਆਂ ਉਪਰ ਜਿਵੇਂ ਪੱਥਰ ਡਿੱਗੇ ਹੋਣ। ਰਾਜਭਾਗ ਦਾ ਅਨੰਤ ਹੰਕਾਰ ਕਬੀਰ ਦੇ ਸਿੱਧੇ ਸਵਾਲ ਨੂੰ ਝੱਲ ਨਾ ਸਕਿਆ। ਕਬੀਰ ਦੇ ਵਾਕ ਨਾਲੋਂ ਤਾਂ ਤਲਵਾਰ ਦਾ ਵਾਰ ਸਹਿਣਾ ਸੌਖਾ! ਇੱਕ ਵਾਰ ਤਾਂ ਰਾਜਾ ਆਪਣੀ ਸੁੱਧ-ਬੁੱਧ ਭੁਲਾ ਬੈਠਾ! ਪਰ ਦੂਜੇ ਹੀ ਪਲ ਉਸ ਦੀ ਨਸ-ਨਸ ਵਿਚ ਸੱਪ, ਰਾਖਸ਼ ਅਤੇ ਸ਼ੇਰ ਦਹਾੜਨ ਲੱਗੇ। ਫੁੰਕਾਰਦਾ ਬੋਲਿਆ-"ਤੂੰ ਕਾਰੀਗਰੀ ਕਿਸੇ ਨੂੰ ਵੇਚਦਾ ਨਹੀਂ, ਭੇਟ ਨਹੀਂ ਕਰਦਾ, ਫਿਰ ਇਹ ਹੈ ਕਿਸ ਲਈ?"

ਕਿਸੇ ਦੇ ਉਕਸਾਉਣ ਨਾਲ ਕਬੀਰ ਨੂੰ ਗੁੱਸਾ ਨਹੀਂ ਆਉਂਦਾ ਸੀ। ਉਸ ਨੇ ਆਪਣੇ ਆਪ ਨੂੰ ਪੂਰੇ ਵਸ ਵਿਚ ਕੀਤਾ ਹੋਇਆ ਸੀ। ਧੀਮੇ ਸੁਰ ਵਿਚ ਬੋਲਿਆ-"ਲੋੜਵੰਦ ਜਿਹੜੇ ਇਨ੍ਹਾਂ ਨੂੰ ਖਰੀਦ ਨਹੀਂ ਸਕਦੇ, ਮੇਰੀ ਕਾਰੀਗਰੀ ਉਨ੍ਹਾਂ ਵਾਸਤੇ।"

ਠਾਕੁਰ ਨੇ ਅੱਗ ਵਿਚ ਘਿਉ ਪਾਉਂਦਿਆਂ ਕਿਹਾ-"ਚੰਡਾਲ! ਤੇਰੀ ਇਹ ਮਜਾਲ? ਗੁੱਸਾ ਤਾਂ ਏਨਾ ਆ ਰਿਹੈ ਕਿ ਅੰਨਦਾਤਾ ਦਾ ਹੁਕਮ ਉਡੀਕੇ ਬਗੈਰ ਤੇਰੀ ਗਰਦਨ ਉਡਾ ਦਿਆਂ। ਬੇਕਾਰ ਚੀਥੜਿਆਂ ਵਾਸਤੇ ਤਿੰਨ ਲੋਕ ਦੇ ਮਾਲਕ ਨੂੰ ਤੂੰ ਭਿਖਾਰੀ ਸਮਝਿਆ?"

ਠਾਕੁਰ ਦੇ ਗੁੱਸੇ ਦੀ ਵਜ੍ਹਾ ਕਬੀਰ ਨੂੰ ਪਤਾ ਨਾ ਲੱਗੀ, ਚੁੱਪ ਖਲੋਤਾ ਰਿਹਾ। ਰਾਜਕੁਮਾਰੀ ਠਾਕੁਰ ਨੂੰ ਕਹਿਣ ਲੱਗੀ-"ਆਪਣੇ ਦਿਲ ਦੀ ਗੱਲ ਇਸ ਦੇ ਮੂੰਹ ਵਿਚ ਕਿਓਂ ਧੱਕੇ ਨਾਲ ਪਾਉਂਦੇ ਹੋ? ਇਸ ਨੇ ਇਸ ਤਰ੍ਹਾਂ ਦੀ ਕੋਈ ਗੱਲ ਤਾਂ ਕੀਤੀ ਨਹੀਂ।"

ਰਾਜਕੁਮਾਰੀ ਦੇ ਸੁਭਾਅ ਤੋਂ ਵਾਕਫ ਰਾਜੇ ਨੇ ਕਿਹਾ-"ਠਾਕੁਰ, ਤੁਹਾਨੂੰ ਵਿਚਕਾਰ ਟੰਗ ਅੜਾਉਣ ਦੀ ਆਗਿਆ ਕਿਸ ਨੇ ਦਿੱਤੀ? ਇਹਦੇ ਨਾਲ ਨਿਬੇੜਾ ਕਰਨ ਦੀ ਤਾਕਤ ਮੇਰੇ ਵਿਚ ਨਹੀਂ?"

ਕੂਹਣੀਆਂ ਤੱਕ ਹੱਥ ਜੋੜਦਾ ਠਾਕੁਰ ਰੁਕ-ਰੁਕ ਬੋਲਿਆ-"ਤੁਹਾਡੀ ਤਾਕਤ ਦੀ ਕੀ ਸੀਮਾ ਅੰਨਦਾਤਾ! ਇਹੋ ਜਿਹੇ ਭੁੱਖੜ ਲੱਖ ਕਰੋੜ ਰਲ ਕੇ ਵੀ ਤੁਹਾਡਾ ਵਾਲ ਵਿੰਗਾ ਨਹੀਂ ਕਰ ਸਕਦੇ।"

ਕਹਿਣਾ ਕੁਝ ਹੋਰ ਚਾਹੁੰਦਾ ਸੀ ਪਰ ਰਾਜਾ ਉਲਝ ਗਿਆ, ਬੇਧਿਆਨੀ ਵਿਚ ਏਨਾ ਕੁ ਕਿਹਾ-"ਫੇਰ?"

ਰਾਜੇ ਦੇ ਚਰਨ ਛੂਹਦਿਆਂ ਠਾਕੁਰ ਨੇ ਕਿਹਾ-"ਭਿਆਨਕ ਗਲਤੀ ਹੋ ਗਈ ਅੰਨਦਾਤਾ, ਖਿਮਾ ਬਖਸ਼ੋ!" ਇੱਕ ਵਾਰ ਰਾਜੇ ਨੂੰ ਇਉਂ ਲੱਗਾ ਜਿਵੇਂ ਠਾਕੁਰ ਦੇ ਰੂਪ ਵਿਚ ਕਬੀਰ ਨੇ ਚਰਨ ਛੂਹੇ ਹੋਣ! ਰਾਜਾ ਤਾਂ ਰਾਜਾ ਹੈ ਆਖਰ! ਅਸਲ ਵਿਚ ਰਾਜੇ ਦੀ ਖਿਝ ਹੁਣ ਕੁਝ ਨਿਖਾਰਨ ਲੱਗ ਪਈ ਸੀ। ਠੰਢੇ ਮਿਜ਼ਾਜ ਨਾਲ ਕਬੀਰ ਨੂੰ ਸਮਝਾਉਣ ਲੱਗਾ-"ਜ਼ਿੱਦ ਉਪਰ ਪਾ ਮਿੱਟੀ। ਛੱਡ ਪਾਗਲਪਣ। ਸਾਡੇ ਦਰਸ਼ਨ ਕਰਨ ਤੋਂ ਪਹਿਲਾਂ ਜਿੰਨੀ ਤਕਲੀਫ ਕੱਟੀ ਸੋ ਕੱਟ ਲਈ, ਹੁਣ ਐਸ਼ ਕਰ। ਜਿੰਨਾ ਮੰਗੇਂਗਾ, ਖਜ਼ਾਨੇ ਵਿਚੋਂ ਸਵਾਇਆ ਦਿਆਂਗਾ। ਚਿਰਾਗ ਲੈ ਕੇ ਲੱਭੀ ਜਾਈਂ, ਮੇਰੇ ਵਰਗਾ ਫਰਾਖ ਦਿਲ ਹਾਕਮ ਨਹੀਂ ਮਿਲੇਗਾ। ਪਾਗਲ ਕਿਤੋਂ ਦਾ! ਰਾਜਾ ਤਾਂ ਪਿਤਾ ਸਮਾਨ ਹੁੰਦਾ ਹੈ, ਫਿਰ ਸੰਕੋਚ ਕੀ?"

ਲੱਗਣ ਲੱਗਾ ਹਕੂਮਤੀ ਦਹਿਸ਼ਤ ਨਾਲ ਯਰਕਣ ਵਾਲਾ ਬੰਦਾ ਨਹੀਂ ਕਬੀਰ। ਫਿਰ ਦਰਬਾਰੀਆਂ ਸਾਹਮਣੇ ਸਿੰਘਾਸਨ ਦੀ ਪੋਲ ਕਾਹਨੂੰ ਖੁੱਲ੍ਹੇ। ਪੁਚਕਾਰਨ ਲੱਗਾ-"ਹੁਣ ਤਾਂ ਤੇਰਾ ਮਨ ਬਦਲਿਆ? ਤੂੰ ਕੀ ਜਾਣੇ ਏਨੀ ਖੁਸ਼ਾਮਦ ਤਾਂ ਮੈਂ ਵੱਡੇ, ਪੁਰਾਣੇ ਰਾਜੇ ਦੀ ਨਹੀਂ ਕੀਤੀ ਸੀ। ਖੁਸ਼ੀ-ਖੁਸ਼ੀ ਮਨਜ਼ੂਰੀ ਦੇ ਦਏਂ ਤਾਂ ਮੇਰੇ ਅਫਸਰ ਤੇਰੇ ਮਾਲ ਨੂੰ ਹੱਥ ਲਾਉਣਗੇ। ਤੇਰੇ ਵਰਗੇ ਖਰੇ ਬੰਦੇ ਉਪਰ ਮੈਨੂੰ ਵੀ ਮਾਣ ਹੈ। ਮੂੰਹ ਮੰਗੀ ਕੀਮਤ ਦੱਸ, ਪੂਰੀ ਖੁੱਲ੍ਹ ਹੈ।" ਕਿਸੇ ਦੇ ਹੱਥੋਂ ਬਖਸ਼ਿਸ਼ ਲਵੇ, ਇਹੋ ਜਿਹੇ ਦਿਨ ਤਾਂ ਕਬੀਰ ਜੰਮਿਆ ਹੀ ਨਹੀਂ। ਕਬੀਰ ਦੇ ਮਨ ਉਪਰ ਕਿਸੇ ਦਾ ਕੁੰਡਾ ਨਹੀਂ। ਰਾਜਾ ਖਿਝੇ ਜਾਂ ਖੁਸ਼ ਹੋਵੇ, ਉਸ ਨੂੰ ਕੀ। ਸਾਰੀ ਗੱਲ ਸੰਭਾਲਦਿਆਂ ਬੋਲਿਆ "ਮੇਰੀਆਂ ਲੋੜਾਂ ਏਨੀਆਂ ਘੱਟ ਹਨ ਕਿ ਤੁਹਾਡੀ ਬਖਸ਼ਿਸ਼ ਮੇਰੇ ਕਿਸੇ ਕੰਮ ਦੀ ਨਹੀਂ। ਤੁਹਾਡਾ ਇੱਥੇ ਆਉਣਾ ਬੇਕਾਰ ਹੈ, ਇੱਕ ਵਾਰ ਫਿਰ ਖਿਮਾ ਚਾਹੁੰਦਾ ਹਾਂ।"

ਰਾਜਾ ਆਪਣੇ ਮੂੰਹ ਨਾਲ ਪੁਚਕਾਰੇ, ਫਿਰ ਵੀ ਕਬੀਰ ਦਾ ਉਹੀ ਹਠ ਕਾਇਮ। ਰਾਜੇ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਆਪਣੇ ਕੰਨਾਂ 'ਤੇ ਵਿਸ਼ਵਾਸ ਨਹੀਂ ਹੋ ਰਿਹਾ। ਸ਼ੱਕ ਮਿਟਾਉਣ ਵਾਸਤੇ ਇੱਕ ਵਾਰ ਫਿਰ ਪੁੱਛਿਆ-"ਤਾਂ ਕੀ ਮੂੰਹ ਮੰਗੀ ਕੀਮਤ 'ਤੇ ਵੀ ਆਪਣਾ ਮਾਲ ਮੈਨੂੰ ਨਹੀਂ ਦਏਂਗਾ?"

ਰਾਜਕੁਮਾਰੀ ਵੱਲ ਦੇਖਦਿਆਂ ਕਬੀਰ ਨੇ ਕਿਹਾ-"ਲੋਭ ਲਾਲਚ ਸਦਕਾ ਮਨ ਬਦਲ ਜਾਏ, ਇਹ ਮੈਂ ਜਾਣਦਾ ਹੀ ਨਹੀਂ, ਇੱਕ ਵਾਰ ਪੁੱਛੋ ਚਾਹੇ ਸੌ ਵਾਰ, ਮੇਰਾ ਉਹੀ ਉਤਰ।" ਇਹ ਬੋਲ ਸੁਣ ਕੇ ਰਾਜਕੁਮਾਰੀ ਨੂੰ ਲੱਗਾ, ਆਕਾਸ਼ ਵਿਚ ਇੱਕ ਸੂਰਜ ਹੋਰ ਚੜ੍ਹ ਗਿਆ ਪਰ ਰਾਜੇ ਦੀ ਹਾਲਤ ਵਿਗੜ ਗਈ। ਮੈਂ ਦੇਸ਼ ਦਾ ਮਾਲਕ ਹਾਂ ਵੀ ਕਿ ਨਹੀਂ? ਸਿੰਘਾਸਨ ਤੇ ਮੁਕਟ ਦਾ ਮਾਣ ਐਵੇਂ ਤਾਂ ਨਹੀਂ ਹੁੰਦਾ! ਹਫਦਿਆਂ ਰਾਜੇ ਨੇ ਕਿਹਾ-"ਸਿਪਾਹੀਓ! ਟੰਗਣੇ 'ਤੇ ਲਟਕਦੇ ਸਾਰੇ ਸ਼ਾਲ ਕਾਲੀਨ ਟੁਕੜੇ-ਟੁਕੜੇ ਕਰ ਦਿਓ।"

ਰਾਜਕੁਮਾਰੀ ਆਪੇ ਵਿਚ ਗੁੰਮ ਹੋ ਗਈ। ਕੀ ਕਰੇ, ਕੀ ਨਾ ਕਰੇ! ਇਹੋ ਜਿਹੀ ਕੁੜਿੱਕੀ ਕਦੀ ਨਹੀਂ ਦੇਖੀ। ਕਬੀਰ ਨੇ ਕਿਸੇ ਨੂੰ ਨਾ ਰੋਕਿਆ, ਨਾ ਟੋਕਿਆ। ਅਫਸਰਾਂ ਨੇ ਕਢਾਈ ਕੀਤੀਆਂ ਬਿਜਲੀਆਂ ਟੋਟੇ-ਟੋਟੇ ਕਰ ਦਿੱਤੀਆਂ। ਫੁੱਲ ਪੰਖੜੀ-ਪੰਖੜੀ ਹੋ ਗਏ। ਪਹਾੜਾਂ ਦੇ ਬਖੀਏ ਉਧੇੜ ਦਿੱਤੇ। ਟਿੱਬੇ ਖਿੱਲਰ ਗਏ। ਕਬੀਰ ਦਾ ਕੀ ਵਸ ਚੱਲਦਾ? ਉਸ ਦਾ ਵਸ ਚੱਲਿਆ ਸੀ ਤਾਂ ਉਸ ਨੇ ਕੁਝ ਨਾ ਕੁਝ ਸਿਰਜਿਆ ਹੀ ਸੀ। ਉਸ ਨੇ ਆਪਣਾ ਕੰਮ ਕੀਤਾ। ਰਾਜਾ ਆਪਣਾ ਕੰਮ ਕਰ ਰਿਹਾ ਹੈ। ਸ਼ਾਂਤ ਚਿਤ ਕਬੀਰ ਦਰਬਾਰੀਆਂ ਹੱਥੋਂ ਆਪਣੇ ਕਾਲਜੇ ਦੇ ਟੁਕੜੇ ਹੁੰਦੇ ਦੇਖਦਾ ਰਿਹਾ। ਕਬੀਰ ਦੇ ਹੋਠਾਂ ਦੀ ਮੁਸਕਾਣ ਤੋਂ ਰਾਜੇ ਨੂੰ ਲੱਗਾ, ਮੇਰਾ ਮਜ਼ਾਕ ਉਡਾ ਰਿਹੈ। ਉਬਲਦੇ ਰਾਜ ਹੰਕਾਰ ਦੀ ਕੀ ਹੱਦ? ਕੜਕਦੀ ਆਵਾਜ਼, ਹੁਕਮ-"ਦੇਖਦੇ ਕੀ ਹੋ, ਕੱਪੜਿਆਂ ਵਾਂਗ ਕਬੀਰ ਦੀ ਵੀ ਲੀਰ-ਲੀਰ ਕਰ ਦਿਓ, ਇਸ ਬੇਸ਼ਰਮ ਦੀ ਬੋਟੀ-ਬੋਟੀ ਖਲਾਰ ਦਿਓ।"

ਹੁਕਮ ਸੁਣਦਿਆਂ ਨੰਗੀਆਂ ਕਿਰਪਾਨਾਂ ਧੂਹ ਕੇ ਚਾਰ ਪੰਜ ਜਣੇ ਅੱਗੇ ਵਧੇ ਹੀ ਸਨ ਕਿ ਰਾਜਕੁਮਾਰੀ ਵਿਚਕਾਰ ਆ ਗਈ- "ਖਬਰਦਾਰ ਕਬੀਰ ਨੂੰ ਝਰੀਟ ਵੀ ਮਾਰੀ ਤਾਂ ਮੈਂ ਅੱਗ ਵਿਚ ਭਸਮ ਹੋ ਜਾਵਾਂਗੀ।"

ਜਿੱਥੇ ਸਨ, ਜੁਆਨਾਂ ਦੇ ਹੱਥ ਉਥੇ ਰੁਕ ਗਏ। ਕਿਸ ਦਾ ਹੁਕਮ ਮੰਨਣ? ਰਾਜੇ ਦਾ ਕਿ ਰਾਜਕੁਮਾਰੀ ਦਾ? ਕਠਪੁਤਲੀ ਤਾਂ ਧਾਗਿਆਂ ਸਹਾਰੇ ਛਾਲਾਂ ਮਾਰਦੀ ਹੈ। ਨਵਾਂ ਹੁਕਮ ਸੁਣ ਕੇ ਜੁਆਨ ਰਾਜੇ ਵੱਲ ਦੇਖਣ ਲੱਗੇ। ਰਾਜੇ ਦੇ ਸੰਘ ਵਿਚ ਜਿਵੇਂ ਕੁਝ ਫਸ ਗਿਆ ਹੋਵੇ। ਉਚੇ ਸੁਰ ਵਿਚ ਰਾਜਕੁਮਾਰੀ ਦੀ ਆਵਾਜ਼ ਆਈ-"ਵੱਡੇ ਕਲਾ ਪਾਰਖੂ ਹੋ, ਚੰਗੀ ਕੀਮਤ ਪਾਈ!" ਰਾਜੇ ਦੇ ਕਲੇਜੇ ਨੂੰ ਅੰਗਾਰਾ ਛੂਹ ਗਿਆ। ਕਬੀਰ ਕੋਈ ਦਾਦ



ਫਰਿਆਦ ਕਰਦਾ, ਗਿੜਗਿੜਾਉਂਦਾ ਤਾਂ ਰਾਜ ਹੰਕਾਰ ਸ਼ਾਇਦ ਕੁਝ ਨਰਮ ਪੈ ਜਾਂਦਾ ਪਰ ਇਸ ਢੀਠ ਉਪਰ ਅਸਰ ਹੀ ਨਹੀਂ। ਅਟਕਦਿਆਂ-ਅਟਕਦਿਆਂ ਮੁਸ਼ਕਿਲ ਨਾਲ ਰਾਜਾ ਇੰਨਾ ਕਹਿ ਸਕਿਆ- "ਕਾਰੀਗਰੀ ਨਾ ਵੇਚੇ ਨਾ ਭੇਟ ਕਰੇ, ਫਿਰ ਕੀ ਕਰਾਂ ਹੋਰ?"

ਰਾਜਕੁਮਾਰੀ ਦੇ ਮੂੰਹੋਂ ਖੂਨ ਟਪਕਿਆ-"ਮੈਨੂੰ ਪੁੱਛਦੇ ਤਾਂ ਮੈਂ ਦੱਸਦੀ। ਹੁਣ ਤਾਂ ਪੁੱਛਣ ਦਾ ਰਸਤਾ ਨਹੀਂ ਰਿਹਾ। ਮੇਰੇ ਜਿਸਮ ਦੇ ਟੁਕੜੇ ਪਹਿਲੋਂ ਕਰਦੇ, ਬਿਹਤਰ ਹੁੰਦਾ। ਅੱਜ ਮੇਰੀ ਅਕਲ ਟਿਕਾਣੇ ਆ ਗਈ। ਹੁਣ ਕਿਸੇ ਕੰਮ ਤੋਂ ਰੋਕਾਂ ਤਾਂ ਜੀਭ ਦਾਗ ਦੇਣੀ।" ਰਾਜਾ ਮੁੜ ਲਾਡ ਨਾਲ ਦੁਲਾਰਨ ਲੱਗਾ-"ਮੇਰੀ ਕਮਲੀ ਧੀ, ਤੂੰ ਇਸ ਗੱਲ ਦੀ ਚੰਗੀ ਚਿੰਤਾ ਕੀਤੀ! ਮੈਂ ਦਿਲ ਦਾ ਮੈਲਾ ਥੋੜ੍ਹਾ ਹਾਂ। ਇਸ ਕਬੀਰ ਨੂੰ ਛੱਡ ਕੇ ਮੇਰੀਆਂ ਦਾਤਾਂ ਨੂੰ ਦੱਸ ਕੌਣ ਨਹੀਂ ਹੋਰ ਜਾਣਦਾ? ਤੇਰੀ ਮਰਜ਼ੀ ਹੋਵੇ ਤਾਂ ਗਲ ਵਿਚੋਂ ਨੌਂ ਲੱਖਾ ਹਾਰ ਉਤਾਰ ਕੇ ਕਬੀਰ ਨੂੰ ਦੇ ਦਿਆਂ! ਹਾਰ ਤੈਥੋਂ ਵਧ ਕੇ ਥੋੜ੍ਹਾ ਹੈ?"

ਵਾਕਈ ਇਹ ਕਹਿ ਕੇ ਰਾਜੇ ਨੇ ਆਪਣੇ ਗਲੋਂ ਨੌਂ ਲੱਖਾ ਹਾਰ ਉਤਾਰਿਆ, ਕਬੀਰ ਵੱਲ ਹੱਥ ਕਰਦਾ ਹੋਇਆ ਬੋਲਿਆ-"ਇਸ ਨੂੰ ਆਪਣੀ ਕਾਰੀਗਰੀ ਦਾ ਮੁੱਲ ਨਾ ਸਹੀ, ਹੋਏ ਨੁਕਸਾਨ ਦਾ ਹਰਜਾਨਾ ਸਮਝ ਕੇ ਕਬੂਲ ਕਰ। ਪੀੜ੍ਹੀਆਂ ਦੀ ਕੰਗਾਲੀ ਮਿਟਾ। ਹੁਣ ਖੁਸ਼? ਲੈਣਾ ਤਾਂ ਕੀ, ਕਬੀਰ ਨੇ ਨੌਂ ਲੱਖੇ ਹਾਰ ਵੱਲ ਨਿਗ੍ਹਾ ਵੀ ਨਾ ਕੀਤੀ। ਗਰਦਨ ਦੀ ਥਾਂ ਰਾਜੇ ਦੇ ਹੱਥ ਵਿਚ ਲਿਸ਼ਕਦਾ ਹਾਰ ਲਟਕ ਰਿਹਾ ਸੀ। ਕਬੀਰ ਨੇ ਕਿਹਾ-"ਮੈਂ ਤਾਂ ਪਹਿਲੋਂ ਹੀ ਖੁਸ਼ ਹਾਂ। ਹੋਰਾਂ ਦੀਆਂ ਗਲਤੀਆਂ ਦਾ ਪਛਤਾਵਾ ਮੈਨੂੰ ਕਿਉਂ ਹੋਵੇ? ਨਾਲੇ ਇਸ ਹਾਰ ਨਾਲ ਮੇਰੇ ਨੁਕਸਾਨ ਦੀ ਪੂਰਤੀ ਨਹੀਂ ਹੋਵੇਗੀ।"

ਰਾਜਾ ਕਾਹਲੀ-ਕਾਹਲੀ ਬੋਲਿਆ-"ਇੱਕ ਨਹੀਂ ਦੋ ਲੈ, ਚਾਰ ਲੈ ਲੈ।"

ਕਬੀਰ ਨੇ ਕਿਹਾ-"ਕੰਬਲ ਜਾਂ ਸ਼ਾਲ ਦਾ ਮੁੱਲ ਹਾਰ ਨਹੀਂ ਪਾਏਗਾ, ਠੰਢ ਵਿਚ ਕੰਬਦਾ ਲੋੜਵੰਦ ਬੰਦਾ ਇਸ ਦੀ ਕੀਮਤ ਜਾਣੇਗਾ। ਤੁਸੀਂ ਰਾਜਾ ਹੋ, ਮਿਹਨਤ ਦੇ ਪਸੀਨੇ ਦਾ ਮੁੱਲ ਤੁਹਾਨੂੰ ਕੋਈ ਪਤਾ ਨਹੀਂ। ਹੁਣ ਮੈਂ ਲੀਰੋ ਲੀਰ ਕੰਬਲਾਂ ਨੂੰ ਠੀਕ ਕਰਾਂਗਾ, ਲੋੜਵੰਦਾਂ ਨੂੰ ਦਿਆਂਗਾ, ਇਸ ਦੀ ਕੀਮਤ ਮਿਲ ਜਾਏਗੀ।"

ਰਾਜਾ ਹੱਸ ਪਿਆ-ਤੇਰੇ ਇਕੱਲੇ ਵਿਚ ਸੌ ਮੂਰਖਾਂ ਬਰਾਬਰ ਮੂਰਖਤਾ ਹੈ। ਹਾਰ ਦੇ ਮੋਤੀਆਂ ਦੀ ਕੀਮਤ ਦਾ ਪਤਾ ਵੀ ਹੈ ਕੁਝ? ਇੱਕ-ਇੱਕ ਮੋਤੀ ਬਦਲੇ ਹਜ਼ਾਰ-ਹਜ਼ਾਰ ਕੰਬਲ ਖਰੀਦ, ਗੱਦੀ 'ਤੇ ਬੈਠਾ-ਬੈਠਾ ਬੇਹਿਸਾਬ ਵੰਡੀ ਜਾ।

ਨਾਂਹ ਵਿਚ ਸਿਰ ਹਿਲਾਉਂਦਿਆਂ ਕਬੀਰ ਨੇ ਕਿਹਾ-"ਦਾਨ ਕਰਨ ਦੇ ਹੰਕਾਰ ਨਾਲ ਮੇਰਾ ਦਿਲ ਨਹੀਂ ਟਿਕਦਾ। ਧਨ ਜੁੜਨ ਨਾਲ ਧਨ ਵਧਦਾ ਹੈ, ਹੋਰ ਸਾਰੇ ਗੁਣ ਘਟ ਜਾਂਦੇ ਹਨ। ਇਨਸਾਨ ਵਿਚ ਇਨਸਾਨੀਅਤ ਨਾ ਰਹੇ; ਫਿਰ ਤਾਂ ਬਸ ਖੂਨ, ਹੱਡੀਆਂ, ਚਮੜੀ ਮਾਸ ਬਾਕੀ ਬਚਦਾ ਹੈ। ਤਲਵਾਰ ਦੀ ਤਾਕਤ ਬਗ਼ੈਰ ਨਾ ਸੱਤਾ ਵਧੇ, ਨਾ ਦੌਲਤ। ਤਲਵਾਰ ਅਤੇ ਸਿੰਘਾਸਨ ਦੀ ਦਹਿਸ਼ਤ ਨਾਲ ਜੇ ਮੌਤ ਡਰਦੀ ਹੋਵੇ, ਫੇਰ ਹੋਰ ਗੱਲ ਹੈ...!

ਰਾਜ ਦੇ ਨਸ਼ੇ ਤੋਂ ਬਗੈਰ ਰਾਜੇ ਕੋਲ ਹੋਰ ਕੁਝ ਸੀ ਹੀ ਨਹੀਂ। ਕਬੀਰ ਦੀ ਜ਼ਬਾਨੋਂ ਨਿਕਲੇ ਵਾਕ ਤੋਂ ਖਿਆਲ ਆਇਆ, ਦੇਰ ਸਵੇਰ ਮੌਤ ਉਸ ਪਾਸ ਵੀ ਆਏਗੀ! ਪਰ ਇਹ ਗੱਲ ਹੋਰ ਹੈ। ਉਹ ਦੇਸ਼ ਦਾ ਮਾਲਕ ਤਾਂ ਹੈ ਨਾ। ਧੀਮੇ ਸੁਰ ਵਿਚ ਕਿਹਾ-"ਇੱਕ ਗੱਲ ਦੱਸ। ਇਹ ਚਾਰ ਕੂਟਾਂ ਵਿਚ ਫੈਲਿਆ ਰਾਜ, ਅਖੁੱਟ ਖਜ਼ਾਨੇ, ਬੇਅੰਤ ਫੌਜ, ਲਿਸ਼ਕਦੀਆਂ ਤਲਵਾਰਾਂ, ਹਾਥੀ ਘੋੜੇ ਮਿਲ ਕੇ ਵੀ ਮੇਰੀ ਮੌਤ ਰੋਕ ਨਹੀਂ ਸਕਦੇ? ਨਾਚੀਜ਼ ਪਰਜਾ ਵਾਂਗ ਮੈਨੂੰ ਵੀ ਮਰਨਾ ਪਏਗਾ?"

ਉਜਲ ਮੁਖ ਕਬੀਰ ਨੇ ਕਿਹਾ-"ਇਹ ਕੋਈ ਪੁੱਛਣ ਦੱਸਣ ਵਾਲੀ ਗੱਲ ਹੈ?"

ਹਉਕਾ ਲੈ ਕੇ ਰਾਜਾ ਬੋਲਿਆ-"ਪੁੱਛਣ ਦੀ ਗੱਲ ਹੈ ਤਾਂ ਪੁੱਛ ਰਿਹਾਂ। ਕਿਸੇ ਪੰਡਿਤ ਗਿਆਨੀ ਨੂੰ ਪਤਾ ਨਹੀਂ ਇਸ ਦਾ ਉਤਰ ਤੇਰੇ ਸਿਵਾ। ਤੇਰੀਆਂ ਗੱਲਾਂ ਸੁਣ ਕੇ ਮੇਰੇ ਸਿਰ ਵਿਚ ਕੀੜੀਆਂ ਲੜਨ ਲੱਗ ਗਈਆਂ। ਦੱਸ ਇਹ ਕੀ ਮਾਜਰਾ ਹੋਇਆ?"

ਕੁਝ ਪੁੱਛ ਲਿਆ ਤਾਂ ਕਬੀਰ ਨੇ ਜਵਾਬ ਦੇਣਾ ਹੀ ਸੀ। "ਮੇਰੇ ਲੱਖ ਸਮਝਾਉਣ ਬਾਅਦ ਵੀ ਤੁਹਾਨੂੰ ਸਮਝ ਨਹੀਂ ਆਵੇਗਾ, ਕਿਉਂਕਿ ਤਾਕਤ ਰਸਤਾ ਰੋਕੀ ਖਲੋਤੀ ਹੈ। ਅੱਖਾਂ ਉਪਰ ਤਾਕਤ ਦਾ ਜਾਲਾ ਫੈਲਿਆ ਹੋਇਆ ਹੈ ਜਿਸ ਕਰ ਕੇ ਸੱਚ ਪ੍ਰਾਪਤ ਕਰਨਾ ਤਾਂ ਦਰਕਿਨਾਰ, ਛੂਹ ਵੀ ਨਹੀਂ ਸਕਦੇ। ਸੱਚ ਦੇ ਦਮਕਦੇ ਸੂਰਜ ਨੂੰ ਦੇਖਣ ਦੀ ਇੱਛਾ ਤੁਹਾਡੇ ਵਿਚ ਪਹਿਲੀ ਵਾਰ ਪੈਦਾ ਜ਼ਰੂਰ ਹੋਈ। ਕੀੜੀਆਂ ਦੀ ਹਲਚਲ ਉਹੀ ਹੈ ਸ਼ਾਇਦ।"

ਬੱਚੇ ਵਰਗੀ ਹਲੀਮੀ ਨਾਲ ਰਾਜੇ ਨੇ ਕਿਹਾ-"ਹਾਂ ਉਸੇ ਦੀ। ਬਿਲਕੁਲ ਉਸੇ ਕਰ ਕੇ, ਪਰ ਮੇਰੇ ਮਨ ਦੀ ਗੱਲ ਤੇਰੇ ਤੱਕ ਕਿਵੇਂ ਅੱਪੜੀ?"

ਰਾਜੇ ਦੀਆਂ ਅੱਖਾਂ ਨਾਲ ਅੱਖਾਂ ਮਿਲਾ ਕੇ ਕਬੀਰ ਬੋਲਿਆ-"ਅਜੇ ਤੁਹਾਡਾ ਮਨ ਪੂਰਾ ਗੰਧਲਾ ਨਹੀਂ ਹੋਇਆ, ਮੈਨੂੰ ਉਸ ਵਿਚੋਂ ਆਰ-ਪਾਰ ਦਿਸ ਰਿਹਾ ਹੈ।"

"ਤੂੰ ਆਖ ਰਿਹੈਂ, ਏਸ ਕਰ ਕੇ ਦਿਸਦਾ ਈ ਹੋਏਗਾ ਪਰ ਮੈਂ ਅੱਜ ਉਲਝਣ ਵਿਚ ਫਸ ਗਿਆ ਹਾਂ। ਕੀ ਤੇਰਾ ਇਹ ਸੱਚ ਹਕੂਮਤ ਦੇ ਦਬਦਬੇ ਤੋਂ ਵੱਡਾ ਹੈ?" ਅੱਜ ਤੋਂ ਪਹਿਲਾਂ ਕਬੀਰ ਤੋਂ ਕਿਸੇ ਨੇ ਇਹ ਸਵਾਲ ਨਹੀਂ ਪੁੱਛੇ, ਤਾਂ ਵੀ ਜਵਾਬ ਦੇਣ ਵਿਚ ਕੀ ਔਖ। ਕਿਹਾ-"ਕਿੱਥੇ ਵਿਚਾਰੀ ਹਕੂਮਤ ਦੀ ਚੰਗਿਆੜੀ, ਕਿੱਥੇ ਸੱਚ ਦਾ ਸੂਰਜ! ਪਰ ਰਾਜ ਵਾਂਗ ਇਸ ਸੱਚ ਦਾ ਕੋਈ ਰਾਜਾ ਨਹੀਂ ਹੁੰਦਾ। ਉਹ ਸਾਰਿਆਂ ਦੀ ਸਾਂਝੀ ਮਲਕੀਅਤ ਹੈ ਪਰ ਇਸ ਮਲਕੀਅਤ ਉਪਰ ਹੱਕ ਜਤਾਣ ਦੀ ਹਿੰਮਤ ਹੋਵੇ।"

ਰਾਮ ਜਾਣੇ ਕਿਉਂ, ਇਸ ਵਕਤ ਰਾਜੇ ਦੇ ਦਿਲ ਵਿਚ ਮੈਲ ਨਹੀਂ ਰਹੀ। ਕਿਹਾ: "ਆਪਣੀ ਹਿੰਮਤ ਦਾ ਭੇਤ ਅੱਜ ਪਤਾ ਲੱਗਿਆ। ਇੰਨੇ ਵੱਡੇ ਦੇਸ਼ ਦਾ ਮਾਲਕ ਹੁੰਦਾ ਸੁੰਦਾ ਅੱਜ ਤੈਥੋਂ ਡਰ ਗਿਆ, ਸਭ ਦੇ ਸਾਹਮਣੇ ਕਬੂਲ ਕਰਦਾ ਹਾਂ।"

ਕਬੀਰ ਨੇ ਕਿਹਾ-"ਇਹ ਤਾਂ ਬੁਰੀ ਗੱਲ ਹੋਈ। ਨਾ ਕਿਸੇ ਤੋਂ ਮੈਂ ਡਰਿਆ, ਨਾ ਡਰਾਇਆ। ਮੈਥੋਂ ਡਰਨ ਦੀ ਕੀ ਤੁਕ?"

"ਇਹ ਤਾਂ ਮੈਂ ਜਾਣਾ ਜਾਂ ਮੇਰਾ ਜੀ ਜਾਣੇ!" ਰਾਜੇ ਨੇ ਕਿਹਾ।

ਆਲੇ-ਦੁਆਲੇ ਖੜ੍ਹੇ ਦਰਬਾਰੀਆਂ ਅਤੇ ਠਾਕੁਰ ਨੂੰ ਕੋਈ ਸਮਝ ਨਾ ਆਏ ਕਿ ਦੇਸ਼ ਦਾ ਮਾਲਕ ਹੋ ਕੇ ਰਾਜਾ ਕਬੀਰ ਅੱਗੇ ਚੀਂ ਮੀਂ ਕਿਉਂ ਕਰਨ ਲੱਗਾ ਹੈ। ਕਿਤੇ ਦਿਮਾਗ ਤਾਂ ਨਹੀਂ ਹਿੱਲ ਗਿਆ? ਰਾਜਾ ਡਰ ਜਾਵੇ, ਫਿਰ ਰਾਜ ਚੱਲੇਗਾ? ਕਬੀਰ ਕੋਲ ਕੋਈ ਜਾਦੂ-ਟੂਣੇ ਦੀ ਮਾਇਆ ਹੈ, ਇਸ ਤੋਂ ਕਿਨਾਰਾ ਕਰਨਾ ਬਿਹਤਰ! ਦੂਹਰਾ ਝੁਕ ਕੇ ਠਾਕੁਰ ਅਰਜ਼ ਕਰਨ ਲੱਗਾ-"ਅੰਨਦਾਤਾ ਅੰਨ ਜਲ ਛਕਣਾ ਹੈ, ਸਮਾਂ ਹੋ ਗਿਆ। ਤੁਸੀਂ ਭੋਗ ਲਾਓਗੇ, ਤਾਂ ਨਗਰਵਾਸੀ ਸੁੱਚੇ ਮੂੰਹ ਵਿਚ ਕੁਝ ਪਾਣਗੇ!"

ਠਾਕੁਰ ਦੀ ਗੱਲ ਸੁਣ ਕੇ ਰਾਜੇ ਦੀ ਹੋਸ਼ ਪਰਤੀ। ਆਪਣੇ ਅਸਲੀ ਜਾਮੇ ਵਿਚ ਆਇਆ ਤਾਂ ਸੁਰ ਬਦਲ ਗਈ। ਅਸਮਾਨ ਵੱਲ ਦੇਖਦਾ ਬੋਲਿਆ, "ਏਨੀ ਦੇਰ ਹੋ ਗਈ, ਨਗਰਵਾਸੀਆਂ ਨੇ ਅੰਨ ਜਲ ਮੂੰਹ ਨੂੰ ਨਹੀਂ ਲਾਇਆ?"

"ਮਹਾਰਾਜ ਦੀ ਜੈ ਹੋਵੇ", ਕਹਿ ਕੇ ਠਾਕੁਰ ਨੇ ਮਾਣ ਨਾਲ ਕਿਹਾ-"ਤੁਹਾਡੇ ਭੋਗ ਲਾਉਣ ਤੋਂ ਪਹਿਲਾਂ ਮੇਰੀ ਸੁਆਮੀ-ਭਗਤ ਰਿਆਇਆ ਦੇ ਸੰਘ ਹੇਠੋਂ ਅੰਨ ਤਾਂ ਕੀ, ਥੁੱਕ ਨਹੀਂ ਲੰਘਦਾ। ਖਾਣਾ ਖਾਣ ਦੀ ਗੱਲ ਤਾਂ ਬੜੀ ਦੂਰ ਹੈ।"

ਰਾਜਕੁਮਾਰੀ ਨੇ ਖਾਣਾ ਖਾਣ ਦੀ ਇੱਛਾ ਪ੍ਰਗਟਾਈ, ਲਾਉ-ਲਸ਼ਕਰ ਸਣੇ ਰਾਜਾ ਵੀ ਚੱਲ ਪਿਆ। ਪਿੱਛੇ ਰਹਿ ਗਿਆ ਕਬੀਰ ਤੇ ਰਹਿ ਗਏ ਲੀਰੋ ਲੀਰ ਚਿਥੜੇ। ਕੰਮ ਤਾਂ ਕਰਨ ਨਾਲ ਹੀ ਨਿਬੜੇਗਾ ਨਾ, ਫਿਰ ਸੋਚ ਕੀ ਵਿਚਾਰ ਕੀ! ਹਕੂਮਤ ਦੀ ਰੰਗਤ ਹੀ ਇਹੋ ਜਿਹੀ ਕਿ ਕੌਣ ਬੋਲੇ? ਸੂਈ ਧਾਗਾ ਚੁੱਕਿਆ, ਗੁੰਮ ਸੁੰਮ ਕੰਮ ਵਿਚ ਲੱਗ ਗਿਆ। ਉਸ ਦੇ ਪੋਟਿਆਂ ਦੀ ਛੂਹ ਨਾਲ ਲੀਰਾਂ ਵੀ ਬੋਲਣ ਲੱਗ ਜਾਣਗੀਆਂ। ਇਸ ਪਿੱਛੋਂ ਕਬੀਰ ਨੂੰ ਨਾ ਸਮੇਂ ਦਾ ਧਿਆਨ, ਨਾ ਹਵਾ ਦਾ, ਨਾ ਚਾਨਣ ਦਾ। ਕਦ ਦਿਨ ਢਲਿਆ, ਕਦ ਸ਼ਾਮ ਹੋਈ। ਉਸ ਦੀ ਦੁਨੀਆਂ ਸੂਈ ਦੇ ਨੱਕੇ ਵਿਚ ਵਸੀ ਹੋਈ ਸੀ। ਸੂਰਜ ਦੀ ਰੌਸ਼ਨੀ ਕਦੋਂ ਹਨੇਰੇ ਹੇਠ ਦੱਬੀ ਗਈ, ਕੌਣ ਦੀਵਾ ਬਾਲ ਕੇ ਉਸ ਦੇ ਖੱਬੇ ਪਾਸੇ ਅਡੋਲ ਬੈਠੀ ਰਹੀ! ਜਿਵੇਂ ਰਾਤ, ਮਨਮਰਜ਼ੀ ਨਾਲ ਦੀਵਾ ਲਈ ਬੈਠੀ ਹੋਵੇ। ਜਿਵੇਂ ਕਈ ਜੁੱਗਾਂ ਦੇ ਸਫਰ ਤੋਂ ਵਾਪਸ ਆ ਕੇ ਝਿਲਮਿਲਾਉਂਦੇ ਤਾਰਿਆਂ ਹੇਠਾਂ ਸ਼ਰਨ ਲਈ ਹੋਵੇ। ਸਵੇਰੇ ਸੂਰਜ ਉਦੈ ਹੋਣ ਵੇਲੇ ਦੀਵਾ ਸਿਰ ਹਿਲਾ ਕੇ ਛੁੱਟੀ ਮੰਗਣ ਲੱਗਾ ਤਾਂ ਕਿਤੇ ਕਬੀਰ ਸਾਵਧਾਨ ਹੋਇਆ। ਦੀਵਾ ਬੁਝਣ ਪਿੱਛੋਂ ਜੋ ਦੇਖਿਆ, ਯਕੀਨ ਨਹੀਂ ਹੋਇਆ। ਕਿਤੇ ਨੀਂਦ ਵਿਚ ਸੁਫਨਾ ਤਾਂ ਨਹੀਂ ਦੇਖ ਰਿਹਾ? ਅੱਖਾਂ ਮਲ ਕੇ ਦੇਖਿਆ, ਰਾਜਕੁਮਾਰੀ ਹਥੇਲੀ ਉਪਰ ਦੀਵਾ ਟਿਕਾਈ ਬੈਠੀ ਹੈ। ਕੁੱਲ ਦੁਨੀਆਂ ਦੀ ਹੈਰਾਨੀ ਨਾਲ ਦੇਖਦਿਆਂ ਕਬੀਰ ਨੇ ਕਿਹਾ, "ਆਪ?"

ਰਾਜਕੁਮਾਰੀ ਨੇ ਕੋਈ ਜਵਾਬ ਨਹੀਂ ਦਿੱਤਾ। ਕਬੀਰ ਨੇ ਜਿਹੜਾ ਪਹਾੜ ਰਫੂ ਕੀਤਾ ਸੀ, ਉਸ ਵੱਲ ਨਿਗ੍ਹਾ ਗੱਡੀ ਦੇਖਦੀ ਰਹੀ। ਪਛਤਾਵੇ ਦੇ ਸੁਰ ਵਿਚ ਖਿਮਾ ਜਾਚਕ ਹੁੰਦਿਆਂ ਕਹਿਣ ਲੱਗਾ, "ਮੈਨੂੰ ਨਾ ਤੁਹਾਡੇ ਆਉਣ ਦਾ ਪਤਾ ਲੱਗਾ, ਨਾ ਦੀਵਾ ਬਾਲਣ ਦਾ।" ਰਾਜਕੁਮਾਰੀ ਦੇ ਗੁਲਾਬੀ ਬੁੱਲ੍ਹਾਂ ਵਿਚੋਂ ਅੰਮ੍ਰਿਤਬਾਣੀ ਝਰੀ, "ਮੈਨੂੰ ਵੀ ਖਿਆਲ ਨਹੀਂ ਡੇਰੇ ਕਦੋਂ ਪੁੱਜੀ, ਵਾਪਸ ਕਦ ਆਈ। ਵਿਹੜੇ ਵਿਚ ਪੈਰ ਪਾਉਣ ਸਾਰ ਜਾਣ ਗਈ ਸੂਈ ਧਾਗੇ ਬਗੈਰ ਤੁਹਾਨੂੰ ਕਿਸੇ ਹੋਰ ਚੀਜ਼ ਦਾ ਧਿਆਨ ਨਹੀਂ। ਆਈ ਤਾਂ ਸਾਂ ਬਹੁਤ ਸਾਰੀਆਂ ਗੱਲਾਂ ਕਰਨ, ਆ ਕੇ ਕੁਝ ਕਹਿਣ ਸੁਣਨ ਦੀ ਲੋੜ ਨਹੀਂ ਪਈ। ਮੌਨ ਤੋਂ ਵੱਡਾ ਕੋਈ ਬੋਲ ਨਹੀਂ। ਬੇਕਾਰ ਵਾਕਾਂ ਦਾ ਕੀ ਲਾਭ, ਇੱਕ ਸੂਈ ਹੋਰ ਹੈ ਤਾਂ ਮੈਨੂੰ ਵੀ ਦੇਓ।

"ਇਹ ਕੰਮ ਇੰਨਾ ਸੌਖਾ ਨਹੀਂ।"

"ਕਰਨ ਤੋਂ ਪਤਾ ਲੱਗੇਗਾ!"

ਸੂਈ ਦੇਣ ਵੇਲੇ ਕਬੀਰ ਨੂੰ ਕੋਈ ਪਤਾ ਨਹੀਂ ਰਾਜਕੁਮਾਰੀ ਨੂੰ ਕੁਝ ਆਉਂਦਾ ਹੈ ਪਰ ਪਹਿਲੇ ਤੋਪੇ ਤੋਂ ਜਾਣ ਗਿਆ, ਇਹ ਹੱਥ ਜੋ ਚਾਹੁਣ ਕਰ ਸਕਦੇ ਨੇ।

"ਤੁਸੀਂ ਇਹ ਕੰਮ ਕਦ ਸਿਖਿਆ?"

"ਸਿੱਖਿਆ ਕਦ? ਅੱਜ ਸਿੱਖਾਂਗੀ! ਕਿਸੇ ਤੋਂ ਕਈ ਸਾਲ ਪਹਿਲਾਂ ਸੂਈ ਦਾ ਨਾਮ ਸੁਣਿਆ ਸੀ, ਹੱਥ ਅੱਜ ਲੱਗੀ।"

ਕਬੀਰ ਦੀ ਖੁਸ਼ੀ ਦਾ ਠਿਕਾਣਾ ਨਹੀਂ ਰਿਹਾ। ਕਹਿਣ ਲੱਗਾ, "ਯਕੀਨ ਕਰਨ ਵਾਲੀ ਗੱਲ ਹੈ ਤਾਂ ਨਹੀਂ ਪਰ ਤੁਹਾਨੂੰ ਝੂਠੇ ਕਿਵੇਂ ਮੰਨਾ!"

ਰਾਜਕੁਮਾਰੀ ਕਾਲੀਨ ਨਿਗੰਦਗੀ ਕਹਿੰਦੀ, "ਤੁਹਾਡੇ ਵਰਗਾ ਗੁਰੂ ਹੋਵੇ, ਫਿਰ ਕੋਈ ਕੀ ਨਹੀਂ ਸਿੱਖ ਸਕਦਾ? ਸਾਰੀ ਰਾਤ ਅੱਖਾਂ ਨੂੰ ਪੋਟੇ, ਤੇ ਪੋਟਿਆਂ ਨੂੰ ਅੱਖਾਂ ਬਣਾਉਣ ਦਾ ਕੰਮ ਦੇਖ-ਦੇਖ ਸਿਖਦੀ ਰਹੀ। ਸਮੁੱਚੀ ਗੱਲ ਦੱਸਣ ਨਾਲ ਸੱਚ ਦੀ ਮਰਿਆਦਾ ਭੰਗ ਹੁੰਦੀ ਹੈ।" ਰਾਜਕੁਮਾਰੀ ਨੇ ਅਜੇ ਕੁਝ ਹੋਰ ਆਖਣਾ ਸੀ ਕਿ ਰਾਜਾ ਆਉਂਦਾ ਦਿਖਾਈ ਦਿੱਤਾ। ਨਾਲ ਠਾਕੁਰ, ਅਠ ਦਸ ਸਵਾਰ। ਦੇਖਣ ਸਾਰ ਰਾਜਕੁਮਾਰੀ ਨੂੰ ਕਹਿੰਦਾ, "ਜਾਣ ਗਿਆ ਸਾਂ ਤੂੰ ਇੱਥੇ ਹੋਏਂਗੀ।"

ਰਾਜਕੁਮਾਰੀ ਦੇ ਚਿਹਰੇ ਉਪਰੋਂ ਲਾਜ ਦਾ ਪ੍ਰਛਾਵਾਂ ਲੰਘਿਆ। ਰਾਜਾ ਇੰਨਾ ਸ਼ਾਂਤ ਕਿਵੇਂ? ਕਬੀਰ ਨੂੰ ਕਿਹਾ, "ਮਾਮੂਲੀ ਕੰਬਲ ਤੱਕ ਮੈਨੂੰ ਭੇਟ ਕਰਨ ਵਾਸਤੇ ਨਹੀਂ ਮੰਨਿਆ, ਤੂੰ ਜਾਣ, ਪਰ ਮੈਂ ਤੈਨੂੰ ਅਜਿਹੀ ਵਸਤੂ ਭੇਟ ਕਰਾਂਗਾ ਕਿ ਸੁਫਨਾ ਵੀ ਨਾ ਲਿਆ ਹੋਏ ਕਦੀ। ਤੂੰ ਹੀ ਦੱਸ ਕੀ ਚੀਜ਼ ਹੋ ਸਕਦੀ ਹੈ।"

ਇਸ਼ਾਰਾ ਬਿਲਕੁਲ ਸਾਫ ਸੀ, ਫਿਰ ਕਬੀਰ ਕਿਉਂ ਨਾ ਸਮਝਦਾ? ਗੰਭੀਰ ਸੁਰ ਵਿਚ ਬੋਲਿਆ, "ਮੈਂ ਨਾ ਕਿਸੇ ਦੀ ਭੇਟ ਕਬੂਲਦਾ ਹਾਂ, ਨਾ ਕਿਸੇ ਨੂੰ ਦਿੰਦਾ ਹਾਂ।"

*(ਬਾਕੀ ਅਗਲੇ ਸਫੇ 'ਤੇ)*

# ਕਾਵਿ-ਜਗਤ

## ਸਤਿਕਾਰ

ਐਵੇਂ ਨਹੀਂ, ਕੁਝ ਕਰ ਕੇ ਮਿਲਿਐ।
ਲੱਖਾਂ ਪੀੜਾਂ ਜਰ ਕੇ ਮਿਲਿਐ।

ਇਹ ਕਿਧਰੇ ਸੌਖਾ ਮਿਲ ਜਾਂਦੈ?
ਸੀਸ ਤਲੀ 'ਤੇ ਧਰ ਕੇ ਮਿਲਿਐ।

ਨਾ ਮਿਲਿਐ ਹੰਕਾਰ ਨਾਲ ਇਹ,
ਨਾ ਇਹ ਕਿਸੇ ਤੋਂ ਡਰ ਕੇ ਮਿਲਿਐ।

ਨਾ ਇਹ ਰਿਸ਼ਵਤ ਦੇ ਕੇ ਮਿਲਿਐ,
ਨਾ ਇਹ ਕਿਧਰੇ ਹਰ ਕੇ ਮਿਲਿਐ।

ਕਈ ਧੁੱਪਾਂ ਦੀ ਮਾਰ ਹੈ ਖਾਧੀ,
ਬਰਫਾਂ ਦੇ ਵਿਚ ਠਰ ਕੇ ਮਿਲਿਐ।

ਅਣਖ ਅਤੇ ਗੈਰਤ ਨਾਲ ਮਿਲਿਐ,
ਅੱਗ ਦਾ ਦਰਿਆ ਤਰ ਕੇ ਮਿਲਿਐ।

ਜਿਉਂਦੇ ਜੀਅ 'ਸੁਰਜੀਤ' ਹੋਣ ਲਈ,
ਜਿਉਣ ਤੋਂ ਪਹਿਲਾਂ ਮਰ ਕੇ ਮਿਲਿਐ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

## ਅੱਜ ਦਾ ਸਿੱਖ

ਹੱਥ ਜੋੜ ਤੈਨੂੰ ਅਰਜ਼ ਕਰਾਂ
ਇਕ ਵਾਰ ਤਾਂ ਫੇਰਾ ਪਾ ਬਾਬਾ।
ਵੇਖ ਆਪਣਾ ਪੰਥ ਆ ਕੇ
ਕੀ ਰਿਹਾ ਏ ਗੁਲ ਖਿੜਾ ਬਾਬਾ।
ਡੇਲਿਆਂ ਵਾਂਗੂ ਖਿਲਰਿਆ ਏ
ਕੋਈ ਕਿਸੇ ਦੀ ਸੁਣਦਾ ਨਹੀਂ,
ਹਰ ਕੋਈ ਝੰਡਾ ਗੱਡੀ
ਆਪਣੀ ਨੌਬਤ ਰਿਹਾ ਏ ਵਜਾ ਬਾਬਾ।
ਅੱਜ ਫੇਰ ਮਸੰਦ ਸੰਤ-ਸਾਧਾਂ ਦੇ
ਰੂਪ 'ਚ ਗਲਬਾ ਪਾਈ ਬੈਠੇ,
ਮਨਮੁਖਾਂ, ਮਨਮੱਤੀਆਂ ਤੇਰਾ
ਕੀਤਾ ਏ ਪੰਥ ਅਗਵਾਹ ਬਾਬਾ।

ਭੁੱਲੜ ਸਿੱਖ ਸਿਰ ਸੁੱਟ ਕੇ
ਇਨ੍ਹਾਂ ਪਿੱਛੇ ਲੱਗੇ ਫਿਰਦੇ ਨੇ,
ਅੱਜ ਤੇਰੇ ਸਿੱਖ ਹੀ ਤੇਰੇ ਉਤੇ
ਰਹੇ ਨੇ ਸਵਾਲ ਉਠਾ ਬਾਬਾ।
ਕਹਿੰਦੇ ਨੇ ਗੁਰੂਆਂ, ਪੀਰਾਂ ਨੂੰ
ਕੀ ਲੱਗੇ ਜੰਗਾਂ, ਯੁੱਧਾਂ ਨਾਲ
ਭਗਤੀ ਕਰਦੇ, ਮਾਲਾ ਫੇਰਦੇ
ਕਿਤੇ ਲੈਂਦੇ ਡੇਰਾ ਬਣਾ ਬਾਬਾ।
ਕੀ ਲੈਣਾ ਸੀ ਜੰਗਾਂ, ਯੁੱਧਾਂ ਤੋਂ
ਕੁਝ ਲੈਣ-ਦੇਣ ਦੀ ਗੱਲ ਕਰ ਕੇ,
ਤੂੰ ਵੀ ਚਾਰ ਦਿਨ ਜ਼ਿੰਦਗੀ ਦੇ
ਬਹਿ ਲੈਂਦੋਂ ਰਾਜ ਕਮਾ ਬਾਬਾ।

ਪਤਾ ਨਹੀਂ ਕੀ ਸੋਚ ਸੋਚ ਕੇ
ਆਪਣੀ ਧੁਨ 'ਚ ਮਸਤ ਰਿਹੋਂ,
ਘੋੜੇ, ਸ਼ਸ਼ਤਰ 'ਕੱਠੇ ਕਰ ਕਰ
ਬਹਿ ਗਿਆ ਫੌਜ ਬਣਾ ਬਾਬਾ।
ਨਾਲ ਹਕੂਮਤਾਂ ਮੱਥਾ ਲਾ ਕੇ
ਕਦੀ ਕਿਸੇ ਕੁਝ ਖੱਟਿਆ ਨਹੀਂ,
ਜੇ ਖੱਟਿਆ, ਕੁਝ ਲੱਭਿਆ ਏ ਤੈਨੂੰ
ਸਾਡੇ ਪੱਲੇ ਵੀ ਪਾ ਬਾਬਾ।
ਆਹ ਤੇਰੇ ਸਾਹਮਣੇ ਬੈਠੇ ਆਂ
ਸਭ ਨਾਲ ਬਣਾ ਕੇ ਰੱਖਨੇ ਆਂ
ਸਭ ਪਾਸੇ ਲਹਿਰਾਂ ਬਹਿਰਾਂ ਨੇ
ਕਿਸੇ ਦੀ ਨਹੀਂ ਪ੍ਰਵਾਹ ਬਾਬਾ।

ਦੇਵੀਆਂ, ਦੇਵਤੇ, ਪੀਰ, ਫਕੀਰ
ਸਭ ਸਾਡੇ ਲਈ ਮੁਕੱਦਸ ਨੇ
ਮੰਦਿਰ, ਮਸਜਿਦ, ਗੁਰਦੁਆਰੇ
ਲਈਦਾ ਏ ਸਿਰ ਝੁਕਾ ਬਾਬਾ।
ਮੜ੍ਹੀ-ਮਸਾਣ ਤੇ ਖਾਨਗਾਹਾਂ
ਕਬਰਾਂ ਨੂੰ ਵੀ ਪੂਜ ਲਈਦਾ ਏ,
ਦੁੱਖ, ਮੁਸੀਬਤ ਵੇਲੇ ਕੀ ਪਤਾ ਏ
ਕਿਹੜਾ ਲਵੇ ਬਚਾ ਬਾਬਾ।
ਵੇਖ ਆਪਣੇ ਪੁੱਤਰਾਂ ਨੂੰ
ਕਿੰਜ ਹਿੱਕ ਨਾਲ ਲਾਈ ਫਿਰਨੇ ਆਂ,
ਅਸੀਂ ਤਰਲੋ ਮੱਛੀ ਹੋ ਜਾਈਏ
ਜੇ ਨਿੱਛ ਵੀ ਜਾਵੇ ਆ ਬਾਬਾ।

ਮੇਰੇ ਲੜਕੇ ਪੜ੍ਹ ਕੇ ਕਾਲਜ ਵਿਚ
ਵੱਡਾ ਅਫਸਰ ਬਣ ਜਾਣਾ ਏ,
ਨਹੀਂ ਦਸ ਪੰਦਰਾਂ ਲੱਖ ਦੇ ਦੁਆ ਕੇ
ਲਵਾਂਗੇ ਕੰਮ ਬਣਾ ਬਾਬਾ।
ਪਰ ਤੂੰ ਅਣਖੋ-ਗੈਰਤ ਦਾ ਐਵੇਂ
ਪੱਲਾ ਫੜ ਕੇ ਬੈਠਾ ਰਿਹੋਂ,
ਦੋ ਪੁੱਤ ਚਿਣਾ ਲਏ ਨੀਂਹਾਂ 'ਚ
ਦੋ ਜੰਗ 'ਚ ਲਏ ਮਰਵਾ ਬਾਬਾ।
ਤੂੰ ਸ਼ਹੀਦ ਹੋਏ ਪਏ ਪੁੱਤਾਂ ਕੋਲੋਂ
ਮੂੰਖ ਮੋੜ ਕੇ ਟੁਰ ਗਿਆ ਸੈਂ,
ਦੋ ਗਜ ਟੋਟਾ ਕੱਪੜੇ ਦਾ ਵੀ
ਸਕਿਆ ਨਹੀਂ ਸੈਂ ਪਾ ਬਾਬਾ।

ਸਾਡੇ ਮਾਤਾ-ਪਿਤਾ ਦੀ ਸੇਵਾ ਲਈ
ਕਈ ਅੱਗੇ ਪਿੱਛੇ ਨੌਕਰ ਨੇ,
ਪਰ ਤੂੰ ਗੈਰਾਂ ਦੇ ਮਗਰ ਲੱਗ ਕੇ
ਲਏ ਸ਼ਹੀਦ ਕਰਵਾ ਬਾਬਾ।
ਹਮ ਰਾਜ ਭਾਗ ਦੇ ਵਾਲੀ ਹੈਂ
ਸਾਡੇ ਕੋਲ ਕੋਠੀਆਂ ਕਾਰਾਂ ਨੇ,
ਹਮ ਜਾਇਦਾਦਾਂ ਦੇ ਮਾਲਕ ਹਾਂ,
ਪੈਸੇ ਦੀ ਨਹੀਂ ਥਾਹ ਬਾਬਾ।
ਤੂੰ ਅਨੰਦਪੁਰ ਛੱਡ ਬੇਘਰ ਹੋਇਉਂ
ਖੇਰੂੰ ਖੇਰੂੰ ਪਰਿਵਾਰ ਹੋਇਆ,
ਨਿਸ਼ਾਨ ਝੂਲਦੇ, ਸ਼ਾਨੋ ਸ਼ੌਕਤ
ਸਭ ਮਿੱਟੀ ਲਏ ਮਿਲਾ ਬਾਬਾ।

ਫਿਰ 'ਕੱਲਾ ਕਾਰਾ, ਯਾਰੋ-ਬੇ ਯਾਰ
ਰੋੜਾਂ ਉਤੇ ਸੌਣਾ ਪਿਆ,
ਤੂੰ ਵਾਂਗਰ ਫੱਕਰਾਂ ਇਕ ਘੋੜੇ 'ਤੇ
ਦਿਤੀ ਉਮਰ ਲੰਘਾ ਬਾਬਾ।
ਉਹ ਹੀ ਤੀਰ ਕਮਾਨ ਤੇਰੇ ਕੋਲ
ਉਹ ਹੀ ਹੱਥ ਤਲਵਾਰ ਰਹੀ,
ਨਾ ਘਰ ਰਿਹਾ, ਨਾ ਘਾਟ ਰਿਹਾ
ਸਭ ਕੁਝ ਲਿਆ ਗਵਾ ਬਾਬਾ।

ਬੇ-ਸ਼ੁਕਰੇ, ਬੇ-ਗੈਰਤ, ਬੇ-ਮੁੱਖ
ਇਹ ਤੇਰੇ ਹੀ ਨੇ ਸਿੱਖ ਦਾਤਾ,
ਜਿਨ੍ਹਾਂ ਤੋਂ ਸਰਬੰਸ ਆਪਣਾ
ਤੁਸੀਂ ਦਿਤਾ ਘੋਲ ਘੁਮਾ ਬਾਬਾ।
ਇਨ੍ਹਾਂ ਕੰਮੀ-ਕਾਰੀ ਭੂਰੀਆਂ ਵਾਲੇ
ਬੇਵੱਸ-ਬੇਕਸ ਹਕੀਰਾਂ ਨੂੰ,
ਸਾਜ ਕੇ ਖਾਲਸਾ ਪੰਥ ਨਿਰਾਲਾ
ਸਰਦਾਰ ਸੀ ਦਿੱਤਾ ਬਣਾ ਬਾਬਾ।
ਤੇਜ-ਪਰਤਾਪ, ਰੂਪ ਬਖਸ਼ਿਆ
ਮਾਲਕ ਰਾਜ ਭਾਗ ਦੇ ਕੀਤੇ,
ਪੁੱਤਰਾਂ ਤੋਂ ਵੀ ਪਿਆਰੇ ਕਹਿ ਕਹਿ
ਸੀਨੇ ਲਏ ਸੀ ਲਾ ਬਾਬਾ।
ਇਹ ਮਾਇਆਧਾਰੀ, ਮਾਣ ਮੱਤੇ
ਭੁੱਲ ਆਪਣੀ ਔਕਾਤ ਗਏ,
ਅੱਜ ਤੇਰੇ 'ਤੇ ਹੀ ਇਹ ਮਨਮਤੀਏ
ਰਹੇ ਨੇ ਸਵਾਲ ਉਠਾ ਬਾਬਾ।

***-ਚੰਨ, ਫੋਨ: 908-788-8427***

---

## ਜ਼ਿੰਦਗੀ

ਬਦਲੀ ਬਦਲੀ ਹੋਈ ਏ ਜ਼ਿੰਦਗੀ
ਤਨਹਾ ਤਨਹਾ ਹੋਈ ਏ ਜ਼ਿੰਦਗੀ।
ਬੇ-ਰੰਗੀ ਫਿੱਕੀ ਫਿੱਕੀ ਹੋ ਗਈ
'ਕੱਲੇ 'ਕੱਲੇ ਹੋ ਢੋਈ ਏ ਜ਼ਿੰਦਗੀ।

ਡਰੇ-ਡਰੇ ਸਹਿਮੇ-ਸਹਿਮੇ ਸਭ ਨੇ
ਲਾਚਾਰ, ਬੇਮੌਤ ਮੋਈ ਏ ਜ਼ਿੰਦਗੀ।
ਸਹਿਮ ਹੈ ਰਿਸ਼ਤਿਆਂ ਨੂੰ ਮਿਲਣ ਲਈ
ਕਿਸ ਤਰ੍ਹਾਂ ਦੁਸ਼ਵਾਰ ਹੋਈ ਏ ਜ਼ਿੰਦਗੀ।
'ਸਾਹੀ' ਕਰੀਏ ਦੁਆਵਾਂ ਅੱਜ ਸਾਰੇ
ਪਰਤ ਆਵੇ, ਸਭ ਨੇ ਜੋ ਖੋਈ ਏ ਜ਼ਿੰਦਗੀ।

***-ਚਰਨਜੀਤ ਸਿੰਘ ਸਾਹੀ***

---

## ਆਈ ਫੋਨ

ਆਈ ਫੋਨ ਵਾਲੀ ਮੈਨੂੰ ਵੀ, ਬਿਮਾਰੀ ਡੰਗ ਗਈ।
ਕੱਲ੍ਹ ਇਹਤੇ ਬੈਠਿਆਂ, ਦਿਹਾਤੀ ਲੰਘ ਗਈ।

ਫੇਸਬੁੱਕ ਵਾਲੇ ਸਾਰੇ, ਪੇਜ ਫੋਲ'ਤੇ,
ਕੁਮੈਂਟਸ, ਲਾਈਕ ਕਰ ਕੇ ਸਾਰੇ ਤੋਲ'ਤੇ।
ਸਾਰਿਆਂ ਨੂੰ ਹੈਲੋ ਹਾਏ ਗੁੱਡ ਮਾਰਨਿੰਗ,
ਗੁੱਝੇ ਭੇਤ ਅਣਜਾਣਪੁਣੇ ਵਿਚ ਖੋਲ੍ਹ'ਤੇ।
ਇੱਕ ਆਈ. ਡੀ. ਵਾਲੀ ਥੋੜ੍ਹਾ ਮੈਥੋਂ ਸੰਗ ਗਈ।
ਆਈ ਫੋਨ ਵਾਲੀ ਮੈਨੂੰ ਵੀ ਬਿਮਾਰੀ ਡੰਗ ਗਈ।

ਸ਼ੁਰੂ ਹੋਇਆ ਫੇਰ ਦੌਰ ਵੱਟਸ ਐਪ ਦਾ,
ਪੰਜਾਬੀ ਵਿਚ ਸੱਤਿਆਨਾਸ ਕੀਤਾ ਰੈਪ ਦਾ।
ਭਾਂਤ ਭਾਂਤ ਦੇ ਸੁਨੇਹੇ ਲਏ ਭੇਜ ਮੈਂ,
ਭੁੱਲ ਗਿਆ ਚੇਤਾ ਮੈਨੂੰ ਨੀਂਦ ਨੈਪ ਦਾ।
ਜ਼ਿੰਦਗੀ ਨੂੰ ਸ਼ੋਸ਼ਲ ਮੀਡੀਆ ਹੀ ਰੰਗ ਗਈ।
ਆਈ ਫੋਨ ਵਾਲੀ ਮੈਨੂੰ ਵੀ ਬਿਮਾਰੀ ਡੰਗ ਗਈ।

ਟਵੀਟਰ ਨੇ ਵੇਖ ਮੈਨੂੰ ਘੰਗੂਰਾ ਮਾਰਿਆ,
ਆਪਣੇ ਫੇਰ ਉਸ ਮੈਨੂੰ ਧੱਕੇ ਚਾੜ੍ਹਿਆ।
ਲੀਡਰਾਂ ਤੇ ਰੀਡਰਾਂ ਦੀ ਭਰਮਾਰ ਬਈ,
ਆਪਣਾਂ ਵਿਚਾਰ ਇੱਕ ਅਸੀਂ ਵੀ ਏ ਤਾਰਿਆ।
ਟਵੀਟਰ 'ਤੇ ਕਈਆਂ ਦੀ ਤਾਂ ਹੋ ਪਈ ਜੰਗ ਗਈ।
ਆਈ ਫੋਨ ਵਾਲੀ ਮੈਨੂੰ ਵੀ ਬਿਮਾਰੀ ਡੰਗ ਗਈ।

ਇੰਸਟਾਗ੍ਰਾਮ ਰਹੇ ਮੈਨੂੰ ਅਵਾਜ਼ਾਂ ਮਾਰ ਦਾ,
ਫਾਲੋ ਕਰੀਂ, ਆਇਆ ਹੈ ਸੁਨੇਹਾ ਯਾਰ ਦਾ।
ਪੰਜਾਬੀ ਗਾਇਕੀ ਦਾ ਇਹੋ ਘਰ ਬਾਰ ਹੈ ,
ਡੁੱਬੀ ਹੋਈ ਬੇੜੀ ਕਈਆਂ ਦੀ ਇਹ ਤਾਰਦਾ।
ਇਹਦੇ ਉਤੇ ਕੌਣ ਛਣਕਾ ਓਹ ਵੰਗ ਗਈ।
ਆਈ ਫੋਨ ਵਾਲੀ ਮੈਨੂੰ ਵੀ ਬਿਮਾਰੀ ਡੰਗ ਗਈ।

ਟਿੱਕ ਟੋਕ ਨੂੰ ਵੀ ਥੋੜ੍ਹਾ ਸਮਾਂ ਦੇਣਾ ਹੈ,
ਕੱਢਿਆ ਨਾ ਸਮਾਂ ਤਾਂ ਸਿਆਪਾ ਪੈਣਾ ਹੈ।
ਐਵੇਂ ਮੇਰੇ ਨਾਲ ਕਿਤੇ ਜਾਵੇ ਰੁੱਸ ਨਾ,
ਕਿੰਨਾ ਬਚੋਂ ਇਹਨੇ ਮੈਨੂੰ ਢਾਅ ਲੈਣਾ ਹੈ।
ਟਿੱਕ ਟੋਕ ਵਾਲੀ ਹੀਰ ਕਰ ਕੇ ਮਲੰਗ ਗਈ।
ਆਈ ਫੋਨ ਵਾਲੀ ਮੈਨੂੰ ਵੀ ਬਿਮਾਰੀ ਡੰਗ ਗਈ।

ਸ਼ੋਸ਼ਲ ਮੀਡੀਆ ਦੁਨੀਆਂ 'ਤੇ ਛਾਅ ਗਿਆ,
ਜਿਧਰ ਵੀ ਦੇਖੋ ਬੱਸ ਗਾਹ ਪਾ ਗਿਆ।
'ਸੁਖਵਿੰਦਰ' ਵੀ ਬੋਦਲਾਂ ਦਾ ਇਹਦੇ ਉਤੇ ਹੈ,
ਜ਼ਿੰਦਗੀ ਦੇ ਸਮੇਂ ਵਿਚੋਂ ਸਮਾਂ ਖਾਅ ਗਿਆ।
ਅਜਿਹੀ ਅਸਾਂ ਚਾੜ੍ਹੀ ਉਡਦੀ ਪਤੰਗ ਗਈ।
ਆਈ ਫੋਨ ਵਾਲੀ ਮੈਨੂੰ ਵੀ ਬਿਮਾਰੀ ਡੰਗ ਗਈ।

***-ਸੁਖਵਿੰਦਰ ਬੋਦਲਾਂ ਵਾਲਾ***

---

## ਵਣਜਾਰੇ

ਵਾਰਿਸ ਰਾਣਾ ਪ੍ਰਤਾਪ ਦੇ
ਰਾਜਪੂਤਾਨਾ ਅਲਾਪ ਦੇ
ਮਾਰੇ ਨੇ ਕਿਸੇ ਸਰਾਪ ਦੇ,
ਅਣਖੀ ਜੋਧੇ ਨੇ ਜਾਪਦੇ।

ਚੜ੍ਹੇ ਦਿਨ ਜਾਂ ਹੋਵੇ ਰਾਤ,
ਠੰਡ ਹੋਵੇ, ਚਾਹੇ ਬਰਸਾਤ।
ਰੜੇ ਚੱਲੇ ਜੀਵਨ ਸੌਗਾਤ,
ਸੁੱਝੇ ਨਾ ਇਸ਼ਕੇ ਦੀ ਬਾਤ।

ਰੋਜ਼ ਚੁੱਕਣੇ ਪੈਣ ਟਿਕਾਣੇ,
ਬੱਚੇ, ਬੀਵੀ ਸਣੇ ਨਿਆਣੇ।
ਪਸ਼ੂ ਪਰਿੰਦੇ ਸੰਗ ਲਿਜਾਣੇ,
ਅੱਧ ਰੱਜੇ ਤੇ ਭੁੱਖਣਭਾਣੇ।

ਪਿੰਡੋ ਪਿੰਡ ਸ਼ਹਿਰੋ ਸ਼ਹਿਰ,
ਗੱਡੀ ਸੰਗ ਚਾਰੇ ਪਹਿਰ।
ਜਿੱਥੇ ਜਾਂਦੇ, ਲਾਂਦੇ ਬਹਿਰ,
ਭਾਵੇਂ ਉਤੋਂ ਵਰਤੇ ਕਹਿਰ।

ਗਲੀ ਗਲੀ ਦੇ ਕੇ ਹੋਕਾ,
ਢੱਕਣ, ਥੱਲੇ ਦਾ ਦੇ ਮੌਕਾ।
ਚੰਡਦੇ ਰੰਬੇ, ਗੰਡਾਸੇ, ਟੋਕਾ,
ਤੱਕਲੇ ਸਿੱਧੇ, ਸੂਏ ਨੋਕਾਂ।

ਵਣਜਾਰਨ ਦਿੰਦੀ ਗੇੜਾ,
ਠੱਠਾ ਮਖੌਲ ਪਾਵੇ ਖੇੜਾ।
ਮਲੇ ਬੁੱਲੀਂ ਸੱਕ ਜਿਹੜਾ,
ਹੱਸ ਕਰਦੀ ਸਭ ਨਿਬੇੜਾ।

ਠਰਕੀ ਮੁੱਛਫੁੱਟ ਜੋ ਨੱਢੇ,
ਨੈਣ ਮਟੱਕਾ ਕਰਕੇ ਛੱਡੇ।
ਉਹ ਸ਼ਰਮਾ ਕੇ ਅੱਖਾਂ ਕੱਢੇ,
ਨੱਠਦੇ ਕਿਤੇ ਪੈਣ ਨਾ ਡੰਡੇ।

ਛੋਟਾ ਮੋਟਾ ਕੰਮ ਲੁਹਾਰਾ,
ਹੈ ਰੁਜ਼ਗਾਰ ਦਾ ਸਹਾਰਾ।
ਤੰਗੀ ਤੁਰਸ਼ੀ 'ਚ ਗੁਜ਼ਾਰਾ,
ਸਬਰ ਸ਼ਾਂਤੀ ਹੈ ਪਿਆਰਾ।

ਤਿੰਨ ਬਲਦ ਇੱਕ ਗੱਡੀ,
ਇਹੋ ਘਰ ਨਾ ਪੂੰਜੀ ਵੱਡੀ।
ਪਿੱਛੇ ਬੱਕਰੀ ਬੰਨ੍ਹ ਛੱਡੀ,
ਚੋਂਦੇ ਦੁੱਧ ਜਾਂ ਰੋਵੇ ਡੱਡੀ।

ਚਾਰ ਦਿਨ ਲਾ ਕੇ ਬਹਾਰ,
ਤੁਰ ਜਾਂਦੇ ਸਭ ਵਿਸਾਰ।
ਅਗਲੇ ਪਿੰਡ ਜਾ ਉਤਾਰ,
ਹੋਵੇ ਚੌਧਰੀ ਜੀ ਜੈਕਾਰ।

ਨ ਘਰ ਹੁੰਦਾ, ਨ ਘਾਟ,
ਸੋਚ ਕੇ ਸੀਨਾ ਜਾਵੇ ਪਾਟ।
ਜ਼ਿੰਦਗੀ ਚੱਲੇ ਲੰਮੀ ਵਾਟ,
ਰਹਿੰਦੀ ਸਦਾ ਖੜ੍ਹੀ ਖਾਟ।

***-ਸੇਵਾ ਸਿੰਘ ਨੂਰਪੁਰੀ***

---

## ਗਜ਼ਲ

ਤੜਪ ਤੜਪ ਕਈ ਸਾਲ ਨੇ ਗੁਜ਼ਰੇ,
ਹਾਲੋਂ ਹੋ ਬੇ-ਹਾਲ ਨੇ ਗੁਜ਼ਰੇ।
ਇਸ ਜੀਵਨ ਦੀਆਂ ਅਦਭੁਤ ਖੇਡਾਂ
ਚੱਲਦੇ ਭੈੜੀ ਚਾਲ ਨੇ ਗੁਜ਼ਰੇ।

ਅੱਖੀਂ ਤੱਕਿਆ ਸੱਚ ਬੋਲ ਕੇ
ਕਈ ਮਾਂਵਾਂ ਦੇ ਲਾਲ ਨੇ ਗੁਜ਼ਰੇ,
ਕਈ ਗੱਦਾਰਾਂ ਲੁੱਟੀ ਦੁਨੀਆਂ
ਹੋ ਕੇ ਮਾਲਾ ਮਾਲ ਨੇ ਗੁਜ਼ਰੇ।

ਕਈ ਬੇ-ਦੋਸ਼ੇ ਮਜਲੂਮਾਂ ਲਈ
ਬਣ ਕੇ ਤੇਗ ਤੇ ਢਾਲ ਨੇ ਗੁਜ਼ਰੇ,
ਧਰਮ ਸਮਾਜ 'ਚ ਇੰਨੀ ਨਫਰਤ
ਪੁੱਛਦੇ ਕਈ ਸਵਾਲ ਨੇ ਗੁਜ਼ਰੇ।

ਜਾਤਾਂ'ਪਾਤਾਂ ਦੀ ਮੰਡੀ 'ਚੋਂ
ਹੋ ਕੇ ਕਈ ਹਲਾਲ ਨੇ ਗੁਜ਼ਰੇ,
ਜਗ ਜਨਨੀ ਦੀ ਇੱਜਤ ਲੁੱਟ ਕੇ
ਪਾਉਂਦੇ ਕਈ ਧਮਾਲ ਨੇ ਗੁਜ਼ਰੇ।

ਧਰਮੀ ਲੀਡਰ ਮਾਨਵਤਾ ਦੇ
ਰਾਹ ਵਿਚ ਅੱਗਾਂ ਬਾਲ ਨੇ ਗੁਜ਼ਰੇ,
ਕਈ 'ਸੁਰਜੀਤ' ਮਿਲੇ ਵਿਰਲੇ ਜੋ
ਅਣਖਾਂ ਦੀ ਲੱਜ ਪਾਲ ਨੇ ਗੁਜ਼ਰੇ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਦੂਜਾ ਕਬੀਰ

***(ਪਿਛਲੇ ਸਫੇ ਦੀ ਬਾਕੀ)***

ਖਿੜ ਖਿੜਾ ਕੇ ਰਾਜਾ ਹੱਸਿਆ, "ਮੇਰੀ ਭੇਟ ਐਸੀ ਵੈਸੀ ਨਹੀਂ! ਇੰਦਰ ਭਗਵਾਨ ਵੀ ਡੋਲ ਜਾਣ। ਦੱਸਾਂ? ਰਾਜਕੁਮਾਰੀ ਦਾ ਹੱਥ ਅਤੇ ਸਾਰਾ ਦੇਸ!"

ਰਾਜੇ ਦੀ ਫਜ਼ੂਲ ਗੱਲ ਉਪਰ ਕਬੀਰ ਨੂੰ ਹਾਸਾ ਆ ਗਿਆ, ਕਿਹਾ-"ਅਜਿਹੀ ਭੇਟ ਦਾ ਤਾਂ ਸੁਫਨਾ ਵੀ ਬੁਰਾ! ਵਿਆਹ ਸ਼ਾਦੀ ਦੇ ਝਮੇਲੇ ਵਿਚ ਮੈਂ ਪੈਣਾ ਈ ਨਹੀਂ। ਇੱਕ ਵਿਆਹ ਦਾ ਪੰਗਾ, ਦੂਜਾ ਦਹੇਜ ਵਿਚ ਦੇਸ! ਮੈਨੂੰ ਏਨਾ ਮੂਰਖ ਵੀ ਨਾ ਜਾਣੋ ਕਿ ਤੁਸੀਂ ਦੇ ਦਿੱਤਾ ਤੇ ਮੈਂ ਚੁੱਪ ਕਰ ਕੇ ਲੈ ਲਊਂਗਾ। ਸੱਤਾ ਦਾ ਸੁੱਖ ਅਨੰਤ ਹੁੰਦਾ ਤਾਂ ਤੁਸੀਂ ਛੱਡਣ ਲਈ ਤਿਆਰ ਕਿਉਂ ਹੁੰਦੇ? ਤੁਸੀਂ ਖਿਝ ਜਾਓ ਤੁਹਾਡੀ ਮਰਜ਼ੀ ਪਰ ਮੈਂ ਖਿਮਾ ਮੰਗਦਾ ਹਾਂ, ਮੈਨੂੰ ਆਪਣਾ ਕੰਮ ਕਰਨ ਦਿਓ।"

ਰਾਜੇ ਦੇ ਰੋਮ-ਰੋਮ ਵਿਚ ਝਰਨਾਹਟ ਛਿੜੀ। ਰਾਜਕੁਮਾਰੀ ਉਪਰ ਹਜ਼ਾਰ ਘੜੇ ਪਾਣੀ ਡਿੱਗ ਪਿਆ। ਸੁਫਨੇ ਦੀ ਸੁਨਹਿਰੀ ਲੰਕਾ ਉਸ ਦੀਆਂ ਅੱਖਾਂ ਅੱਗੇ ਲਟ-ਲਟ ਮੱਚਣ ਲੱਗੀ। ਰਾਜੇ ਦੀ ਧੀ ਹੋ ਕੇ ਕਿੰਨੀ ਛੋਟੀ ਉਮੀਦ ਖਾਤਰ ਮਨ ਡੁਲਾ ਲਿਆ, ਉਹ ਵੀ ਨਾ ਮਿਲੀ।

ਹੁਣ ਤਾਂ ਸੌ ਵਾਰ ਅੱਗ ਵਿਚ ਸਾੜ ਕੇ ਇਸ ਮਕਾਰ ਨੂੰ ਨਾ ਮਾਰੇ, ਤਦ ਤੱਕ ਰਾਜੇ ਦੀ ਅਗਨੀ ਸ਼ਾਂਤ ਨਾ ਹੋਵੇ। ਕੜਕ ਕੇ ਸਵਾਰਾਂ ਨੂੰ ਕਿਹਾ, "ਕੁੱਤਿਆਂ ਵਾਂਗ ਨਹੁੰਦਰਾਂ ਨਾਲ ਜ਼ਮੀਨ ਕਿਉਂ ਕੁਰੇਦ ਰਹੇ ਹੋ, ਹੁਣ ਤੱਕ ਇਸ ਹਰਾਮਜ਼ਾਦੇ ਦੀ ਚਟਣੀ ਬਣ ਜਾਣੀ ਚਾਹੀਦੀ ਸੀ!"

ਹਵਾ ਵਿਚ ਉਠੀਆਂ ਤਲਵਾਰਾਂ ਥੋੜ੍ਹੀ ਦੇਰ ਲਈ ਰੁਕੀਆਂ। ਕੀ ਪਤਾ, ਵਿਚਕਾਰ ਫਿਰ ਰਾਜਕੁਮਾਰੀ ਆ ਖਲੋਵੇ ਪਰ ਰਾਜਕੁਮਾਰੀ ਤਾਂ ਹਿੱਲੀ ਤੱਕ ਨਹੀਂ, ਅੱਖਾਂ ਜਿਵੇਂ ਪਥਰਾ ਗਈਆਂ ਹੋਣ। ਰਾਜਕੁਮਾਰੀ ਤਾਂ ਖੜ੍ਹੀ ਰਹੀ, ਰਾਜਾ ਵਿਚਕਾਰ ਆ ਖਲੋਤਾ ਤੇ ਬੋਲਿਆ, "ਖਬਰਦਾਰ! ਮੈਂ ਹੁਕਮ ਦਿੱਤਾ, ਫਿਰ ਕੀ ਹੋਇਆ? ਤੁਹਾਨੂੰ ਕੋਈ ਅਕਲ ਨਹੀਂ? ਕਬੀਰ ਨੂੰ ਫੱਟ ਲੱਗਾ, ਮੇਰੀ ਧੀ ਕਿਵੇਂ ਕਲਪੇਗੀ! ਕਾਲੇ ਮੂੰਹ ਪਰੇ ਕਰੋ। ਇਹੋ ਜਿਹੇ ਫਜ਼ੂਲ ਹੁਕਮ ਨਹੀਂ ਮੰਨਦੇ ਹੁੰਦੇ। ਮੇਰਾ ਦਿਮਾਗ਼ ਨਹੀਂ ਨਾ ਠਿਕਾਣੇ ਸਿਰ। ਖੋਪੜੀ ਵਿਚ ਜਿਵੇਂ ਤੂੜੀ ਹੋਏ।"

ਕਿੱਥੇ ਦੀ ਬਿਜਲੀ ਕਿੱਥੇ ਆ ਕੇ ਡਿੱਗੀ! ਕਬੀਰ ਕੀ ਕਰੇ, ਕੀ ਨਾ ਕਰੇ। ਥੋੜ੍ਹੀ ਦੇਰ ਕੁਝ ਸਮਝ ਨਹੀਂ ਆਇਆ। ਉਲਝਣ ਵਿਚ ਪੈ ਗਿਆ...। ਫਿਰ ਰਾਜਕੁਮਾਰੀ ਕੋਲ ਜਾ ਕੇ ਖਲੋ ਗਿਆ। ਸ਼ਾਂਤ ਚਿਤ ਉਸ ਦੇ ਹੱਥ ਆਪਣੇ ਹੱਥਾਂ ਵਿਚ ਲੈ ਕੇ ਕਹਿਣ ਲੱਗਾ, "ਇੱਕ ਰਾਤ ਇਕੱਠੇ ਰਹਿ ਕੇ ਇੱਕ ਦੂਜੇ ਨੂੰ ਨਹੀਂ ਜਾਣ ਸਕਦੇ। ਵਿਆਹ, ਬਾਲ ਬੱਚੇ, ਗ੍ਰਹਿਸਥ, ਜ਼ਮੀਨ ਜਾਇਦਾਦ ਵਿਚ ਮੇਰੀ ਰੁਚੀ ਨਹੀਂ। ਦੂਜੇ ਜੀਵਾਂ ਤੋਂ ਵੱਖਰਾ ਅਤੇ ਉਤਮ ਹੋਣ ਦੀ ਇਨਸਾਨ ਵਿਚਲੀ ਗਲਤ ਫਹਿਮੀ ਸਦਕਾ ਬੜੀ ਬਰਬਾਦੀ ਹੋ ਚੁੱਕੀ ਹੈ, ਹੋਰ ਹੁੰਦੀ ਜਾ ਰਹੀ ਹੈ। ਨਾ ਕੋਈ ਮੇਰੀ ਜਾਤ, ਨਾ ਧਰਮ। ਨਾ ਮੇਰਾ ਘਰ, ਨਾ ਦੇਸ਼। ਬੰਦੇ ਵਾਸਤੇ ਕਿੰਨੀ ਸ਼ਰਮ ਦੀ ਗੱਲ ਹੈ ਕਿ ਧਰਮ ਅਤੇ ਪੰਥ ਬਹਾਨੇ ਮਰੇ ਹੋਏ ਅਵਤਾਰ ਹੁਣ ਤੱਕ ਜਿਉਂਦੇ ਬੰਦਿਆਂ ਉਪਰ ਰਾਜ ਕਰੀ ਜਾਂਦੇ ਨੇ!"

ਰਾਜੇ ਤੋਂ ਚੁੱਪ ਨਾ ਰਿਹਾ ਗਿਆ, ਪੁੱਛਿਆ-"ਸੁਣਿਆ ਹੈ ਤੂੰ ਦੇਵੀ ਦੇਵਤਿਆਂ ਅਤੇ ਈਸ਼ਵਰ ਨੂੰ ਵੀ ਨਹੀਂ ਜਾਣਦਾ?" ਮੁਸਕਾਉਂਦਾ ਕਬੀਰ ਬੋਲਿਆ-"ਜਾਣਦਾ ਹਾਂ ਜ਼ਰੂਰ, ਮੰਨਦਾ ਨਹੀਂ। ਆਤਮਾ, ਪਰਮਾਤਮਾ, ਭਾਗ ਅਤੇ ਧਰਮ ਤੋਂ ਵੱਡਾ ਜਾਲ ਇਨਸਾਨ ਹੱਥੋਂ ਨਾ ਰਚਿਆ ਗਿਆ, ਨਾ ਰਚਿਆ ਜਾਏਗਾ। ਅਕਲ ਦੀ ਖੋਪੜੀ ਨਿਵਾ ਕੇ ਜਿਉਂਦਾ ਇਨਸਾਨ ਪੱਥਰ ਪੂਜਦਾ ਫਿਰਦਾ ਹੈ, ਇਸ ਤੋਂ ਵਧ ਘ੍ਰਿਣਾ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ? ਮਾਮਲਾ ਕਿਉਂਕਿ ਵਧੀਕ ਖਤਰਨਾਕ ਹੋ ਗਿਆ ਤਾਂ ਤੁਹਾਡੇ ਨਾਲ ਏਨੀਆਂ ਗੱਲਾਂ ਕਰਨੀਆਂ ਪਈਆਂ।"

ਹੁਣ ਰਾਜਕੁਮਾਰੀ ਦੇ ਹੋਂਠ ਖੁੱਲ੍ਹੇ। ਧੀਮੇ ਮਿੱਠੇ ਸੁਰ ਵਿਚ ਬੋਲੀ-"ਏਨੀਆਂ ਗੱਲਾਂ ਜਾਣਦਿਆਂ ਵੀ ਤੁਹਾਡੀਆਂ ਅੱਖਾਂ ਸਾਹਮਣੇ ਤੁਹਾਡੀ ਕਾਰੀਗਰੀ ਲੀਰੋ ਲੀਰ ਹੋਈ, ਦੋ ਵਾਰ ਕਿਰਪਾਨਾਂ ਲਹਿਰਾਈਆਂ, ਰਾਜੇ ਅਤੇ ਠਾਕੁਰ ਦੀਆਂ ਗੱਲਾਂ ਸੁਣੀਆਂ ਤਾਂ ਤੁਹਾਨੂੰ ਗ਼ੁੱਸਾ ਕਿਉਂ ਨਹੀਂ ਆਇਆ? ਬਹੁਤ ਗਿਆਨ ਹੋਣ ਪਿੱਛੋਂ ਵੀ ਤੁਹਾਨੂੰ ਜਿਉਂਦੇ ਰਹਿਣ ਦਾ ਮੋਹ ਕਿਉਂ ਹੈ? ਮੌਤ ਦਾ ਡਰ ਕਿਉਂ? ਤੁਸੀਂ ਆਪਣਾ ਕ੍ਰੋਧ ਕਿਸ ਦਿਨ ਵਾਸਤੇ ਸੰਭਾਲਿਆ ਹੋਇਆ ਹੈ?"

ਕਬੀਰ ਸਮਝਾਣ ਲੱਗਾ, "ਇੱਕ ਆਦਮੀ ਦਾ ਕ੍ਰੋਧ ਕੀ ਕਰੇਗਾ ਰਾਜਕੁਮਾਰੀ? ਇਹ ਤਾਂ ਖੁਦਕੁਸ਼ੀ ਵਾਂਗ ਹੈ। ਮੇਰੇ ਕ੍ਰੋਧ ਦੀ ਲਾਗ ਜਦੋਂ ਪ੍ਰਾਣੀ-ਪ੍ਰਾਣੀ ਦੇ ਦਿਲ ਤੱਕ ਪੁੱਜੇਗੀ, ਉਦੋਂ ਨਾ ਕੋਈ ਰਾਜਾ ਹੋਏਗਾ, ਨਾ ਪਰਜਾ। ਨਾ ਕੋਈ ਅਮੀਰ, ਨਾ ਗਰੀਬ। ਨਾ ਉਚ, ਨਾ ਨੀਚ। ਨਾ ਸੱਚ, ਨਾ ਝੂਠ। ਨਾ ਪਾਪ ਨਾ ਪੁੰਨ। ਨਾ ਧਰਮ ਨਾ ਅਧਰਮ। ਨਾ ਮੰਦਰ ਨਾ ਮਸੀਤ, ਨਾ ਮਜ਼ਹਬ ਨਾ ਜਾਤ। ਨਾ ਫੌਜ ਨਾ ਹਥਿਆਰ। ਫਿਰ ਇਨਸਾਨ ਨੂੰ ਇਹ ਹੱਕ ਨਹੀਂ ਹੋਏਗਾ ਕਿ ਆਪਣੀ ਤਾਕਤ ਦੇ ਬਲਬੂਤੇ, ਤਲਵਾਰ ਦੇ ਜ਼ੋਰ ਨਾਲ ਕਿਸੇ ਦੀ ਕਾਰੀਗਰੀ ਲੀਰੋ ਲੀਰ ਕਰਕੇ ਵਗਾਹ ਦਏ...।"

ਕਬੀਰ ਦਾ ਹੱਥ ਫੜ ਕੇ ਰਾਜੇ ਨੇ ਕਿਹਾ-"ਇਸੇ ਪਛਤਾਵੇ ਖਾਤਰ ਹੀ ਮੈਂ ਰਾਜਭਾਗ ਤਿਆਗਣ ਨੂੰ ਤਿਆਰ ਹੋ ਗਿਆ। ਹੋਰ ਤੈਨੂੰ ਕੀ ਚਾਹੀਦੈ?"

ਕਬੀਰ ਨੇ ਕਿਹਾ, "ਮੇਰੇ ਚਾਹੁਣ ਨਾ ਚਾਹੁਣ ਨਾਲ ਕੀ ਫਰਕ ਪੈਂਦੈ?"

ਸਿਰ ਹਿਲਾਉਂਦਿਆਂ ਰਾਜੇ ਨੇ ਕਿਹਾ, "ਇਹੋ ਤਾਂ ਤੇਰੀ ਭੁੱਲ ਹੈ। ਇੱਕ ਵਾਰ ਆਪਣੇ ਮਨ ਦੀ ਇੱਛਾ ਜ਼ਾਹਰ ਕਰ ਕੇ ਤਾਂ ਦੇਖ। ਤੇਰੇ ਇਲਾਵਾ ਮੇਰੀ ਧੀ ਕਿਸੇ ਦਾ ਹੱਥ ਫੜਨਾ ਹੀ ਨਹੀਂ ਚਾਹੁੰਦੀ, ਤੂੰ ਏਨਾ ਸਖਤ ਦਿਲ ਕਿ ਉਸ ਦੀ ਕੋਈ ਪਰਵਾਹ ਨਹੀਂ ਕਰਦਾ।"

"ਪਰਵਾਹ ਕਿਉਂ ਨੀ ਕਰਦਾ? ਨਰ ਮਾਦਾ ਦੀ ਹੈਸੀਅਤ ਵਿਚ ਜਿੱਥੇ ਤੱਕ ਇੱਕ ਦੂਜੇ ਦਾ ਦਿਲ ਕਰੇ, ਰਾਜਕੁਮਾਰੀ ਮੇਰਾ ਸਾਥ ਕਰਨ ਨੂੰ ਤਿਆਰ ਹੋਵੇ ਤਾਂ ਮੇਰੇ ਵੱਲੋਂ ਵੀ ਇਨਕਾਰ ਨਹੀਂ। (ਛਪ ਰਹੀ ਕਿਤਾਬ 'ਰਾਜਸਥਾਨੀ ਕਥਾ ਸਾਗਰ' ਵਿਚੋਂ)

# ਡਰ

ਕਹਾਣੀ

***ਸੰਸਾਰ ਪੱਧਰ 'ਤੇ ਫੈਲੀ ਕਰੋਨਾ ਮਹਾਮਾਰੀ ਕਾਰਨ ਜਿਸ ਤਰ੍ਹਾਂ ਦੇ ਹਾਲਾਤ ਬਣੇ ਹੋਏ ਹਨ, ਉਸ ਨੇ ਸਭ ਦੇ ਮਨਾਂ ਅੰਦਰ ਇਕ ਅਜੀਬ ਜਿਹਾ ਡਰ ਪੈਦਾ ਕੀਤਾ ਹੋਇਆ ਹੈ। ਇਹ ਡਰ ਹੈ ਵੀ ਸੱਚਾ ਤੇ ਇਸੇ ਡਰ ਨੇ ਸਾਵੀਂ-ਪੱਧਰੀ ਚਲਦੀ ਸੰਸਾਰੀ ਗੱਡੀ ਦੇ ਚੱਕਿਆਂ ਦੀ ਰਫਤਾਰ ਘਟਾ ਦਿੱਤੀ ਹੈ। ਕਰੋਨਾ ਕਾਰਨ ਲੋਕਾਂ ਦੀ ਆਮ ਜ਼ਿੰਦਗੀ ਇਸ ਕਦਰ ਅਸਰ-ਅੰਦਾਜ਼ ਹੋ ਗਈ ਹੈ ਕਿ ਕਿਸੇ ਦੀ ਮਾਮੂਲੀ ਛਿੱਕ, ਖੰਘ ਉਤੇ ਵੀ ਮਨ ਵਿਚ 'ਕਿਤੇ ਕਰੋਨਾ ਈ ਨਾ ਹੋਵੇ' ਦਾ ਤੁਣਕਾ ਵੱਜ ਜਾਂਦਾ ਹੈ। ਚਰਨਜੀਤ ਸਿੰਘ ਸਾਹੀ ਨੇ ਇਸੇ ਡਰ ਨੂੰ ਧਰਾਤਲ ਬਣਾ ਕੇ ਕਹਾਣੀ ਬੁਣੀ ਹੈ। -ਸੰਪਾਦਕ***

ਅੱਧੀ ਰਾਤੀਂ ਫੋਨ ਦੀ ਘੰਟੀ ਵੱਜੀ। "ਚੁੱਕ ਲੈ ਰਣਜੀਤ ਕੌਰੇ!"

"ਚੁੱਕਦੀ ਆਂ, ਲਾਈਟ ਤਾਂ ਜਗਾ ਲਵਾਂ!"

"ਤੇਰੀ ਲਾਈਟ ਜਗਾਉਣ ਤਾਈਂ ਏਹਨੇ ਬੰਦ ਹੋ ਜਾਣਾ।...ਮੇਰੀਆਂ ਸਹੁਰੀਆਂ ਐਨਕਾਂ...!" ਸਾਈਡ ਟੇਬਲ 'ਤੇ ਹੱਥ ਫੇਰਦਾ ਕੇਹਰ ਸਿੰਘ ਉਠ ਕੇ ਬੈਡ 'ਤੇ ਬੈਠ ਗਿਆ। ਇੰਨੇ ਨੂੰ ਫੋਨ ਦੀ ਘੰਟੀ ਬੰਦ ਹੋ ਗਈ।

"ਲਿਆ ਮੈਨੂੰ ਫੜਾ, ਮੈਂ ਦੇਖਦਾਂ। ਐਸ ਵੇਲੇ ਬਾਹਰੋਂ ਹੋਣਾ ਕਿਸੇ ਬੱਚੇ ਦਾ...।" ਕੇਹਰ ਸਿੰਘ ਫੋਨ ਦੀ ਫੋਲਾ-ਫਾਲੀ ਕਰਨ ਲੱਗਾ, "ਲੈ! ਰਾਜੇ ਦਾ ਸੀ।"



ਚਰਨਜੀਤ ਸਿੰਘ ਸਾਹੀ
ਫੋਨ: 317-430-6545

"ਸੁੱਖ ਹੋਵੇ! ਐਸ ਵੇਲੇ ਕਿਉਂ ਕੀਤਾ?" ਰਣਜੀਤ ਕੌਰ ਫਿਕਰਮੰਦ ਹੁੰਦੀ ਬੈਠ ਗਈ।

ਫੋਨ ਦੀ ਘੰਟੀ ਫਿਰ ਵੱਜੀ ਤਾਂ ਕੇਹਰ ਸਿੰਘ ਨੇ ਬਿਨਾ ਦੇਰੀ ਕੀਤੇ 'ਹੈਲੋ' ਕਿਹਾ।

"ਡੈਡੀ ਜੀ, ਮੈਂ ਬੋਲਦਾਂ ਰਾਜਾ। ਮੱਥਾ ਟੇਕਦਾਂ! ਹੋਰ ਤੁਸੀਂ ਠੀਕ ਓ, ਮੰਮੀ ਕੋਲ ਈ ਏ? ਤੁਸੀਂ ਸੁਣੀ ਕੋਈ ਖਬਰ ਆਹ ਨਵੀਂ ਬਿਮਾਰੀ ਕਰੋਨਾ ਦੀ?"

"ਹਾਂ ਸੁਣੀ! ਟੀ. ਵੀ. ਵਾਲੇ ਵੀ ਰੌਲਾ ਪਾਉਂਦੇ ਨੇ, ਅਖਬਾਰ ਵਿਚ ਵੀ ਪੜ੍ਹਿਆ। ਚੀਨ ਤੋਂ ਆਈ ਇਹ ਬਿਮਾਰੀ। ਦੱਸਦੇ ਨੇ ਯੂਰਪ ਵਿਚ ਤਾਂ ਬਾਹਲੀ ਫੈਲ ਗਈ, ਪਰ ਉਰੇ ਤਾਂ ਕੋਈ ਰੌਲਾ ਨ੍ਹੀਂ, ਸਭ ਠੀਕ ਠਾਕ ਆ।"

"ਹੁਣ ਮੇਰੀ ਸਾਰੀ ਗੱਲ ਸੁਣਿਓ ਧਿਆਨ।"

ਵਿਚੋਂ ਕੇਹਰ ਸਿੰਘ ਟੋਕਦਾ ਹੋਇਆ ਬੋਲਿਆ, "ਕਾਕਾ ਏਥੇ ਸਭ ਸੁੱਖ ਏ?"

"ਹਾਂ ਸੁੱਖ ਏ! ਪਰ ਜੋ ਮੈਂ ਕਹਿਣ ਲੱਗਾਂ, ਉਹ ਸੁਣੋ।"

"ਹਾਂ ਦੱਸ ਪੁੱਤਰ, ਮੈਂ ਸੁਣਦਾਂ।"

"ਤੁਸੀਂ ਪਰਸੋਂ ਬਾਰਾਂ ਤਾਰੀਖ, ਮੰਗਲਵਾਰ ਸ਼ਾਮੀਂ ਦਿੱਲੀ ਏਅਰਪੋਰਟ 'ਤੇ ਪਹੁੰਚ ਜਾਣਾ। ਬੁੱਧਵਾਰ ਸਵੇਰੇ ਇਕ ਵਜੇ ਸਿੱਧੀ ਦਿੱਲੀ ਤੋਂ ਸੈਨ ਫਰਾਂਸਿਸਕੋ ਦੀ ਫਲਾਈਟ ਏ।"

"ਪਰ ਕਿਉਂ? ਕੀ ਹੋ ਗਿਆ? ਅਸੀਂ ਤਾਂ ਪੱਚੀ ਤਰੀਕ ਨੂੰ ਆਉਣਾ ਸੀ। ਕਾਕਾ ਜਿਹੜੀਆਂ ਪਹਿਲੀਆਂ ਟਿਕਟਾਂ ਨੇ, ਉਨ੍ਹਾਂ ਦਾ ਕੀ ਬਣੂੰ? ਉਹ ਪੈਸੇ ਮੋੜਨਗੇ?"

"ਡੈਡੀ ਤੁਸੀਂ ਪੈਸਿਆਂ ਤੋਂ ਕੀ ਲੈਣਾ? ਪਲੀਜ਼ ਮੇਰੀ ਪੂਰੀ ਗੱਲ ਤਾਂ ਸੁਣ ਲਵੋ, ਤੁਹਾਨੂੰ ਪੈਸਿਆਂ ਦੀ...।"

"ਹਾਂ ਦੱਸ! ਪੈਸੇ ਕਿਹੜੇ ਕਾਕਾ ਝਾੜਾਂ ਨੂੰ ਲੱਗਦੇ।"

"ਮੈਂ ਕਹਿ ਰਿਹਾਂ ਬਈ ਲੱਕੀ ਪਰਸੋਂ ਨੂੰ ਮੁਹਾਲੀ ਤੋਂ ਸਵੇਰੇ ਇਟਨਰੀ ਪ੍ਰਿੰਟ ਕਰਕੇ ਦੇ ਜਾਊ, ਨਾਲੇ ਮੂੰਹ 'ਤੇ ਲਾਉਣ ਨੂੰ ਮਾਸਕ, ਹੱਥਾਂ 'ਤੇ ਲਾਉਣ ਨੂੰ ਸੈਨੇਟਾਈਜ਼ਰ। ਤੁਸੀਂ ਦੋਹਾਂ ਨੇ ਘਰੋਂ ਮੂੰਹ 'ਤੇ ਮਾਸਕ ਲਾਉਣੇ ਨੇ ਤੇ ਜਹਾਜ ਵਿਚ ਖਾਣ ਪੀਣ ਵੇਲੇ ਉਤਾਰਨੇ। ਬਾਕੀ ਲੱਕੀ ਕੱਲ ਆ ਕੇ ਵੀ ਸਾਰਾ ਸਮਝਾ ਦਊ। ਜੱਗੀ ਨੂੰ ਗੱਡੀ ਵਾਸਤੇ ਮੈਂ ਫੋਨ ਕਰ ਦਿੱਤਾ, ਉਹ ਕੱਲ ਸ਼ਾਮੀਂ ਚਾਰ ਵਜੇ ਪਹੁੰਚ ਜਾਊ। ਘਰੋਂ ਰੋਟੀ ਬਣਾ ਲਿਓ, ਚਾਹ-ਪਾਣੀ ਲੈ ਲਿਓ। ਰਾਹ ਵਿਚ ਕਿਸੇ ਵੀ ਢਾਬੇ 'ਤੇ ਨਹੀਂ ਰੁਕਣਾ। ਤੁਹਾਨੂੰ ਪਤਾ ਈ ਏ, ਤੁਹਾਡੀਆਂ ਪਹਿਲੀਆਂ ਟਿਕਟਾਂ ਰੋਮ, ਇਟਲੀ ਵੱਲ ਦੀਆਂ ਸਨ। ਉਥੇ ਕਰੋਨਾ ਬਿਮਾਰੀ ਬੁਰੀ ਤਰ੍ਹਾਂ ਫੈਲ ਚੁਕੀ ਏ, ਸਗੋਂ ਸਾਰੇ ਯੂਰਪ ਵਿਚ ਹੀ ਇਸ ਬਿਮਾਰੀ ਨਾਲ ਲੋਕ ਮਰ ਰਹੇ ਹਨ। ਸ਼ਾਇਦ ਛੇਤੀ ਹੀ ਅਮਰੀਕਾ ਆਉਣ ਜਾਣ ਵਾਲੀਆਂ ਫਲਾਈਟਾਂ ਬੰਦ ਹੋ ਜਾਣ।"

"ਇਹ ਤਾਂ ਠੀਕ ਏ ਜਿਵੇਂ ਕਹਿਨੈਂ, ਕਰ ਲਵਾਂਗੇ ਕਾਕਾ, ਪਰ...।"

"ਡੈਡੀ ਪਰ ਪੁਰ ਕੋਈ ਨਹੀਂ।"

"ਕਾਕਾ! ਦਿਨ ਤਾਂ ਫਿਰ ਕੱਲ ਦਾ ਹੀ ਰਹਿ ਗਿਆ।"

ਫੋਨ ਰਣਜੀਤ ਕੌਰ ਨੇ ਫੜ ਲਿਆ, "ਵੇ ਰਾਜੇ ਪੁੱਤ, ਅਜੇ ਤਾਂ ਕਈ ਕੰਮ ਪਏ ਨੇ। ਕੁੜੀਆਂ ਦੇ ਸੂਟ ਬਟੀਕ ਆਲੀ ਨੇ ਏਸ ਸਨਿਚਰਵਾਰ ਦੇਣੇ ਨੇ; ਨਾਲੇ ਆਉਂਦੇ ਐਤਵਾਰ ਤੇਰੀ ਮਾਸੀ ਨੇ ਸੁਨੇਹਾ ਘੱਲਿਆ ਬਈ ਸ਼ਿੰਦੀ ਵਾਸਤੇ ਮੁੰਡਾ ਵੇਖਣ ਜਾਣਾ, ਤੁਸੀਂ ਜਰੂਰ ਆਇਓ।"

ਰਾਜੇ ਨੂੰ ਗੁੱਸਾ ਚੜ੍ਹ ਗਿਆ, "ਤੁਹਾਡੀ ਮਰਜੀ! ਭਾਵੇਂ ਮੁੰਡੇ ਵੇਖੋ ਜਾਂ ਸੂਟ ਸਾਂਭੋ। ਇਕ ਤਾਂ ਸੂਟਾਂ ਦੀ ਸਮਝ ਨਹੀਂ ਅਉਂਦੀ-ਅਟੈਚੀ ਭਰ ਕੇ ਏਧਰੋਂ ਚੁੱਕੀ ਜਾਨੇਂ ਓਂ, ਭਰ ਕੇ ਹੀ ਉਧਰੋਂ ਚੁੱਕੀ ਆਉਨੇਂ ਓਂ। ਸਾਲਾ ਸੂਟਾਂ ਨਾਲ ਰੱਜ ਨ੍ਹੀਂ ਆਉਂਦਾ...।" ਫੋਨ ਬੰਦ ਹੋ ਗਿਆ।

ਬਾਰਾਂ ਤਾਰੀਖ ਸਵੇਰੇ ਕੇਹਰ ਸਿੰਘ ਦਾ ਭਤੀਜਾ ਲੱਕੀ ਇਟਨਰੀ ਤੇ ਬਾਕੀ ਸਾਮਾਨ ਦੇ ਕੇ ਸਮਝਾ ਗਿਆ। ਬਾਅਦ ਦੁਪਹਿਰ ਦੋ ਵਜੇ ਈ ਜੱਗੀ ਗੱਡੀ ਲੈ ਕੇ ਪਿੰਡ ਪਹੁੰਚ ਗਿਆ। ਕੇਹਰ ਸਿੰਘ ਸੂਟ-ਬੂਟ ਪਾਈ, ਦਾੜ੍ਹੀ ਨੂੰ ਢਾਠੀ ਬੰਨੀ ਵਿਹੜੇ ਵਿਚ ਖੱਬੇ-ਸੱਜੇ ਚੱਕਰ ਲਾ ਰਿਹਾ ਸੀ। ਗੇਟ ਦੀ ਘੰਟੀ ਵੱਜੀ, ਕੇਹਰ ਸਿੰਘ ਨੇ ਗੇਟ ਖੋਲ੍ਹਿਆ, ਅੱਗੋਂ ਜੱਗੀ ਸੀ।

ਜੱਗੀ ਬੋਲਿਆ, "ਅੰਕਲ ਜੀ ਤਿਆਰ ਹੋ ਗਏ?"

ਗੁੱਟ 'ਤੇ ਲੱਗੀ ਘੜੀ ਵੇਖਦਾ ਕੇਹਰ ਸਿੰਘ ਕਹਿੰਦਾ, "ਤੂੰ ਤਾਂ ਚਾਰ ਵਜੇ ਆਉਣਾ ਸੀ ਮੁੰਡਿਆ? ਹਾਂ! ਅਸੀਂ ਤਾਂ ਤਿਆਰ ਈ ਆਂ। ਅੰਦਰ ਆ ਜਾਹ।...ਚਾਹ ਪੀਏਂਗਾ?"

"ਨਹੀਂ ਜੀ।"

"ਤਾਂ ਚੱਲ ਫਿਰ ਆ ਜਾ, ਰੱਖ ਅਟੈਚੀ ਗੱਡੀ ਵਿਚ।"

ਘਰ ਨੂੰ ਕੁੰਡੇ ਤਾਲੇ ਲਾ, ਘਰ ਵਿਚ ਪੱਕੀ ਕੰਮ ਵਾਲੀ ਰੱਖੀ ਹੋਈ ਬੀਬੀ ਨੂੰ ਰਣਜੀਤ ਕੌਰ ਨੇ ਸਮਝਾ ਦਿੱਤਾ, "ਰਾਤੀਂ ਟਾਈਮ ਨਾਲ ਲਾਈਟਾਂ ਜਗਾਉਣੀਆਂ ਤੇ ਸਵੇਰੇ ਬੰਦ ਕਰਨੀਆਂ। ਵਿਹੜਾ ਹਫਤੇ ਪਿੱਛੋਂ ਤੇ ਅੰਦਰੋਂ ਪੰਦਰੀਂ ਦਿਨੀਂ ਸਾਫ ਕਰਨਾ। ਸਫਾਈ ਬਾਅਦ ਵਿੰਡੋ, ਕੁੰਡੇ ਤਾਲੇ ਚੰਗੀ ਤਰ੍ਹਾਂ ਬੰਦ ਕਰਨੇ। ਅੱਛਾ! ਲੈ ਹੁਣ ਨਸੀਬੋ! ਸਾਰਾ ਘਰ ਤੇਰੇ ਹਵਾਲੇ।"

ਕੋਲ ਖੜਾ ਕੇਹਰ ਸਿੰਘ ਬੋਲਿਆ, "ਐਂ ਤਾਂ ਕੁੜੀਏ ਚਾਬੀਆਂ ਦਾ ਇਕ ਗੁੱਛਾ ਅਸੀਂ ਆਪਣੇ ਭਤੀਜੇ ਲੱਕੀ ਨੂੰ ਵੀ ਦਿੱਤਾ, ਉਹ ਮਹੀਨੇ 'ਚ ਮਾਰਿਆ ਕਰੂ ਗੇੜਾ।"

ਗਲੀ ਗਵਾਂਢ ਭਾਵੇਂ ਰਾਤੀਂ ਮਿਲ ਲਿਆ ਸੀ, ਪਰ ਫਿਰ ਵੀ ਕਈ ਸੁਨੇਹੀ ਫਤਿਹ ਬੁਲਾਉਣ ਆ ਗਏ।

"ਚਲੋ ਹੁਣ ਕਹੋ ਵਾਹਿਗੁਰੂ।...ਆ ਜਾ ਰਣਜੀਤ ਕੌਰੇ ਹੁਣ! ਗੱਲਾਂ ਨ੍ਹੀਂ ਮੁੱਕਣੀਆਂ।" ਆਖਦਿਆਂ ਕੇਹਰ ਸਿੰਘ ਗੱਡੀ ਦੀ ਅਗਲੀ ਸੀਟ 'ਤੇ ਜਾ ਬੈਠਾ। ਉਹ ਵੀ ਗੱਡੀ ਵਿਚ ਆ ਬੈਠੀ। ਦੋਹਾਂ ਦੀਆਂ ਅੱਖਾਂ ਘਰ ਨੂੰ ਟਿਕਟਿਕੀ ਲਾ ਕੇ ਵੇਖ ਰਹੀਆਂ ਸਨ। ਚੁੱਪ ਤੋੜਦਿਆਂ ਜੱਗੀ ਨੇ "ਚੱਲੀਏ ਅੰਕਲ ਜੀ!" ਆਖ ਕੇ ਗੱਡੀ ਸਟਾਰਟ ਕਰ ਦਿੱਤੀ। ਗੱਡੀ ਦਿੱਲੀ ਵਾਲੇ ਰਾਹ ਪੈ ਗਈ।

"ਆਹ ਲੈ ਰਣਜੀਤ ਕੌਰੇ ਮਾਸਕ, ਲਾ ਲੈ ਮੂੰਹ 'ਤੇ।"

"ਨਹੀਂ! ਮੈਂ ਤਾਂ ਜਹਾਜ 'ਚ ਬੈਠਣ ਵੇਲੇ ਲਾਉਂ।"

"ਤੇਰੀ ਮਰਜੀ, ਮੈਂ ਤਾਂ ਲਾ ਲਈ। ਤੇਰੇ ਕੋਲੇ ਹੈਗੀ ਕਾਕਾ?"

"ਨਹੀਂ ਅੰਕਲ ਜੀ! ਮੈਂ ਤਾਂ ਕਰੀਬ ਰੋਜ਼ ਈ ਏਅਰਪੋਰਟ ਦੀ ਸਵਾਰੀ ਲੈ ਕੇ ਜਾਨਾਂ, ਆਹ ਕਦੀ ਨ੍ਹੀਂ ਲਾਈ।"

ਚਾਰ ਘੰਟੇ ਵਿਚ ਮੂਰਥਲ ਪਹੁੰਚ ਗਏ।

"ਮੈਂ ਅੰਕਲ ਏਥੇ ਰੋਕਣ ਲੱਗਾਂ, ਵਾਸ਼ਰੂਮ ਜਾਣਾ ਤੇ ਨਾਲੇ ਚਾਹ ਪੀਣੀ ਆ। ਕਈ ਦਿਨ ਦਾ ਉਨੀਂਦਾਂ, ਅੱਖਾਂ ਬੰਦ ਹੋ ਰਹੀਆਂ ਨੇ। ਰੋਜ਼ ਦਿੱਲੀ ਦਾ ਗੇੜਾ ਲੱਗਦਾ। ਤੁਸੀਂ ਗੱਡੀ ਵਿਚ ਬੈਠਣਾ? ਵੇਖ ਲਵੋ, ਤੁਹਾਡੀ ਮਰਜੀ, ਮੈਂ ਦਸ ਮਿੰਟ ਵਿਚ ਆਇਆ।"

"ਖੜ੍ਹ ਜਾਹ ਕਾਕਾ!" ਕੇਹਰ ਸਿੰਘ ਨੇ ਬਾਹਰ ਨਜ਼ਰ ਮਾਰੀ, ਢਾਬੇ 'ਤੇ ਲੋਕਾਂ ਦੀ ਭੀੜ। ਕਿਸੇ ਨੇ ਮਾਸਕ ਨਹੀਂ ਸੀ ਲਾਈ। ਕੁਝ ਖਾ-ਪੀ ਕੇ ਬਾਹਰ ਨਿਕਲ ਰਹੇ ਸਨ, ਕਈ ਅੰਦਰ ਵੜ ਰਹੇ ਸਨ- ਜਿਵੇਂ ਮੇਲਾ ਲੱਗਾ ਹੋਵੇ। ਕਰੋਨਾ ਦਾ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ। ਕੇਹਰ ਸਿੰਘ ਨੇ ਮਾਸਕ ਲਾਹ ਸੀਟ 'ਤੇ ਰੱਖੀ ਤੇ ਕਾਰ ਦਾ ਡੋਰ ਖੋਲ੍ਹਣ ਲੱਗਾ ਕਹਿਣ ਲੱਗਾ, "ਰਣਜੀਤ ਕੌਰੇ, ਆ ਜਾਹ! ਆਪਾਂ ਵੀ ਜਾ ਆਉਂਦੇ ਆਂ, ਨਾਲੇ ਚਾਹ ਦਾ ਘੁੱਟ ਪੀ ਲੈਨੇ ਆਂ। ਦਿੱਲੀ ਨੂੰ ਤਾਂ ਅਜੇ ਦੋ ਘੰਟੇ ਲੱਗ ਜਾਣੇ, ਕਿਉਂ ਬਈ ਜੱਗੀ?"



"ਹਾਂ ਅੰਕਲ! ਵੱਧ ਵੀ ਲੱਗ ਸਕਦੇ।"

ਸਾਰੇ ਵਾਸ਼ਰੂਮ ਜਾ ਕੇ ਤੇ ਚਾਹ ਪਾਣੀ ਪੀ ਕੇ ਕਾਰ ਵਿਚ ਆ ਬੈਠੇ। ਕਾਰ ਫਿਰ ਜੀ. ਟੀ. ਰੋਡ 'ਤੇ ਜਾ ਚੜ੍ਹੀ। ਢਾਈ ਘੰਟੇ ਪਿੱਛੋਂ ਏਅਰਪੋਰਟ ਪਹੁੰਚ ਗਏ। ਜੱਗੀ ਬੋਲਿਆ, "ਅੰਕਲ! ਉਠੋ, ਆ ਗਏ।"

"ਅੱਛਾ! ਆ ਗਿਆ ਏਅਰਪੋਰਟ?"

ਦੋਵੇਂ ਉਂਘਲਾ ਰਹੇ ਸਨ। ਜੱਗੀ ਨੇ ਰੇੜ੍ਹੀ ਲਿਆ ਅਟੈਚੀ ਲੱਦ ਦਿੱਤੇ। ਅੰਕਲ-ਅੰਟੀ ਕੋਲੋਂ ਗੱਡੀ ਦਾ ਕਿਰਾਇਆ ਲਿਆ ਤੇ ਸਤਿ ਸ੍ਰੀ ਅਕਾਲ ਬੁਲਾ ਕੇ ਏਅਰਪੋਰਟ ਤੋਂ ਬਾਹਰ ਨਿਕਲ ਗਿਆ।

"ਕੇਹਰ ਸਿੰਘ ਨੇ ਆਪਣੇ ਮੂੰਹ 'ਤੇ ਮਾਸਕ ਲਾ ਲਿਆ ਤੇ ਘਰ ਵਾਲੀ ਨੂੰ ਇਕ ਹੋਰ ਫੜ੍ਹਾਉਂਦਾ ਬੋਲਿਆ, "ਆਹ ਲੈ, ਤੂੰ ਵੀ ਲਾ ਲੈ।"

"ਨਹੀਂ! ਮੇਰਾ ਤਾਂ ਦਮ ਘੁਟਦਾ, ਮੈਂ ਨ੍ਹੀਂ ਲਾਉਣਾ ਹਜੇ, ਜਹਾਜ 'ਚ ਬੈਠ ਕੇ ਲਾਊਂ।"

ਚੈੱਕ ਇਨ ਕਰਾ ਕੇ ਗੇਟ 'ਤੇ ਜਾ ਬੈਠੇ। ਏਅਰਪੋਰਟ 'ਤੇ ਵੀ ਕਿਸੇ ਕਿਸੇ ਨੇ ਮਾਸਕ ਲਾਈ ਸੀ, ਲੱਗਦਾ ਸੀ ਜਿਵੇਂ ਕਰੋਨਾ ਦਾ ਕਿਸੇ ਨੂੰ ਵੀ ਕੋਈ ਡਰ ਭੈਅ ਨਹੀਂ ਸੀ। ਬੋਰਡਿੰਗ ਹੋ ਗਈ, ਜਹਾਜ ਫੁੱਲ ਸੀ, ਇਕ ਵੀ ਸੀਟ ਖਾਲੀ ਨਹੀਂ। ਕੇਹਰ ਸਿੰਘ ਦੇ ਵਾਰ ਵਾਰ ਕਹਿਣ 'ਤੇ ਵੀ ਰਣਜੀਤ ਕੌਰ ਨੇ ਮਾਸਕ ਨਾ ਲਾਈ। ਹੋਰ ਵੀ ਕਿਸੇ ਟਾਂਵੇਂ ਨੇ ਹੀ ਲਾਈ ਸੀ। ਸੋਲਾਂ ਘੰਟੇ ਵਿਚ ਜਹਾਜ ਸੈਨ ਫਰਾਂਸਿਸਕੋ ਏਅਰਪੋਰਟ 'ਤੇ ਆਣ ਲੱਗਾ।




ਬੇਟਾ ਰਾਜਾ ਲੈਣ ਆਇਆ ਸੀ। ਘਰ ਪਹੁੰਚ ਗਏ। ਤੀਜੇ ਦਿਨ ਰਣਜੀਤ ਕੌਰ ਨੂੰ ਰਾਤੀਂ ਬੁਖਾਰ ਹੋ ਗਿਆ, ਉਹ ਵੀ ਇਕ ਸੌ ਚਾਰ। ਸਾਰਾ ਪਰਿਵਾਰ ਫਿਕਰਮੰਦ ਹੋ ਗਿਆ। ਦੂਜੇ ਦਿਨ ਵੀ ਇਵੇਂ ਈ ਰਿਹਾ।

"ਮੈਂ ਭੋਲੀ ਭੈਣ ਨੂੰ ਫੋਨ ਕਰਦਾਂ, ਉਹ ਕਹੂ ਮੈਨੂੰ ਕਿਉਂ ਨਹੀਂ ਦੱਸਿਆ।" ਰਾਜੇ ਨੇ ਫੋਨ ਕਰਕੇ ਸਾਰੇ ਹਾਲਾਤ ਦੱਸ ਦਿੱਤੇ। ਕੇਹਰ ਸਿੰਘ ਦੀ ਬੇਟੀ ਹਸਪਤਾਲ ਵਿਚ ਸਟਾਫ ਨਰਸ ਸੀ, ਉਸ ਦੇ ਦੱਸਣ ਮੁਤਾਬਿਕ ਦਵਾਈ ਲੈ ਆਏ, ਆਨ ਦਾ ਕਾਊਂਟਰ ਮਿਲਦੀ ਸੀ। ਉਹਨੇ ਦੱਸਿਆ, "ਵੀਰੇ ਇਹਦੀ ਦਵਾਈ ਤਾਂ ਕੋਈ ਹੈ ਨਹੀਂ ਅਜੇ, ਆਹ ਬੁਖਾਰ ਲਈ ਦਈ ਜਾਵੋ। ਪਾਣੀ ਕੋਸਾ...ਸਟੀਮ ਦੇਵੋ...ਚਾਹ ਤੁਲਸੀ, ਲੌਂਗ, ਇਲਾਚੀ ਪਾ ਕੇ ਦੇਵੋ। ਸਭ ਤੋਂ ਜ਼ਰੂਰੀ, ਮੰਮੀ ਨੂੰ ਵੱਖਰੇ ਕਮਰੇ ਵਿਚ ਪਾਵੋ। ਬੱਸ ਇਕੱਲੀ ਭਾਬੀ ਕਮਰੇ ਵਿਚ ਜਾਵੇ, ਮਾਸਕ ਲਾ ਕੇ। ਜਿੰਨੀ ਵਾਰੀ ਜਾਵੇ, ਆਪਣੇ ਹੱਥ ਚੰਗੀ ਤਰ੍ਹਾਂ ਧੋਵੇ ਜਾਂ ਸੈਨੇਟਾਈਜ਼ ਕਰੇ। ਹੌਸਲਾ ਰੱਖੋ, ਵਾਹਿਗੁਰੂ ਠੀਕ ਕਰੂ। ਹਾਂ ਸੱਚ! ਟੈਸਟ ਕਰਾਓ ਛੇਤੀ।"

"ਭੈਣੇ, ਜੇ ਇਨ੍ਹਾਂ ਮੇਰਾ ਕੇਹਾ ਮੰਨਿਆ ਹੁੰਦਾ, ਐਨਾ ਪੰਗਾ ਨਾ ਪੈਂਦਾ।"

"ਵੀਰੇ ਇਹ ਕਿਹੜੇ ਚਾਹੁੰਦੇ ਸੀ, ਬਜੁਰਗ ਨੇ, ਗਲਤੀ ਹੋ ਗਈ ਇਨ੍ਹਾਂ ਤੋਂ। ਟੈਸਟ ਦੀ ਰਿਪੋਰਟ ਮੈਨੂੰ ਦੱਸਿਓ ਛੇਤੀ। ਮੈਂ ਆ ਜਾਂਦੀ, ਪਰ ਸਾਡੇ ਬਹੁਤ ਆ ਰਹੇ ਨੇ ਇਹ ਕੇਸ, ਛੁੱਟੀ ਨ੍ਹੀਂ ਮਿਲਦੀ।"

"ਭੈਣੇ ਅਸੀਂ ਹੈਗੇ ਆਂ ਸਾਰੇ, ਤੂੰ ਫਿਕਰ ਨਾ ਕਰ। ਚੰਗਾ ਭੈਣੇ, ਟੈਸਟਾਂ ਦਾ ਦੱਸਾਂਗੇ।"

ਰਣਜੀਤ ਕੌਰ ਨੂੰ ਸਾਰੇ ਜੀਆਂ ਤੋਂ ਵੱਖ ਕਰ ਕੇ ਦੂਜੇ ਕਮਰੇ ਵਿਚ ਪਾ ਦਿੱਤਾ ਗਿਆ। ਟੈਸਟ ਕਰਵਾਉਣ ਦੀਆਂ ਵਿਉਂਤਾਂ ਬਣਨ ਲੱਗੀਆਂ। ਰਾਜਾ ਪੁੱਛਣ ਲੱਗਾ, "ਮੰਮੀ! ਇੰਡੀਆ ਜਦੋਂ ਤੁਸੀਂ ਦਿੱਲੀ ਏਅਰਪੋਰਟ 'ਤੇ ਆਏ, ਰਸਤੇ ਵਿਚ ਕਿਤੇ ਰੁਕੇ ਸੀ।"

"ਵੇ ਪੁੱਤ ਅਸੀਂ ਕਾਹਨੂੰ ਰੁਕਣਾ ਸੀ।...ਮੈਂ ਕਿਹਾ ਉਰੇ ਆਇਓ ਅੰਦਰ...।"

"ਮੰਮੀ! ਡੈਡੀ ਨ੍ਹੀਂ ਅੰਦਰ ਆ ਸਕਦੇ। ਮੈਂ ਆਪੇ ਬਾਹਰ ਜਾ ਕੇ ਪੁੱਛਦਾਂ। ਤੁਸੀਂ ਆਰਾਮ ਕਰੋ, ਮੈਂ ਵੀ ਨਹੀਂ ਆ ਸਕਦਾ ਹੁਣ ਤੁਹਾਡੇ ਕਮਰੇ ਵਿਚ। ਭੈਣ ਨੇ ਕਿਹਾ, ਬੱਸ ਤੁਹਾਡੀ ਨੂੰਹ ਅਮਨ ਹੀ ਇਕੱਲੀ ਆਊ। ਉਹ ਹੀ ਤੁਹਾਨੂੰ ਦਵਾਈ ਤੇ ਖਾਣ-ਪੀਣ ਨੂੰ ਕੁਝ ਦਊ।"

"ਲੈ ਦੱਸ! ਪੁੱਤ ਬੁਖਾਰ ਈ ਆ, ਅੱਜ ਨਹੀਂ ਤਾਂ ਕੱਲ ਉਤਰ ਜੂ, ਤੂੰ ਕਿਉਂ ਨ੍ਹੀਂ ਆਉਣਾ?"

ਪੁੱਤਰ ਨੇ ਮੂੰਹ ਵਿਚ ਹੀ ਕਿਹਾ, "ਮਾਤਾ ਮੈਂ ਕੀ ਸਮਝਾਵਾਂ, ਜਿੰਨਾ ਚਿਰ ਟੈਸਟ ਹੋ ਰਿਪੋਰਟ ਨਹੀਂ ਆ ਜਾਂਦੀ।" ਉਹ ਕਮਰੇ ਵਿਚੋਂ ਬਾਹਰ ਹੋ ਗਿਆ। ਬਾਹਰ ਆ ਕੇ, "ਡੈਡੀ! ਕਿੱਥੇ ਰੁਕੇ ਸੀ ਦਿੱਲੀ ਦੇ ਰਾਹ ਵਿਚ?" ਜਵਾਬ ਸੀ, "ਮੂਰਥਲ।"

"ਹੈਂ! ਕਿਉਂ? ਮੈਂ ਤੁਹਾਨੂੰ ਫੋਨ 'ਤੇ ਕਿੰਨਾ ਸਮਝਾਇਆ ਸੀ, ਬਈ ਰੁਕਣਾ ਨਹੀਂ। ਤੁਹਾਨੂੰ ਪਤਾ, ਹੁਣ ਰੱਬ ਨਾ ਕਰੇ ਜੇ ਮੰਮੀ ਨੂੰ ਕਰੋਨਾ ਹੋਇਆ ਤਾਂ ਸਾਰੇ ਟੱਬਰ ਨੂੰ ਹੋ ਸਕਦਾ।"

"ਪੁੱਤ! ਮੇਰੀ ਵੀ ਸੁਣੇਂਗਾ!"

"ਤੁਹਾਡੀ ਕੀ ਸੁਣਾਂ?"

"ਮੈਂ ਦੱਸਦਾਂ ਕਿਉਂ ਰੁਕੇ ਸੀ। ਕੀ ਨਾਂ ਉਸ ਮੁੰਡੇ ਡਰਾਈਵਰ ਦਾ...ਜੱਗੀ! ਉਹਨੇ ਰੋਕੀ ਸੀ ਗੱਡੀ। ਚਾਹ ਪੀਣੀ ਸੀ, ਉਬਾਸੀਆਂ ਮਾਰਦਾ ਸੀ। ਕਹਿੰਦਾ ਮੈਨੂੰ ਨੀਂਦ ਆਉਂਦੀ ਆ, ਅਖੇ! ਮੈਂ ਕਈ ਗੇੜੇ ਲਾ'ਤੇ ਦਿੱਲੀ ਦੇ। ਤੂੰ ਦੱਸ, ਨਾਲੇ ਬੁੱਢੇ ਬੰਦਿਆਂ ਤੋਂ ਵੀ ਤਾਂ ਐਨੀ ਦੇਰ ਬੈਠਣਾ ਔਖਾ ਹੋ ਜਾਂਦਾ। ਅਸੀਂ ਵੀ ਉਤਰ ਕੇ ਵਾਸ਼ਰੂਮ ਜਾ ਆਏ, ਨਾਲੇ ਚਾਹ ਦਾ ਕੱਪ ਪੀ ਲਿਆ। ਢਾਬੇ 'ਤੇ ਤਾਂ ਮੇਲਾ ਲੱਗਿਆ ਸੀ, ਕਿਸੇ ਨੇ ਨਹੀਂ ਸੀ ਪਾਈ ਆਹ ਮਾਸਕ ਮੂਸਕ। ਮੈਂ ਤਾਂ ਘਰੋਂ ਪਾ ਲਈ ਸੀ, ਜਹਾਜ 'ਚ ਵੀ ਲਾ ਕੇ ਰੱਖੀ। ਮਾਂ ਤੇਰੀ ਦਾ ਦਮ ਘੁਟਦਾ ਸੀ, ਲਾਉਣ 'ਤੇ।"

ਸੁਣ ਕੇ ਰਾਜਾ ਲਾਲ-ਪੀਲਾ ਹੋ ਗਿਆ, "ਮੈਂ ਕਰਦਾਂ ਸਾਲੇ ਡਰਾਈਵਰ ਨੂੰ ਕਾਲ ਕਿ ਤੂੰ ਕਿਉਂ ਰੋਕੀ ਸੀ ਗੱਡੀ? ਨਾਲੇ ਭੈਣ ਨੇ ਕਿਹਾ, ਮੰਮੀ ਵਾਲੇ ਕਮਰੇ ਵਿਚ ਕਿਸੇ ਨੇ ਨਹੀਂ ਜਾਣਾ। ਅਮਨ ਜਾਊ ਇਕੱਲੀ, ਜਿੰਨਾ ਚਿਰ ਟੈਸਟ ਕਰਾ ਕੇ ਰਿਪੋਰਟ ਨਹੀਂ ਆ ਜਾਂਦੀ।"

ਅੱਜ ਚੌਥਾ ਦਿਨ ਸੀ। ਅਮਨ ਨੇ ਬੁਖਾਰ ਚੈਕ ਕੀਤਾ, ਇਕ ਸੌ ਤਿੰਨ-ਚਾਰ ਤੋਂ ਹੇਠਾਂ ਨਹੀਂ ਸੀ ਆ ਰਿਹਾ। ਗਲਾ ਖਰਾਬ, ਕੁਝ ਨਾ ਖਾਧਾ। ਸ਼ੁਕਰ ਏ ਸਾਹ ਠੀਕ ਆਉਂਦਾ, ਛਾਤੀ 'ਚ ਇਨਫੈਕਸ਼ਨ ਨਹੀਂ।

"ਮਿਲ ਗਈ ਟੈਸਟ ਦੀ ਅਪੁਆਇੰਟਮੈਂਟ?" ਅਮਨ ਨੇ ਆਪਣੇ ਪਤੀ ਨੂੰ ਪੁੱਛਿਆ।

"ਹਾਂ, ਮਿਲ ਗਈ। ਦੋ ਵਜੇ ਜਾਣਾ ਲੈ ਕੇ।"

ਟੈਸਟ ਹੋ ਗਿਆ। ਰਿਜ਼ਲਟ ਹਫਤੇ ਪਿੱਛੋਂ ਆਉਣਾ ਸੀ।

"ਬੇੜਾ ਗਰਕ ਹੋ ਜੇ, ਇਨ੍ਹਾਂ ਚੀਨਿਆਂ ਦਾ। ਸਾਲੇ ਕੁਝ ਨ੍ਹੀਂ ਛੱਡਦੇ। ਕੁੱਤੇ, ਬਿੱਲੇ, ਪਸ਼ੂ, ਪੰਛੀ- ਜੋ ਵੀ ਸਾਹ ਲੈਂਦਾ ਜੀਵ ਜੰਤੂ, ਖਾ ਜਾਂਦੇ। ਛੱਤੀ ਪਦਾਰਥ ਰੱਬ ਨੇ ਦਿੱਤੇ ਖਾਣ ਨੂੰ...।" ਕੇਹਰ ਸਿੰਘ ਚੀਨਿਆਂ ਨੂੰ ਕੋਸ ਕੇ ਮਨ ਹੌਲਾ ਕਰ ਰਿਹਾ ਸੀ। ਸੋਚ ਰਿਹਾ ਸੀ, "ਇਹਨੂੰ ਕੁਝ ਹੋ ਗਿਆ! ਅਜੇ ਅਟੈਚੀ ਵੀ ਨਹੀਂ ਖੋਲ੍ਹੇ...ਮੇਰਾ ਕੀ ਬਣੂੰ?"

ਰਾਜਾ ਸਭ ਸੁਣ ਰਿਹਾ ਸੀ। ਕਹਿੰਦਾ, "ਡੈਡੀ! ਚੀਨਿਆਂ ਨੂੰ ਛੱਡੋ, ਆਪਾਂ ਨੂੰ ਵੀ ਸੋਚਣਾ ਚਾਹੀਦਾ ਸੀ।"

ਅੱਜ ਛੇਵੇਂ ਦਿਨ ਵੀ ਬੁਖਾਰ ਇਕ ਸੌ ਚਾਰ ਸੀ। ਅਮਨ ਮੰਮੀ ਦੇ ਕਮਰੇ ਵਿਚੋਂ ਹੱਥ ਵਿਚ ਥਰਮਾਮੀਟਰ ਫੜੀ ਬਾਹਰ ਆਈ, ਉਹਦਾ ਚਿਹਰਾ ਉਤਰਿਆ ਹੋਇਆ ਸੀ। ਬਾਹਰ ਇੰਤਜ਼ਾਰ ਕਰ ਰਹੇ ਸਾਰੇ ਇਕੋ ਅਵਾਜ਼ ਵਿਚ ਬੋਲ ਉਠੇ, "ਕਿੰਨਾ?"

"ਕੱਲ ਜਿੰਨਾ। ਚਾਹ ਵੀ ਨ੍ਹੀਂ ਪੀਤੀ, ਉਵੇਂ ਈ ਪਈ ਏ। ਤੁਸੀਂ ਰਿਜ਼ਲਟ ਬਾਰੇ ਕਾਲ ਕਰ ਕੇ ਪੁੱਛੋ ਤਾਂ ਸਹੀ, ਅੱਜ ਹਫਤਾ ਹੋ ਗਿਆ।"

"ਮੈਂ ਹੁਣੇ ਕਰਦਾਂ।" ਫੋਨ ਕੀਤਾ ਤਾਂ ਅੱਗੋਂ ਜਵਾਬ ਮਿਲਿਆ, "ਸਰ, ਸਾਡੇ ਕੋਲ ਦੱਸ ਮਿੰਟ ਪਹਿਲਾਂ ਆਇਆ। ਤੁਹਾਨੂੰ ਵਧਾਈ, ਨੈਗੇਟਿਵ ਹੈ।" ਸੁਣ ਕੇ ਰਾਜੇ ਦਾ ਚਿਹਰਾ ਖਿੜ ਗਿਆ। ਉਹ ਕੁਰਸੀ ਤੋਂ ਉਠ ਕੇ ਅਸਮਾਨ ਵੱਲ ਹੱਥ ਕਰਕੇ ਕਹਿਣ ਲੱਗਾ, "ਧੰਨਵਾਦ ਰੱਬਾ ਤੇਰਾ।"

ਕੋਲ ਬੈਠੇ ਪੁੱਛਣ ਲੱਗੇ, "ਕੀ ਦੱਸਿਆ, ਨੈਗੇਟਿਵ ਏ?"

"ਹਾਂ, ਨੈਗੇਟਿਵ!"

ਭੈਣ ਨੂੰ ਫੋਨ ਕੀਤਾ ਤਾਂ ਕਹਿੰਦੀ, "ਵੀਰੇ! ਵਾਹਿਗੁਰੂ ਦਾ ਸ਼ੁਕਰ ਆ, ਮੈਨੂੰ ਤਾਂ ਉਸ ਦਿਨ ਦੀ ਨੀਂਦ ਨ੍ਹੀਂ ਆਈ ਚੰਗੀ ਤਰ੍ਹਾਂ, ਪਰ ਤੁਸੀਂ ਅਜੇ ਵੀ ਉਵੇਂ ਈ ਪਰਹੇਜ਼ ਰੱਖਿਓ, ਜਿੰਨਾ ਚਿਰ ਬੁਖਾਰ ਨ੍ਹੀਂ ਲੱਥਦਾ।"

ਸੱਤਵੇਂ ਦਿਨ ਸਵੇਰੇ ਅਮਨ ਨੇ ਬੁਖਾਰ ਚੈਕ ਕੀਤਾ, ਸੌ ਰਹਿ ਗਿਆ। "ਮੰਮੀ ਨੇ ਚਾਹ ਵੀ ਪੀ ਲਈ, ਬਰੈਡ ਦੇ ਪੀਸ ਨਾਲ।" ਜਦੋਂ ਪਰਿਵਾਰ ਨੂੰ ਇਹ ਪਤਾ ਲੱਗਾ ਤਾਂ ਸਾਰੇ ਭੈਣ ਦੇ ਕਹਿਣ ਦੇ ਬਾਵਜੂਦ ਰਣਜੀਤ ਕੌਰ ਦੇ ਕਮਰੇ ਵਿਚ ਆ ਵੜੇ।

ਅਮਨ ਬੋਲੀ, "ਲੈ ਅੱਧੀ ਤਾਂ ਮੰਮੀ ਕੱਲ ਈ ਠੀਕ ਹੋ ਗਈ ਸੀ ਸੁਣ ਕੇ, ਬਈ ਮੈਨੂੰ ਕਰੋਨਾ ਨ੍ਹੀਂ।"

"ਨਾ ਧੀਏ! ਤੇਰੀ ਸੇਵਾ ਨੇ ਬਚਾ ਲਈ, ਪਰ ਮੈਂ ਧੀਏ ਮਰਨ ਤੋਂ ਭੋਰਾ ਨਹੀਂ ਸੀ ਡਰਦੀ। ਡਰ ਇਹੀ ਖਾਂਦਾ ਸੀ, ਬਈ ਜੇ ਉਹੀ ਨਾਮੁਰਾਦ ਹੋਇਆ, ਮੇਰੇ ਟੱਬਰ ਦਾ ਕੀ ਬਣੂੰ?"

# ਮੇਰਾ ਖੇਡ ਸਾਹਿਤ ਦਾ ਸਫਰ

ਪੰਜਾਬੀ ਖੇਡ ਸਾਹਿਤ

6



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਮੈਰਾਥਨ ਦੌੜ ਬਤਾਲੀ ਕਿਲੋਮੀਟਰ ਦੀ ਹੁੰਦੀ ਹੈ। ਮੈਨੂੰ ਖੇਡਾਂ-ਖਿਡਾਰੀਆਂ ਬਾਰੇ ਲਿਖਦੇ ਨੂੰ ਪਚਵੰਜਾ ਸਾਲ ਹੋ ਗਏ ਹਨ। ਜਿਵੇਂ ਮੈਰਾਥਨ ਦੌੜਾਕ ਦੌੜ ਮੁੱਕਣ ਦੇ ਨੇੜੇ ਹੋਰ ਤੇਜ਼ ਦੌੜਨ ਲੱਗਦੇ ਹਨ, ਉਵੇਂ ਮੈਂ ਵੀ ਆਪਣੀ ਲਿਖਣ ਚਾਲ ਹੋਰ ਤੇਜ਼ ਕੀਤੀ ਹੈ। ਪਿਛਲੇ ਵੀਹ ਸਾਲਾਂ ਤੋਂ ਹਰੇਕ ਸਾਲ ਮੇਰੀ ਨਵੀਂ ਪੁਸਤਕ ਛਪ ਰਹੀ ਹੈ। ਕਦੇ 'ਖੇਡ ਜਗਤ ਦੀਆਂ ਬਾਤਾਂ', 'ਖੇਡ ਮੇਲੇ ਵੇਖਦਿਆਂ', 'ਓਲੰਪਿਕ ਖੇਡਾਂ ਦੀ ਸਦੀ' ਤੇ ਕਦੇ 'ਕਬੱਡੀ ਕਬੱਡੀ ਕਬੱਡੀ।' ਕਦੇ 'ਚੋਣਵੇਂ ਪੰਜਾਬੀ ਖਿਡਾਰੀ', 'ਖੇਡ ਦਰਸ਼ਨ', 'ਖੇਡ ਪਰਿਕਰਮਾ' ਤੇ ਕਦੇ 'ਖੇਡਾਂ ਦੀ ਦੁਨੀਆਂ'। ਫਿਰ 'ਮੇਲੇ ਕਬੱਡੀ ਦੇ' ਤੇ 'ਅੱਖੀਂ ਡਿੱਠਾ ਕਬੱਡੀ ਵਰਲਡ ਕੱਪ' ਛਪੀ। ਲੰਡਨ ਦੀਆਂ ਓਲੰਪਿਕ ਖੇਡਾਂ ਮੌਕੇ 'ਏਥਨਜ਼ ਤੋਂ ਲੰਡਨ' ਪ੍ਰਕਾਸ਼ਿਤ ਕਰਵਾਈ ਤੇ 2013 'ਚ 'ਖੇਡ ਅਤੇ ਸਿਹਤ ਵਾਰਤਾ' ਪੇਸ਼ ਕੀਤੀ। 2014 ਵਿਚ 'ਕਿੱਸਾ ਕਬੱਡੀ ਦਾ' ਲੈ ਕੇ ਹਾਜ਼ਰ ਹੋਇਆ। 2015 'ਚ ਬਲਬੀਰ ਸਿੰਘ ਦੀ ਜੀਵਨੀ 'ਗੋਲਡਨ ਗੋਲ' ਛਪੀ। 2016 'ਚ 'ਪੰਜਾਬ ਦੇ ਕੋਹੇਨੂਰ' ਤੇ 'ਖੇਤੀ ਅਰਥਚਾਰੇ ਦਾ ਧਰੂ ਤਾਰਾ ਡਾ. ਸਰਦਾਰਾ ਸਿੰਘ ਜੌਹਲ'; 2017 ਵਿਚ 'ਪੰਜਾਬ ਦੇ ਕੋਹੇਨੂਰ' ਭਾਗ ਦੂਜਾ ਤੇ 2018 ਵਿਚ 'ਮੇਰੇ ਵਾਰਤਕ ਦੇ ਰੰਗ।' 2019 ਵਿਚ 'ਪੰਜਾਬ ਦੇ ਕੋਹੇਨੂਰ' ਭਾਗ ਤੀਜਾ ਤੇ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਛਪੀਆਂ। 2020 ਵਿਚ 'ਉਡਣਾ ਸਿੱਖ ਮਿਲਖਾ ਸਿੰਘ', 'ਪੰਜਾਬੀਆਂ ਦਾ ਖੇਡ ਸਭਿਆਚਾਰ' ਤੇ 'ਖੇਡ ਖਿਡਾਰੀ' ਛਪ ਰਹੀਆਂ ਹਨ।

ਸੋਹਣ ਸਿੰਘ ਸੀਤਲ ਦੀਆਂ ਵਧੇਰੇ ਕਿਤਾਬਾਂ ਦੇ ਨਾਂ ਮੂਹਰੇ ਸੀਤਲ ਲੱਗਦਾ ਹੈ। ਸੀਤਲ ਪ੍ਰਸੰਗ, ਸੀਤਲ ਤਾਂਘਾਂ, ਸੀਤਲ ਤਰੰਗਾਂ, ਉਮੰਗਾਂ, ਰਮਜ਼ਾਂ, ਸੁਗਾਤਾਂ, ਕਿਰਨਾਂ ਤੇ ਸੀਤਲ ਵਲਵਲੇ ਆਦਿ। ਮੇਰੀਆਂ ਵੀ ਕਈ ਕਿਤਾਬਾਂ ਦੇ ਨਾਂ ਖੇਡ ਨਾਲ ਸ਼ੁਰੂ ਹੁੰਦੇ ਹਨ। ਖੇਡ ਸੰਸਾਰ, ਖੇਡ ਜਗਤ ਵਿਚ ਭਾਰਤ, ਖੇਡ ਮੈਦਾਨ 'ਚੋਂ, ਖੇਡ ਜਗਤ ਦੀਆਂ ਬਾਤਾਂ, ਖੇਡ ਪਰਿਕਰਮਾ, ਖੇਡ ਦਰਸ਼ਨ, ਖੇਡ ਮੇਲੇ ਵੇਖਦਿਆਂ, ਖੇਡਾਂ ਦੀ ਦੁਨੀਆਂ, ਖੇਡ ਖਿਡਾਰੀ ਤੇ ਖੇਡ ਅਤੇ ਸਿਹਤ ਵਾਰਤਾ। ਹੋ ਸਕਦੈ ਕਦੇ ਖੇਡ ਵਿਥਿਆ, ਖੇਡ ਚਰਚਾ, ਖੇਡ ਕਥਾ ਤੇ ਖੇਡ ਲੀਲ੍ਹਾ ਵੀ ਰੱਖੇ ਜਾਣ।

ਮੈਂ ਦੋ ਕੁ ਸੌ ਖਿਡਾਰੀਆਂ ਦੇ ਸ਼ਬਦ ਚਿੱਤਰ ਉਲੀਕ ਸਕਿਆਂ। ਸੌ ਕੁ ਦੇਸੀ-ਵਿਦੇਸ਼ੀ ਖੇਡਾਂ ਦੀ ਜਾਣਕਾਰੀ ਦਿੱਤੀ ਹੈ ਅਤੇ ਪੇਂਡੂ ਟੂਰਨਾਮੈਂਟਾਂ ਤੋਂ ਲੈ ਕੇ ਓਲੰਪਿਕ ਖੇਡਾਂ ਤਕ ਡੇਢ ਕੁ ਸੌ ਖੇਡ ਮੇਲਿਆਂ ਦੇ ਨਜ਼ਾਰੇ ਬਿਆਨ ਕੀਤੇ ਹਨ। ਏਸ਼ਿਆਈ ਤੇ ਓਲੰਪਿਕ ਖੇਡਾਂ ਦਾ ਇਤਿਹਾਸ ਲਿਖਿਆ ਹੈ। ਕਾਮਨਵੈਲਥ ਤੇ ਐਫਰੋ-ਏਸ਼ੀਅਨ ਖੇਡਾਂ ਬਾਰੇ ਤਬਸਰਾ ਕੀਤਾ ਅਤੇ ਵਿਸ਼ਵ ਕੱਪਾਂ ਤੇ ਖੇਡਾਂ ਦੇ ਅਨੇਕਾਂ ਪੱਖਾਂ ਦੀ ਚਰਚਾ ਛੇੜੀ ਹੈ। ਦੇਸ਼-ਵਿਦੇਸ਼ ਦੇ ਖੇਡ ਮੇਲਿਆਂ 'ਚ ਕਬੱਡੀ ਮੈਚਾਂ ਦੀ ਕੁਮੈਂਟਰੀ ਕਰਨ ਜਾਂਦਿਆਂ ਕੀਤੇ ਸਫਰਾਂ ਦਾ ਹਾਲ ਚਾਲ ਲਿਖਿਆ ਅਤੇ ਅਮਲੀਆਂ ਤੇ ਡੰਡਾਂ ਦਾ ਹਾਸ ਬਿਲਾਸ ਪੇਸ਼ ਕੀਤਾ ਹੈ। 'ਅੱਖੀਂ ਵੇਖ ਨਾ ਰੱਜੀਆਂ' ਪਿੱਛੋਂ ਦੂਜਾ ਸਫਰਨਾਮਾ 'ਫੇਰੀ ਵਤਨਾਂ ਦੀ' ਲਿਖਿਆ। 'ਪਿੰਡ ਦੀ ਸੱਥ 'ਚੋਂ' ਦੀ ਸੱਥ ਚਰਚਾ ਨਾਲ 'ਬਾਤਾਂ ਵਤਨ ਦੀਆਂ' ਪਾਈਆਂ। ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਲਿਖਣ ਨਾਲ ਓਲੰਪਿਕ ਰਤਨ ਬਲਬੀਰ ਸਿੰਘ, ਡਾ. ਸਰਦਾਰਾ ਸਿੰਘ ਜੌਹਲ ਤੇ ਜਸਵੰਤ ਸਿੰਘ ਕੰਵਲ ਦੀਆਂ ਜੀਵਨੀਆਂ ਲਿਖੀਆਂ ਹਨ।

ਖੇਡਾਂ ਦੀ ਦੁਨੀਆਂ ਬੜੀ ਵਚਿੱਤਰ ਹੈ। ਸੈਂਕੜੇ ਖੇਡਾਂ ਜਲ, ਥਲ, ਬਰਫ ਤੇ ਹਵਾ 'ਚ ਖੇਡੀਆਂ ਜਾ ਰਹੀਆਂ। ਕਿਤੇ ਜੁੱਸੇ ਦੇ ਜ਼ੋਰ ਦੀ ਪਰਖ ਹੈ, ਕਿਤੇ ਦਿਮਾਗ ਦੇ ਤੇਜ਼ ਹੋਣ ਦੀ ਤੇ ਕਿਤੇ ਚੁਸਤੀ ਫੁਰਤੀ ਦੀ। ਪੰਜਾਬ ਦੀਆਂ ਦੇਸੀ ਖੇਡਾਂ ਦੀ ਗਿਣਤੀ ਹੀ ਸੌ ਤੋਂ ਵੱਧ ਹੈ, ਜਿਨ੍ਹਾਂ 'ਚੋਂ ਸਤਾਸੀ ਖੇਡਾਂ ਦੀ ਜਾਣਕਾਰੀ ਮੈਂ ਪੁਸਤਕ 'ਪੰਜਾਬ ਦੀਆਂ ਦੇਸੀ ਖੇਡਾਂ' ਵਿਚ ਦਿੱਤੀ ਹੈ। ਕੁਲ ਆਲਮ ਦੀਆਂ ਸੈਂਕੜੇ ਖੇਡਾਂ 'ਚੋਂ ਚਾਲੀ ਕੁ ਸਪੋਰਟਸ ਹੀ ਹਨ, ਜਿਨ੍ਹਾਂ ਦੇ ਮੁਕਾਬਲੇ ਓਲੰਪਿਕ ਪੱਧਰ 'ਤੇ ਹੋਣ ਲੱਗੇ ਹਨ।

ਆਪਣੀ ਪਹਿਲੀ ਪੁਸਤਕ 'ਪੰਜਾਬ ਦੇ ਉੱਘੇ ਖਿਡਾਰੀ' ਦੀ ਭੂਮਿਕਾ ਮੈਂ 'ਪਹੁਫੁਟਾਲਾ' ਸਿਰਲੇਖ ਹੇਠ ਬੰਨ੍ਹੀ ਸੀ। ਉਸ ਦੀਆਂ ਅੰਤਲੀਆਂ ਸਤਰਾਂ ਸਨ, "ਮੇਰੀ ਤਕੜਾ ਖਿਡਾਰੀ ਬਣਨ ਦੀ ਰੀਝ ਸੀ, ਜੋ ਪੂਰੀ ਨਹੀਂ ਹੋਈ। ਜੋ ਕੁਝ ਮੈਂ ਸਰੀਰ ਨਾਲ ਨਹੀਂ ਕਰ ਸਕਿਆ, ਉਹ ਕੁਝ ਕਲਮ ਨਾਲ ਕਰਨ ਦੀ ਕੋਸ਼ਿਸ਼ ਕਰ ਰਿਹਾਂ। ਸਮਾਂ ਹੀ ਦੱਸੇਗਾ, ਮੇਰੀ ਸੀਮਾ ਕਿਥੇ ਤਕ ਹੈ? ਹਥਲੀ ਪੁਸਤਕ ਮੇਰੀ ਲਿਖਤ ਦਾ ਪਹੁਫੁਟਾਲਾ ਹੈ ਤੇ ਇਹ ਮੈਂ ਉਨ੍ਹਾਂ ਮਾਂਵਾਂ ਨੂੰ ਸਮਰਪਣ ਕਰਦਾ ਹਾਂ, ਜਿਨ੍ਹਾਂ ਪੀਤਾਂ ਜਰ ਕੇ ਜੋਧੇ ਖਿਡਾਰੀ ਜਨਮੇ ਹਨ।"

ਦੂਜੀ ਪੁਸਤਕ 'ਖੇਡ ਸੰਸਾਰ' ਦੇ ਮੁਖਬੰਦ ਦਾ ਨਾਂ 'ਪਹੁਫੁਟਾਲੇ ਪਿੱਛੋਂ' ਰੱਖਿਆ। ਉਸ ਦਾ ਮੁਢਲਾ ਪੈਰਾ ਸੀ, "ਖੇਡਾਂ ਦੀ ਆਪਣੀ ਖਿੱਚ ਹੈ ਤੇ ਆਪਣਾ ਮਹੱਤਵ। ਇਹ ਤਾਕਤ, ਤੰਦਰੁਸਤੀ ਤੇ ਸੁਹੱਪਣ ਦਾ ਸੋਮਾ ਹਨ। ਇਨ੍ਹਾਂ ਨਾਲ ਦੀ ਹੋਰ ਕੋਈ ਨਿਆਮਤ ਨਹੀਂ। ਇਹ ਕੌਮਾਂ ਦੀ ਸਿਹਤ ਦਾ ਅਜ਼ਮਾਇਆ ਸਾਧਨ ਹਨ। ਖੇਡਾਂ ਦੀ ਚੜ੍ਹਤ ਕਿਸੇ ਰਾਸ਼ਟਰ ਦੇ ਰਾਜ਼ੀ ਬਾਜ਼ੀ ਹੋਣ ਦਾ ਸਬੂਤ ਹੁੰਦੀ ਹੈ। ਖੇਡਾਂ ਵਿਚ ਮਨਪਰਚਾਵਾ ਵੀ ਹੈ ਅਤੇ ਜ਼ੋਰ ਤੇ ਜੁਗਤ ਦਾ ਪਰਤਿਆਵਾ ਵੀ। ਇਹ ਖਿਡਾਰੀਆਂ ਦੇ ਜੁੱਸਿਆਂ ਨੂੰ ਸਡੌਲਤਾ ਵਿਚ ਢਾਲ ਕੇ ਦਿਲਕਸ਼ ਬਣਾ ਦਿੰਦੀਆਂ ਹਨ ਤੇ ਮਨੁੱਖੀ ਸੁਹਜ ਸੁਆਦ ਵਿਚ ਵਾਧਾ ਕਰਦੀਆਂ ਹਨ।"

ਤੀਜੀ ਪੁਸਤਕ 'ਖੇਡ ਜਗਤ ਵਿਚ ਭਾਰਤ' ਦੀ ਭੂਮਿਕਾ 'ਖੇਡ ਜਗਤ ਦੀ ਗੱਲ' ਨਾਲ ਸ਼ੁਰੂ



ਕੀਤੀ ਤੇ ਲਿਖਿਆ, "ਮਨੁੱਖ ਦੀ ਸ਼ਕਤੀ ਤੇ ਸਾਹਸ ਦਾ ਕੋਈ ਸਿਰਾ ਨਹੀਂ। ਬੰਦੇ ਦੇ ਬੁਲੰਦ ਜੇਰੇ ਅੱਗੇ ਐਵਰੈਸਟ ਜਿਹੀਆਂ ਚੋਟੀਆਂ ਦੀ ਉਚਾਈ ਵੀ ਤੁੱਛ ਹੈ। ਮਨੁੱਖ ਜੂਝਣ ਲਈ ਪੈਦਾ ਹੋਇਆ ਹੈ। ਮੁੱਢ ਕਦੀਮ ਤੋਂ ਮਨੁੱਖ ਦੇ ਜਾਏ ਪ੍ਰਕਿਰਤਕ ਸ਼ਕਤੀਆਂ ਨਾਲ ਜੂਝਦੇ ਆਏ ਹਨ। ਖੇਡਾਂ ਮਨੁੱਖ ਦੀ ਜੁਝਾਰ ਸ਼ਕਤੀ ਵਿਚ ਵਾਧਾ ਕਰਨ ਲਈ ਹਨ। ਖੇਡ ਮੈਦਾਨਾਂ ਵਿਚ ਬੰਦੇ ਦੀ ਲਗਨ, ਦ੍ਰਿੜਤਾ ਤੇ ਜਿੱਤਾਂ ਜਿੱਤਣ ਲਈ ਸਿਰੜ ਦਾ ਪਤਾ ਲੱਗਦਾ ਹੈ। ਮਨੁੱਖ ਫਤਿਹ ਹਾਸਲ ਕਰਨ ਲਈ ਜੰਮਿਆ ਹੈ। ਉਹ ਅੰਦਰ ਤੇ ਬਾਹਰ ਸਭਨਾਂ ਤਾਕਤਾਂ ਨੂੰ ਜਿੱਤ ਲੈਣਾ ਲੋਚਦਾ ਹੈ। ਇਕ ਪਾਸੇ ਉਹ ਮਨ ਜਿੱਤਣ ਦੇ ਆਹਰ ਵਿਚ ਹੈ ਤੇ ਦੂਜੇ ਪਾਸੇ ਜੱਗ ਜਿੱਤਣ ਦੇ। ਉਹ ਧਰਤੀ ਤੇ ਸਾਗਰ ਗਾਹੁਣ ਪਿੱਛੋਂ ਪੁਲਾੜ ਦੀ ਹਿੱਕ ਚੀਰ ਕੇ ਅਗਾਂਹ ਲੰਘ ਜਾਣਾ ਚਾਹੁੰਦਾ ਹੈ।

"ਮਨੁੱਖ ਦੇ ਅਗਾਂਹ ਲੰਘ ਜਾਣ ਤੇ ਆਪਣੀ ਹੋਂਦ ਜਤਲਾਉਣ ਦੀ ਤਾਂਘ ਨੂੰ ਖੇਡਾਂ ਭਰਪੂਰ ਹੁੰਘਾਰਾ ਦਿੰਦੀਆਂ ਹਨ। ਖੇਡਾਂ ਦਾ ਇਤਿਹਾਸ ਮਨੁੱਖੀ ਵੰਗਾਰ ਤੇ ਉਸ ਦਾ ਮੁਕਾਬਲਾ ਕਰਨ ਦੀ ਕਥਾ ਹੈ। ਭਾਰਤ ਵਾਸੀਆਂ ਨੇ ਖੇਡਾਂ ਦੇ ਖੇਤਰ ਵਿਚ ਜੋ ਘਾਲਣਾਂ ਘਾਲੀਆਂ ਤੇ ਪ੍ਰਾਪਤੀਆਂ ਕੀਤੀਆਂ, ਉਹ ਹਥਲੀ ਪੁਸਤਕ ਵਿਚ ਹਾਜ਼ਰ ਹਨ। ਆਸ ਹੈ, ਭਾਰਤ ਦੇ ਨੌਜੁਆਨ, ਜੇਤੂਆਂ ਦਾ ਜ਼ਿਕਰ ਪੜ੍ਹ ਕੇ ਨਵੀਆਂ ਜਿੱਤਾਂ ਵੱਲ ਮੂੰਹ ਕਰਨਗੇ। ਜੁਆਨ ਹੋ ਰਹੀ ਪੀੜ੍ਹੀ ਦੀ ਸ਼ਕਤੀ ਝੱਖੜ ਵਾਂਗ ਹੁੰਦੀ ਹੈ। ਝੱਖੜ ਜਿਧਰ ਮੂੰਹ ਕਰ ਲਏ, ਰੁਕਦਾ ਨਹੀਂ।"

ਚੌਥੀ ਪੁਸਤਕ 'ਪੰਜਾਬੀ ਖਿਡਾਰੀ' ਮੈਂ ਉਨ੍ਹਾਂ ਖਿਡਾਰੀਆਂ ਨੂੰ ਅਰਪਿਤ ਕੀਤੀ, ਜੋ ਜੇਤੂਆਂ ਸੰਗ ਜੂਝੇ ਤੇ ਉਨ੍ਹਾਂ ਨੂੰ ਜਿੱਤ-ਮੰਚਾਂ ਉਤੇ ਚੜ੍ਹਾਉਣ ਵਿਚ ਸਹਾਈ ਹੋਏ, ਪਰ ਉਨ੍ਹਾਂ ਦਾ ਕਿਸੇ ਨਾਂ ਨਹੀਂ ਲਿਆ। ਉਸ ਵਿਚ ਪੰਜਾਹ ਖਿਡਾਰੀਆਂ ਦੇ ਰੇਖਾ ਚਿੱਤਰ ਹਨ, ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੰਜਾਬੀ ਦੇ ਨਾਲ ਅੰਗਰੇਜ਼ੀ ਵਿਚ ਵੀ ਪ੍ਰਕਾਸ਼ਿਤ ਕੀਤੀ।

ਮੈਥੋਂ ਅਕਸਰ ਪੁੱਛਿਆ ਜਾਂਦੈ, ਮੈਂ ਕਹਾਣੀਆਂ ਲਿਖਦਾ ਖੇਡਾਂ, ਖਿਡਾਰੀਆਂ ਬਾਰੇ ਲਿਖਣ ਵੱਲ ਕਿਵੇਂ ਮੁੜਿਆ? ਕੀ ਮੈਂ ਖਿਡਾਰੀ ਸਾਂ, ਖੇਡ ਅਧਿਕਾਰੀ ਜਾਂ ਖੇਡਾਂ ਦਾ ਕੋਚ? ਇਹ ਗੱਲ ਪਾਠਕ ਘੱਟ ਹੀ ਜਾਣਦੇ ਹੋਣਗੇ ਕਿ ਕਿੱਤੇ ਵਜੋਂ ਮੈਂ ਕਾਲਜ ਵਿਚ ਪੰਜਾਬੀ ਲੈਕਚਰਰ ਤੇ ਪ੍ਰਿੰਸੀਪਲ ਸਾਂ। ਖੇਡਾਂ, ਖਿਡਾਰੀਆਂ ਬਾਰੇ ਲਿਖਣਾ ਮੇਰਾ ਸ਼ੌਕ ਰਿਹਾ। ਉਂਜ ਹਾਲਤ ਇਹ ਹੈ ਕਿ ਸ਼ੌਕ ਹੀ ਮੇਰਾ ਕਿੱਤਾ ਬਣਿਆ ਹੋਇਐ।

1966 'ਚ ਮੈਂ ਖ਼ਾਲਸਾ ਕਾਲਜ ਦਿੱਲੀ ਪੜ੍ਹਾਉਂਦਾ ਸਾਂ ਤੇ ਗਰਮੀਆਂ ਦੀਆਂ ਛੁੱਟੀਆਂ ਕਰਕੇ ਪਿੰਡ ਆਇਆ ਹੋਇਆ ਸਾਂ। ਮੈਂ ਖ਼ਬਰ ਪੜ੍ਹੀ, ਐੱਨ. ਆਈ. ਐੱਸ. ਪਟਿਆਲੇ ਕਿੰਗਸਟਨ ਦੀਆਂ ਕਾਮਨਵੈਲਥ ਖੇਡਾਂ ਲਈ ਅਥਲੀਟਾਂ ਦਾ ਕੋਚਿੰਗ ਕੈਂਪ ਲੱਗਾ ਹੈ। ਉਨ੍ਹਾਂ ਵਿਚੋਂ ਕੁਝ ਅਥਲੀਟਾਂ ਨਾਲ ਮੈਂ ਖੁਦ ਅਭਿਆਸ ਕਰਦਾ ਰਿਹਾ ਸਾਂ। ਉਨ੍ਹੀਂ ਦਿਨੀਂ ਗਾਰਗੀ ਦੀ ਪੁਸਤਕ 'ਨਿੰਮ ਦੇ ਪੱਤੇ' ਬੜੀ ਚਰਚਿਤ ਸੀ। ਉਸ ਵਿਚਲੇ ਸਾਹਿਤਕਾਰਾਂ ਦੇ ਰੇਖਾ ਚਿੱਤਰਾਂ ਨੇ ਮੈਨੂੰ ਖਿਡਾਰੀਆਂ ਦੇ ਰੇਖਾ ਚਿੱਤਰ ਲਿਖਣ ਲਈ ਟੁੰਬ ਦਿੱਤਾ ਸੀ। ਖ਼ਬਰ ਪੜ੍ਹ ਕੇ ਮੇਰੇ ਮਨ 'ਚ ਆਈ ਕਿ ਕੋਚਿੰਗ ਕੈਂਪ ਵਿਚ ਇਕੱਠੇ ਹੋਏ ਨਾਮੀ ਅਥਲੀਟਾਂ ਨਾਲ ਮੇਲ ਮਿਲਾਪ ਦਾ ਸੁਨਹਿਰੀ ਮੌਕਾ ਹੈ। ਮੈਂ ਪਟਿਆਲੇ ਚਲਾ ਗਿਆ।

ਉਥੇ ਅਥਲੀਟਾਂ ਦੇ ਰਿਹਾਇਸ਼ੀ ਕਮਰਿਆਂ ਵਿਚ ਤਣੀਆਂ 'ਤੇ ਕੱਛੇ, ਬੁਨੈਣਾਂ ਤੇ ਜਾਂਘੀਏ ਸੁੱਕਣੇ ਪਏ ਸਨ। ਮੁੜ੍ਹਕੇ ਦੀ ਮਹਿਕ ਸੀ। ਕਿੱਲੀਆਂ 'ਤੇ ਰੰਗਦਾਰ ਧਾਰੀਆਂ ਵਾਲੇ ਟਰੈਕ ਸੂਟ ਲਟਕ ਰਹੇ ਸਨ। ਹੇਠਾਂ ਰੰਗ ਬਰੰਗੇ ਦੌੜਨ ਵਾਲੇ ਬੂਟ। ਉਥੇ ਖੁਸ਼-ਦਿਲ ਪਰਵੀਨ ਸੀ, ਸ਼ੌਕੀ ਮਹਿੰਦਰ ਗਿੱਲ, ਹੱਸਦਾ ਹਸਾਉਂਦਾ ਅਜਮੇਰ ਮਸਤ ਤੇ ਚੁੱਪ ਕੀਤਾ ਲਾਭ ਸਿੰਘ। ਨਿਰਮਲ ਦੇ ਪੱਟ ਉਤੇ ਸੱਪ ਖੁਣਿਆ ਹੋਇਆ ਸੀ। ਗੁਰਬਚਨ ਰੰਧਾਵਾ ਲੱਤ ਚੁੱਕ ਕੇ ਤਾੜੀ ਮਾਰਦਾ। ਜਰਨੈਲ ਅਮਲੀਆਂ ਵਾਂਗ ਨਿਢਾਲ ਪਿਆ ਸੀ ਤੇ ਜੋਗਿੰਦਰ ਜੋਗੀ ਮੋਚਣੇ ਨਾਲ ਮੁੱਛਾਂ ਸੰਵਾਰ ਰਿਹਾ ਸੀ। ਬਲਵੰਤ ਨੇ ਸ਼ੱਕਰ ਘੋਲ ਕੇ ਸ਼ਰਬਤ ਪਿਆਇਆ ਤੇ ਬਲਦੇਵ ਪੱਤੋ ਵਾਲੇ ਨੇ ਬਦਾਮ ਦਿੱਤੇ।

ਕੁਝ ਰਾਤਾਂ ਹੋਟਲ 'ਕਾਰਨਰ' ਵਿਚ ਕੱਟਣ ਪਿਛੋਂ ਮੇਰਾ ਮਹਿੰਦਰਾ ਕਾਲਜ ਦੇ ਹੋਸਟਲ ਵਿਚ ਰਹਿਣ ਦਾ ਜੁਗਾੜ ਬਣ ਗਿਆ। ਸਾਰਾ ਦਿਨ ਅਥਲੀਟਾਂ ਸੰਗ ਬਿਤਾਉਣ ਪਿਛੋਂ ਮੈਂ ਹੋਸਟਲ ਦੇ ਸੁੰਨੇ ਅਹਾਤੇ ਵਿਚ ਬਲਬ ਜਗਾ ਕੇ ਡਾਇਰੀ 'ਤੇ ਲਿਖਣ ਲਗਦਾ ਤਾਂ ਮੱਛਰ ਮੇਰੇ ਆਲੇ-ਦੁਆਲੇ ਮੰਡਰਾਉਣ ਲਗਦੇ। ਮੈਂ ਵੀਹ ਦਿਨਾਂ ਵਿਚ ਵੀਹ ਬਾਈ ਖਿਡਾਰੀਆਂ ਬਾਰੇ ਦੋ ਢਾਈ ਸੌ ਸਫਿਆਂ ਦੇ ਨੋਟਿਸ ਲੈ ਲਏ। ਉਹ ਨੋਟਿਸ ਮੇਰੀਆਂ ਖੇਡ ਲਿਖਤਾਂ ਦਾ ਆਧਾਰ ਬਣੇ।

ਇਕ ਦਿਨ ਮੈਂ ਟਰੈਕ ਦੀਆਂ ਪੌੜੀਆਂ 'ਤੇ ਬੈਠਾ ਕੁਝ ਨੋਟ ਕਰ ਰਿਹਾ ਸਾਂ ਕਿ ਨੇੜੇ ਬੈਠੇ ਅਥਲੀਟ ਗੱਲਾਂ ਕਰਨ ਲੱਗੇ। ਅਜਮੇਰ ਮਸਤ ਕਹਿਣ ਲੱਗਾ, "ਉਹ ਜਿਹੜਾ ਲੰਙੂ ਜਿਹਾ ਅਫਸਰ ਐ ਨਾ, ਟੁੱਟੇ ਜੇ ਲੱਕ ਆਲਾ, ਸਫਰ ਥਰਡ ਕਲਾਸ 'ਚ ਕਰਦਾ, ਟੀ. ਏ. ਫਸਟ ਕਲਾਸ ਦਾ ਲੈਂਦਾ, ਪਰ ਸਾਨੂੰ ਪਾਈਆ ਦੁੱਧ ਵਧਾਉਂਦੇ ਦੀ ਜਾਨ ਨਿਕਲਦੀ ਆ!"

ਮੇਰੀ ਡਾਇਰੀ ਖੋਲ੍ਹੀ ਹੋਈ ਸੀ। ਗੁਰਬਚਨ ਰੰਧਾਵੇ ਦੀ ਨਿਗ੍ਹਾ ਮੇਰੇ 'ਤੇ ਪਈ ਤਾਂ ਉਹ ਉਚੀ ਦੇਣੀ ਬੋਲਿਆ, "ਵੀਰਾ ਕਿਤੇ ਇਹ ਨਾ ਲਿਖ ਦੇਈਂ। ਅਸੀਂ ਤਾਂ ਹਸਦੇ ਆਂ, ਹੋਰ ਨਾ ਕਿਤੇ ਪਾਈਏ ਦੁੱਧ ਤੋਂ ਵੀ ਜਾਈਏ?"

ਦਿੱਲੀ ਪਰਤ ਕੇ ਮੈਂ ਸਭ ਤੋਂ ਪਹਿਲਾਂ ਗੁਰਬਚਨ ਸਿੰਘ ਦਾ ਹੀ ਰੇਖਾ ਚਿੱਤਰ ਲਿਖਿਆ, ਜੋ ਉਸ ਸਮੇਂ ਏਸ਼ੀਆ ਦਾ ਅੱਵਲ ਨੰਬਰ ਅਥਲੀਟ ਸੀ। ਉਹ ਡਿਕੈਥਲੋਨ ਦਾ ਏਸ਼ੀਆ ਚੈਂਪੀਅਨ ਸੀ ਤੇ ਹਰਡਲਾਂ ਦੀ ਦੌੜ ਵਿਚੋਂ ਟੋਕੀਓ ਦੀਆਂ ਓਲੰਪਿਕ ਖੇਡਾਂ 'ਚ ਪੰਜਵੇਂ ਨੰਬਰ 'ਤੇ ਆਇਆ ਸੀ। ਉਹਦਾ ਸਿਰਲੇਖ ਮੈਂ 'ਮੁੜ੍ਹਕੇ ਦਾ ਮੋਤੀ' ਰੱਖਿਆ, ਜੀਹਨੂੰ ਸਾਹਿਤਕ ਪਰਚੇ 'ਆਰਸੀ' ਨੇ ਛਾਪਿਆ। ਰੇਖਾ ਚਿੱਤਰ ਛਪਣ ਪਿਛੋਂ ਗੁਰਬਚਨ ਰੰਧਾਵਾ ਕਨਾਟ ਪਲੇਸ ਵਿਚ ਮਿਲਿਆ ਤੇ ਪੈਂਦੀ ਸੱਟੇ, 'ਉਹ ਕੀ ਲਿਖ ਮਾਰਿਆ ਈ ਭਾਊ' ਦਾ ਉਲਾਂਭਾ ਦੇ ਕੇ ਚਲਦਾ ਬਣਿਆ। ਉਸ ਰੇਖਾ ਚਿੱਤਰ ਵਿਚ ਮੈਂ ਲਿਖਿਆ ਸੀ, "ਅਥਲੈਟਿਕਸ ਗੁਰਬਚਨ ਸਿੰਘ ਦੇ ਲਹੂ ਵਿਚ ਹੈ। ਇਹਦੇ ਵਿਚ ਅੱਗੇ ਤੋਂ ਅੱਗੇ ਆਉਣ ਲਈ ਉਹਨੇ ਦਿਨ ਰਾਤ ਮੁੜ੍ਹਕਾ ਡੋਲ੍ਹਿਆ ਹੈ ਤੇ ਹੁਣ ਉਹ ਹਰਡਲਾਂ ਉਤੋਂ ਬਾਜ ਵਾਂਗ ਉਡ ਰਿਹੈ...!"




ਹੱਸ-ਹੱਸ ਮਿਲਦੇ ਉਸ ਸੋਹਣੇ ਸੱਜਣ ਨੂੰ ਰੋਸੇ ਵਿਚ ਰੁਖ਼ਸਤ ਹੋ ਗਿਆ ਤਕ ਕੇ ਮੇਰੀਆਂ ਅੱਖਾਂ ਭਰ ਆਈਆਂ ਤੇ ਮੈਂ ਵਰਾਂਡੇ ਦੀ ਨੁੱਕਰ ਵਿਚ ਜਾ ਖੜ੍ਹਾ ਹੋਇਆ।

ਉਧਰੋਂ ਭਾਪਾ ਪ੍ਰੀਤਮ ਸਿੰਘ ਦਾ ਫੋਨ ਆਇਆ ਕਿ ਕਿਸੇ ਹੋਰ ਖਿਡਾਰੀ ਦਾ ਰੇਖਾ ਚਿੱਤਰ ਵੀ ਭੇਜੋ। ਮੈਂ ਪਰਵੀਨ ਕੁਮਾਰ ਬਾਰੇ ਲਿਖਿਆ ਤੇ ਉਹਦਾ ਸਿਰਲੇਖ 'ਧਰਤੀ ਧੱਕ' ਰੱਖਿਆ। ਉਸ ਨੂੰ ਆਰਸੀ ਨੇ ਮੂਹਰੇ ਕਰ ਕੇ ਛਾਪਿਆ। ਪਾਠਕਾਂ ਨੇ ਰੱਜਵੀਂ ਪ੍ਰਸੰਸਾ ਕੀਤੀ। ਪਰਵੀਨ ਦੀਆਂ ਗੱਲਾਂ ਬਾਤਾਂ ਹਾਸੇ ਮਖੌਲ ਵਾਲੀਆਂ ਸਨ। ਮੈਂ ਵੀ ਕਸਰ ਨਹੀਂ ਸੀ ਛੱਡੀ। ਲਿਖਿਆ, "ਸਵਾ ਕੁਇੰਟਲ ਦਾ ਪਰਵੀਨ ਜਦੋਂ ਰੇਡੀਓ ਦੇ ਗਾਣੇ ਨਾਲ ਨਚਦਾ ਹੈ ਤਾਂ ਮੋਢਿਆਂ ਨਾਲ ਲੱਕ ਵੀ ਹਿਲਾਉਂਦੈ। ਉਹਦਾ ਹਿਲਦਾ ਲੱਕ ਇਉਂ ਲਗਦੈ ਜਿਵੇਂ ਕੁਇੰਟਲ ਦੀ ਬੋਰੀ ਹਿਲਦੀ ਹੋਵੇ!"

ਫਿਰ 'ਅੱਗ ਦੀ ਨਾਲ' ਛਪਿਆ ਤਾਂ ਇਕ ਪਾਠਕ ਨੇ ਲਿਖਿਆ, "ਸਰਦਾਰਾ ਤਾਂ ਅੱਗ ਦੀ ਨਾਲ ਹੈ ਈ, ਮੈਨੂੰ ਲਿਖਣ ਵਾਲਾ ਵੀ ਘੱਟ ਨਹੀਂ ਲਗਦਾ!"

ਮੇਰਾ ਹੌਸਲਾ ਵਧ ਗਿਆ। ਮੈਂ 'ਸ਼ਹਿਦ ਦਾ ਘੁੱਟ', 'ਅਲਸੀ ਦਾ ਫੁੱਲ', 'ਕਲਹਿਰੀ ਮੋਰ', 'ਪੱਤੋ ਵਾਲਾ', 'ਪੌਣ ਦਾ ਹਾਣੀ', 'ਜੰਗਲੀ ਮੋਰ' ਤੇ 'ਗੁਰੂ ਨਾਨਕ ਦਾ ਗਰਾਂਈਂ' ਆਦਿ ਦਸ-ਬਾਰਾਂ ਰੇਖਾ ਚਿੱਤਰ 'ਆਰਸੀ' ਲਈ ਲਗਾਤਾਰ ਲਿਖੇ। ਮੈਨੂੰ ਸੋਝੀ ਹੋਈ ਕਿ ਖੇਡਾਂ ਤੇ ਖਿਡਾਰੀਆਂ ਬਾਰੇ ਰਚੀਆਂ ਜਾਂਦੀਆਂ ਰਚਨਾਵਾਂ ਮਨੁੱਖ ਦੀ ਜਿੱਤਾਂ ਜਿੱਤਣ ਲਈ ਜੂਝ ਰਹੀ ਸ਼ਕਤੀ ਦਾ ਬਿਰਤਾਂਤ ਹੋਣ ਕਰਕੇ ਅਗਾਂਹਵਧੂ ਹੁੰਦੀਆਂ ਹਨ। ਇਹ ਵੀ ਅਹਿਸਾਸ ਹੋਇਆ ਕਿ ਖੇਡਾਂ ਦੇ ਨਾਇਕਾਂ ਦੀ ਸਿਰਜਣਾ ਨੌਜੁਆਨਾਂ ਲਈ ਪ੍ਰੇਰਨਾ ਦਾ ਸੋਮਾ ਹੁੰਦੀ ਹੈ। ਮੈਂ ਸੁਤੇ ਸਿਧ ਖਿਡਾਰੀਆਂ ਨੂੰ ਨਾਇਕਾਂ ਵਾਂਗ ਪੇਸ਼ ਕਰ ਰਿਹਾ ਸਾਂ।

1967 'ਚ ਮੈਂ ਦਿੱਲੀ ਛੱਡ ਢੁੱਡੀਕੇ ਆ ਗਿਆ। ਖੇਡ ਖਿਡਾਰੀਆਂ ਨਾਲੋਂ ਨਾਤਾ ਟੁੱਟ ਜਾਣ ਕਾਰਨ ਮੇਰੀ ਲਿਖਣ ਦੀ ਰਫਤਾਰ ਘਟ ਗਈ। ਬੱਸ ਸਾਰਾਦਿੰਦੂ ਸਾਨਿਆਲ ਦੀ ਪੁਸਤਕ ਦਾ 'ਭਾਰਤ ਵਿਚ ਹਾਕੀ' ਨਾਂ ਹੇਠ ਅਨੁਵਾਦ ਕੀਤਾ। 1975 ਵਿਚ ਮੈਂ ਮੁੜ ਰਫਤਾਰ ਫੜੀ। ਉਨ੍ਹੀਂ ਦਿਨੀਂ ਦਿੱਲੀ ਤੋਂ 'ਸਚਿੱਤਰ ਕੌਮੀ ਏਕਤਾ' ਮੈਗਜ਼ੀਨ ਸ਼ੁਰੂ ਹੋਇਆ ਸੀ, ਜਿਸ ਦੀ ਇਸ਼ਾਇਤ ਲੱਖ ਤਕ ਚਲੀ ਗਈ। ਡਾ. ਹਰਿਭਜਨ ਸਿੰਘ ਨੇ ਮੈਨੂੰ 'ਖੇਡਾਂ ਵਿਚ ਪੰਜਾਬੀ' ਅੰਕ ਲਈ ਲੇਖ ਲਿਖਣ ਨੂੰ ਕਿਹਾ। ਮੈਂ 'ਪੰਜਾਬ ਦੇ ਖਿਡਾਰੀ' ਲੇਖ ਭੇਜਿਆ ਤਾਂ ਮੈਨੂੰ ਮਨੀ ਆਰਡਰ ਮਿਲਿਆ। ਸਚਿੱਤਰ ਕੌਮੀ ਏਕਤਾ ਨੇ ਇਕ ਸਥਾਈ ਕਾਲਮ 'ਖੇਡ ਮੈਦਾਨ 'ਚੋਂ' ਸ਼ੁਰੂ ਕੀਤਾ, ਜੋ ਮੈਂ ਪੰਦਰਾਂ ਸਾਲ ਲਿਖਿਆ। ਉਸੇ ਰਸਾਲੇ ਵਿਚ ਮੈਂ 'ਪਹਿਰੇਦਾਰ' ਦੇ ਨਾਂ ਹੇਠ 'ਪਿੰਡ ਦੀ ਸੱਥ 'ਚੋਂ' ਕਾਲਮ ਲਿਖਦਾ ਰਿਹਾ।

1978 ਵਿਚ ਸ਼ੁਰੂ ਹੋਏ 'ਪੰਜਾਬੀ ਟ੍ਰਿਬਿਊਨ' ਨੇ ਮੇਰੀ ਲਿਖਣ ਚਾਲ ਹੋਰ ਤੇਜ਼ ਕਰਵਾ ਦਿੱਤੀ। ਉਹਦੇ ਹਫਤਾਵਾਰ ਖੇਡ-ਅੰਕਾਂ ਲਈ ਲਿਖਣ ਤੋਂ ਸਿਵਾ ਮੈਂ ਉਸ ਅਖ਼ਬਾਰ ਲਈ ਬੰਬਈ ਦਾ ਹਾਕੀ ਵਿਸ਼ਵ ਕੱਪ ਅਤੇ ਦਿੱਲੀ ਤੇ ਸਿਓਲ ਦੀਆਂ ਏਸ਼ਿਆਈ ਖੇਡਾਂ ਕਵਰ ਕੀਤੀਆਂ। ਬਰਜਿੰਦਰ ਸਿੰਘ ਨੇ ਪਹਿਲਾਂ ਮੈਨੂੰ 'ਪੰਜਾਬੀ ਟ੍ਰਿਬਿਊਨ' ਨਾਲ ਤੇ ਫਿਰ 'ਅਜੀਤ' ਨਾਲ ਜੋੜਿਆ ਹੋਇਆ ਹੈ। ਮੈਂ ਟੋਰਾਂਟੋ ਦੇ 'ਪਰਵਾਸੀ', 'ਖ਼ਬਰਨਾਮਾ', 'ਪੰਜਾਬੀ ਪੋਸਟ', ਵੈਨਕੂਵਰ ਦੇ 'ਇੰਡੋ ਕੈਨੇਡੀਅਨ ਟਾਇਮਜ਼', ਲੰਡਨ ਦੇ 'ਦੇਸ ਪ੍ਰਦੇਸ' ਤੇ ਅਮਰੀਕਾ ਦੇ 'ਪੰਜਾਬ ਟਾਈਮਜ਼' ਆਦਿ ਪਰਚਿਆਂ ਲਈ ਲਗਾਤਾਰ ਲਿਖ ਰਿਹਾਂ। ਕਹਾਣੀਆਂ ਲਿਖਦਾ ਰਹਿੰਦਾ ਤਾਂ ਮੈਂ ਕਹਾਣੀਆਂ ਜੋਗਾ ਹੀ ਹੋ ਜਾਣਾ ਸੀ। ਕਹਾਣੀਕਾਰਾਂ 'ਚ ਪਤਾ ਨਹੀਂ ਮੇਰਾ ਕੋਈ ਸਥਾਨ ਹੁੰਦਾ ਜਾਂ ਨਾ। ਜਿੰਨਾ ਮਾਣ ਸਨਮਾਨ ਮੈਨੂੰ ਮੇਰੀ ਖੇਡ ਲੇਖਣੀ ਨੇ ਦੁਆਇਆ, ਉਹ ਸ਼ਾਇਦ ਕਹਾਣੀਕਾਰ ਵਜੋਂ ਨਾ ਮਿਲ ਸਕਦਾ।

ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਖੇਡ ਸਾਹਿਤ ਦੇ ਵਾਧੇ ਲਈ ਅਨੇਕਾਂ ਅਖ਼ਬਾਰ ਤੇ ਰਸਾਲਿਆਂ ਦੇ ਖੇਡ ਅੰਕ ਨਿਕਲ ਰਹੇ ਹਨ। ਮੇਰੀ ਰੀਸ ਨਾਲ ਬਹੁਤ ਸਾਰੀਆਂ ਨਵੀਆਂ ਕਲਮਾਂ ਨੇ ਇਸ ਪਾਸੇ ਲਿਖਣਾ ਸ਼ੁਰੂ ਕੀਤਾ ਹੈ। ਪੰਜਾਬੀ ਵਿਚ ਸਵਾ ਸੌ ਤੋਂ ਵੱਧ ਖੇਡ ਪੁਸਤਕਾਂ ਵਜੂਦ ਵਿਚ ਆ ਚੁੱਕੀਆਂ ਹਨ, ਜਿਨ੍ਹਾਂ ਵਿਚ ਵੀਹ-ਬਾਈ ਤਾਂ ਮੇਰੀਆਂ ਹੀ ਹਨ। ਇਕ ਸਾਹਿਤਕ ਗੋਸ਼ਟੀ ਵਿਚ ਜਦੋਂ ਇਕ ਆਲੋਚਕ ਨੇ ਖੇਡ ਲੇਖਕਾਂ ਨੂੰ ਸਾਹਿਤਕਾਰ ਮੰਨਣੋਂ ਹੀ ਇਨਕਾਰ ਕਰ ਦਿੱਤਾ ਤਾਂ ਮੈਥੋਂ ਆਖਿਆ ਗਿਆ, "ਤੁਸੀਂ ਸਾਨੂੰ ਸਾਹਿਤਕਾਰ ਨਹੀਂ ਸਮਝਦੇ ਤਾਂ ਸਿਹਤਕਾਰ ਹੀ ਸਮਝ ਲਓ। ਜੇ ਸਾਡੇ 'ਚ ਦਮ ਹੋਇਆ ਤਾਂ ਅਸੀਂ ਪੰਜਾਬੀ ਖੇਡ ਅਦਬ ਦੀ ਵੱਖਰੀ ਅਲਮਾਰੀ ਸ਼ਿੰਗਾਰ ਕੇ ਵਿਖਾਵਾਂਗੇ। ਸਾਡੇ ਵਿਚ ਸਪਰਿੰਟਾਂ ਲਾਉਣ ਵਾਲੇ ਵੀ ਹਨ ਤੇ ਮੈਰਾਥਨ ਲਾਉਣ ਵਾਲੇ ਵੀ। ਅਸੀਂ ਹਰ ਹਾਲਤ 'ਚ ਮੰਜ਼ਿਲਾਂ ਸਰ ਕਰਾਂਗੇ।"

ਮੈਂ ਤਾਂ ਇਹੋ ਆਖਾਂਗਾ, "ਦੋਸਤੋ ਆਪਣੀਆਂ ਕਲਮਾਂ ਹੋਰ ਮਜ਼ਬੂਤੀ ਨਾਲ ਫੜੋ। ਸਾਡੀ ਮਾਂ ਬੋਲੀ ਵਿਚ ਖੇਡ ਸਾਹਿਤ ਦਾ ਪਹੁਫੁਟਾਲਾ ਹੀ ਹੋਇਆ ਹੈ, ਸਵੇਰਾ ਹੋ ਰਿਹੈ, ਧੁੰਦਾਂ ਦੂਰ ਹਨ ਤੇ ਤਿੱਖੜ ਦੁਪਹਿਰ ਦੀਆਂ ਮੰਜ਼ਿਲਾਂ ਹੋਰ ਵੀ ਦੂਰ!"

ਮੇਰੀ ਮੈਰਾਥਨ ਦੌੜ ਜਾਰੀ ਹੈ, ਜੋ ਉਦੋਂ ਤਕ ਜਾਰੀ ਰਹੇਗੀ, ਜਦੋਂ ਤਕ ਡਿੰਗ ਨਹੀਂ ਪੈਂਦਾ।

# ਬਰਗਮੈਨ ਦੀ ਸੁਪਨਸਾਜ਼ੀ 'ਵਾਈਲਡ ਸਟਰਾਬਰੀਜ਼'


ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330


***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸਵੀਡਨ ਦੇ ਸਰਕਰਦਾ ਫਿਲਮਸਾਜ਼ ਇੰਗਮਾਰ ਬਰਗਮੈਨ ਦੀ ਫਿਲਮ 'ਵਾਈਲਡ ਸਟਰਾਬਰੀਜ਼' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਵਿਚ ਮਨੁੱਖੀ ਦਵੰਦ ਅਤੇ ਬੇਵਸੀ ਬਹੁਤ ਬਾਰੀਕੀ ਨਾਲ ਫੜੇ ਗਏ ਹਨ। -ਸੰਪਾਦਕ***



*ਫਿਲਮ 'ਵਾਈਲਡ ਸਟਰਾਬਰੀਜ਼' ਦਾ ਇਕ ਦ੍ਰਿਸ਼।*

"ਜਦੋਂ ਮੈਂ ਸ਼ਾਮ ਨੂੰ ਸੌਣ ਜਾਂਦਾ ਹਾਂ ਤਾਂ ਮੈਂ ਆਪਣੀ ਦਾਦੀ ਦੇ ਘਰ ਦੇ ਕਮਰਿਆਂ ਵਿਚ ਘੁੰਮਦਾ ਹਾਂ, ਮੈਨੂੰ ਉਨ੍ਹਾਂ ਕਮਰਿਆਂ ਵਿਚ ਪਈਆਂ ਸਾਰੀਆਂ ਚੀਜ਼ਾਂ ਬਾਰੇ ਨਿੱਕੇ ਤੋਂ ਨਿੱਕਾ ਬਿਉਰਾ ਹੂ-ਬ-ਹੂ ਯਾਦ ਹੈ, ਉਹ ਕਿੱਥੇ-ਕਿੱਥੇ ਪਈਆਂ ਹਨ, ਉਨ੍ਹਾਂ ਦਾ ਰੰਗ-ਰੂਪ ਕਿੱਦਾਂ ਦਾ ਹੈ। ਮੈਨੂੰ ਗਰਮੀ ਤੇ ਸਰਦੀ ਵਿਚ ਘਰ ਅੰਦਰ ਆਉਂਦੀ ਰੋਸ਼ਨੀ ਵੀ ਯਾਦ ਹੈ, ਕੰਧਾਂ ਉਪਰ ਲਟਕਦੀਆਂ ਤਸਵੀਰਾਂ ਵੀ ਯਾਦ ਹਨ। "

"ਸੁਪਨੇ ਤੁਹਾਡੇ ਦਿਮਾਗ ਵਿਚ ਬਣੀਆਂ ਉਹ ਫਿਲਮਾਂ ਹਨ ਜਿਹੜੀਆਂ ਹਰ ਰਾਤ ਤੁਸੀਂ ਆਪਣੇ ਬਿਸਤਰੇ 'ਤੇ ਲੇਟਦੇ ਹੋਏ ਬੁਣਦੇ ਹੋ। " (ਇੰਗਮਾਰ ਬਰਗਮੈਨ ਆਪਣੇ ਉਪਰ ਬਣੀ ਦਸਤਾਵੇਜ਼ੀ ਫਿਲਮ ਵਿਚ ਆਪਣੇ ਬਚਪਨ ਨੂੰ ਯਾਦ ਕਰਦਿਆਂ)


ਫਿਲਮ 'ਵਾਈਲਡ ਸਟਰਾਬਰੀਜ਼' ਦਾ ਪਹਿਲਾ ਦ੍ਰਿਸ਼ ਹੀ ਡੌਰ-ਭੌਰ ਕਰਨ ਵਾਲਾ ਹੈ। ਪ੍ਰੋਫੈਸਰ ਇਸਾਕ ਬੋਰਗ (ਵਿਕਤੋਰ ਸੋਸਤਰੌਮ) ਸੌਣ ਲਈ ਬਿਸਤਰੇ 'ਤੇ ਲੇਟਦਾ ਹੈ। ਅੱਖਾਂ ਬੰਦ ਹਨ ਪਰ ਉਸ ਦੇ ਮੱਥੇ 'ਤੇ ਮੌਜੂਦ ਸ਼ਿਕਨ (ਤਿਊੜੀਆਂ) ਦੱਸ ਰਹੀ ਹੈ ਕਿ ਉਸ ਦੇ ਅੰਦਰ ਬੁਹਤ ਸਾਰੇ ਸੁਪਨੇ ਅਤੇ ਹਕੀਕਤ ਆਪਸ ਵਿਚ ਟਕਰਾ ਕੇ ਕਿਰਚ-ਕਿਰਚ ਹੋ ਰਹੇ ਹਨ। ਰੌਸ਼ਨੀ ਉਸ ਦਾ ਅੰਦਰੂਨੀ ਕਲੇਸ਼ ਬਾਖੂਬੀ ਪੜ੍ਹ ਰਹੀ ਹੈ। ਉਸ ਦਾ ਸੁਪਨਾ ਬਹੁਤ ਡਰਾਵਣਾ ਅਤੇ ਭਿਆਨਕ ਹੈ। ਉਹ ਸੁਪਨੇ ਵਿਚ ਮੌਤ ਨਾਲ ਦੋ-ਚਾਰ ਹੋ ਰਿਹਾ ਹੈ। ਇੰਗਮਾਰ ਬਰਗਮੈਨ ਨੂੰ ਆਪਣੇ ਬਚਪਨ ਦੀਆਂ ਉਹ ਰਾਤਾਂ ਅਤੇ ਦਿਨ ਯਾਦ ਆਉਂਦੇ ਹਨ ਜਦੋਂ ਉਸ ਦਾ ਪਾਦਰੀ ਪਿਤਾ ਉਸ ਦੁਆਰਾ ਬਿਸਤਰੇ 'ਤੇ ਪਿਸ਼ਾਬ ਕਰਨ ਵਰਗੀ 'ਨਾ-ਬਖਸ਼ਣਯੋਗ' ਗਲਤੀ ਦੀ ਸਜ਼ਾ ਵਜੋਂ ਉਸ ਨੂੰ ਘੰਟਿਆਂ ਬੱਧੀ ਚਰਚ ਦੇ ਪੁਰਾਣੇ ਤੇ ਸਲ੍ਹਾਬ ਖਾਧੇ ਕਮਰਿਆਂ ਵਿਚ ਬੰਦ ਕਰ ਦਿੰਦਾ ਤੇ ਬੇਵਸ ਬਰਗਮੈਨ ਉਨ੍ਹਾਂ ਕਮਰਿਆਂ ਦੀਆਂ ਕੰਧਾਂ ਉਪਰ ਉਕਰੇ ਰੱਬਾਂ, ਫਰਿਸ਼ਤਿਆਂ, ਸ਼ੈਤਾਨਾਂ, ਭੂਤਾਂ ਤੇ ਚੁੜੇਲਾਂ ਨਾਲ ਇਕੱਲਾ ਰਹਿ ਜਾਂਦਾ। ਉਸ ਅਨੁਸਾਰ ਇਨ੍ਹਾਂ ਕਮਰਿਆਂ ਵਿਚ ਮੌਤ ਦੀ ਗੰਧ ਸੀ ਜਿਸ ਨੇ ਤਾਉਮਰ ਉਸ ਦਾ ਪਿੱਛਾ ਨਹੀਂ ਛੱਡਿਆ ਅਤੇ ਉਸ ਦੀ ਹਰ ਫਿਲਮ ਦੇ ਬਿਰਤਾਂਤ ਵਿਚ ਮੌਤ ਆਪਣੀ ਹਾਜ਼ਰੀ ਲਵਾਉਂਦੀ ਹੈ। ਉਸ ਅਨੁਸਾਰ ਉਹਨੇ ਸਾਰੀ ਉਮਰ ਮੌਤ ਨੂੰ ਆਪਣੇ ਮੋਢੇ 'ਤੇ ਖੜ੍ਹੀ ਤੱਕਿਆ ਹੈ।


ਫਿਲਮ 'ਵਾਈਲਡ ਸਟਰਾਬਰੀਜ਼' ਵਿਚ ਬਜ਼ੁਰਗ ਪ੍ਰੋਫੈਸਰ ਨੂੰ ਆਈ ਮੌਤ ਬਿਲਕੁੱਲ ਚੁੱਪ ਤੇ ਸ਼ਾਂਤ ਹੈ। ਉਹ ਸ਼ਹਿਰ ਦੀਆਂ ਵੀਰਾਨ ਤੇ ਟੇਢੀਆਂ-ਮੇਢੀਆਂ ਗਲੀਆਂ ਵਿਚ ਘੁੰਮਦਾ ਫਿਰ ਰਿਹਾ ਹੈ। ਕਿਤੇ ਕੋਈ ਬੰਦਾ ਨਜ਼ਰ ਨਹੀਂ ਆ ਰਿਹਾ। ਗਲੀਆਂ ਵਿਚ ਸੰਨਾਟਾ ਪਸਰਿਆ ਹੋਇਆ ਹੈ। ਇਸ ਨੂੰ ਸਿਰਫ ਮੌਸਮ ਦੀ ਬਿਹਬਲਤਾ ਤੋੜ ਰਹੀ ਹੈ। ਉਹ ਕੌਣ ਹੈ ਜਿਹੜਾ ਧੁੰਦ ਵਿਚ ਗਲੀ ਦੇ ਮੌੜ 'ਤੇ ਨਜ਼ਰ ਤਾਂ ਆਇਆ ਹੈ ਪਰ ਬਹੁਤ ਤੇਜ਼ੀ ਨਾਲ ਕਿਤੇ ਲੋਪ ਹੋ ਗਿਆ ਹੈ। ਇਨ੍ਹਾਂ ਖਿੜਕੀਆਂ ਵਿਚੋਂ ਕੋਈ ਝਾਕਦਾ ਕਿਉਂ ਨਹੀਂ? ਇਨ੍ਹਾਂ ਦਰਵਾਜ਼ਿਆਂ ਨੂੰ ਇੰਨੀ ਸਖਤੀ ਨਾਲ ਕਿਸ ਨੇ ਭੇੜਿਆ ਹੈ? ਅਜਿਹੀ ਸੁੰਨੀ ਅਤੇ ਇਕੱਲੀ ਜਗ੍ਹਾ 'ਤੇ ਪ੍ਰੋਫੈਸਰ ਨੂੰ ਕੌਣ ਦੇਖੇਗਾ? ਕੀ ਅਜਿਹੇ ਸਮੇਂ ਦੀਆਂ ਸਿਰਫ ਅੱਖਾਂ ਹਨ, ਬਾਹਾਂ ਜਾਂ ਹੱਥ ਨਹੀਂ; ਅਰਥਾਤ ਕੀ ਇਹ ਸਮਾਂ ਸਾਨੂੰ ਸਿਰਫ ਆਪਣੇ ਹਾਲਾਤ ਨਾਲ ਦੋ-ਚਾਰ ਹੁੰਦਿਆਂ ਦੇਖਣ ਲਈ ਹੀ ਹੈ? ਇਹ ਅੱਗੇ ਵਧ ਕੇ ਬੰਦੇ ਨੂੰ ਆਪਣੀ ਜੱਫੀ ਵਿਚ ਕਿਉਂ ਨਹੀਂ ਲੈ ਲੈਂਦਾ?

ਬਰਗਮੈਨ ਫਿਲਮ ਅੰਦਰ ਪ੍ਰੋਫੈਸਰ ਨੂੰ ਇਕਾਂਤ ਵਿਚ ਚਿਣ ਦਿੰਦਾ ਹੈ। ਇਹ ਸੁਪਨਿਆਂ ਦੀ ਠਾਹਰ ਦੀ ਜਗ੍ਹਾ ਨਹੀਂ । ਅਚਾਨਕ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਇਕੱਲਾ ਨਹੀਂ। ਥੋੜ੍ਹੀ ਦੂਰ ਸੂਟ-ਬੂਟ ਵਿਚ ਕੋਈ ਉਸ ਵੱਲ ਪਿੱਠ ਕਰੀ ਖੜ੍ਹਾ ਹੈ। ਉਹ ਉਸ ਨੂੰ ਬੁਲਾਉਂਦਾ ਹੈ। ਅਜਨਬੀ ਦਾ ਤਾਂ ਪੂਰਾ ਵਜੂਦ ਹੀ ਤਹਿਸ-ਨਹਿਸ ਹੈ। ਚਿਹਰੇ ਤੋਂ ਕੁਝ ਵੀ ਅੰਦਾਜ਼ਾ ਨਹੀਂ ਲੱਗ ਰਿਹਾ ਕਿ ਉਹ ਕੌਣ ਹੋ ਸਕਦਾ! ਜਿੰਨੀ ਦੇਰ ਵਿਚ ਪ੍ਰੋਫੈਸਰ ਉਸ ਨਾਲ ਗੱਲ ਕਰਨ ਦੀ ਹਿੰਮਤ ਬੰਨ੍ਹਦਾ ਹੈ, ਉਹ ਬੰਦਾ ਲੋਪ ਹੋ ਜਾਂਦਾ ਹੈ। ਬਰਗਮੈਨ ਇਸ਼ਾਰਾ ਕਰਦਾ ਹੈ ਕਿ ਪ੍ਰਤੱਖ ਨਾਲੋਂ ਅਮੂਰਤ ਸਾਡੇ ਜ਼ਿਹਨ ਵਿਚ ਜ਼ਿਆਦਾ ਬੁਰੇ ਤਰੀਕੇ ਨਾਲ ਸਥਾਪਿਤ ਹੁੰਦਾ ਹੈ। ਉਸ ਨਾਲ ਵਰਤਣਾ ਵੱਧ ਔਖਾ ਹੈ। ਦੂਰ ਕਿਤੇ ਘੋੜਾ-ਬੱਘੀ ਦੀ ਆਵਾਜ਼ ਆ ਰਹੀ ਹੈ। ਬੱਘੀ ਕਿੱਥੋਂ ਅਤੇ ਕਿਉਂ ਆ ਰਹੀ ਹੈ, ਕੁਝ ਨਹੀਂ ਪਤਾ। ਬੱਘੀ ਕਿੱਥੇ ਅਤੇ ਕਿਉਂ ਜਾ ਰਹੀ ਹੈ, ਕੋਈ ਦੱਸਣ ਵਾਲਾ ਨਹੀਂ। ਫਿਲਮ ਵਿਚ ਇਹ ਬਾਖੂਬੀ ਉਭਾਰਿਆ ਗਿਆ ਹੈ ਕਿ ਸਾਡੀ ਜ਼ਿੰਦਗੀ ਵਿਚ ਕਿੰਨਾ ਕੁਝ ਇੱਦਾਂ ਦਾ ਹੈ ਜੋ ਸਾਡੇ ਸਾਹਮਣੇ ਵਾਪਰਦਾ ਜ਼ਰੂਰ ਹੈ ਪਰ ਅਸੀਂ ਉਸ ਬਾਰੇ ਕੁਝ ਵੀ ਨਹੀਂ ਜਾਣਦੇ। ਅਣਕਿਆਸੇ ਹਾਦਸੇ ਤੇ ਅਚਨਚੇਤ ਘਟਨਾਵਾਂ ਸਾਨੂੰ ਹਰ ਪਲ ਬਦਲਦੀਆਂ ਰਹੀਆਂ ਹਨ ਪਰ ਸਾਡਾ ਉਨ੍ਹਾਂ 'ਤੇ ਕੋਈ ਕੰਟਰੋਲ ਨਹੀਂ।

ਫਿਲਮ ਵਿਚ ਤੇਜ਼ ਰਫਤਾਰ ਬੱਘੀ ਦੀ ਟੱਕਰ ਅਚਾਨਕ ਹੀ ਖੰਭੇ ਨਾਲ ਹੋ ਜਾਂਦੀ ਹੈ ਤੇ ਇਸ ਦਾ ਇੱਕ ਪਹੀਆ ਗਲੀ ਵਿਚ ਤੁਰੇ ਜਾ ਰਹੇ ਪ੍ਰੋਫੈਸਰ ਨਾਲ ਖਹਿ ਕੇ ਲੰਘ ਜਾਂਦਾ ਹੈ। ਬੱਘੀ ਦੇ ਘੋੜੇ ਦੌੜ ਜਾਂਦੇ ਹਨ ਅਤੇ ਉਸ ਅੰਦਰ ਪਿਆ ਤਾਬੂਤ ਸੜਕ 'ਤੇ ਆਣ ਡਿੱਗਦਾ ਹੈ ਅਤੇ ਉਸ ਵਿਚੋਂ ਮੁਰਦੇ ਦਾ ਹੱਥ ਬਾਹਰ ਲਟਕ ਜਾਂਦਾ ਹੈ। ਇਹ ਹੱਥ ਪ੍ਰੋਫੈਸਰ ਨੂੰ ਤਾਬੂਤ ਦੇ ਅੰਦਰ ਵੱਲ ਧੂਹਦਾ ਹੈ। ਇਸ ਦ੍ਰਿਸ਼ ਦੀ ਕਲਪਨਾ ਬਰਗਮੈਨ ਦੇ ਦਿਮਾਗ ਵਿਚ ਬਹੁਤ ਸਾਲਾਂ ਤੋਂ ਸੀ। ਅਸਲ ਵਿਚ ਇਸ ਫਿਲਮ ਵਿਚ ਪ੍ਰੋਫੈਸਰ ਦੀ ਭੂਮਿਕਾ ਨਿਭਾਉਣ ਵਾਲਾ ਐਕਟਰ ਸੋਸਤਰੌਮ ਨਾਟਕਕਾਰ ਅਤੇ ਫਿਲਮਸਾਜ਼ ਵੀ ਸੀ ਜਿਸ ਦੀ ਫਿਲਮ 'ਦਿ ਫੈਂਟਮ ਕੈਰਿਜ਼' ਬਰਗਮੈਨ ਨੇ ਪੰਦਰਾਂ ਸਾਲ ਦੀ ਉਮਰ ਵਿਚ ਦੇਖੀ ਸੀ ਅਤੇ ਫਿਰ ਲਗਾਤਾਰ ਹਰ ਸਾਲ ਦੇਖਦਾ ਰਿਹਾ। ਜਿਹੜੀ ਬੱਘੀ ਉਸ ਦੇ ਸਾਹਮਣੇ ਖਿਲਰੀ ਪਈ ਹੈ, ਉਹ ਅਸਲ ਵਿਚ ਸਵੀਡਨ ਦੇ ਸਿਨੇਮੇ ਦੀ ਉਸ ਪੀੜ੍ਹੀ ਦੀਆਂ ਧਾਰਨਾਵਾਂ, ਫਿਲਮ ਥਿਊਰੀਆਂ, ਫਿਲਮ ਦੀ ਰੂਪ ਅਤੇ ਸੋਚ ਦੇ ਬਿੰਦੂ ਹਨ ਜਿਨ੍ਹਾਂ ਦੀ ਨੁਮਾਇੰਦਗੀ ਸੋਸਤਰੌਮ ਕਰਦਾ ਹੈ ਅਤੇ ਜਿਨ੍ਹਾਂ ਨੂੰ ਰੁਖਸਤ ਕਰਨ ਦਾ ਸਮਾਂ ਆ ਚੁੱਕਿਆ ਹੈ। ਬਰਗਮੈਨ ਆਪਣੇ ਕਿਰਦਾਰ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਇਨ੍ਹਾਂ ਦੀ ਮਿੱਠੀ ਜਕੜ ਵਿਚੋਂ ਨਿਕਲੇ ਬਿਨਾ ਨਵੀਂ ਸਿਨੇਮਈ ਸਿਰਜਣਾ ਕਰਨੀ ਸੰਭਵ ਨਹੀਂ। ਇਸ ਦ੍ਰਿਸ਼ ਰਾਹੀਂ ਉਹ ਇਹ ਦਰਸਾਉਣ ਦੀ ਕੋਸ਼ਿਸ ਵੀ ਕਰਦਾ ਹੈ ਕਿ ਕਿਵੇਂ ਅਸੀਂ ਪੂਰੀ ਉਮਰ ਆਪਣੇ ਅਤੀਤ ਦੇ ਪੰਜਿਆਂ ਵਿਚ ਕਿਸੇ ਬੇਵੱਸ ਸ਼ਿਕਾਰ ਵਾਂਗ ਫਸੇ ਰਹਿੰਦੇ ਹਾਂ, ਫਿਰ ਵੀ ਭਵਿਖ ਦੇ ਸੁਪਨੇ ਲੈਣੇ ਬੰਦ ਨਹੀਂ ਕਰਦੇ। ਇਹ ਦ੍ਰਿਸ਼ ਇਹ ਵੀ ਦਰਸਾਉਂਦਾ ਹੈ ਕਿ ਜ਼ਿੰਦਗੀ ਅਤੇ ਮੌਤ ਦਾ ਘੇਰਾ ਕਿੰਨਾ ਗੋਲ ਹੈ। ਅਸੀਂ ਕਿੰਨੀ ਵਾਰ ਮੌਤ ਦੇ ਦੰਦਿਆਂ ਵਿਚ ਫਸ ਕੇ ਜਿਊਣ ਲਈ ਤਾਂਘਦੇ ਹਾਂ ਅਤੇ ਬਹੁਤ ਵਾਰ ਜ਼ਿੰਦਗੀ ਦੀ ਕਸ਼ਮਕਸ਼ ਵਿਚ ਫਸੇ ਹੋਏ ਮੌਤ ਦੀ ਅੰਨ੍ਹੀ ਉਡੀਕ ਕਰਦੇ ਹਾਂ।



*'ਵਾਈਲਡ ਸਟਰਾਬਰੀਜ਼' ਦਾ ਅਸਲ ਪੋਸਟਰ ਤੇ ਅੰਗਰੇਜ਼ੀ ਵਾਲਾ ਪੋਸਟਰ ਅਤੇ (ਐਨ ਸੱਜੇ) ਫਿਲਮਸਾਜ਼ ਇੰਗਮਾਰ ਬਰਗਮੈਨ।*

ਬਰਗਮੈਨ ਦੀ ਫਿਲਮ ਦਾ ਕਿਰਦਾਰ ਆਪਣੇ ਬੁਰੇ ਸੁਪਨੇ ਤੋਂ ਜਾਗਦਾ ਹੈ। ਉਸ ਨੇ ਆਪਣੀ ਉਮਰ ਭਰ ਦੇ ਸ਼ਾਨਦਾਰ ਅਧਿਆਪਨ ਲਈ ਦਿੱਤਾ ਜਾਣ ਵਾਲਾ ਖਾਸ ਸਨਮਾਨ ਲੈਣ ਲਈ ਲੰਮੇ ਸਫਰ 'ਤੇ ਨਿਕਲਣਾ ਹੈ। ਉਸ ਲਈ ਹੁਣ ਇਹ ਸਭ ਰਸਮੀ ਕਾਰਵਾਈ ਤੋਂ ਵੱਧ ਕੁਝ ਵੀ ਨਹੀਂ ਪਰ ਉਹ ਇਹ ਸਨਮਾਨ ਲੈਣ ਦਾ ਫੈਸਲਾ ਕਰਦਾ ਹੈ। ਉਸ ਕੋਲ ਬੇਅੰਤ ਝੋਰਾ, ਰੰਜ਼ ਅਤੇ ਪਛਤਾਵਾ ਹੈ। ਸਭ ਤੋਂ ਵੱਧ ਉਸ ਨੂੰ ਮੌਤ ਦਾ ਭੈਅ ਲਗਾਤਾਰ ਤੰਗ ਕਰ ਰਿਹਾ ਹੈ। ਉਸ ਦਾ ਪੁੱਤਰ ਅਤੇ ਨੂੰਹ ਉਸ ਨਾਲ ਜਾਣ ਦਾ ਫੈਸਲਾ ਕਰਦੇ ਹਨ। ਉਨ੍ਹਾਂ ਨੂੰ ਰਸਤੇ ਵਿਚ ਬਹੁਤ ਸਾਰੇ ਵਿਦਿਆਰਥੀ ਮਿਲਦੇ ਹਨ। ਉਨ੍ਹਾਂ ਨਾਲ ਹੋਈਆਂ ਮੁਲਾਕਾਤਾਂ ਅਤੇ ਗੱਲਾਂ-ਬਾਤਾਂ ਤੋਂ ਪ੍ਰੋਫੈਸਰ ਨੂੰ ਇਹ ਸਮਝ ਆ ਜਾਂਦੀ ਹੈ ਕਿ ਉਸ ਦੀ ਜ਼ਿੰਦਗੀ ਵਿਚ ਬਹੁਤ ਕੁਝ ਅਣਸੁਲਝਿਆ ਅਤੇ ਅਣਮਾਣਿਆ ਹੋਣ ਦੇ ਨਾਲ-ਨਾਲ ਅਣਚਾਹਿਆ ਵੀ ਹੈ।

ਉਸ ਦੀ ਜ਼ਿੰਦਗੀ ਦੇ ਇਨ੍ਹਾਂ ਸਾਰੇ ਰੰਗਾਂ ਅਤੇ ਦਰਦਾਂ ਨੂੰ ਦਰਸਾਉਣ ਲਈ ਬਰਗਮੈਨ ਵਾਰ-ਵਾਰ ਫਲੈਸ਼ਬੈਕ ਤਕਨੀਕ ਦੀ ਵਰਤੋਂ ਕਰਦਾ ਹੈ। ਉਹ ਇਸ ਕਿਰਦਾਰ ਦੀਆਂ ਯਾਦਾਂ ਵਿਚੋਂ ਗੁਜ਼ਰਦਾ ਹੈ, ਉਸ ਦੇ ਸੁਪਨਿਆਂ ਨੂੰ ਛਾਣਦਾ ਹੈ, ਉਸ ਦੀਆਂ ਗਲਤੀਆਂ ਦੀ ਤਫਸੀਲ ਬਿਆਨ ਕਰਦਾ ਹੈ ਅਤੇ ਉਸ ਦੇ ਸੰਸਿਆਂ ਤੇ ਡਰਾਂ ਨੂੰ ਉਨ੍ਹਾਂ ਦੇ ਨੰਗੇ-ਚਿੱਟੇ ਰੂਪ ਵਿਚ ਦਰਸ਼ਕਾਂ ਸਾਹਮਣੇ ਬਿਆਨ ਕਰਦਾ ਹੈ। ਉਸ ਦੀ ਇਸ ਬਿਆਨ ਦੀ ਘਾੜਤ ਯਾਦਾਂ ਨੇ ਘੜੀ ਹੈ। ਉਸ ਲਈ ਇਹੀ ਫਿਲਮ ਦਾ ਸਭ ਤੋਂ ਖਾਲਸ ਰੂਪ ਹੈ।

ਇਸ ਫਿਲਮ ਵਿਚ ਬਰਗਮੈਨ ਮਨੁੱਖੀ ਦਵੰਦਾਂ, ਖਾਹਿਸ਼ਾਂ, ਸੁਪਨਿਆਂ ਤੇ ਡਰਾਂ ਦੀ ਨਿਰੰਤਰ ਚਲਦੀ ਲੜੀ ਸਿਰਜਦਾ ਹੈ ਜਿਸ ਦਾ ਨਾ ਕੋਈ ਆਰੰਭ ਹੈ ਅਤੇ ਨਾ ਹੀ ਕੋਈ ਅੰਤ। ਉਸ ਦੀ ਇਸ ਖੂਬਸੂਰਤ ਅਤੇ ਸੰਵੇਦਨਸ਼ੀਲ ਫਿਲਮ ਵਾਂਗ ਜ਼ਿੰਦਗੀ ਸਾਡੀਆਂ ਰਗਾਂ ਤੇ ਸਾਹਾਂ ਵਿਚ ਵਹਿੰਦੀ ਹੈ ਅਤੇ ਅਸੀਂ ਜਿਊਣ ਦੀਆਂ ਤਿਆਰੀਆਂ ਕਰਦੇ ਰਹਿ ਜਾਂਦੇ ਹਾਂ। ਆਖਿਰ ਇੱਕ ਦਿਨ ਮੌਤ ਆ ਕੇ ਸਾਡੇ ਕਫਨ ਦਾ ਨਾਪ ਲੈ ਲੈਂਦੀ ਹੈ।



*ਫਿਲਮ 'ਵਾਈਲਡ ਸਟਰਾਬਰੀਜ਼' ਦਾ ਇਕ ਹੋਰ ਦ੍ਰਿਸ਼।*

***ਬਰਗਮੈਨ ਦੀ ਫਿਲਮ ਦਾ ਕਿਰਦਾਰ ਆਪਣੇ ਬੁਰੇ ਸੁਪਨੇ ਤੋਂ ਜਾਗਦਾ ਹੈ। ਉਸ ਨੇ ਆਪਣੀ ਉਮਰ ਭਰ ਦੇ ਸ਼ਾਨਦਾਰ ਅਧਿਆਪਨ ਲਈ ਦਿੱਤਾ ਜਾਣ ਵਾਲਾ ਖਾਸ ਸਨਮਾਨ ਲੈਣ ਲਈ ਲੰਮੇ ਸਫਰ 'ਤੇ ਨਿਕਲਣਾ ਹੈ। ਉਸ ਲਈ ਹੁਣ ਇਹ ਸਭ ਰਸਮੀ ਕਾਰਵਾਈ ਤੋਂ ਵੱਧ ਕੁਝ ਵੀ ਨਹੀਂ ਪਰ ਉਹ ਇਹ ਸਨਮਾਨ ਲੈਣ ਦਾ ਫੈਸਲਾ ਕਰਦਾ ਹੈ। ਉਸ ਕੋਲ ਬੇਅੰਤ ਝੋਰਾ, ਰੰਜ਼ ਅਤੇ ਪਛਤਾਵਾ ਹੈ। ਸਭ ਤੋਂ ਵੱਧ ਉਸ ਨੂੰ ਮੌਤ ਦਾ ਭੈਅ ਲਗਾਤਾਰ ਤੰਗ ਕਰ ਰਿਹਾ ਹੈ। ਉਸ ਦਾ ਪੁੱਤਰ ਅਤੇ ਨੂੰਹ ਉਸ ਨਾਲ ਜਾਣ ਦਾ ਫੈਸਲਾ ਕਰਦੇ ਹਨ। ਉਨ੍ਹਾਂ ਨੂੰ ਰਸਤੇ ਵਿਚ ਬਹੁਤ ਸਾਰੇ ਵਿਦਿਆਰਥੀ ਮਿਲਦੇ ਹਨ। ਉਨ੍ਹਾਂ ਨਾਲ ਹੋਈਆਂ ਮੁਲਾਕਾਤਾਂ ਅਤੇ ਗੱਲਾਂ-ਬਾਤਾਂ ਤੋਂ ਪ੍ਰੋਫੈਸਰ ਨੂੰ ਇਹ ਸਮਝ ਆ ਜਾਂਦੀ ਹੈ ਕਿ ਉਸ ਦੀ ਜ਼ਿੰਦਗੀ ਵਿਚ ਬਹੁਤ ਕੁਝ ਅਣਸੁਲਝਿਆ ਅਤੇ ਅਣਮਾਣਿਆ ਹੋਣ ਦੇ ਨਾਲ-ਨਾਲ ਅਣਚਾਹਿਆ ਵੀ ਹੈ।***

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 45 Cent + Team 52 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com